# ਕੌਮਾਂਤਰੀ ਸਮੱਸਿਆਵਾਂ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਕੌਮਾਂਤਰੀ ਸਮੱਸਿਆਵਾਂ**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2011

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-241744, 233244 ਫ਼ੈਕਸ : 241744

e-mail : tarksheel@gmail.com

www.tarksheel.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2011 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ-1
    - ਭਾਗ-2
    - ਭਾਗ-3
    - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ

# ਤਤਕਰਾ


1. ਕੀ ਅਜ਼ਾਦੀ ਨਾਲੋਂ ਦੌਲਤ ਪਿਆਰੀ ਹੁੰਦੀ ਹੈ? 5
2. ਅਰਬ ਵਿਦਰੋਹ 'ਚ ਸਾਮਰਾਜੀਆਂ ਦੀਆਂ ਚਾਲਾਂ ਤੇ ਮਿਹਨਤਕਸ਼ 9
3. ਕੀ ਹਨ ਬਗ਼ਾਵਤ ਦੀਆਂ ਬੁਲੰਦ ਹੁੰਦੀਆਂ ਆਵਾਜ਼ਾਂ? 15
4. ਕੀ ਵਿਕੀਲੀਕਸ ਨਾਲ ਕੁਝ ਬਦਲੇਗਾ? 21
5. ਮਹਿੰਗਾਈ ਦੀ ਤਪਸ਼ ਨਾਲ ਝੁਲਸ ਰਿਹਾ ਭਾਰਤ? 25
6. ਬਾਰੂਦ ਦੇ ਸੌਦਾਗਰਾਂ ਤੋਂ ਕੀ ਕਰੀਏ ਅਮਨ ਦੀ ਉਮੀਦ 31
7. ਕਿਵੇਂ ਹੋ ਰਿਹਾ ਹੈ ਕੌਮੀ ਉਦਯੋਗ ਤੇ ਕਲਾ ਦਾ ਪਤਨ? 33
8. ਪੂੰਜੀਵਾਦ ਦੀ ਸੜਾਂਦ ਦਾ ਪ੍ਰਤੀਕ ਸੀ ਬੀਤਿਆ ਸਾਲ 36
9. ਕਿਵੇਂ ਭਰਪੂਰ ਮੁਨਾਫੇ ਲਈ ਖੂਨ ਪੀਂਦੀ ਹੈ ਕੋਲ ਇੰਡੀਆ ਲਿਮਟਿਡ? 39
10. ਕੀ ਰਾਜੀਵ ਗਾਂਧੀ ਪ੍ਰੀਵਾਰ ਤੇ ਕਵਾਤ੍ਰੋਕੀ 'ਚ ਬਹੁਤ ਨੇੜਤਾ ਸੀ? 42
11. ਕੀ ਹੈ ਬੁੱਧਾਦੇਵ ਦਾ ਸਲਵਾ ਜੂਡਮ? 45
12. ਓਬਾਮਾ ਦੀ ਭਾਰਤ ਫੇਰੀ ਦੇ ਕੀ ਹਨ ਅਰਥ? 50
13. ਚੀਨ ਦੇ ਸਮਾਜਕ-ਫਾਸ਼ੀਵਾਦੀ ਹਾਕਮ ਕੀ ਹਨ? 55
14. ਕੀ ਖਤਰੇ 'ਚ ਹੈ ਲੋਕਾਂ ਦੀ ਸਿਹਤ? 57
15. ਬਿਨਾਇਕ ਸੇਨ ਨੂੰ ਉਮਰ ਕੈਦ ਕਿੱਥੋਂ ਤੱਕ ਜਾਇਜ਼? 60
16. ਇਰਾਨੀ ਫ਼ਿਲਮਕਾਰ ਜ਼ਫ਼ਰ ਪਨਾਹੀ ਸਲਾਖਾਂ ਪਿੱਛੇ ਕਿਉਂ? 64
17. ਕੀ ਹਨ ਤੀਜੀ ਦੁਨੀਆਂ 'ਤੇ ਕਰਜੇ ਦੇ ਪ੍ਰਭਾਵ? 67
18. ਸਾਮਰਾਜੀ ਆਰਥਕ ਲੁੱਟ ਬਨਾਮ ਸੱਟੇਬਾਜੀ 72
19. ਆਰਥਕ ਲੁੱਟ ਤੇ ਪੂੰਜੀ ਦਾ ਆਪਸੀ ਸੰਬੰਧ 78
20. ਕਿਉਂ ਹੈ 500 ਅਰਬ ਡਾਲਰ ਦੀ ਲੁੱਟ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ 84
21. ਵਾਤਾਵਰਣ ਸੰਕਟ ਬਨਾਮ ਪੂੰਜੀਵਾਦ 89
22. ਕੀ ਹੈ ਵਿਸ਼ਵੀ ਅਰਥਚਾਰੇ ਦੀ ਮੌਜੂਦਾ ਹਾਲਤ? 96
23. ਮਿਸ਼ਰ ਦੇ ਤਾਨਾਸ਼ਾਹ ਹੁਸਨੀ ਮੁਬਾਰਕ ਵਿਰੁੱਧ ਲੋਕ ਜੰਗ ਕਿਉਂ? 101
24. ਕੌਣ ਲਵੇਗਾ ਗ਼ਰੀਬਾਂ ਦੀ ਸਾਰ? 104
25. ਵਾਤਾਵਰਣ ਸੰਕਟ ਤੇ ਦੁਨੀਆਂ ਦੀ ਗ਼ਰੀਬ ਜਨਤਾ 106
26. ਜੀ-20 ਸੰਮੇਲਨ ਕਿੰਨਾ ਕੁ ਸਾਰਥਕ ਰਿਹਾ? 110
27. ਹਥਿਆਰ ਬੰਦ ਫੋਰਸ ਸਪੈਸ਼ਲ ਪਾਵਰ ਐਕਟ ਹੈ ਕੀ? 113
28. ਪੈਟ੍ਰੋਲੀਅਮ ਪਦਾਰਥਾਂ ਦੇ ਮੁੱਲਾਂ 'ਚ ਵਾਧਾ ਗਲਤ ਕਿਵੇਂ? 115
29. ਨਵੀਆਂ ਆਰਥਕ ਨੀਤੀਆਂ ਅਤੇ ਪੋਸਕੋ ਕਿਵੇਂ ਗਲਤ? 118
30. ਕੀ ਹੋਵੇ ਹੱਲ ਕਸ਼ਮੀਰ ਦੀ ਸਮਸਿਆ ਦਾ? 121
31. ਜੀ-20 ਦੇਸ਼ਾਂ ਦੀ ਸਿਓਲ ਮੀਟਿੰਗ- ਪਰਨਾਲਾ ਉਥੇ ਦਾ ਉਥੇ 130
32. ਹੁਣ ਰਾਸ਼ਟਰਵਾਦ ਦਾ ਅੰਤ ਕਿਵੇਂ? 132
33. ਲੋਕਾਂ ਦੀ ਸਿਹਤ ਦਾ ਘਾਣ ਹੋ ਕਿਵੇਂ ਰਿਹਾ ਹੈ? 135
34. ਬਿਹਾਰ ਜੇਲ੍ਹਾਂ ਅੰਦਰ ਸੜਦੇ ਤੇ ਮਰਦੇ ਕੈਦੀ ਕਿਉਂ? 137
35. ਖੇਡ, ਦੇਸ਼ ਭਗਤੀ ਤੇ ਭਰਿਸ਼ਟਾਚਾਰ 140
36. ਗੋਦਾਮਾਂ 'ਚ ਸੜਦਾ ਅਨਾਜ ਬਨਾਮ ਭੁੱਖਾ ਮਨੁੱਖ 146
37. ਮੌਸਮੀ ਬਦਲਾਅ ਤੇ ਧਰਤੀ ਮਾਂ ਦੇ ਅਧਿਕਾਰ 150

# ਕੀ ਅਜ਼ਾਦੀ ਨਾਲੋਂ ਦੌਲਤ ਪਿਆਰੀ ਹੁੰਦੀ ਹੈ?

'ਮਨੁੱਖ ਅਜ਼ਾਦੀ ਨਾਲੋਂ ਦੌਲਤ ਨੂੰ ਵੱਧ ਪਿਆਰ ਕਰਦਾ ਹੈ' ਇਹ ਕਥਨ ਇਕ ਦਾਰਸ਼ਨਿਕ ਭੀਮਰਾਓ ਅੰਬੇਦਕਰ ਦਾ ਹੈ। ਇਹ ਵਾਅਕ ਉਸ ਦੀ ਮਸ਼ਹੂਰ ਪੁਸਤਕ 'ਪਾਕਿਸਤਾਨ ਜਾਂ ਭਾਰਤ ਦੀ ਵੰਡ' ਦੇ ਸਫਾ 384 'ਤੇ ਮਿਲਦਾ ਹੈ। ਇਸ ਕਥਨ ਨੂੰ ਜੇ ਇਸ ਦੀ ਸੰਪੂਰਨਤਾ 'ਚ ਨਾ ਵੇਖਿਆ ਜਾਵੇ ਤਾਂ ਲਗੇਗਾ ਕਿ ਅਜ਼ਾਦੀ ਦੇ ਯੋਧਾ ਡਾ. ਅੰਬੇਦਕਰ ਵੀ ਅਜ਼ਾਦੀ ਦੇ ਮੁਕਾਬਲੇ ਦੌਲਤ ਨੂੰ ਵੱਧ ਮਹੱਤਵ ਦਿੰਦੇ ਸਨ। ਡਾ. ਅੰਬੇਦਕਰ ਇਕ ਮਹਾਨ ਦਾਰਸ਼ਨਿਕ ਸਨ ਤੇ ਉਹ ਚੀਜ਼ਾਂ ਦੇ ਚਰਿੱਤਰ, ਗੁਣ ਤੇ ਰੂਪ ਨੂੰ ਉਸ ਦੀ ਸੰਪੂਰਨਾ 'ਚ ਵੇਖਦੇ ਸਨ। ਭਾਰਤ ਦਾ ਦਲਿਤ ਆਪਣੀ ਆਜ਼ਾਦੀ ਦੀ ਲੜਾਈ ਲੜ ਰਿਹਾ ਹੈ। ਇਹ ਲੜਾਈ ਮੂਲ ਮਨੁੱਖੀ ਕਿਰਦਾਰ ਨੂੰ ਨਜ਼ਰ ਅੰਦਾਜ਼ ਕਰਕੇ ਨਹੀਂ ਲੜੀ ਜਾ ਸਕਦੀ। ਸਮਾਜਕ ਅਜ਼ਾਦੀ ਦੀ ਲੜਾਈ ਲੜ ਰਹੇ ਯੋਧਿਆਂ ਨੂੰ ਅਜ਼ਾਦੀ ਦਾ ਅਰਥ ਵੀ ਸਮਝਣਾ ਹੋਵੇਗਾ ਅਤੇ ਇਸ ਅਰਥ ਨੂੰ ਅਜ਼ਾਦੀ ਦੇ ਸਿਧਾਂਤ ਦੀ ਸੰਪੂਰਣਤਾ ਦੇ ਦਾਇਰੇ 'ਚ ਸਮਝਣਾ ਹੋਵੇਗਾ ਨਹੀਂ ਤਾਂ ਅਜ਼ਾਦੀ ਦੀ ਲੜਾਈ 'ਚ ਉਠਾਇਆ ਗਿਆ ਹਰ ਕਦਮ, ਖਰਚ ਕੀਤਾ ਗਿਆ ਹਰ ਰੁਪਿਆ ਤੇ ਲਾਇਆ ਗਿਆ ਹਰ ਪਲ ਅਰਥਹੀਣ ਸਿੱਟਿਆਂ ਵਾਲਾ ਹੋਵੇਗਾ। ਦੁਨੀਆਂ 'ਚ ਹਰ ਚੀਜ਼ ਮੁਕਾਬਲਤਨ ਹੁੰਦੀ ਹੈ। ਇਸ ਲਈ ਅਜ਼ਾਦੀ ਵੀ ਮੁਕਾਬਲਤਨ ਹੁੰਦੀ ਹੈ। ਇਸ ਨੂੰ ਕੁਝ ਉਦਾਹਰਣਾਂ ਨਾਲ ਸਮਝਿਆ ਜਾ ਸਕਦਾ ਹੈ। ਇਕ ਰਿਕਸ਼ਾ ਚਾਲਕ ਜਿਸ ਕੋਲ ਆਪਣਾ ਖੁਦ ਦਾ ਰਿਕਸ਼ਾ ਹੈ, ਇਕ ਅਜ਼ਾਦ ਪੰਛੀ ਹੈ, ਰਿਕਸ਼ਾ ਕੱਢਣ ਦਾ ਕੋਈ ਨਿਰਧਾਰਿਤ ਸਮਾਂ ਨਹੀਂ ਹੈ ਜੇ ਸਵਾਰੀ ਮੋਟੀ ਹੈ ਤਾਂ ਉਸ ਨੂੰ ਜਾਣ ਤੋਂ ਮਨ੍ਹਾ ਕਰ ਸਕਦਾ ਹੈ। ਉਹ ਸਵਾਰੀ ਲੈ ਜਾਣ ਦਾ ਭਾੜਾ ਵੀ ਖੁਦ ਨਿਸ਼ਚਤ ਕਰਦਾ ਹੈ ਜੇ ਭਾੜਾ ਵਜ੍ਹਾ ਨਹੀਂ ਤਾਂ ਸੁਆਰੀ ਆਪਣੀ ਹੋਰ ਵਿਵਸਥਾ ਕਰ ਲੈਂਦੀ ਹੈ। ਉਥੇ ਹੀ ਦੂਜੇ ਪਾਸੇ ਇਕ ਹਵਾਈ ਜਹਾਜ਼ ਦਾ ਪਾਈਲਟ ਵੀ ਸੁਆਰੀ ਢੋਹਣ ਦਾ ਕੰਮ ਕਰਦਾ ਹੈ। ਉਡਾਣ ਦਾ ਸਮਾਂ ਠੀਕ ਛੇ ਵੱਜ ਕੇ ਪੰਦਰਾਂ ਮਿੰਟ ਹੈ। ਪਾਈਲਟ ਨੂੰ ਸਵੇਰੇ ਤਿੰਨ ਵਜੇ ਹੀ ਉਠਣਾ ਪਵੇਗਾ। ਉਹ ਇਕ ਨਿਸ਼ਚਤ ਵਰਦੀ ਪਹਿਨਣ ਲਈ ਮਜ਼ਬੂਰ ਹੈ। ਅੱਛਾ ਇੱਛਾ ਦਾ ਕੱਪੜਾ ਪਹਿਨਣ ਲਈ ਅਜ਼ਾਦ ਨਹੀਂ ਹੈ। ਏਅਰ ਪੋਰਟ ਉਸ ਨੂੰ ਦੋ ਘੰਟੇ ਪਹਿਲਾਂ ਹੀ ਪਹੁੰਚਣਾ ਪਵੇਗਾ। ਉਹ ਆਪਣਾ ਸਮਾਂ ਨਿਰਧਾਰਿਤ ਕਰਨ ਲਈ ਅਜ਼ਾਦ ਨਹੀਂ ਹੈ। ਏਅਰਪੋਰਟ 'ਤੇ ਉਸ ਦੀ ਮੈਡੀਕਲ ਜਾਂਚ ਹੁੰਦੀ ਹੈ, ਮੌਸਮ ਠੀਕ ਹੈ, ਰੂਟ ਖਾਲੀ ਹੈ ਤਾਂ ਉਸ ਨੇ ਛੇ ਵੱਜ ਕੇ ਪੰਦਰਾ ਮਿੰਟ 'ਤੇ ਉਡ ਜਾਣਾ ਹੈ। ਉਹ ਉਡਾਣ ਦਾ ਸਮਾਂ ਖੁਦ ਨਿਰਧਾਰਿਤ ਕਰਨ ਲਈ ਅਜ਼ਾਦ ਨਹੀਂ ਹੈ। ਉਸ ਦੀ ਵਾਪਸੀ ਉਡਾਣ ਦਾ ਵੀ ਸਮਾਂ ਨਿਰਧਾਰਿਤ ਹੈ। ਪਰ ਵਾਪਸੀ ਰਾਤ ਨੂੰ ਬਾਰ੍ਹਾਂ ਵਜੇ। ਪਤਨੀ ਉਡੀਕ 'ਚ ਬੱਚੇ ਸੌਂ ਚੁੱਕੇ ਹਨ। ਲਾਹਨਤ ਹੈ ਏਨੀ ਵੱਡੀ ਗੁਲਾਮੀ ਦੀ ਪਾਇਲਟ ਹੋ ਕੇ ਵੀ ਆਪਣੀ ਇੱਛਾ ਦਾ ਜੀਵਨ ਨਹੀਂ ਜਿਉਂ ਸਕਦਾ। ਅਜ਼ਾਦੀ ਤੇ ਗੁਲਾਮੀ ਦੀ ਇਹ ਕਿਹੋ ਜਿਹੀ ਖੇਡ, ਰਿਕਸ਼ਾ ਚਾਲਕ ਕਿੰਨਾ ਅਜ਼ਾਦ। ਪਰ ਕੀ ਕੋਈ ਪਾਈਲਟ ਆਪਣੀਆਂ ਸੰਤਾਨਾਂ ਨੂੰ ਰਿਕਸ਼ਾ ਚਾਲਕ ਬਣਾਉਣ ਦਾ ਸੁਪਨਾ ਵੇਖਦਾ ਹੈ? ਜਾਂ ਰਿਕਸ਼ਾ ਚਾਲਕ ਕੀ ਖੁਦ ਹੀ ਆਪਣੀਆਂ ਸੰਤਾਨਾਂ ਨੂੰ ਰਿਕਸ਼ਾ ਚਾਲਕ ਬਣਾਉਣ ਦਾ ਸੁਪਨਾ ਵੇਖਦਾ ਹੈ? ਦੌਲਤ, ਸੁੱਖ ਤੇ ਸ਼ੌਹਰਤ ਲਈ ਜਹਾਜ਼ ਦਾ ਪਾਈਲਟ ਆਪਣੀ ਅਜ਼ਾਦੀ ਦੀ ਕੁਰਬਾਨੀ

ਦਿੰਦਾ ਹੈ। ਉਹ ਆਪਣੀ ਇੱਛਾ ਨਾਲ ਪਾਈਲਟ ਬਣਦਾ ਹੈ। ਇਸ ਲਈ ਮੁਕਾਬਲੇ ਦੇ ਇਮਤਿਹਾਨ 'ਚ ਬੈਠਦਾ ਹੈ, ਸਿਖਲਾਈ ਲਈ ਕਾਫੀ ਪੈਸਾ ਖਰਚ ਕਰਦਾ ਹੈ, ਰਿਕਸ਼ਾ ਚਾਲਕ ਦੇ ਮਾਪੇ ਗਰੀਬ ਹਨ, ਸਿਖਿਆ ਦਾ ਪ੍ਰਬੰਧ ਨਹੀਂ ਕਰ ਸਕੇ, ਉਸ ਨੂੰ ਬੇਵਸ਼ ਹੋ ਕੇ ਰਿਕਸ਼ਾ ਚਲਾਉਣਾ ਪਿਆ। ਉਸ ਦੇ ਮਨ 'ਚ ਕਿਧਰੇ ਨਾ ਕਿਧਰੇ ਇਹ ਸੁਪਨਾ ਰਿਹਾ ਹੋਵੇਗਾ ਕਿ ਉਸ ਦੀ ਸੰਤਾਨ ਹਵਾਈ ਜਹਾਜ਼ ਨਹੀਂ ਤਾਂ ਘੱਟੋ-ਘੱਟ ਰੇਲਗੱਡੀਆਂ ਤਾ ਚਲਾਉਣ ਜਾਂ ਘਟੋ-ਘੱਟ ਰੇਲਵੇ 'ਚ ਬੁਕਿੰਗ ਕਲਰਕ ਜਾਂ ਪ੍ਰਾਇਮਰੀ ਸਕੂਲ ਦਾ ਅਧਿਆਪਕ ਹੀ ਸਹੀ ਰਿਕਸ਼ਾ ਚਾਲਕ ਕੀ ਇਸ ਗੱਲ ਤੋਂ ਅਣਭਿੱਜ ਹੈ ਕਿ ਬੁਕਿੰਗ ਕਲਰਕ ਜਾਂ ਅਧਿਆਪਕ ਨੂੰ ਵੀ ਆਪਣੀ ਮਰਜ਼ੀ ਦਾ ਆਤਮ ਸਮਰਪਣ ਕਰਨਾ ਪੈਂਦਾ ਹੈ? ਡਾ. ਅੰਬੇਦਕਰ ਇਕ ਫਿਲਾਸਫਰ ਸਨ, ਉਹ ਚੀਜ਼ਾਂ ਨੂੰ ਆਪਣੀ ਸੰਪੂਰਨਤਾ 'ਚ ਵੇਖਦੇ ਸਨ। ਇਸ ਲਈ ਉਹ ਮਨੁੱਖ ਦੇ ਚਰਿਤਰ-ਚਿਤਰਣ 'ਚ ਇਸ ਗੱਲ ਨੂੰ ਵੇਖਦੇ ਹਨ ਕਿ 'ਮਨੁੱਖ ਅਜ਼ਾਦੀ ਨਾਲੋਂ ਵੱਧ ਦੌਲਤ ਨੂੰ ਪਿਆਰ ਕਰਦਾ ਹੈ' ਜ਼ਿਆਦਾਤਰ ਅੰਬੇਦਕਰਵਾਦੀ ਡਾ. ਅੰਬੇਦਕਰ ਨੂੰ ਦਲਿਤਾਂ ਦਾ ਮਸੀਹਾ ਸੰਵਿਧਾਨ ਨਿਰਮਾਤਾ ਸਮਾਜਕ ਇਨਕਲਾਬੀ, ਧਾਰਮਕ ਨੇਤਾ ਤਾਂ ਮੰਨਦੇ ਹੀ ਹਨ ਪਰ ਅਣਜਾਣੇ ਵਿਚ ਨਹੀਂ ਉਹਨਾਂ ਨੂੰ ਇਕ ਫਿਲਾਸਫਰ ਦਾ ਦਰਜਾ ਨਹੀਂ ਦਿੰਦੇ। ਇਕ ਉਹ ਚੋਟੀ ਦੇ ਅਰਥ ਸਾਸ਼ਤਰੀ ਸਨ, ਇਸ ਗੱਲ ਨੂੰ ਵੀ ਅੰਬੇਦਕਰਵਾਦੀ ਦਬੀ ਜੁਬਾਨ ਨਾਲ ਹੀ ਮੰਨਦੇ ਹਨ। ਭੂਪਾਲ 'ਚ 12-13 ਜਨਵਰੀ ਨੂੰ ਦਲਿਤ ਬੁੱਧੀ ਜੀਵੀਆਂ ਦਾ ਮਹਾਂ ਸੰਮੇਲਨ ਹੋਇਆ ਸੀ ਸੰਮੇਲਨ 'ਚ 'ਦਲਿਤ ਕਰੋੜਪਤੀ' ਦਾ ਨਾਹਰਾ ਗੂੰਜ ਉਠਿਆ ਸੀ। ਦਲਿਤ ਬੁਧੀਜੀਵੀਆਂ ਦੀ ਟੀਮ ਵਲੋਂ ਤਿਆਰ ਕੀਤੇ ਗਏ 'ਭੂਪਾਲ ਦਸਤਾਵੇਜ਼' ਤੇ ਗਰਮਾ ਗਰਮ ਚਰਚਾ ਹੋਈ ਸੀ। ਦੇਸ਼ ਭਰ 'ਚੋਂ ਆਏ ਬੁਧੀਜੀਵੀਆਂ ਨੇ ਉਕਤ ਦਸਤਾਵੇਜ਼ 'ਤੇ ਆਪਣੀ ਮੰਜੂਰੀ ਦੀ ਮੋਹਰ ਲਾਈ। ਦਸਤਾਵੇਜ਼ ਦੇ ਅਧਾਰ 'ਤੇ ਹੀ ਦਲਿਤ ਬੁੱਧੀਜੀਵੀਆਂ ਦੀ ਇਕ ਸੰਮਤੀ ਨੇ 'ਭੂਪਾਲ ਐਲਾਨਨਾਮਾ' ਨਾਂ ਦਾ ਇਕ ਇੱਕੀ ਨੁਕਾਤੀ ਪ੍ਰੋਗ੍ਰਾਮ ਬਣਾਇਆ। ਹਾਲਾਂਕਿ ਉਕਤ ਸੰਮੇਲਨ 'ਚ ਦਲਿਤ ਸਮਾਜ ਦੇ ਸਾਹਮਣੇ ਮੌਜੂਦਾ ਸਾਰੀਆਂ ਮੌਲਿਕ ਚੁਣੌਤੀਆਂ 'ਤੇ ਚਰਚਾ ਹੋਈ ਅਤੇ ਉਹਨਾਂ ਦੇ ਹੱਲ ਵੀ ਬੁਝਾਏ ਗਏ ਪਰ ਬਹਿਸ ਦਾ ਕੇਂਦਰ ਰਿਹਾ ਦਲਿਤਾਂ ਵਿਚਕਾਰ ਇਕ ਮਜ਼ਬੂਤ ਉਦਯੋਗਪਤੀ ਤਬਕੇ ਦਾ ਉਭਾਰ। ਯਾਨੀ ਭਾਰਤ ਦੀ ਦੌਲਤ 'ਚ ਦਲਿਤਾਂ ਦੀ ਸਮੁੱਚੀ ਭਾਗੇਦਾਰੀ ਜਿਸ ਨੂੰ 'ਸਪਲਾਇਰ ਡਾਈਵਰਸਿਟੀ ਦੇ ਮਾਧਿਅਮ ਰਾਹੀਂ ਸੰਭਵ ਦਸਿਆ ਗਿਆ। ਸੰਮੇਲਨ 'ਚ ਆਵਾਜ਼ ਇਹ ਵੀ ਉਠੀ ਕਿ ਆਰਥਕ ਉਦਾਰੀਕਰਨ ਤੇ ਨਿਜੀਕਰਨ ਦੀ ਚੁਣੌਤੀ ਨਾਲ ਨਿਪਟਣ ਲਈ ਦਲਿਤ ਸਮਾਜ ਆਪਣੇ ਸਾਧਨ, ਸਮਾਂ ਤੇ ਊਰਜਾ ਇਸ ਟੀਚੇ ਨੂੰ ਹਾਸਲ ਕਰਨ ਲਈ ਝੌਂਕ ਦੇਵੇ। ਭੂਪਾਲ ਸੰਮੇਲਨ ਤੋਂ ਨਿਕਲੇ ਧਨ ਦੌਲਤ ਦੇ ਨਵੇਂ ਏਜੰਡੇ ਨੂੰ ਲੋਕਾਂ ਨੇ ਤਰ੍ਹਾਂ-ਤਰ੍ਹਾਂ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਇਸ ਏਜੰਡੇ ਤੋਂ ਪ੍ਰਭਾਵਿਤ ਹੋ ਕੇ ਆਂਧਰਾ ਪ੍ਰਦੇਸ਼ ਦੇ ਦਲਿਤ ਬੁਧੀਜੀਵੀਆਂ ਨੇ 'ਭੂਪਾਲ ਦਸਤਾਵੇਜ' ਦਾ ਤੇਲਗੂ ਅਨੁਵਾਦ ਕਰ ਲਿਆ ਤੇ ਉਸ ਨੂੰ ਇਕ ਪੁਸਤਕ ਵਜੋਂ ਛਾਪ ਲਿਆ। ਇਸ ਦੀਆਂ ਹੋਰ ਕੰਪਨੀਆਂ ਧੜਾ-ਧੜ ਵੰਡੀਆਂ ਜਾ ਰਹੀਆਂ ਹਨ। ਦਸਤਾਵੇਜ਼ 'ਤੇ ਥਾਂ ਥਾਂ ਸੰਮੇਲਨ ਹੋ ਰਹੇ ਹਨ ਤੇ ਤਟੀ ਜਨਪਥ ਈਸਟ ਗੋਦਾਵਰੀ 'ਚ ਜੋ 'ਭੂਪਾਲ ਐਲਾਨ ਐਕਸ਼ਨ ਕਮੇਟੀ' ਦੀ ਸਥਾਪਨਾ ਤਹਿ ਹੋ ਚੁੱਕੀ ਹੈ। ਤਮਿਲਨਾਡੂ ਦੇ ਦਲਿਤ ਬੁੱਧੀਜੀਵੀ ਵੀ ਭੂਪਾਲ ਦਸਤਾਵੇਜ਼ ਦਾ ਤਾਮਿਲ ਅੰਕ ਅਗਲੇ ਹਫਤੇ ਬਾਜ਼ਾਰ 'ਚ ਲਿਆ ਰਹੇ ਹਨ। ਮਰਾਠੀ ਅਨੁਵਾਦ

ਪੂਰਾ ਹੋਣ ਵਾਲਾ ਹੈ। ਪ੍ਰਵਾਸੀ ਦਲਿਤ ਭੂਪਾਲ ਦਸਤਾਵੇਜ਼ ਨੂੰ ਅੰਗਰੇਜ਼ੀ 'ਚ ਅਮਰੀਕਾ 'ਚ ਹੀ ਛਪਵਾਉਣਗੇ। ਉੱਤਰ ਭਾਰਤ 'ਚ ਵੀ ਇਸ ਦਸਤਾਵੇਜ਼ ਦਾ ਸੁਆਗਤ ਹੋਇਆ ਹੈ। ਪਰ ਦਲਿਤਾਂ 'ਚ ਇਕ ਤਬਕਾ 'ਸ਼ਕੀ ਦਲਿਤਾਂ' ਦਾ ਹੈ ਅਤੇ ਦੂਜਾ ਤਬਕਾ ਕੱਟੜਪੰਥੀ ਧਾਰਮਕਾਂ ਦਾ ਹੈ ਜਿਥੇ ਕੁਝ ਦਲਿਤ ਭਾਰਤ 'ਚ 'ਡਾਇਵਰਸਿਟੀ ਸਿਧਾਂਤ' ਨੂੰ ਅਸੰਭਵ ਮੰਨ ਰਹੇ ਸਨ, ਉਥੇ ਕੁਝ ਬੁਧਿਸ਼ਟ ਇਸ ਮੁਹਿੰਮ ਨੂੰ ਬੁੱਧ ਧਰਮ ਦੇ ਪ੍ਰਸਾਰ 'ਚ ਰੋੜਾ ਮੰਨ ਬੈਠੇ। ਕੁਝ ਤਾਂ ਤਰਕ ਕਰਦੇ ਸਮੇਂ ਇਸ ਹੱਦ ਤਕ ਪਤਿਤ ਹੋ ਗਏ ਕਿ ਇਹ ਕਹਿਣ ਲੱਗੇ ਕਿ 'ਧਰਮ ਤੋਂ ਵੱਡਾ ਧਨ ਨਹੀਂ ਹੁੰਦਾ' ਅਤੇ ਕੁਝ ਇਹ ਵੀ ਕਹਿਣ ਲੱਗੇ ਕਿ 'ਬਗੈਰ ਧਾਰਮਿਕ ਅਜ਼ਾਦੀ ਦੇ ਆਰਥਕ ਅਜ਼ਾਦੀ ਦਾ ਕੋਈ ਅਰਥ ਨਹੀਂ ਰਹਿ ਜਾਂਦਾ।' ਇਹ ਅਲੱਗ ਗੱਲ ਹੈ ਕਿ ਇਸ ਸ਼੍ਰੇਣੀ ਦੇ ਦਲਿਤ ਤਰਕ ਸ਼ਾਸ਼ਤਰੀ ਉਹ ਹਨ ਜਿਹਨਾਂ ਨੇ ਕੁੱਲ ਮਿਲਾ ਕੇ ਆਪਣੀ ਆਰਥਕ ਹਾਲਤ ਸੁਧਾਰ ਲਈ ਹੈ, ਇਹਨਾਂ ਆਲੋਚਨਾਵਾਂ ਦੇ ਬਾਵਜੂਦ ਭੂਪਾਲ ਸੰਮੇਲਨ 'ਚ ਅਗਲੇਰੀ ਭੂਮਿਕਾ ਨਿਭਾਉਣ ਵਾਲੇ ਦਲਿਤ ਆਪਣੇ ਮਿਸ਼ਨ 'ਚ ਲੱਗੇ ਰਹੇ ਤੇ ਮੱਧ ਪ੍ਰਦੇਸ਼ 'ਚ 'ਡਿਵਰਸਿਟੀ ਸਿਧਾਂਤ' ਦੇ ਇਕ ਪਹਿਲੂ 'ਸਪਲਾਇਰ ਡਿਵਰਸਿਟੀ' ਨੂੰ ਲਾਗੂ ਕਰਵਾ ਕੇ ਉਹ ਕਰ ਵਿਖਾਇਆ ਜਿਸ ਨੂੰ ਇਕ ਸਾਲ ਪਹਿਲਾਂ ਅਸੰਭਵ ਦੱਸਿਆ ਜਾ ਰਿਹਾ ਸੀ ਕਿਉਂਕਿ ਰਵਾਇਤੀ ਸਮਾਜ 'ਚ ਦਲਿਤਾਂ ਨੂੰ ਦੌਲਤ ਇਕੱਠੀ ਕਰਨ ਦਾ ਅਧਿਕਾਰ ਨਹੀਂ ਸੀ। ਇਸ ਲਈ ਸੰਵਿਧਾਨ ਲਾਗੂ ਹੋਣ ਪਿੱਛੋਂ ਵੀ ਦਲਿਤ ਸਮਾਜ ਭਾਰਤ ਦੇ ਪੂੰਜੀ ਬਜ਼ਾਰ 'ਚ ਕੋਈ ਥਾਂ ਨਹੀਂ ਬਣਾ ਸਕਿਆ। ਛੋਟੀਆਂ-ਛੋਟੀਆਂ ਦੁਕਾਨਾਂ ਤੋਂ ਇਲਾਵਾ ਵਿਰਲੇ ਹੀ ਦਲਿਤ ਹੋਣਗੇ ਜਿਹਨਾਂ ਦੀ ਸਲਾਨਾ ਆਮਦਨ ਕਰੋੜਾਂ ਵਿਚ ਹੋਵੇ। ਸਰਕਾਰ ਵਲੋਂ ਚਲਾਈਆਂ ਜਾਤੀਆਂ ਵਿਤ ਕਾਰਪੋਰੇਸ਼ਨ ਵਲੋਂ ਕਰਜਾ ਲੈ ਕੇ ਦਲਿਤਾਂ 'ਚ ਸਨਅਤਕਾਰ ਪੈਦਾ ਕਰਨ ਦੀਆਂ ਜ਼ਿਆਦਤਰ ਯੋਜਨਾਵਾਂ ਅਸਫਲ ਹੁੰਦੀਆਂ ਜਾ ਰਹੀਆਂ ਹਨ। ਇਹਨਾਂ ਕਮਿਸ਼ਨਾ ਵਲੋਂ ਮੁਹੱਈਆ ਕਰਵਾਏ ਗਏ ਕਰਜ਼ੇ ਨਾਲ ਦਲਿਤ ਸਨਅਤਕਾਰ ਇਕਾਈ ਤਾਂ ਖੜ੍ਹੀ ਕਰ ਸਕਦੇ ਹਨ ਪਰ ਉਸ ਦੀ ਵਿੱਕਰੀ ਹੋਵੇ? ਜੇ ਇਕ ਇਕਾਈ ਦੀ ਕੁੱਲ ਲਾਗਤ ਦਸ ਲੱਖ ਰੁਪਏ ਹੈ ਤਾਂ ਵੀਹ ਲੱਖ ਰੁਪਏ ਚਾਹੀਦੇ ਹਨ। ਇਸ਼ਤਿਹਾਰਬਾਜ਼ੀ ਲਈ ਤੇ ਏਨੀ ਹੀ ਰਾਸ਼ੀ ਬਾਜ਼ਾਰ 'ਚ ਘੁੰਮਦੀ ਰਹਿਣ ਲਈ। ਉਤਪਾਦਕ ਦੀ ਵਿਕਰੀ ਤਾਂ ਫੁਟਕਲ ਦੁਕਾਨਦਾਰਾਂ ਜਾਂ ਡੀਲਰ ਰਾਹੀਂ ਹੁੰਦੀ ਹੈ। ਜੋ ਮਾਲ ਉਧਾਰ ਲੈ ਜਾਂਦੇ ਹਨ ਤੇ ਵਿਕਰੀ ਤੋਂ ਬਾਅਦ ਹੀ ਅਦਾਇਗੀ ਕਰਦੇ ਹਨ। ਵਿਤ ਨਿਗਮਾਂ ਦੇ ਸੰਚਾਲਕ ਦਸ ਲੱਖ ਰੁਪਏ ਦੀ ਇਕਾਈ ਲਾਉਣ ਲਈ ਦੇ ਤਾਂ ਦਿੰਦੇ ਹਨ ਪਰ ਬਾਕੀ ਚਾਲੀ ਲੱਖ ਰੁਪਏ ਬਾਰੇ ਗੱਲ ਹੀ ਨਹੀਂ ਕਰਦੇ। ਨਤੀਜੇ ਉਲਟੇ ਨਿਕਲੇ ਤੇ ਜ਼ਿਆਦਾਤਰ ਦਲਿਤ ਉੱਦਮੀ ਕਰਜੇ 'ਚ ਡੁੱਬ ਜਾਂਦੇ ਹਨ, ਉਦਯੋਗ ਬੈਠ ਜਾਂਦਾ ਹੈ ਤੇ ਕਿੰਨਿਆਂ ਦੀ ਤਾਂ ਕੁਰਕੀ ਨਿਲਾਮੀ ਤੱਕ ਹੋ ਜਾਂਦੀ ਹੈ, ਅਮਰੀਕਾ 'ਚ ਕਾਲਿਆਂ ਦਾ ਵੀ ਇਹੀ ਅਨੁਭਵ ਰਿਹਾ ਹੈ ਤੇ ਉੱਥੇ ਉਹਨਾਂ ਨੇ ਇਸ ਦਾ ਉੱਤਰ 'ਸਪਲਾਇਰ ਡਿਵਰਸਿਟੀ' 'ਚ ਲੱਭ ਲਿਆ। ਬਜਾਏ ਕਿ ਕਿਸੇ ਦਲਿਤ ਨੂੰ ਮੱਝ ਲਈ ਕਰਜਾ ਦਿੱਤਾ ਜਾਵੇ, ਬੇਹਤਰ ਇਹੀ ਹੋਵੇਗਾ ਕਿ ਜ਼ਿਲਾ ਹਸਪਤਾਲਾਂ 'ਚ ਖਰੀਦੇ ਜਾ ਰਹੇ ਦੁੱਧ ਦਾ ਕੁਝ ਹਿੱਸਾ ਕੁਝ ਚੁਣੇ ਹੋਏ ਦਲਿਤਾਂ ਨੂੰ ਸਪਲਾਈ ਕਰਨ ਲਈ ਦੇ ਦਿੱਤਾ ਜਾਵੇ। ਜੇ ਕਿਸੇ ਦਲਿਤ ਨੂੰ 20 ਲਿਟਰ ਰੋਜ਼ਾਨਾ ਦੁੱਧ ਸਪਲਾਈ ਕਰਨਾ ਦਾ ਆਰਡਰ ਮਿਲ ਜਾਵੇ ਤਾਂ ਇਕ ਸਾਲ 'ਚ ਬਿਨਾਂ ਕਰਜਾ ਲਏ ਉਹ ਮੱਝ ਖਰੀਦ ਲਵੇਗਾ। ਕਿਸੇ ਦਲਿਤ ਨੂੰ ਪੇਂਸਿਨ ਦੀ ਇਕਾਈ

ਲਾਉਣ ਲਈ ਕਰਜੇ ਬਦਲੇ ਸਰਕਾਰੀ ਵਿਭਾਗਾਂ ਵਲੋਂ ਖਰੀਦੀ ਜਾ ਰਹੀ ਪੈਂਸਿਨ ਸਪਲਾਈ ਦਾ ਆਰਡਰ ਦੇ ਦਿੱਤਾ ਜਾਵੇ। ਕਿਸੇ ਦਲਿਤ ਨੂੰ ਟਰੱਕ ਖਰੀਦ ਲਈ ਕਰਜਾ ਦੇਣ ਦੀ ਬਜਾਏ ਉਸ ਨੂੰ ਸੜਕਾਂ ’ਤੇ ਭਵਨਾਂ ਦੀ ਉਸਾਰੀ ਲਈ ਇੱਟਾਂ, ਬਾਲੇ, ਮਿੱਟੀ ਸਪਲਾਈ ਦਾ ਆਰਡਰ ਦੇ ਦਿੱਤਾ ਜਾਵੇ। ਜੋ ਦਲਿਤ ਸਪਲਾਇਰ ਆਪਣਾ ਕੰਮ ਅੱਛਾ ਕਰ ਰਹੇ ਹੋਣ ਤਾਂ ਉਹਨਾਂ ਨੇ ਉਹੀ ਸਪਲਾਇਲਰ ਆਰਡਰ ਪੰਜ ਸਾਲ ਤਕ ਜਾਰੀ ਰੱਖਿਆ ਜਾਵੇ। ਅੱਧੇ ਦਹਾਕੇ ਵਿਚ ਹੀ ਉਹ ਮਜ਼ਬੂਤ ਪੈਸੇ ਵਾਲੇ ਹੋ ਜਾਣਗੇ ਤੇ ਆਪਣੇ ਜ਼ੋਰ ’ਤੇ ਉਦਯੋਗ ਧੰਦੇ ਖੜ੍ਹੇ ਕਰਨ ਲੱਗਣਗੇ। ਮੁੱਖ ਮੰਤਰੀ ਦੇ ਐਲਾਨ ਅਨੁਸਾਰ ਅਨਸੂਚਿਤ ਜਾਤੀ/ਜਨਜਾਤੀ ਵਿਭਾਗ ਵਲੋਂ ਕੀਤੇ ਜਾ ਰਹੇ ਕੰਮ ਦਾ 30 ਫੀਸਦੀ ਹਿੱਸਾ ਅਨਸੂਚਿਤ ਜਾਤੀ/ਜਨਜਾਤੀ ਦੁਕਾਨਦਾਰਾਂ ਵਲੋਂ ਕੀਤਾ ਜਾਵੇਗਾ। ਇਹ ਵਾਅਦਾ ਵੀ ਸੀ ਕਿ ਜੇ ਤਜ਼ਰਬਾ ਸਫਲ ਰਿਹਾ ਤਾਂ ਆਉਂਦੇ ਸਾਲ ਤੋਂ ਖਰੀਦ ਦਾ ਇਹ ਨਵਾਂ ਨਿਯਮ ਸਰਕਾਰ ਦੇ ਸਾਰੇ ਵਿਭਾਗਾਂ ’ਚ ਲਾਗੂ ਹੋ ਜਾਵੇਗਾ। ਖਰੀਦ ਦੇ ਨਿਯਮ ’ਚ ਫੇਰਬਦਲ ਤੇ ਜ਼ਿਲ੍ਹਾ ਵਾਰ ਅਨਸੂਚਿਤ ਜਾਤੀ/ਜਨਜਾਤੀ ਸਪਲਾਇਰਾਂ/ਦੁਕਾਨਦਾਰਾਂ ਦੀ ਸੂਚੀ ਬਣਾਉਣ ’ਚ ਲੱਗਿਆ। ਜਨਵਰੀ ਤੋਂ ਨਿਯਮ ਮੱਧ ਪ੍ਰਦੇਸ਼ ਦੇ ਸਾਰੇ ਵਿਭਾਗਾਂ ’ਚ ਲਾਗੂ ਕਰ ਦਿੱਤਾ ਗਿਆ ਹੈ। ਅਪ੍ਰੈਲ ਤਕ ਖਰੀਦ ਦਾ ਅੰਕੜਾ 100 ਕਰੋੜ ਤਕ ਪਹੁੰਚ ਸਕਦਾ ਹੈ। ਜੇ ਸਪਲਾਇਰ ਡਿਵਰਸਿਟੀ ਦਾ ਇਹ ਸਿਧਾਂਤ ਮੱਧ ਪ੍ਰਦੇਸ਼ ’ਚ ਲਾਗੂ ਹੋ ਸਕਦਾ ਹੈ ਤਾਂ ਸਾਰੇ ਦੇਸ਼ ’ਚ ਕਿਉਂ ਨਹੀਂ? ਸਾਰੇ ਦਲਿਤਾਂ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਦਲਿਤਾਂ ਨੂੰ ਰਿਕਸ਼ਾ ਚਾਲਕ ਵਾਦੀ ਅਜ਼ਾਦੀ ਚਾਹੀਦੀ ਹੈ ਜਾਂ ਪਾਇਲਟ ਵਰਗੀ ਗੁਲਾਮੀ? ਦੁਨੀਆਂ ’ਚ ਹਰ ਧਰਮਾਂ ਤੇ ਵਿਚਾਰਧਾਰਾਵਾਂ, ਪਾਰਟੀਆਂ ਦੇ ਗਠਨਾਂ ’ਚ ਕਿਤੇ ਨਾ ਕਿਤੇ ਪੈਸੇ ਦਾ ਸੁਆਲ ਫੈਸਲਾਕੁੰਨ ਭੂਮਿਕਾ ਅਦਾ ਕਰ ਰਿਹਾ ਹੁੰਦਾ ਹੈ।

# ਅਰਬ ਵਿਦਰੋਹ 'ਚ ਸਾਮਰਾਜੀਆਂ ਦੀਆਂ ਚਾਲਾਂ ਤੇ ਮਿਹਨਤਕਸ਼

ਅਰਬ ਦੇਸ਼ਾਂ 'ਚ ਮਜ਼ਦੂਰ ਜਮਾਤ ਤੇ ਹੋਰ ਮਿਹਨਤਕਸ਼ ਲੋਕਾਂ ਦੀਆਂ ਬਗਾਵਤਾਂ 'ਚ ਜਿਥੇ ਸਾਮਰਾਜੀਆਂ ਦੀ ਨੀਂਦ ਉਡਾ ਦਿੱਤੀ ਹੈ ਉਥੇ ਉਹਨਾਂ ਵਲੋਂ ਇਹਨਾਂ ਵਿਦਰੋਹਾਂ ਨੂੰ ਸ਼ਾਂਤ ਕਰਕੇ ਜਿਉਂ ਦੀ ਤਿਉਂ ਸਥਿਤੀ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਵੀ ਤੇਜ਼ ਹੋ ਗਈਆਂ ਹਨ। ਸਾਜ਼ਿਸ਼ਾਂ ਤੇ ਤਿਕੜਮਾ ਦੀ ਝੜੀ ਲੱਗੀ ਹੋਈ ਹੈ। ਅਰਬ ਦੁਨੀਆਂ ਪਿਛਲੇ ਕਰੀਬ ਸੌ ਸਾਲਾਂ ਤੋਂ ਸਾਮਰਾਜੀਆਂ, ਖਾਸ ਕਰਕੇ ਬ੍ਰਿਟਿਸ਼ ਤੇ ਅਮਰੀਕੀ ਸਾਮਰਾਜੀਆਂ ਦੇ ਖਾਸ ਨਿਸ਼ਾਨੇ 'ਤੇ ਰਹੀ ਹੈ। ਇਸ ਦੀ ਵਜ੍ਹਾ ਹੈ ਤੇਲ ਅਤੇ ਗੈਸ। ਤੇਲ ਤੇ ਗੈਸ ਪਿਛਲੀ ਸ਼ਤਾਬਦੀ ਤੋਂ ਊਰਜਾ ਦੇ ਮੁੱਖ ਸਰੋਤ ਰਹੇ ਹਨ ਅਤੇ ਜਦੋਂ ਤੋਂ ਇਹ ਪਤਾ ਲੱਗਿਆ ਹੈ ਕਿ ਇਹਨਾਂ ਦੇਸ਼ਾਂ 'ਚ ਵੱਡੀ ਮਾਤਰਾ 'ਚ ਤੇਲ ਤੇ ਗੈਸ ਦੇ ਭੰਡਾਰ ਮੌਜੂਦ ਹਨ, ਉਦੋਂ ਤੋਂ ਸਾਮਰਾਜੀਆਂ ਨੇ ਉਥੇ ਸਿੱਧਾ ਕਬਜ਼ਾ ਹੀ ਕਰ ਰੱਖਿਆ ਸੀ, ਜਦੋਂ ਉਹਨਾਂ ਨੂੰ ਪਿੱਛੇ ਹਟਣ ਲਈ ਮਜ਼ਬੂਰ ਹੋਣਾ ਪਿਆ ਤਾਂ ਵੀ ਉਹਨਾਂ ਨੇ ਇਹਨਾਂ ਦੇਸ਼ਾਂ ਵਿਚ ਆਪਣੀਆਂ ਸਮਰਥਕ ਸਰਕਾਰਾਂ ਨੂੰ ਕਾਇਮ ਕਰਨ ਦੀ ਹਰ ਕੋਸ਼ਿਸ਼ ਕੀਤੀ। ਇਸੇ ਕੋਸ਼ਿਸ਼ 'ਚ ਉਹਨਾਂ ਨੇ ਇਸ ਖੇਤਰ 'ਚ ਕਮਿਊਨਿਸਟ ਪ੍ਰਗਤੀਸ਼ੀਲ ਤੇ ਰਾਸ਼ਟਰਵਾਦੀ ਅੰਦੋਲਨਾਂ ਨੂੰ ਕੁਚਲਿਆ ਅਤੇ ਉਹਨਾਂ ਦੀ ਥਾਂ 'ਤੇ ਪਿਛਾਖੜੀ ਤੇ ਧਾਰਮਿਕ ਕੱਟੜਪੰਥੀ ਤਾਕਤਾਂ ਨੂੰ ਪਾਲਿਆ ਪੋਸਿਆ। ਪਿਛਲੇ ਦੋ ਦਹਾਕਿਆਂ ਤੋਂ ਸਾਮਰਾਜੀਆਂ ਨੇ ਕੁਝ ਇਹ ਫਿਜ਼ਾ ਬਣਾਈ ਹੈ ਕਿ ਇਸਲਾਮੀ ਕਟੜਪੰਥੀ ਖਾਸ ਕਰਕੇ ਦਹਿਸ਼ਤਗਰਦ, 'ਪੱਛਮੀ ਸਭਿਅਤਾ ਦੇ ਦੁਸ਼ਮਣ' ਹਨ। ਇਹੀ ਨਹੀਂ ਉਹ ਆਮ ਤੌਰ 'ਤੇ ਹੀ ਸਭਿਅਤਾ ਦੇ ਦੁਸ਼ਮਣ ਹਨ। ਉਹ ਆਜ਼ਾਦੀ ਜਮਹੂਰੀਅਤ ਆਦਿ ਤੋਂ ਨਫਰਤ ਕਰਦੇ ਹਨ ਅਤੇ ਆਪਣੀਆਂ ਪਿਛੜੀਆਂ ਮਾਨਤਾਵਾਂ ਨੂੰ ਸਮਾਜ 'ਤੇ ਠੋਸਣਾ ਚਾਹੁੰਦੇ ਹਨ। ਅਮਰੀਕੀ ਸਾਮਰਾਜੀ ਤੇ ਉਹਨਾਂ ਦੇ ਕੌਲੀ ਚੱਟ ਚਾਹੁੰਦੇ ਹਨ ਕਿ ਲੋਕ ਪੁੱਛਣ ਕਿ ਆਖਰ ਉਹ ਏਨੇ ਬੁਰੇ ਕਿਉਂ ਹਨ? ਅਸਲ 'ਚ ਅਰਬ ਦੁਨੀਆਂ 'ਚ ਪੁਰਾਤਨ ਪੰਥੀ ਤਾਕਤਾਂ ਨੂੰ ਪਾਲਣ-ਪੋਸਣ ਦਾ, ਉਹਨਾਂ ਨੂੰ ਹਕੂਮਤ 'ਚ ਬਿਠਾਉਣ 'ਤੇ ਬਣਾਈ ਰੱਖਣ ਦਾ ਕੰਮ ਸਾਮਰਾਜੀਆਂ ਨੇ ਹੀ ਖੁਦ ਕੀਤਾ ਹੈ ਅਤੇ ਉਹਨਾਂ ਨੇ ਇਹ ਕੰਮ ਸੋਚੀ ਸਮਝੀ ਰਣਨੀਤੀ ਤਹਿਤ ਕੀਤਾ ਹੈ। ਸਾਊਦੀ ਅਰਬ ਦੇ ਬਹਾਵੀ ਕੱਟੜਪੰਥੀ ਹਾਕਮ, ਅੱਜ ਸੱਤਾ 'ਚ ਬਿਰਾਜਮਾਨ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਕੱਟੜਪੰਥੀਆਂ ਨੂੰ ਆਪਣੇ ਤੇਲ ਦੀ ਕਮਾਈ ਨਾਲ ਪਾਲਦੇ-ਪੋਸਦੇ ਹਨ। ਉਹਨਾਂ ਨੂੰ ਸੱਤਾ 'ਚ ਜਮਾਉਣ ਦਾ ਕੰਮ ਸਾਮਰਾਜੀਆਂ ਨੇ ਹੀ ਕੀਤਾ ਹੈ। ਅੱਜ ਵੀ ਸਾਊਦੀ ਅਰਬ ਦੇ ਸ਼ੇਖ ਅਮਰੀਕੀ ਸਾਮਰਾਜੀਆਂ ਦੇ ਨਾਲ ਗੁੰਢ ਤੁਪ ਕਰਕੇ ਉਹਨਾਂ ਲਈ ਆਪਣੀ ਪੂਰੀ ਫੌਜ ਮੁਹਈਆ ਕਰ ਰਹੇ ਹਨ। 1940 ਤੇ 50 ਦੇ ਦਹਾਕੇ 'ਚ ਤੀਜੀ ਦੁਨੀਆਂ ਦੇ ਹੋਰ ਦੇਸ਼ਾਂ ਵਾਂਗੂ ਅਰਬ ਦੇਸ਼ਾਂ ਵਿਚ ਵੀ ਵੱਡੇ ਪੈਮਾਨੇ 'ਤੇ ਕਮਿਊਨਿਸਟ ਤੇ ਪ੍ਰਗਤੀਸ਼ੀਲ ਅੰਦੋਲਨ ਪੈਦਾ ਹੋਏ। ਵੱਡੀਆਂ-ਵੱਡੀਆਂ ਕਮਿਊਨਿਸਟ ਪਾਰਟੀਆਂ ਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਬਣੀਆਂ। ਇਹ ਉਥੋਂ ਦੇ ਪੁਰਾਤਨ ਪੰਥੀ ਹਾਕਮਾਂ ਤੇ ਸਾਮਰਾਜੀਆਂ ਦੇ ਲਈ ਖਤਰਨਾਕ ਸਨ। ਇਹਨਾਂ ਦੇ ਸਫਲ ਹੋਣ 'ਤੇ ਨਾ ਸਿਰਫ ਪੁਰਾਣੇ ਧਾਰਮਿਕ ਕਠਮੁੱਲਿਆਂ ਦਾ ਸਫਾਇਆ ਹੋ ਜਾਂਦਾ ਬਲਕਿ ਸਾਮਰਾਜੀਆਂ ਦਾ ਵੀ ਬਿਸਤਰਾ ਗੋਲ ਹੋ ਜਾਂਦਾ ਅਤੇ

ਤੇਲ-ਗੈਸ ਦੇ ਇਸ ਮਹੱਤਵਪੂਰਨ ਖੇਤਰ 'ਚ ਸਾਮਰਾਜੀਆਂ ਨੇ ਤਖਤਪਲਟ ਤੋਂ ਲੈ ਕੇ ਹਰ ਤਿਕੜਮ ਦਾ ਸਹਾਰਾ ਲਿਆ ਜਿਸ ਨਾਲ ਕਮਿਊਨਿਸਟ ਤੇ ਪ੍ਰਗਤੀਸ਼ੀਲ ਅੰਦੋਲਨਾਂ ਨੂੰ ਖਤਮ ਕੀਤਾ ਜਾ ਸਕੇ। ਇਸ ਲਈ ਵੱਡੇ ਪੈਮਾਨੇ ਦੇ ਜਬਰ ਦਾ ਵੀ ਸਹਾਰਾ ਲਿਆ ਗਿਆ। ਇਕ ਪਾਸੇ ਕਮਿਊਨਿਸਟ ਤੇ ਪ੍ਰਗਤੀਸ਼ੀਲ ਤਾਕਤਾਂ ਦਾ ਜਬਰ ਤੇ ਦੂਜੇ ਪਾਸੇ ਉਹਨਾਂ ਦੀ ਥਾਂ 'ਤੇ ਧਾਰਮਿਕ ਕਟੜਪੰਥੀ ਤੱਤਾਂ ਨੂੰ ਹੱਲਾਸ਼ੇਰੀ ਦੇਣੀ- ਇਹਨਾਂ ਦੇਸ਼ਾਂ ਵਿਚ ਸਥਾਨਕ ਪੁਰਾਤਨਪੰਥੀ ਹਾਕਮਾਂ ਤੇ ਸਾਮਰਾਜੀਆਂ ਦੀ ਇਹੀ ਨੀਤੀ ਸੀ। ਜਿਵੇਂ ਕਿ ਕਿਹਾ ਗਿਆ ਹੈ ਕਿ ਵਿਕਸ਼ਤ ਪੂੰਜੀਵਾਦੀ ਦੇਸ਼ਾਂ 'ਚ ਸਾਮਰਾਜ ਦੇ ਉਭਰਨ ਦੇ ਸਮੇਂ ਤੋਂ ਹੀ ਉਹਨਾਂ ਦੇਸ਼ਾਂ ਦਾ ਹਾਕਮ ਪੂੰਜੀਪਤੀ ਵਰਗ ਪਿਛਾਖੜੀ ਹੋ ਗਿਆ ਅਤੇ ਦੁਨੀਆਂ ਭਰ 'ਚ ਲੁੱਟ ਮਾਰ ਲਈ ਪਿਛਾਖੜੀ ਸ਼ਕਤੀਆਂ ਨਾਲ ਗੰਢਤੁਪ ਕਰਨ ਤੇ ਉਹਨਾਂ ਨੂੰ ਸ਼ਹਿ ਦੇਣ ਵਿਚ ਉਸ ਨੂੰ ਕੋਈ ਝਿਜਕ ਨਹੀਂ ਸੀ। ਇਹਨਾਂ ਸਭ ਦਾ ਸਿੱਟਾ ਇਹ ਹੋਇਆ ਕਿ ਇਹਨਾਂ ਦੇਸ਼ਾਂ 'ਚ ਗੈਰ ਜਮਹੂਰੀ, ਧਾਰਮਿਕ ਪੁਰਾਤਨਪੰਥੀ ਜਾਂ ਤਾਨਾਸ਼ਾਹੀ ਹਕੂਮਤਾਂ ਕਾਇਮ ਹੋ ਗਈਆਂ। ਇਹ ਹਕੂਮਤਾਂ ਸਥਾਨਕ ਹਾਕਮਾਂ ਤੋਂ ਲੈ ਕੇ ਸਾਮਰਾਜੀਆਂ ਦੇ ਹਿੱਤਾਂ ਨੂੰ ਅੱਗੇ ਵਧਾਉਂਦੀਆਂ ਸਨ। ਪਿੱਛੋਂ ਜਦ ਇਸਲਾਮੀ ਅੱਤਵਾਦ ਵਜੋਂ ਸਾਮਰਾਜੀਆਂ ਵਲੋਂ ਪੈਦਾ ਕੀਤਾ ਦਿਉ ਸਾਮਰਾਜੀਆਂ ਲਈ ਪ੍ਰੇਸ਼ਾਨੀ ਖੜ੍ਹੀ ਕਰਨ ਲੱਗਿਆ ਤਾਂ ਇਹਨਾਂ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਇਹ ਸੱਭਿਆਤਾਵਾਂ ਦਾ ਸੰਘਰਸ਼ ਹੈ ਕਿ ਇਸਲਾਮ ਧਰਮ ਤੇ ਇਸ ਨੂੰ ਮੰਨਣ ਵਾਲੇ ਅਜ਼ਾਦੀ, ਜਮਹੂਰੀਅਤ ਵਰਗੇ ਅਧੁਨਿਕ ਮੁੱਲਾਂ ਨੂੰ ਨਹੀਂ ਅਪਣਾ ਸਕਦੇ ਕਿ ਇਸਲਾਮੀ ਦੁਨੀਆਂ ਦੇ ਲੋਕ ਸੁਭਾਅ ਤੋਂ ਹੀ ਤਾਨਾਸ਼ਾਹੀ ਦੇ ਅਨਕੂਲ ਹਨ ਕਿ ਉਹ ਪੱਛਮ ਦੀ ਤਰ੍ਹਾਂ ਸਭਿਅਤਾ ਨੂੰ ਸਹਿਣ ਨਹੀਂ ਕਰ ਸਕਦੇ। ਇਹਨਾਂ ਸਾਰਿਆਂ ਦਾ ਪ੍ਰਚਾਰ ਕਰਦੇ ਸਮੇਂ ਇਹਨਾਂ ਨੇ ਬੇਹੱਦ ਅਸਾਨੀ ਨਾਲ ਇਹ ਭੁਲਾ ਦਿੱਤਾ ਕਿ ਅਰਬ ਦੁਨੀਆਂ 'ਚ ਅਜੇ ਅਧੁਨਿਕ ਵਿਚਾਰਾਂ ਨੂੰ ਨਸ਼ਟ ਕਰਨ ਤੇ ਪੁਰਾਤਨ ਪੰਥੀ ਖਿਆਲਾਂ ਨੂੰ ਸਥਾਪਤ ਕਰਨ ਦਾ ਕੰਮ ਸਾਮਰਾਜੀਆਂ ਨੇ ਹੀ ਕੀਤਾ ਸੀ। ਇਹ ਸਭ ਕਰਕੇ ਇਹਨਾਂ ਨੇ ਬੜੀ ਚਲਾਕੀ ਦੇ ਨਾਲ ਇਹ ਗੱਲ ਪ੍ਰਚਾਰ ਕਰ ਰੱਖੀ ਸੀ ਕਿ ਜੇ ਇਹ ਟਿਊਨੇਸ਼ੀਆ ਜਾਂ ਮਿਸ਼ਰ 'ਚ ਬੇਨ ਅਲੀ ਤੇ ਮੁਬਾਰਕ ਵਰਗੇ ਤਾਨਾਸ਼ਾਹ ਨੂੰ ਹਮਾਇਤ ਦਿੰਦੇ ਹਨ ਤਾਂ ਸਿਰਫ ਇਸ ਲਈ ਕਿ ਉਹਨਾਂ ਦਾ ਵਿਕਲਪ ਤਾਲਿਬਾਨ ਜਾਂ ਅਲਕਾਇਦਾ ਵਰਗੇ ਕੱਟੜਪੰਥੀ ਹਨ। ਅਕਸਰ ਆਪਣੇ ਸਾਮਰਾਜੀ ਦੇਸ਼ਾਂ ਦੇ ਲੋਕਾਂ ਨੂੰ ਦਹਿਸ਼ਤ ਗ੍ਰਸਿਤ ਕਰਕੇ ਆਪਣੇ ਪਿੱਛੇ ਲਾਮਬੰਦ ਕਰਨ ਲਈ ਇਹਨਾਂ ਨੇ ਇਸ ਦੀ ਖੂਬ ਵਰਤੋਂ ਕੀਤੀ। ਉਹਨਾਂ ਨੇ ਇਹ ਵਿਖਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਸਾਊਦੀ ਅਰਬ ਦੇ ਬਹਾਵੀਂ ਹਾਕਮਾਂ ਖਾੜੀ ਦੇ ਸ਼ੇਖਾਂ ਸੈਨਿਕ ਤਾਨਾਸ਼ਾਹਾਂ ਜਾਂ ਤਾਨਾਸ਼ਾਹ ਰਾਸ਼ਟਰਪਤੀਆਂ, ਸਭ ਦੇ ਪਿੱਛੇ ਉਹ ਹੀ ਹਨ ਕਿ ਜੇ ਉਹ ਨਾ ਹੁੰਦੇ ਤਾਂ ਇਹਨਾ ਦੇਸ਼ਾਂ ਦੇ ਲੋਕ ਬਹੁਤ ਪਹਿਲਾਂ ਹੀ ਇਹਨਾਂ ਨਾਲ ਆਪਣਾ ਹਿਸਾਬ-ਕਿਤਾਬ ਕਰ ਚੁੱਕੇ ਹੁੰਦੇ। ਅਰਬ ਦੁਨੀਆਂ 'ਚ ਮੌਜੂਦਾ ਵਿਦਰੋਹਾਂ ਨੇ ਦਿਖਾਇਆ ਕਿ ਸਭ ਕੁਝ ਦੇ ਬਾਵਜੂਦ ਯਥਾਰਥ ਇਹ ਨਹੀਂ ਹੈ ਕਿ ਜੋ ਸਾਮਰਾਜੀ ਜਾਂ ਇਹਨਾਂ ਦੇਸ਼ਾਂ ਦੇ ਪਿਛਾਖੜੀ ਹਾਕਮ ਪ੍ਰਚਾਰਦੇ ਰਹੇ ਸਨ। ਇਹਨਾਂ ਬਗਾਵਤਾਂ ਨੂੰ ਇਸਲਾਮੀ ਕੱਟੜ ਪੰਥੀਆਂ ਨੇ ਨਾ ਤਾਂ ਆਯੋਜਿਤ ਕੀਤਾ ਤੇ ਨਾ ਹੀ ਉਹ ਇਸ 'ਚ ਮੁੱਖ ਸਨ। ਅਚਾਨਕ ਹੀ ਇਹਨਾਂ ਦੇਸ਼ਾਂ ਤੋਂ ਇਸਲਾਮੀ ਅੱਤਵਾਦ ਗਾਇਬ ਹੋ ਗਿਆ। ਅਲਕਾਇਦਾ ਦਾ ਹਊਆ ਨਾ ਜਾਣੇ ਕਿੱਥੇ ਹਵਾ 'ਚ ਉੱਡ ਗਿਆ।

ਲੋਕ ਬਗਾਵਤਾਂ ਦੀ ਹਨੇਰੀ ਮੂਹਰੇ ਧਾਰਮਿਕ ਅੱਤਵਾਦੀ ਤਿਨਕੇ ਵਾਂਗੂੰ ਉੱਡ ਗਏ। ਇਥੋਂ ਤੱਕ ਕਿ ਮੁਸਲਿਮ ਬ੍ਰਦਰਹੁੱਡ ਵਰਗੇ ਮੁਕਾਬਲਤਣ ਵਿਆਪਕ ਅਧਾਰ ਵਾਲੇ ਸੰਗਠਨ ਨੂੰ ਵੀ ਬਗਾਵਤਾਂ ਪਿੱਛੇ ਘਿਸੜਨਾ ਪਿਆ ਅਤੇ ਉਸ ਦੇ ਸਾਹਮਣੇ ਗੋਡੇ ਟੇਕਣੇ ਪਏ। ਅਜੇ ਕੁਝ ਮਹੀਨੇ ਹੀ ਹੋਏ ਹਨ ਕਿ ਜਦ ਮਿਸ਼ਰ 'ਚ ਇਸਾਈ ਘੱਟ ਗਿਣਤੀ ਖਿਲਾਫ ਦੰਗੇ ਹੋ ਰਹੇ ਸਨ। ਹਾਕਮ ਪੂੰਜੀਪਤੀ ਜਮਾਤ ਇਸਾਈਆਂ ਤੇ ਮੁਸਲਮਾਨਾਂ ਵਿਚਕਾਰ ਝਗੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੀ ਸੀ। ਪਰ ਮਿਸ਼ਰ ਦੀ ਮੌਜੂਦਾ ਬਗਾਵਤ 'ਚ ਇਹ ਨਜ਼ਾਰਾ ਵੇਖਣ ਨੂੰ ਮਿਲਿਆ ਕਿ ਸ਼ੁੱਕਰਵਾਰ ਨੂੰ ਨਮਾਜ਼ ਲਈ ਝੁਕੇ ਮੁਸਲਮਾਨਾਂ ਦੇ ਚਾਰੇ ਪਾਸੇ ਅਤੇ ਇਸਾਈ ਬਾਗੀਆਂ ਨੇ ਸੁਰੱਖਿਆ ਘੇਰਾ ਬਣਾ ਰੱਖਿਆ ਸੀ ਤਾਂ ਐਤਵਾਰ ਨੂੰ ਇਸਾਈ ਪ੍ਰਾਰਥਨਾਰਤ ਲੋਕਾਂ ਦੇ ਚਾਰੋਂ ਪਾਸੇ ਮੁਸਲਿਮ ਬਾਗੀਆਂ ਦਾ ਘੇਰਾ ਸੀ। ਇਸ ਤੋਂ ਅੱਗੇ ਤਾਂ ਬਸ ਏਨਾ ਹੀ ਕਰਨਾ ਸੀ ਕਿ ਦੋਨੋਂ ਮਤਾਂ ਦੇ ਲੋਕ ਆਪਣੇ ਆਪਣੇ ਧਰਮ ਤੋਂ ਮੁਕਤੀ ਹਾਸਲ ਕਰ ਲੈਂਦੇ। ਅਰਬ ਦੁਨੀਆਂ 'ਚ ਧਾਰਮਿਕ ਕੱਟੜਤਾ, ਪੁਰਾਤਨ ਪੰਥ ਜਮਹੂਰੀਅਤ ਦੀ ਘਾਟ, ਫੌਜੀ ਤਾਨਾਸ਼ਾਹੀਆਂ ਜਾਂ ਸ਼ੇਖਸ਼ਾਹੀਆਂ ਸਭ ਆਪਸ 'ਚ ਗੁੰਦੇ ਹੋਏ ਸਨ ਅਤੇ ਇਹਨਾਂ ਨਾਲ ਗੁੰਦਿਆਂ ਹੋਇਆ ਹੈ ਤੇਲ ਅਤੇ ਗੈਸ। ਸਾਮਰਾਜਵਾਦ, ਇਜ਼ਰਾਇਲ ਤੇ ਫਿਲਸਤੀਨ। ਜੇ ਅਰਬ ਦੇਸ਼ ਦੇ ਲੋਕਾਂ ਨੇ ਸਿਰਫ ਆਪਣੇ ਹਾਕਮਾਂ ਨਾਲ ਸੁਲਝਣਾ ਹੁੰਦਾ ਤਾਂ ਉਹ ਉਸ ਨਾਲ ਕਦੋਂ ਦਾ ਨਿਪਟ ਲੈਂਦੀ ਪਰ ਉਸ ਨੂੰ ਹਰ ਕਦਮ 'ਤੇ ਸਾਮਰਾਜੀਆਂ ਨਾਲ ਉਲਝਣਾ ਪਿਆ ਹੈ। ਖਾਸ ਕਰਕੇ ਅਮਰੀਕੀ ਸਾਮਰਾਜੀਆਂ ਨਾਲ ਅਤੇ ਅਮਰੀਕੀ ਸਾਮਰਾਜੀਆਂ ਦਾ ਇਸ ਖੇਤਰ 'ਚ ਇਕ ਮੁੱਖ ਅਧਾਰ ਹੈ ਇਜ਼ਰਾਇਲ ਜੇ ਅੱਜ ਦੁਨੀਆਂ 'ਚ ਅਨਿਆ ਦੇ ਪ੍ਰਤੀਕਾਂ 'ਚੋਂ ਇਕ ਨੂੰ ਚੁਨਣਾ ਹੋਵੇ ਤਾਂ ਫਿਲਸਤੀਨ ਸਹਿਜਤਾ ਨਾਲ ਸਾਹਮਣੇ ਆ ਜਾਵੇਗਾ। ਫਿਲਸਤੀਨ ਜਨਤਾ ਤੇ ਫਿਲਸਤੀਨੀ ਰਾਸ਼ਟਰ ਨੂੰ ਪਿਛਲੇ ਛੇ ਦਹਾਕਿਆਂ 'ਚ ਅਕਹਿ ਲੁੱਟ-ਘਸੁੱਟ ਤੇ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਯਹੂਦੀਆਂ ਨੂੰ ਆਪਣੇ ਪੂਰੇ ਇਤਿਹਾਸ 'ਚ ਜਿਸ ਲੁੱਟ-ਘਸੁੱਟ ਤੇ ਜਬਰ ਦਾ ਸਾਹਮਣਾ ਕਰਨਾ ਪਿਆ ਸੀ ਉਸ ਨਾਲ ਹੋਈ ਹਮਦਰਦੀ ਨੂੰ ਉਹਨਾਂ ਨੇ ਫਿਲਸਤੀਨ 'ਚ ਆਪਣੇ ਕੁਕਰਮਾਂ ਕਰਕੇ ਗੁਆ ਲਿਆ ਹੈ। ਉਥੇ ਉਹ ਖੁਦ ਇਕ ਵੱਡੇ ਜਾਬਰ ਵਜੋਂ ਬਰਾਜਮਾਨ ਹੈ। ਉਨ੍ਹਾਂ ਨੇ ਇਕ ਪੂਰੇ ਰਾਸ਼ਟਰ ਨੂੰ ਖਤਮ ਕਰ ਦੇਣ ਦੀ ਧਾਰ ਲਈ ਹੈ। ਜਿਸ ਤੋਂ ਉਹ ਆਪਣੀ ਸਾਰੀ ਜਮੀਨ ਜਾਇਦਾਦ ਹਥਿਆ ਸਕੇ। ਉਹਨਾਂ ਦੇ ਇਸ ਯਤਨ ਵਿਚ ਇਜ਼ਰਾਇਲ ਦਾ ਸਮੁੱਚੇ ਅਰਬ ਜਗਤ ਨਾਲ ਤਿੱਖਾ ਵਿਰੋਧ ਪੈਦਾ ਹੋ ਜਾਂਦਾ ਹੈ। ਅਮਰੀਕੀ ਸਾਮਰਾਜੀਆਂ ਨੇ ਠੀਕ ਇਸ ਇਜ਼ਰਾਇਲ ਨੂੰ ਹੀ ਤੇਲ ਤੇ ਗੈਸ ਨਾਲ ਭਰਪੂਰ ਇਸ ਖੇਤਰ 'ਚ ਆਪਣਾ ਪ੍ਰਭਾਵ ਕਾਇਮ ਕਰਨ ਦਾ ਮੁੱਖ ਥੰਮ ਬਣਾ ਰੱਖਿਆ ਹੈ। ਇਜ਼ਰਾਇਲ ਨੂੰ ਉਹਨਾਂ ਦੀ ਪ੍ਰਸ਼ਨਾਤੀਤ ਹਮਾਇਤ ਹਾਸਲ ਹੈ। ਉਹ ਇਜ਼ਰਾਇਲ ਦੇ ਹਰ ਕੁਕਰਮ 'ਚ ਉਸ ਦੇ ਨਾਲ ਹੈ। ਇਸ ਦੇ ਨਾਲ ਅਰਬ ਦੇਸ਼ਾਂ ਦੇ ਹਾਕਮਾਂ ਨੂੰ ਧਮਕੀ ਤੇ ਲਾਲਚ ਦੋਨੋਂ ਤਰੀਕਿਆਂ ਨਾਲ ਇਜ਼ਰਾਇਲ ਨਾਲ 'ਦੋਸਤੀ' 'ਚ ਘਸੀਟਦੇ ਹਨ। ਇਹਨਾਂ ਸਭ ਕਰਕੇ ਅਰਬ ਦੇਸ਼ਾਂ ਦੇ ਹਾਕਮਾਂ ਦੀ ਹਾਲਤ ਬੇਹੱਦ ਘ੍ਰਿਣਿਤ ਹੋ ਜਾਂਦੀ ਹੈ। ਇਜ਼ਰਾਇਲ ਤੇ ਅਮਰੀਕੀ ਸਾਮਰਾਜੀਆਂ ਦੇ ਕਾਰਨਾਮਿਆਂ ਕਾਰਨ ਅਰਬ ਲੋਕਾਂ ਦੇ ਦਿਲਾਂ 'ਚ ਇਹਨਾਂ ਪ੍ਰਤੀ ਬੇਹੱਦ ਘ੍ਰਿਣਾ ਪੈਦਾ ਹੋ ਜਾਂਦੀ ਹੈ। ਅਰਬ ਦੇਸ਼ਾਂ ਦੇ ਹਾਕਮ ਵੀ ਇਹ ਜਾਣਦੇ ਹਨ। ਅਜਿਹੇ 'ਚ ਅਮਰੀਕੀ ਸਾਮਰਾਜੀਆਂ ਨਾਲ ਗੁੰਢਤੁਪ ਕਰਕੇ ਉਹਨਾਂ

ਨੂੰ ਹਮੇਸ਼ਾਂ ਇਹ ਵਿਖਾਉਣਾ ਪੈਂਦਾ ਹੈ ਕਿ ਉਹ ਫਿਲਸਤੀਨ ਦੇ ਨਾਲ ਹਨ ਅਤੇ ਅਮਰੀਕਾ ਤੇ ਇਜ਼ਰਾਇਲ ਦੇ ਵਿਰੋਧੀ ਹਨ। ਉਹਨਾਂ ਨੂੰ ਲਗਾਤਾਰ ਝੂਠ ਬੋਲਣਾ ਪੈਂਦਾ ਹੈ ਅਤੇ ਆਪਣੇ ਅਸਲੀ ਸਬੰਧਾਂ ਨੂੰ ਛਿਪਾਉਣਾ ਪੈਂਦਾ ਹੈ। ਦੂਜੇ ਪਾਸੇ ਉਹਨਾਂ ਨੂੰ ਖੁਦ ਆਪਣੀ ਰਾਖੀ ਲਈ ਵਧ ਤੋਂ ਵੱਧ ਜਬਰ ਦਾ ਸਹਾਰਾ ਤੇ ਸਾਮਰਾਜੀਆਂ ਦੀ ਸ਼ਰਨ ਲੈਣੀ ਪੈਂਦੀ ਹੈ। ਫਿਲਸਤੀਨੀ ਟਰੱਸਟ ਨੂੰ ਖਤਮ ਕਰਕੇ ਉਸ ਤੇ ਪੂਰੀ ਤਰ੍ਹਾਂ ਕਬਜਾ ਕਰ ਲੈਣ ਦੀ ਇਜ਼ਰਾਈਲੀ ਹਾਕਮਾਂ ਦੀ ਲਾਲਸਾ ਤੇਲ ਤੇ ਗੈਸ ਦੇ ਵਿਸ਼ਾਲ ਭੰਡਾਰਾਂ ’ਤੇ ਸਾਮਰਾਜੀਆਂ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਦੀ ਪਕੜ ਅਰਬ ਦੇ ਹਾਕਮਾਂ ਦੀ ਇਹਨਾਂ ਨਾਲ ਗੰਢਤੁਪ ਇਹ ਹੀ ਉਹ ਸਮੀਕਰਣ ਹਨ, ਜਿਸ ਨਾਲ ਅਰਬ ਦੇ ਬਾਗੀ ਲੋਕਾਂ ਨੇ ਨਿਪਟਣਾ ਹੈ। ਕੀ ਸਿਰਫ ਜਨਤੰਤਰ ਦੇ ਨਾਹਰੇ, ਨਾਲ ਇਹਨਾਂ ਸਾਰਿਆਂ ਨਾਲ ਨਿਪਟਿਆ ਜਾ ਸਕਦਾ ਹੈ? ਅਜਿਹੇ ’ਚ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਸਾਮਰਾਜੀਆਂ ਦੀ ਪਹਿਲੀ ਕੋਸ਼ਿਸ਼ ਇਹ ਹੋਵੇਗੀ ਕਿ ਉਹ ਲੋਕ ਰਾਜ ਦੇ ਨਾਹਰੇ ਨੂੰ ਫੈਲਣ ਨਾ ਦੇਣ ਯਾਨੀ ਉਹ ‘ਇਨਕਲਾਬ’ ਦੀ ਅਖੌਤੀ ਸਫਲਤਾ (ਬੇਨ ਅਲੀ ਜਾਂ ਮੁਬਾਰਕ ਦਾ ਸੱਤਾ ਤੋਂ ਹਟ ਜਾਣਾ) ਪਿੱਛੋਂ ਇਹਨਾਂ ਦੇਸ਼ਾਂ ਵਿਚ ਲੋਕਤੰਤਰ ਕਾਇਮ ਨਾ ਹੋਣ ਦੇਣ ਜਾਂ ਫਿਰ ਉਸ ਤਰ੍ਹਾਂ ਦਾ ਤੰਤਰ ਹੋਵੇ ਜੈਸਾ ਕਿ ਮੁਬਾਰਕ ਦੇ ਜ਼ਮਾਨੇ ’ਚ ਮਿਸ਼ਰ ਵਿਚ ਸੀ। ਜਿਵੇਂ ਕਿ ਦੁਨੀਆਂ ਦੇ ਸਾਰੇ ਦੇਸ਼ਾਂ ਦਾ ਇਤਿਹਾਸ ਦਰਸਾਉਂਦਾ ਹੈ। ਅਮਰੀਕੀ ਸਾਮਰਾਜੀ ਇਸ ਵਿਚ ਮਾਹਰ ਹਨ। ਜਨਤੰਤਰ ਕਾਇਮ ਕਰਨ ਦੀ ਕਲਾ ’ਚ ਉਹਨਾਂ ਨੇ ਮੁਹਾਰਤ ਹਾਸਲ ਕਰ ਲਈ ਹੈ ਪਰ ਫਰਜ ਕਰੋ ਇਹਨਾਂ ਦੇਸ਼ਾਂ ਵਿਚ ਅਸਲੀ ਲੋਕਰਾਜ ਕਾਇਮ ਹੋ ਜਾਂਦਾ ਹੈ। ਇਹਨਾਂ ਵਿਚੋਂ ਸ਼ੁੱਧ ਤੇ ਆਜ਼ਾਦ ਚੋਣਾਂ ਹੋਣ ਲੱਗਦੀਆਂ ਹਨ ਤਾਂ ਕੀ ਹੋਵੇਗਾ? ਕੀ ਤਾਂ ਫਿਰ ਉਦੋਂ ਸਥਿਤੀਆਂ ’ਚ ਬੁਨਿਆਦੀ ਫ਼ਰਕ ਆ ਜਾਵੇਗਾ? ਦੁਨੀਆਂ ਦੇ ਹੋਰ ਦੇਸ਼ਾਂ ਦਾ ਇਤਿਹਾਸ ਦਸਦਾ ਹੈ ਕਿ ਇਸ ਤਰ੍ਹਾਂ ਦੇ ਲੋਕ ਰਾਜ ਨਾਲ ਵੀ ਕੋਈ ਮਹੱਤਵਪੂਰਨ ਬਦਲਾਅ ਨਹੀਂ ਆਉਣ ਵਾਲਾ ਮਿਸ਼ਰ ਦੀ ਹੀ ਉਦਾਹਰਣ ਲਓ। ਮਿਸ਼ਰ ਦੀ ਨੌਕਰਸ਼ਾਹੀ ਤੇ ਫੌਜ ’ਚ ਭਾਰੀ ਮਾਤਰਾ ’ਚ ਅਜਿਹੇ ਲੋਕ ਭਰੇ ਹੋਏ ਹਨ ਜੋ ਪੂਰੀ ਤਰ੍ਹਾਂ ਅਮਰੀਕੀ ਸਾਮਰਾਜੀਆਂ ਦੇ ਸਮਰਥਕ ਹਨ ਜਿਵੇਂ ਹੁਸਨੀ ਮੁਬਾਰਕ ਸਨ। ਅਮਰੀਕੀ ਸਾਮਰਾਜੀ ਸਾਲਾਂ ਤੋਂ 2 ਲੱਖ ਡਾਲਰ ਦੀ ਰਿਸ਼ਵਤ ਸਲਾਨਾ ਮਿਸ਼ਰ ਦੀ ਫੌਜ ਨੂੰ ਦਿੰਦੇ ਰਹੇ ਹਨ। ਮੁਬਾਰਕ ਵਲੋਂ ਨਿਯੁਕਤ ਸੁਲੇਮਾਨ ਤੋਂ ਲੈ ਕੇ ਇਸ ਸਮੇਂ ਸਤਾ ਸੰਭਾਲਣ ਵਾਲੀ ਫੌਜੀ ਪ੍ਰਸ਼ਦ ਦੇ ਸਾਰੇ ਮੈਂਬਰ ਉਨੇ ਹੀ ਭਰਿਸ਼ਟ ਤੇ ਅਮਰੀਕਾ ਪੱਖੀ ਹਨ ਜਿੰਨੇ ਕਿ ਮੁਬਾਰਕ। ਅਜਿਹੇ ’ਚ ਚੋਣਾਂ ਰਾਹੀਂ ਸੰਸਦੀ ਪ੍ਰਣਾਲੀ ਲਾਗੂ ਹੋ ਜਾਂਦੀ ਹੈ ਤਾਂ ਫੌਜ ਅਤੇ ਨੌਕਰਸ਼ਾਹੀ ਦੇ ਕਿਰਦਾਰ ’ਤੇ ਕੋਈ ਫਰਕ ਪਵੇਗਾ? ਕਿਵੇਂ ਇਹ ਅਮਰੀਕਾ ਪੱਖੀ ਤੋਂ ਅਮਰੀਕਾ ਵਿਰੋਧੀ ਹੋ ਜਾਣਗੇ? ਖੁਦ ਆਪਣੀ ਸਰਮਾਏਦਾਰ ਜਮਾਤ ਦੀ ਸੇਵਾ ਵਾਲਾ ਉਹਨਾਂ ਦਾ ਕਿਰਦਾਰ ਕਿਵੇਂ ਖਤਮ ਹੋ ਜਾਵੇਗਾ? ਹੁਣ ਖੁਦ ਸਹੀ ਤੇ ਆਜ਼ਾਦ ਚੋਣਾਂ ਦੀ ਗੱਲ ਕਰੀਏ। ਅਮਰੀਕਾ ’ਚ ਆਜ਼ਾਦ ਤੇ ਸਹੀ ਚੋਣਾਂ ਹੁੰਦੀਆਂ ਹਨ। ਉਹਨਾਂ ਚੋਣਾਂ ਨੂੰ ਸੰਚਾਲਿਤ ਕੌਣ ਕਰਦਾ ਹੈ? ਕੀ ਮਜ਼ਦੂਰ ਜਮਾਤ ਕਰਦੀ ਹੈ? ਕੀ ਹੋਰ ਮਿਹਨਤਕਸ਼ ਲੋਕ ਕਰਦੇ ਹਨ? ਨਹੀਂ ਇਹਨਾਂ ਚੋਣਾਂ ਨੂੰ ਅਮਰੀਕੀ ਸਰਮਾਏਦਾਰੀ ਜਮਾਤ ਸੰਚਾਲਿਤ ਕਰਦੀ ਹੈ। ਵੱਡੇ-ਵੱਡੇ ਕੌਮੀ ਨਿਗਮ ਦੀ ਪੂੰਜੀ ਇਹਨਾਂ ਚੋਣਾਂ ਦੇ ਮੁੱਦਿਆਂ ਸਬੰਧੀ ਉਮੀਦਵਾਰਾਂ ਨੂੰ ਤਹਿ ਕਰਦੀ ਹੈ। ਇਹੀ ਇਹਨਾਂ ਦੀ ਪ੍ਰਚਾਰ ਮੁਹਿੰਮ ਚਲਾਉਂਦੀ ਹੈ। ਇਹ ਹਾਰ-ਜਿੱਤ ਤਹਿ ਕਰਦੀ ਹੈ। ਚੋਣਾਂ ਦੇ ਖੁੱਲ੍ਹੇ ਮੁਕਾਬਲੇ

’ਚ ਇਸ ਪੂੰਜੀ ਦੀ ਤਾਕਤ ਦੇ ਮੂਹਰੇ ਕੋਈ ਨਹੀਂ ਟਿਕ ਸਕਦਾ। ਵੱਡੇ ਦੇਸ਼ੀ ਪੂੰਜੀਪਤੀਆਂ ਤੇ ਸਾਮਰਾਜੀਆਂ ਦੀ ਪੂੰਜੀ ਦੀ ਇਹ ਅਸਲ ਤਾਕਤ ਹੋਵੇਗੀ ਜੋ ਮਿਸ਼ਰ ਜਾਂ ਟਿਊਨੇਸ਼ੀਆਂ ’ਚ ਅਜ਼ਾਦ ਤੇ ਸਹੀ ਚੋਣਾਂ ਦਾ ਨਤੀਜਾ ਤਹਿ ਕਰੇਗੀ। ਇਹ ਅਜਿਹੀਆਂ ਪਾਰਟੀਆਂ ਤੇ ਉਮੀਦਵਾਰਾਂ ਦੀ ਜਿੱਤ ਹਾਰ ਤਹਿ ਕਰੇਗੀ ਜੋ ਇਸ ਦੇ ਅਨੁਸਾਰ ਕੰਮ ਕਰਨ। ਇਹੀ ਨਹੀਂ ਜੇ ਕੋਈ ਵਿਰੋਧੀ ਚੋਣ ਜਿੱਤ ਵੀ ਜਾਵੇ ਤਾਂ ਇਹ ਪੂੰਜੀ ਉਸ ਨੂੰ ਖਰੀਦ ਕੇ ਆਪਣੀ ਸੇਵਾ ’ਚ ਲਾ ਦੇਵੇਗੀ। ਇਹ ਸਾਰੇ ਅਸਫਲ ਰਹੇ ਤਾਂ ਫੌਜੀ ਰਾਜ ਪਲਟਾ ਤੇ ਗ੍ਰਹਿ ਯੁੱਧ ਵਰਗੇ ਅਧੁਨਿਕ ਹਥਿਆਰ ਤਾਂ ਉਹਨਾਂ ਕੋਲ ਹਨ ਹੀ। ਚਿੱਲੀ ਦੀ ਸਿੱਖਿਆਦਾਇਕ ਮਿਸਾਲ ਪਹਿਲਾਂ ਹੀ ਮੌਜੂਦ ਹੈ। ਇਸ ਤਰ੍ਹਾਂ ਲੋਕ ਰਾਜ ਦਾ ਕਾਇਮ ਹੋਣਾ ਐਸੀ ਕੋਈ ਚੀਜ਼ ਨਹੀਂ ਹੈ ਜੋ ਦੇਸ਼ੀ ਪੂੰਜੀਪਤੀਆਂ ਤੇ ਸਾਮਰਾਜੀਆਂ ਦੀ ਪੂਰੀ ਖੇਡ ਨੂੰ ਹੀ ਪਲਟ ਦੇਵੇ। ਵੱਧ ਤੋਂ ਵੱਧ ਇਹਨਾਂ ਨੂੰ ਕੁਝ ਔਖ ਹੋ ਸਕਦੀ ਹੈ। ਅਮਰੀਕੀ ਸਾਮਰਾਜੀਆਂ ਦਾ ਆਪਣੇ ਇਥੇ ਸਹੀ ਤੇ ਅਜ਼ਾਦ ਚੋਣ ਅਮਰੀਕੀ ਤੇ ਸਾਰੀ ਦੁਨੀਆਂ ’ਚ ਉਹਨਾਂ ਦੀ ਲੁੱਟ ਮਾਰ ਦੇ ਰਾਹ ਵਿਚ ਅੜਿੱਕਾ ਨਹੀਂ ਬਣਦੀ ਉਲਟਾ ਉਹਨਾਂ ਦੇ ਨਾਂ ਦੀ ਮਾਲਾ ਜਪਦੇ ਹੋਇਆਂ ਉਹ ਹੋਰ ਵਾਜਬੀਅਤ ਹਾਸਲ ਕਰਦੇ ਹਨ। ਇਸ ਤਰ੍ਹਾਂ ਭਾਰਤ ਦੀ ਸਰਮਾਏਦਾਰ ਜਮਾਤ ਦੇ ਭਾਰਤ ’ਚ ਸਹੀ ਤੇ ਅਜ਼ਾਦ ਚੋਣਾਂ ਦੇਸ਼ ਅੰਦਰ ਤੇ ਦੱਖਣੀ ਏਸ਼ੀਆ ’ਚ ਇਸ ਸਰਮਾਏਦਾਰ ਜਮਾਤ ਵੱਲੋਂ ਲੁੱਟਦੇ ਰਾਹ ’ਚ ਅੜਿੱਕਾ ਨਹੀਂ ਬਣਦੀਆਂ।

ਇਹਨਾਂ ਸਾਰਿਆਂ ਦਾ ਮਤਲਬ ਇਹ ਨਹੀਂ ਹੈ ਕਿ ਅਰਬ ਦੇਸ਼ਾਂ ਦੇ ਲੋਕਾਂ ਨੂੰ ਜਾਂ ਉਥੋਂ ਦੀ ਮਜ਼ਦੂਰ ਜਮਾਤ ਨੂੰ ਉਥੇ ਰਵਾਇਤੀ ਗੈਰ ਰਵਾਇਤੀ ਤਾਨਾਸ਼ਾਹੀਆਂ ਖਤਮ ਕਰਕੇ ਲੋਕ ਰਾਜ ਕਾਇਮ ਕਰਨ ਦਾ ਸੰਘਰਸ਼ ਨਹੀਂ ਕਰਨਾ ਚਾਹੀਦਾ। ਹੋਰ ਕੁਝ ਨਹੀਂ ਤਾਂ ਰਵਾਇਤੀ ਲੋਕ ਰਾਜ ਦੀ ਸਥਾਪਨਾ, ਲੋਕ ਰਾਜ ਨੂੰ ਲੈ ਕੇ ਫੈਲੇ ਵਿਆਪਕ ਭਰਮ ਨੂੰ ਖਤਮ ਕਰ ਦਿੰਦੀ ਹੈ ਜੋ ਖਾਸ ਕਰਕੇ ਛੋਟੀ ਜਾਇਦਾਦ ਵਾਲਿਆਂ ਨੂੰ ਵਿਆਪਕ ਪੈਮਾਨੇ ’ਤੇ ਫੈਲਿਆ ਹੁੰਦਾ ਹੈ। ਲੋਕ ਰਾਜ ਨਾ ਹੋਣ ਦੀ ਹਾਲਤ ’ਚ ਸਭ ਸਭਿਆਤਾਵਾਂ ਦਾ ਕਾਰਨ ਤਾਨਾਸ਼ਾਹੀ ਜਾਂ ਇਕਤੰਤਰ ’ਚ ਅਤੇ ਸਭ ਸਮੱਸਿਆਵਾਂ ਦਾ ਹੱਲ ਲੋਕ ਰਾਜ ’ਚ ਨਜ਼ਰ ਆਉਂਦਾ ਹੈ–ਪੂੰਜੀਵਦ–ਸਾਮਰਾਜਵਾਦ ਕੁਝ ਖਾਸ ਮੌਕਿਆਂ ’ਤੇ ਇਸ ਭਰਮ ਨੂੰ ਫੈਲਾਉਂਦਾ ਵੀ ਹੈ, ਜਿਵੇਂ ਅਰਬ ਦੁਨੀਆਂ ’ਚ ਇਸ ਸਮੇਂ। ਪਰ ਇਕ ਵਾਰੀ ਰਵਾਇਤੀ ਲੋਕ ਰਾਜ ਦੀ ਸਥਾਪਨਾ ਪਿੱਛੋਂ ਬਹੁਤ ਜਲਦੀ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਮੱਸਿਆਵਾਂ ਦਾ ਅਸਲੀ ਕਾਰਨ ਤਾਂ ਖੁਦ ਪੂੰਜੀ ਹੈ ਅਤੇ ਤਦ ਪੂੰਜੀ ’ਤੇ ਹਮਲਾ ਕਰਨ ਲਈ ਤਿਆਰੀ ਕਰਨੀ ਸੌਖੀ ਹੋ ਜਾਂਦੀ ਹੈ। ਅਰਬ ਦੁਨੀਆਂ ’ਚ ਹੋ ਰਹੀਆਂ ਬਗਾਵਤਾਂ ਵਿਚ ਵੀ ਲੋਕ ਰਾਜ ਸਬੰਧੀ ਇਕ ਹੱਦ ਤੱਕ ਭਰਮ ਮੌਜੂਦ ਹੈ। ਸ਼ਹਿਰੀ ਮੱਧ ਵਰਗ ਤੇ ਛੋਟੀ ਜਾਇਦਾਦ ਵਾਲਿਆਂ ’ਚ ਇਹ ਖਾਸ ਤੌਰ ’ਤੇ ਹੈ। ਅਮਰੀਕੀ ਸਾਮਰਾਜੀਆਂ ਵਲੋਂ ਚਲਾਏ ਜਾਂਦੇ ਅਦਾਰਿਆਂ ਤੋਂ ਸਿਖਲਾਈ ਪਾ ਕੇ ਕੁਝ ਲੋਕ ਰਾਜ ਬਾਰੇ ਭਰਮ ਫੈਲਾਉਣ ਦੀ ਜੀ ਤੋੜ ਕੋਸ਼ਿਸ਼ ਕਰ ਰਹੇ ਨੇ। ਆਪਣੇ ਤਾਨਾਸ਼ਾਹ ਪਿਠੂਆਂ ਤੋਂ ਵਾਂਝੇ ਹੋਣ ਕਰਕੇ ਸਾਮਰਾਜੀ ਆਪਣੀ ਇਸ ਦੂਜੀ ਸੁਰਖਿਆ ਕਤਾਰ ਨੂੰ ਅੱਗੇ ਵਧਾਉਂਦੇ ਹਨ ਅਤੇ ਆਪਣੇ ਆਪ ਨੂੰ ਲੋਕ ਰਾਜ ਦੇ ਚੈਂਪੀਅਨ ਵਜੋਂ ਪੇਸ਼ ਕਰਦੇ ਹਨ। ਅਰਬ ਵਿਦਰੋਹਾਂ ’ਚ ਵੀ ਸਾਮਰਾਜੀ ਇਹੀ ਕਰਨਗੇ।

ਅਰਬ ਦੁਨੀਆਂ ਦੀ ਮਜ਼ਦੂਰ ਜਮਾਤ ਲਈ ਅੱਜ ਫੌਰੀ ਤੌਰ ’ਤੇ ਜ਼ਰੂਰੀ ਹੈ

ਕਿ ਉਹ ਲੋਕ ਰਾਜ ਲੜਾਈ ਬਾਰੇ ਇਹਨਾਂ ਭਰਮਾਂ ਨੂੰ ਤਹਿਸ ਨਹਿਸ ਕਰਕੇ ਤੇ ਪੂੰਜੀ ਦੀ ਸੱਤਾ ਨਾਲ ਲੜਾਇਤੀ ਲਈ ਸਮੁੱਚੇ ਪੂੰਜੀਵਾਦ ਦੇ ਖਾਤਮੇ ਲਈ ਅਬਾਦੀ ਦੇ ਬਾਕੀ ਮਿਹਨਤਕਸ਼ ਹਿੱਸਿਆਂ ਨੂੰ ਆਪਣੇ ਪਿੱਛੇ ਲਾਮਬੰਦ ਕਰਨ। ਇਹਨਾਂ ਬਗਾਵਤਾਂ 'ਚ ਮਜ਼ਦੂਰ ਜਮਾਤ ਨੇ ਸ਼ੁਰੂ ਤੋਂ ਹੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹੀ ਨਹੀਂ ਉਸ ਦੀ ਹਿੱਸੇਦਾਰੀ ਬਿਨਾਂ ਇਹ ਸਫਲ ਨਹੀਂ ਹੋ ਸਕਦੇ ਸਨ। ਹੁਣ ਮਜ਼ਦੂਰ ਜਮਾਤ ਨੂੰ ਅੱਗੇ ਵਧ ਕੇ ਇਹਨਾਂ ਬਗਾਵਤਾਂ ਦੀ ਅਗਵਾਈ ਸੰਭਾਲਣੀ ਹੋਵੇਗੀ। ਇਹਨਾਂ ਦੇਸ਼ਾਂ 'ਚ ਲੋਕ ਰਾਜ ਦੀ ਸਥਾਪਨਾ ਲਈ ਇਹ ਜ਼ਰੂਰੀ ਹੈ। ਇਸ ਬਿਨਾਂ ਮੱਧਵਰਗ ਬਹੁਤ ਜਲਦੀ ਹੌਂਸਲਾ ਢਾਹ ਕੇ ਘਰ ਬੈਠ ਜਾਵੇਗਾ ਤੇ ਪੂੰਜੀਪਤੀ-ਸਾਮਰਾਜੀ ਆਪਣੀ ਪੂਰੀ ਖੇਡ ਉਸੇ ਤਰ੍ਹਾਂ ਜਾਰੀ ਰੱਖਣ 'ਚ ਕਾਮਯਾਬ ਹੋ ਜਾਣਗੇ। ਇਸੇ ਦੇ ਉਲਟ ਜੇ ਮਜ਼ਦੂਰ ਜਮਾਤ ਅੱਗੇ ਵਧ ਕੇ ਇਹਨਾਂ ਬਗਾਵਤਾਂ ਦੀ ਅਗਵਾਈ ਸੰਭਾਲਦਾ ਹੈ ਤਾਂ ਉਹਨਾਂ ਨੂੰ ਰਵਾਇਤ ਲੋਕ ਰਾਜ ਦੀ ਸਥਾਪਨਾ ਤੋਂ ਅੱਗੇ ਲੈ ਜਾਣ ਦੀ ਸੰਭਾਵਨਾ ਤਿਆਰ ਹੋ ਜਾਵੇਗੀ।

# ਕੀ ਹਨ ਬਗ਼ਾਵਤ ਦੀਆਂ ਬੁਲੰਦ ਹੁੰਦੀਆਂ ਆਵਾਜ਼ਾਂ?

1789 'ਚ ਜਦ ਮਹਾਨ ਫਰਾਂਸੀਸੀ ਇਨਕਲਾਬ ਸ਼ੁਰੂ ਹੋਇਆ ਤਾਂ ਉਸ ਤੋਂ ਠੀਕ ਪਹਿਲਾਂ ਪੈਰਿਸ ਦੀ ਭੁੱਖੀ ਜਨਤਾ ਸਰਕਾਰ ਤੋਂ ਬ੍ਰੈਡ ਦੀ ਮੰਗ ਕਰ ਰਹੀ ਸੀ। ਇਸ ਮੰਗ ਦੇ ਜੁਆਬ 'ਚ ਰਾਣੀ ਮੈਰੀ ਐਂਟਨੀ ਨੇ ਕਿਹਾ ਸੀ ਕਿ ਜੇ ਲੋਕਾਂ ਕੋਲ ਬ੍ਰੈਡ ਨਹੀਂ ਹੈ ਤਾਂ ਕੇਕ ਕਿਉਂ ਨਹੀਂ ਖਾਂਦੇ। ਰਾਣੀ ਮੈਰੀ ਨੂੰ ਆਪਣੀ ਇਸ ਮੂਰਖਤਾ ਤੇ ਹੈਂਕੜ ਦੀ ਕੀਮਤ ਗਿਲੋਟੀਨ 'ਤੇ ਸਿਰ ਕਟਵਾਉਣ ਨਾਲ ਚੁਕਾਉਣੀ ਪਈ। ਪੈਰਿਸ ਦੀ ਭੁੱਖੀ ਜਨਤਾ ਆਪਣੀ ਭੁੱਖ ਨਾਲ ਅੱਗੇ ਵਧ ਕੇ ਸਮੁੱਚੀ ਜਾਗੀਰੂ ਵਿਵਸਥਾ ਨੂੰ ਜੜ੍ਹੋਂ ਪੁੱਟਣ ਤੱਕ ਚਲੀ ਗਈ। ਫਰਾਂਸ ਤੇ ਸਾਰੀ ਦੁਨੀਆਂ 'ਚ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਗਈ। 1917 'ਚ ਸਾਮਰਾਜੀਆਂ ਵਲੋਂ ਦੁਨੀਆਂ ਨੂੰ ਲੁੱਟਣ ਲਈ ਮਚਾਈ ਅੰਨ੍ਹੀ (ਪਹਿਲੀ ਸੰਸਾਰ ਜੰਗ) ਦਰਮਿਆਨ ਰੂਸ ਦੇ ਲੋਕ ਵੀ ਭੁੱਖ ਨਾਲ ਵਿਲਕ ਰਹੇ ਸਨ। ਰਾਜਧਾਨੀ ਪੇਤੋਗਾਰਦ 'ਚ ਲੋਕਾਂ ਦੇ ਬੁਲ੍ਹਾਂ 'ਤੇ ਇਹ ਹੀ ਨਾਹਰਾ ਸੀ–ਬ੍ਰੈਡ ਤੇ ਸ਼ਾਂਤੀ। ਇਸ ਦੇ ਨਾਲ ਹੀ ਪਿੰਡਾਂ 'ਚ ਕਿਸਾਨ ਚੀਖ ਰਹੇ ਸਨ। ਸ਼ਾਂਤੀ ਤੇ ਜ਼ਮੀਨ। ਫਰਾਂਸ ਦੀ ਮੈਰੀ ਅਤੇ ਉਸ ਦੇ ਪਤੀ ਸੋਲਹਰਵੇ ਵਾਂਗੂੰ ਰੂਸ ਦੀ ਜਾਰੀਨਾ ਤੇ ਉਸ ਦੇ ਪਤੀ ਵੀ ਉਨੀ ਹੀ ਮੂਰਖਤਾ ਤੇ ਹੈਂਕੜੀ ਨਾਲ ਗ੍ਰਸਿਤ ਸਨ। ਇਹਨਾਂ ਨੂੰ ਵੀ ਆਪਣੀ ਮੂਰਖਤਾ ਤੇ ਹੈਂਕੜ ਦੀ ਕੀਮਤ ਆਪਣੀ ਜਾਨ ਦੇ ਕੇ ਚਕਾਉਣੀ ਪਈ। ਇਸ ਦੌਰਾਨ ਰੂਸ ਦੇ ਪੂੰਜੀਪਤੀਆਂ ਦਾ ਨਾਸ਼ ਕਰ ਨਵਾਂ ਸਮਾਜ–ਸਮਾਜਵਾਦ ਕਾਇਮ ਕਰਨ ਵਲ ਵੱਧ ਗਏ ਅਤੇ ਰੂਸ ਵਿਚੋਂ ਪੂੰਜੀਪਤੀਆਂ ਦਾ ਨਾਸ਼ ਕਰ ਦਿੱਤਾ। ਨਵਾਂ ਸਮਾਜਕ–ਸਮਾਜਵਾਦ ਕਾਇਮ ਕਰਨ ਵੱਲ ਅੱਗੇ ਵਧੇ। ਜਦ ਦੁਨੀਆਂ ਇਕ ਨਵੇਂ ਅਗੇਰਲੇ ਪੜਾਅ 'ਚ ਦਾਖਲ ਹੋ ਗਈ ਤਾਂ ਦੁਨੀਆਂ 'ਚ ਪਹਿਲੀ ਵਾਰੀ ਹੋਇਆ ਕਿ ਲੁਟੇਰਿਆਂ ਦੀ ਬਜਾਏ ਮਿਹਨਤਕਸ਼ ਲੋਕ ਹਾਕਮ ਬਣ ਗਏ ਤੇ ਉਹਨਾਂ ਨੇ ਇਕ ਨਵਾਂ ਸਮਾਜ ਲੁੱਟ ਰਹਿਤ ਸਮਾਜ ਬਣਾਉਣ ਦੀ ਬੀੜਾ ਚੁੱਕ ਲਿਆ। ਅੱਜ ਇਕ ਵਾਰੀ ਫਿਰ ਦੁਨੀਆਂ ਦੇ ਲੋਕ ਭੁੱਖ ਨਾਲ ਵਿਲਕ ਰਹੇ ਹਨ। 1789 ਜਾਂ 1917 ਤੋਂ ਇਕ ਵਾਰੀ ਫਰਕ ਇਹ ਹੈ ਕਿ ਅੱਜ ਦੁਨੀਆਂ ਦਾ ਕੋਈ ਕੋਨਾ ਨਹੀਂ ਹੈ। ਜਿਥੇ ਮਜ਼ਦੂਰ ਜਮਾਤ ਤੇ ਗਰੀਬ ਮਿਹਨਤਕਸ਼ ਲੋਕ ਭੁੱਖ ਨਾਲ ਪੀੜਤ ਹੋ ਕੇ ਬ੍ਰੈਡ ਤੇ ਰੋਟੀ ਦੀ ਮੰਗ ਨਾ ਕਰ ਰਹੇ ਹੋਣ ਅਤੇ ਇਸ ਮੰਗ ਨੇ ਆਪਣਾ ਅਸਰ ਵਿਖਾਉਣ ਵੀ ਸ਼ੁਰੂ ਕਰ ਦਿੱਤਾ ਹੈ। ਟਿਊਨੇਸ਼ੀਆ ਦਾ ਰਾਸ਼ਟਰਪਤੀ ਅਬੀਦੀਨ ਬੇਨ ਅਲੀ ਜੋ 23 ਸਾਲ ਤੋਂ ਸੱਤਾ 'ਤੇ ਕਾਬਜ਼ ਸੀ ਉਹ ਦੇਸ਼ ਛੱਡ ਕੇ ਭੱਜ ਗਿਆ ਹੈ। ਮਿਸ਼ਰ 'ਚ ਲੱਖਾਂ ਦੀ ਗਿਣਤੀ 'ਚ ਲੋਕ ਸੜਕਾਂ 'ਤੇ ਹਨ। ਰਾਸ਼ਟਰਪਤੀ ਹੁਸਨੀ ਮੁਬਾਰਕ ਖੁਦ ਭੱਜਣ ਦੀ ਤਿਆਰੀ ਕਰ ਰਿਹਾ ਹੈ। ਮੂਰਖ ਮੈਰੀ ਜਾਂ ਜਾਰੀਨਾ ਦੇ ਉਲਟ ਸਾਮਰਾਜੀਆਂ ਨੂੰ ਇਸ ਗੱਲ ਦੀ ਚੇਤਨਾ ਹੈ ਕਿ ਉਹ ਕਿਸ ਗੱਲ ਦਾ ਸਾਹਮਣਾ ਕਰ ਰਹੇ ਹਨ। ਅਮਰੀਕਾ ਦੇ ਰੱਖਿਆ ਵਿਭਾਗ ਨੇ ਫੌਜੀਆਂ ਨੂੰ ਇਸ ਗੱਲ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਹੈ ਕਿ ਆਰਥਕ ਸੰਕਟਾਂ ਕਰਕੇ ਪੈਦਾ ਹੋਏ ਦੰਗਿਆਂ ਨਾਲ ਕਿਵੇਂ ਨਿਪਟਿਆ ਜਾਵੇ। ਯੂਰਪੀ ਪ੍ਰਚਾਰ ਮਾਧਿਅਮਾਂ 'ਚ ਖਬਰ ਹੈ ਕਿ ਟਿਊਨੀਸ਼ੀਆ ਦੀ ਘਟਨਾ ਪਿੱਛੋਂ ਫਰਾਂਸ ਤੇ ਅਮਰੀਕਾ 'ਚ ਇਸ ਗੱਲ ਦੀ ਸਹਿਮਤੀ ਬਣੀ ਹੈ ਕਿ ਅਮਰੀਕਾ ਤੇ ਯੂਰਪੀ ਸੰਘ ਇਕ ਮਿਲੇ ਜੁਲੇ ਹਥਿਆਰਬੰਦ ਸੁਰੱਖਿਆ ਬਲ ਬਣਾਉਣ ਜੋ ਵਿਸ਼ਵੀ ਪੈਮਾਨੇ 'ਤੇ ਸੰਭਾਵਿਤ ਵਿਦਰੋਹ

ਨਾਲ ਨਿਪਟ ਸਕਣ। ਜਿਹਨਾਂ ਦੀ ਸੰਭਾਵਨਾ ਤੇ ਖਾਦ ਸੰਕਟ ਕਾਰਨ ਤੇਜ਼ ਹੋ ਗਈ ਹੈ। ਸੰਸਾਰ ਬੈਂਕ ਦੇ ਮੁਖੀ ਰੋਬਰਟ ਜੋਲਿਕ ਨੇ ਕਿਹਾ ਹੈ ਕਿ ਸਮੁੱਚੀ ਵਿਸ਼ਵ ਅਰਾਜਕਤਾ ਨਾਲ ਬਸ ਇਕ ਖਰਾਬ ਫਸਲ ਦੂਰ ਹੈ। ਯਾਨੀ ਜੇ ਅਗਲੀ ਫਸਲ ਵੀ ਖਰਾਬ ਹੁੰਦੀ ਹੈ ਤਾਂ ਸਾਰੀ ਦੁਨੀਆਂ ਬਗਾਵਤਾਂ ਦੀ ਲਪੇਟ ’ਚ ਆ ਜਵੇਗੀ। ਸਪਸ਼ਟ ਹੈ ਕਿ ਸਾਮਰਾਜੀ ਮੈਰੀ ਜਾਂ ਜਾਰੀਨਾ ਵਾਂਗੂੰ ਮੂਰਖ ਨਹੀਂ ਹਨ ਪਰ ਹੈਂਕੜ ਉਹ ਉਨੇ ਹੀ ਹਨ। ਬਲਕਿ ਕੁਝ ਵੱਧ ਹੀ ਹਨ।

ਟਿਊਨੇਸ਼ੀਆ, ਮਿਸ਼ਰ, ਜਾਰਡਨ, ਓਮਾਨ, ਲੀਬੀਆ, ਅਲਜੀਰੀਆ ਆਦਿ ਸਮੁੱਚੇ ਅਰਬ ਜਗਤ ’ਚ ਬਗਾਵਤਾਂ ਦੀ ਹਨੇਰੀ ਆਈ ਹੋਈ ਹੈ। ਉਸ ਬਾਰੇ ਕਿਹਾ ਜਾ ਰਿਹਾ ਹੈ ਕਿ ਮਹਿੰਗਾਈ (ਖਾਸ ਕਰਕੇ ਖਾਣ ਵਾਲੀਆਂ ਚੀਜ਼ਾਂ ’ਚ) ਕਿ ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਇਸ ਦੇ ਮੂਲ ਵਿਚ ਹੈ। ਪੂੰਜੀਵਾਦੀ ਪ੍ਰਚਾਰ ਮਾਧਿਅਮਾਂ ’ਚ ਕਿਹਾ ਜਾ ਰਿਹਾ ਹੈ ਕਿ ਇਹ ਸਭ ਲੋਕ ਰਾਜ ਨਾ ਹੋਣ ਕਾਰਨ ਹੈ। ਰਵਾਇਤੀ ਤੇ ਗੈਰ ਰਵਾਇਤੀ ਤਾਨਾਸ਼ਾਹੀਆਂ ਦੇ ਖਤਮ ਹੋਣ ਅਤੇ ਲੋਕ ਰਾਜ ਕਾਇਮ ਹੋ ਜਾਣ ਨਾਲ ਸਭ ਠੀਕ ਹੋ ਜਾਵੇਗਾ। ਪਹਿਲਾਂ ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਨੂੰ ਹੀ ਲਓ। ਇਹ ਸੁਣਦੇ ਹੀ ਕਿ ਟਿਊਨੀਸ਼ੀਆ ਤੇ ਮਿਸ਼ਰ ਦੀ ਬਗਾਵਤ ਦੇ ਮੂਲ ’ਚ ਇਹ ਮੁੱਦੇ ਹਨ ਕਿਸੇ ਵੀ ਭਾਰਤੀ ਦਾ ਮੁੱਖ ਖੁੱਲੇ ਦਾ ਖੁੱਲਾ ਰਹਿ ਜਾਵੇਗਾ। ਆਖਰ ਦੇਸ਼ ਦਾ ਹਰ ਮਿਹਨਤਕਸ਼-ਮਜ਼ਦੂਰ ਇਹਨਾਂ ਦਾ ਸਾਹਮਣਾ ਕਰ ਰਿਹਾ ਹੈ। ਪਿਛਲੇ ਦੋ-ਤਿੰਨ ਸਾਲਾਂ ਤੋਂ ਮਹਿੰਗਾਈ ਆਕਾਸ਼ ਨੂੰ ਚੜ੍ਹੀ ਹੋਈ ਹੈ ਅਤੇ ਸਰਕਾਰ ਦੇ ਦਾਅਵਿਆਂ ਦੇ ਉਲਟ ਉਥੇ ਹੀ ਟਿੱਕੀ ਹੋਈ ਹੈ। ਖਾਣ-ਪੀਣ ਦੀਆਂ ਚੀਜ਼ਾਂ ਦੇ ਭਾਅ ਦੋ ਤਿੰਨ ਗੁਣਾ ਵਧ ਗਏ ਹਨ। ਗਰੀਬ ਦੀ ਥਾਲੀ ’ਚ ਰੋਟੀ ਲਗਾਤਾਰ ਘਟਦੀ ਜਾ ਰਹੀ ਹੈ। ਬੇਰੁਜ਼ਗਾਰੀ ਦਾ ਆਲਮ ਤਾਂ ਇਹ ਹੈ ਕਿ ਗਰੇਜੂਏਟ ਤੇ ਉਸ ਤੋਂ ਉਪਰ ਦੀ ਸਿੱਖਿਆ ਵਾਲੇ ਨੌਜਵਾਨ ਵੀ ਗੈਰ ਹੁਨਰਮੰਦ ਮਜ਼ਦੂਰੀ ਕਰਨ ਲਈ ਤਿਆਰ ਹਨ। ਬੇਰੁਜ਼ਗਾਰੀ ਦਾ ਫਾਇਦਾ ਉਠਾ ਕੇ ਪੂੰਜੀਪਤੀਆਂ ਨੇ ਸਰਕਾਰ ਰਾਹੀਂ ਤਹਿ ਘੱਟੋ-ਘੱਟ ਮਜ਼ਦੂਰੀ ਨੂੰ ਵੀ ਘਟਾ ਕੇ ਉਹਨਾਂ ਦੀ ਅੱਧੀ ਜਾਂ ਇਕ ਤਿਹਾਈ ਮਜ਼ਦੂਰੀ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਭਰਿਸ਼ਟਾਚਾਰ ਤੇ ਘਪਲਿਆਂ ਦੇ ਇਸ ਮੌਸਮ ’ਚ ਇਸ ਦੀ ਗੱਲ ਕੀਤੀ ਜਾਵੇ? ਹੁਣ ਗੱਲ ਲੱਖ ਜਾਂ ਕਰੋੜ ਦੀ ਨਹੀਂ ਲੱਖਾਂ ਕਰੋੜਾਂ ਦੀ ਹੁੰਦੀ ਹੈ। ਅਜਿਹੇ ’ਚ ਭਾਰਤ ’ਚ ਬਗਾਵਤ ਕਿਉਂ ਨਾ ਸ਼ੁਰੂ ਹੋਵੇ? ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ ਰੋਜ਼ ਪੇਟ ਨਾ ਭਰ ਸਕਣ ਵਾਲੇ ਚਾਲੀ ਫੀਸਦੀ ਲੋਕ ਬਗਾਵਤ ਲਈ ਸੜਕਾਂ ’ਤੇ ਕਿਉਂ ਨਾ ਉਤਰਨ? ਸਮਾਂ ਤਾਂ ਪਹਿਲਾਂ ਹੀ ਕਾਫੀ ਲੰਘ ਗਿਆ ਹੈ। ਸੰਕਟ ਨੂੰ ਹੀ ਲਓ। ਜਦ ਦੋ ਸਾਲ ਪਹਿਲਾਂ 2008 ’ਚ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਧੀਆਂ ਸਨ ਤਾਂ ਦੁਨੀਆਂ ਦੇ 30 ਤੋਂ ਵਧ ਦੇਸ਼ਾਂ ਵਿਚ ਖਾਣ ਵਾਲੇ ਪਦਾਰਥਾਂ ਸਬੰਧੀ ਦੰਗੇ ਹੋਏ ਸਨ ਤੇ ਹੁਣ ਇਕ ਵਾਰੀ ਫਿਰ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਧ ਰਹੀਆਂ ਹਨ। ਦਸੰਬਰ 2010 ’ਚ ਪਹਿਲਾਂ ਹੀ 2008 ਦੀ ਉਚੀ ਹੱਦ ਪਾਰ ਕਰ ਚੁੱਕੀਆਂ ਹਨ। ਵਿਸ਼ਵ ਅਨਾਜ ਸੰਗਠਨ ਦੇ ਚਿੰਤਕ ਪਹਿਲਾਂ ਹੀ ਆਪਣੀ ਗੰਭੀਰ ਚਿੰਤਾ ਦਰਸਾਉਣ ਲੱਗੇ। ਕਿਹਾ ਜਾ ਰਿਹਾ ਹੈ ਕਿ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਪਾਕਿਸਤਾਨ ਤੇ ਆਸਟ੍ਰੇਲੀਆ ’ਚ ਹੜ੍ਹਾਂ ਕਰਕੇ ਅਤੇ ਰੂਸ ਵਿਚ ਗਰਮੀ ਕਰਕੇ ਫਸਲ ਦੀ ਬਰਬਾਦੀ ਦੀ ਵਜ੍ਹਾ ਨਾਲ ਵਧ ਰਹੇ ਹਨ। ਪਰ ਇਹ ਤਾਂ ਸਿਰਫ ਉਪਰੀ ਕਾਰਣ

ਹਨ। ਪਿਛਲੀ ਵਰੀ ਵਾਂਗੂੰ ਇਸ ਵਾਰੀ ਵੀ ਅਗਲੀ ਵਜ੍ਹਾ ਸੱਟੇਬਾਜ਼ੀ ਹੈ ਬਲਕਿ ਇਸ ਵਾਰੀ ਹੋਰ ਵੀ ਜ਼ਿਆਦਾ ਹੈ। ਸਾਮਰਾਜੀ ਦੇਸਾਂ 'ਚ ਮੰਦੀ ਅਜੇ ਜਾਰੀ ਹੈ ਅਤੇ ਨੀਵੀਂ ਵਿਆਜ ਦਰ ਨਾਲ ਸੱਟੇਬਾਜ਼ ਪੂੰਜੀ ਪਾਲਾਂ ਦੇ ਬਾਜ਼ਾਰ 'ਚ ਸੱਟੇਬਾਜ਼ੀ 'ਤੇ ਉਤਰੇ ਹੋਏ ਹਨ। ਖਾਸ ਕਰਕੇ ਖਾਣ ਵਾਲੀਆਂ ਚੀਜ਼ਾਂ ਵਿਚ ਬੇਤਹਾਸਾ ਸੱਟੇਬਾਜ਼ੀ ਹੋ ਰਹੀ ਹੈ। ਖਰਬ ਫਸਲ ਜੇ ਇਸ ਸੱਟੇਬਾਜ਼ੀ ਨੂੰ ਹੋਰ ਵੀ ਵਧਾ ਦਿੱਤਾ ਹੈ ਇਸ ਤਰ੍ਹਾਂ ਇਹ ਹੋ ਰਿਹਾ ਹੈ ਕਿ ਇਕ ਪਾਸੇ ਅਰਬਾਂ ਦੀ ਗਿਣਤੀ 'ਚ ਸੰਸਾਰ ਭਰ 'ਚ ਗਰੀਬ ਲੋਕ ਭੁੱਖੇ ਪੇਟ ਸੌਣ ਲਈ ਮਜ਼ਬੂਰ ਹਨ ਅਤੇ ਦੂਜੇ ਪਾਸੇ ਸੱਟੇਬਾਜ਼, ਅਰਬਾਂ ਦਾ ਵਾਰਾ ਨਿਆਰਾ ਕਰ ਰਹੇ ਹਨ। ਕਾਰੰਗਾਲ, ਮੌਂਸੇਟੋ ਤੋਂ ਲੈ ਕੇ ਸੱਟੇਬਾਜ਼ ਵਿਤੀ ਪ੍ਰਭੂਆਂ ਤਕ ਸਭ ਮਾਲਾਮਾਲ ਹੋ ਰਹੇ ਹਨ। ਇਹ ਕੁਦਰਤੀ ਨਹੀਂ ਬਲਕਿ ਸਮਾਜਕ ਆਫਤ ਪੈਦਾ ਕਰ ਰਹੇ ਹਨ। ਜਿਵੇਂ ਕਿ ਸੰਯੁਕਤ ਰਾਸ਼ਟਰ ਸੰਘ ਨੇ ਆਪਣੀ ਰਿਪੋਰਟ 'ਚ ਕਿਹਾ ਸੀ 2007 ਤੋਂ ਸ਼ੁਰੂ ਹੋਏ ਆਰਥਕ ਸੰਕਟ ਦਾ ਸਭ ਤੋਂ ਭਿਅੰਕਰ ਅਸਰ ਤੀਜੀ ਦੁਨੀਆਂ ਦੇ ਕਮਜ਼ੋਰ ਦੇਸ਼ਾਂ 'ਤੇ ਪਿਆ ਸੀ।

ਸੱਟੇਬਾਜ਼ ਪੂੰਜੀ ਦੇ ਕਹਿਰ ਦੇ ਸਭ ਤੋਂ ਗੰਭੀਰ ਸਿੱਟੇ ਉਥੇ ਹੀ ਦੇਖਣ ਨੂੰ ਮਿਲੇ। ਉਥੇ ਕਰੋੜਾਂ ਹੋਰ ਲੋਕ ਭੁੱਖਮਰੀ ਦੀ ਰੇਖਾ ਤੋਂ ਹੇਠਾਂ ਚਲੇ ਗਏ। ਪਰ ਖੁਦ ਸਾਮਰਾਜੀ ਦੇਸ਼ਾਂ ਵਿਚ ਵੀ ਹਾਲਾਤ ਬਦ ਤੋਂ ਬਦਤਰ ਹੁੰਦੇ ਚਲੇ ਗਏ ਹਨ। ਭੁੱਖ ਨਾਲ ਵਿਲਕਦੇ ਲੋਕਾਂ ਦੀ ਉਥੋਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਉਥੇ ਵੀ ਭੁੱਖੇ ਲੋਕਾਂ ਨੂੰ ਖਿਲਾਉਣ ਲਈ ਫੂਡ ਕਾਊਂਟਰ ਖੋਲ੍ਹੇ ਜਾ ਰਹੇ ਹਨ। ਬਰਾਕ ਓਬਾਮਾ ਤੇ ਨਿਕੋਲਸ ਸਰਕੋਜੀ ਸਿਰਫ ਟਿਊਨੇਸ਼ੀਆ ਤੇ ਮਿਸ਼ਰ ਨੂੰ ਲੈ ਕੇ ਪ੍ਰੇਸ਼ਾਨ ਨਹੀਂ ਹਨ। ਬੇਰੁਜ਼ਗਾਰੀ ਸੰਬੰਧੀ ਵੀ ਸਮੁੱਚੀ ਦੁਨੀਆਂ ਦੇ ਪੈਮਾਨੇ 'ਤੇ ਹਾਲਾਤ ਭਿਅੰਕਰ ਹਨ। ਪੂੰਜੀਪਤੀ ਵਰਗ 2010 ਦੀ ਸ਼ੁਰੂਆਤ ਤੋਂ ਹੀ ਕਹਿ ਰਿਹਾ ਹੈ ਕਿ ਆਰਥਕ ਸੰਸਥਾਵਾਂ ਮੰਦੀ 'ਚੋਂ ਉਭਰ ਰਹੀਆਂ ਹਨ। ਕਿ ਤੇਜ਼ ਵਾਧਾ ਵਾਪਸ ਆ ਰਿਹਾ ਹੈ। ਉਹ ਇਸ ਦੇ ਲਈ ਅੰਕੜੇ ਵੀ ਪੇਸ਼ ਕਰਦੇ ਹਨ। ਪਰ ਜਦ ਬੇਰੁਜ਼ਗਾਰੀ ਦੀ ਗੱਲ ਆਉਂਦੀ ਹੈ ਤਾਂ ਇਹ ਸਭ ਹਵਾ ਹੋ ਜਾਂਦਾ ਹੈ। ਤਦ ਪਤਾ ਲੱਗਦਾ ਹੈ ਕਿ ਸੰਕਟ ਉੱਕਾ ਹੀ ਨਹੀਂ ਘਟਿਆ ਹੈ। ਅਮਰੀਕਾ ਸਮੇਤ ਸਾਰੇ ਸਾਮਰਾਜੀ ਦੇਸ਼ਾਂ ਦੇ ਅੰਕੜੇ ਦਿਖਾਉਂਦੇ ਹਨ ਕਿ ਅਖੌਤੀ ਤੇਜ਼ੀ ਦੇ ਬਾਵਜੂਦ ਰੁਜ਼ਗਾਰ ਸਬੰਧੀ ਕੋਈ ਸੁਧਾਰ ਨਹੀਂ ਹੋ ਰਿਹਾ ਹੈ। ਰਵਾਇਤੀ ਬੇਰੁਜ਼ਗਾਰੀ ਦੀ ਦਰ ਵੱਖ-ਵੱਖ ਦੇਸ਼ਾਂ 'ਚ ਦਸ ਤੋਂ ਵੀਹ ਫੀਸਦੀ ਤਕ ਬਣੀ ਹੋਈ ਹੈ। ਅਸਲੀ ਬੇਰੁਜ਼ਗਾਰੀ ਤਾਂ ਇਸ ਦਾ ਵੀ ਦੋ ਤਿੰਨ ਗੁਣਾ ਹੈ। ਇਥੇ ਇਹ ਧਿਆਨ ਦੇਣ ਯੋਗ ਹੈ ਕਿ ਇਹ ਸਾਰੀ ਬੇਰੁਜ਼ਗਾਰੀ 2007 ਤੋਂ ਜਾਰੀ ਆਰਥਕ ਸੰਕਟ ਨਾਲ ਨਹੀਂ ਪੈਦਾ ਹੋਈ ਹੈ ਜਿਸ ਨੂੰ ਪੂੰਜੀਵਾਦੀ ਅਰਥ ਸ਼ਾਸਤਰੀ ਢਾਂਚਾਗਤ ਬੇਰੁਜ਼ਗਾਰੀ ਕਹਿੰਦੇ ਹਨ। ਬਾਕੀ ਦੁਨੀਆਂ 'ਚ ਸਥਿਤੀ ਇਸ ਤੋਂ ਵੀ ਭਿਅੰਕਰ ਹੈ। ਮਿਸ਼ਰ ਬਾਰੇ ਕਿਹ ਜਾ ਰਿਹਾ ਹੈ ਕਿ ਉਥੇ ਨੌਜਵਾਨਾਂ 'ਚ 10 ਵਿਚੋਂ 9 ਬੇਰੁਜ਼ਗਾਰ ਹਨ। ਭਾਰਤ ਵਰਗੇ ਦੇਸ਼ਾਂ 'ਚ ਤਾਂ ਇਸ ਦਾ ਕੋਈ ਅੰਕੜਾ ਹੀ ਨਹੀਂ ਹੈ। ਇਕ ਪਾਸੇ ਅਰਥਚਾਰੇ 'ਚ ਤੇਜ਼ੀ ਦੀਆਂ ਗੱਲਾਂ ਅਤੇ ਦੂਜੇ ਪਾਸੇ ਜਿਉਂ ਦੀ ਤਿਉਂ ਬੇਰੁਜ਼ਗਾਰੀ ਇਸ ਦਾ ਸਿਰਫ ਇਕ ਹੀ ਮਤਲਬ ਹੈ। ਪੂੰਜੀਪਤੀਆਂ ਦੀ ਦੌਲਤ ਬੇਤਹਾਸ਼ਾ ਵਧ ਰਹੀ ਹੈ। ਸਾਰੀਆਂ ਵਿਤੀ ਤੇ ਸਨਅਤੀ ਕੰਪਨੀਆਂ ਦੇ ਮੁਨਾਫੇ ਇਸ ਨੂੰ ਜਾਹਰ ਕਰਦੇ ਹਨ। ਇਕ ਪਾਸੇ ਲੋਕਾਂ ਦੀ ਹਾਲਤ ਖਰਾਬ ਹੋ ਰਹੀ ਹੈ। ਦੂਜੇ ਪਾਸੇ ਪੂੰਜੀਪਤੀ ਜਮਾਤ ਦੀ ਦੌਲਤ ਵਧ ਰਹੀ ਹੈ। ਅਮਰੀਕਾ

ਦੇ ਵਿਤੀ ਅਦਾਰੇ ਜੋ ਸਾਰੀ ਦੁਨੀਆਂ ’ਤੇ ਰਾਜ ਕਰਦੇ ਹਨ, ਇਸ ਨੂੰ ਖਾਸ ਤੌਰ ’ਤੇ ਦਿਖਾਉਂਦੇ ਹਨ ਅਤੇ ਭਰਿਸ਼ਟਾਚਾਰ, ਪੂੰਜੀਵਾਦ ਦਾ ਇਕ ਕੋਹੜ ਵਧਦਾ ਹੀ ਜਾ ਰਿਹਾ ਹੈ। ਅਜੇ ਅਮਰੀਕਾ ’ਚ ਭਾਰਤੀ ਵਿਦਿਆਰਥੀਆਂ ਨੂੰ ਝਾਂਸਾ ਦੇਣ ਵਾਲੀਆਂ ਯੂਨੀਵਰਸਿਟੀਆਂ ਨੂੰ ਕੀ ਕਿਹਾ ਜਾਵੇ। ਉਥੋਂ ਦੇ ਸਬ ਪ੍ਰਾਈਮ ਸੰਕਟ ਦੇ ਮੂਲ ’ਚ ਕੀ ਹੈ? ਇਨਰਾਨ, ਵਰਲਡਕਾਮ ਆਦਿ ਅਮਰੀਕੀ ਕੰਪਨੀਆਂ ਦੇ ਹੀ ਨਾਂ ਹਨ, ਜਿਹਨਾਂ ਤੋਂ ਭਾਰਤ ਦੇ ਸਤਿਅਮ ਨੇ ਏਨਾ ਕੁਝ ਸਿੱਖਿਆ ਸੀ। ਦੁਨੀਆਂ ਭਰ ਦੇ ਕਾਲਾਬਾਜ਼ਾਰੀਆਂ ਤੇ ਟੈਕਸ ਚੋਰਾਂ ਦੇ ਪੈਸੇ ਕਿਥੇ ਜਮ੍ਹਾਂ ਹਨ? ਦੁਨੀਆਂ ਦੇ ਸਭ ਤੋਂ ਵੱਡੇ ਨਸ਼ੀਲੇ ਦਵਾਈਆਂ ਦੇ ਕਾਰੋਬਾਰ ਕਿਥੇ ਹੁੰਦੇ ਹਨ? ਇਰਾਕ ਤੋਂ ਵੱਧ ਸਰਕਾਰੀ ਖਰਚਿਆਂ ਦਾ ਗਬਨ ਕਿਥੇ ਹੋਇਆ ਹੋਵੇਗਾ? ਨਿਸ਼ਚਤ ਤੌਰ ’ਤੇ ਭਾਰਤ ਦੇ ਪੂੰਜੀਪਤੀ ਗਲੇ ਤਕ ਭਰਿਸ਼ਟਾਚਾਰ ’ਚ ਡੁੱਬੇ ਹੋਏ ਹਨ ਪਰ ਉਹ ਇਸ ਮਾਮਲੇ ’ਚ ਵੀ ਸਾਮਰਾਜੀਆਂ ਦੇ ਦਲਾਲ ਮਾਤਰ ਹੀ ਹਨ। ਉਹ ਵੱਡਿਆਂ ਦਾ ਮੁਕਾਬਲਾ ਨਹੀਂ ਕਰ ਸਕਦੇ। ਦੀਵਾਲੀਆ ਹੋਣ ਸਮੇਂ ਇਨਰਾਨ ਸਤਿਅਮ ਤੋਂ ਸੈਂਕੜੇ ਗੁਣਾ ਵੱਡੀ ਕੰਪਨੀ ਸੀ। ਜੇ ਰੋਟੀ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਹੀ ਟਿਊਨੇਸ਼ੀਆ ਤੇ ਮਿਸ਼ਰ ਦੇ ਵਿਦਰੋਹ ਦੇ ਮੂਲ ਵਿਚ ਹਨ ਤਾਂ ਅੱਜ ਦੁਨੀਆਂ ਦਾ ਹਰ ਦੇਸ਼ ਬਗਾਵਤ ਦੇ ਕਿਨਾਰੇ ਖੜ੍ਹਾ ਹੈ।

ਹਰ ਦੇਸ਼ ’ਚ ਬਗਾਵਤ ਹੋਣੀ ਚਾਹੀਦੀ ਹੈ। ਪਰ ਸਚਾਈ ਹੈ ਕਿ ਸਰਮਾਏਦਾਰ ਜਮਾਤ ਸੁਚੇਤ ਤੌਰ ’ਤੇ ਬਗਾਵਤਾਂ ਦੇ ਇਸ ਰੂਪ ਨੂੰ ਪੇਸ਼ ਕਰ ਰਹੀ ਹੈ। ਇਹ ਹੋਰ ਵੀ ਵੱਧ ਸੁਚੇਤ ਤਰੀਕੇ ਨਾਲ ਦਸਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਜਿਹਨਾਂ ਦੇਸ਼ਾਂ ’ਚ ਵਿਦਰੋਹ ਹੋ ਰਹੇ ਹਨ, ਉਥੇ ਅਸਲੀ ਲੋਕਰਾਜ ਨਹੀਂ ਹੈ। ਅਸਲੀ ਲੋਕ ਰਾਜ ਦੀ ਘਾਟ ਕਾਰਨ ਹੀ ਇਸ ਤਰ੍ਹਾਂ ਦੀਆਂ ਸਮਸਿਆਵਾਂ ਹਨ। ਜੇ ਗੈਰ ਰਵਾਇਤੀ ਤਾਨਾਸ਼ਾਹੀ ਨੂੰ ਹਟਾ ਕੇ ਅਸੀਂ ਲੋਕਰਾਜ ਕਾਇਮ ਕਰ ਦਿੱਤਾ ਜਾਵੇ ਤਾਂ ਸਭ ਠੀਕ ਹੋ ਜਾਵੇਗਾ। ਅਮਰੀਕੀ ਸਾਮਰਾਜੀਆਂ ਤੋਂ ਲੈ ਕੇ ਬੇਨਅਲੀ ਤੇ ਹੋਸਨੀ ਮੁਬਾਰਕ ਨੂੰ ਪਾਲੀ ਬੈਠੇ ਸਨ, ਭਾਰਤ ਦੇ ਦਲਾਲ ਪੂੰਜੀਪਤੀ ਤਕ ਸਭ ਇਹ ਪ੍ਰਚਾਰ ਕਰਨ ’ਚ ਲੱਗੇ ਹੋਏ ਹਨ। ਪਰ ਇਹਨਾਂ ਧੂਤਾਂ ਤੋਂ ਕੋਈ ਇਹ ਪੁੱਛੇ ਕਿ ਇਹਨਾਂ ਦੇ ਹਿਸਾਬ ਨਾਲ ਤਾਂ ਭਾਰਤ ’ਚ ਲੋਕਰਾਜ ਹੈ ਬਲਕਿ ਉਹ ਭਾਰਤ ਦੇ ਲੋਕ ਰਾਜ ਦੀ ਤਰੀਫ ਵੀ ਕਰਦੇ ਹਨ ਤਾਂ ਫਿਰ ਇਥੇ ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਕਿਉਂ ਹੈ? ਕਿਉਂ ਆਈਸਲੈਂਡ ਤੋਂ ਲੈ ਕੇ ਆਇਰਲੈਂਡ, ਸਪੇਨ, ਪੁਰਤਗਾਲ, ਇਟਲੀ, ਯੂਨਾਨ, ਫਰਾਂਸ ਆਦਿ ਦੇ ਲੋਕਾਂ ਨੂੰ ਸੜਕਾਂ ’ਤੇ ਉਤਰਨਾ ਪੈਂਦਾ ਹੈ? ਅਸਲ ’ਚ ਇਹ ਦਲਾਲ ਨੌਕਰਸ਼ਾਹ ਸਰਮਾਏਦਾਰੀ ਹਾਕਮ ਸੋਚਦੇ ਹਨ ਕਿ ਲੋਕ ਤੰਤਰ ਹੋਣ ’ਤੇ ਲੋਕ ਸੜਕਾਂ ’ਤੇ ਉੱਤਰ ਕੇ ਆਪਣੇ ਗੁੱਸੇ ਦਾ ਇਜ਼ਹਾਰ ਕਰ ਲੈਣਗੇ ਤੇ ਫਿਰ ਮਾਮਲਾ ਸ਼ਾਂਤ ਹੋ ਜਾਵੇਗਾ। ਭੁੱਖਮਰੀ, ਬੇਰੁਜ਼ਗਾਰੀ, ਭਰਿਸ਼ਟਾਚਾਰ ਬਣਿਆ ਰਹੇਗਾ ਪਰ ਬਗਾਵਤ ਨਹੀਂ ਹੋਵੇਗੀ। ਬਗਾਵਤ ਦੀ ਕੋਈ ਸੰਭਾਵਨਾ ਨਾ ਹੋਣ ਕਰਕੇ ਹੀ ਸਥਿਤੀ ਵਿਸਫੋਟਿਕ ਹੋ ਜਾਂਦੀ ਹੈ ਅਤੇ ਮਾਮਲਾ ਹੱਥਾਂ ’ਚੋਂ ਨਿਕਲ ਜਾਂਦਾ ਹੈ। ਇਸ ਲਈ ਲੋਕਤੰਤਰ ਹੋਣਾ ਚਾਹੀਦਾ ਹੈ। ਪਰ ਸਰਮਾਏਦਾਰੀ ਜਮਾਤ ਖੁਦ ਆਪਣੇ ਲੋਕ ਰਾਜ ’ਚ ਵਿਸਵਾਸ਼ ਨਹੀਂ ਰੱਖਦੀ ਉਹ ਤਾਂ ਸਿਰਫ ਰੋਹ ’ਚ ਆਏ ਲੋਕਾਂ ਨੂੰ ਸ਼ਾਂਤ ਕਰਨ ਲਈ ਲੋਕ ਰਾਜ ਦਾ ਨੁਸਖਾ ਪੇਸ਼ ਕਰਦਾ ਹੈ। ਜੇ ਲੋਕ ਇਸ ਨਾਲ ਵੀ ਸ਼ਾਂਤ ਨਹੀਂ ਹੋਣਗੇ ਤਾਂ ਉਸ ਦੀ ਪੁਲਸ ਤੇ ਫੌਜ ਹਾਜ਼ਰ ਹੈ। ਸਰਮਾਏਦਾਰੀ ਜਮਾਤ ਨੂੰ ਅਸਲ ’ਚ ਭਰੋਸਾ ਲੋਕਰਾਜ ਦੇ ਲਾਲੀਪਾਪ ਤੇ ਨਹੀਂ

ਬਲਕਿ ਫੌਜ ਦੀਆਂ ਸੰਗੀਨਾ ’ਤੇ ਹੈ। ਅੱਜ ਜੇ ਮੁਬਾਰਕ ਨੇ ਫੌਜ ਸੜਕਾਂ ’ਤੇ ਉਤਾਰ ਰੱਖੀ ਹੈ ਤਾਂ ਕਲ ਨੂੰ ਬਰਾਕ ਓਬਾਮਾ ਤੇ ਨਿਕੋਲਸ ਸਰਕੋਜੀ ਵੀ ਇਹ ਕਰਨਗੇ ਅਤੇ ਇਥੇ ਹੀ ਮੌਜੂਦਾ ਬਗਾਵਤਾਂ ਤੇ ਭਵਿੱਖ ’ਚ ਹੋਣ ਵਾਲੀਆਂ ਬਗਾਵਤਾਂ ਦੀ ਅਸਲ ਰਣਨੀਤੀ ਦਾ ਸੁਆਲ ਉੱਠ ਖੜ੍ਹਾ ਹੁੰਦਾ ਹੈ? ਆਖ਼ਰ ਇਹ ਬਗਾਵਤਾਂ ਕਿਥੋਂ ਤਕ ਜਾਣਗੀਆਂ ਤੇ ਉਹਨਾਂ ਨੂੰ ਕਿਥੋਂ ਤਕ ਜਾਣਾ ਚਾਹੀਦਾ ਹੈ? ਕੀ ਉਹਨਾਂ ਨੂੰ ਬੇਨਅਲੀ ਤੇ ਮੁਬਾਰਕ ਨੂੰ ਸੱਤਾ ਤੋਂ ਹਟਾਉਣ ਪਿੱਛੋਂ ਸ਼ਾਂਤ ਹੋ ਜਾਣਾ ਚਾਹੀਦਾ ਹੈ? ਕੀ ਉਹਨਾਂ ਨੂੰ ਲੋਕਰਾਜ ਸਥਾਪਤ ਕਰਨ ਤਕ ਸੀਮਿਤ ਰਹਿਣਾ ਚਾਹੀਦਾ ਹੈ? ਇਨਾਂ ਬਗਾਵਤਾਂ ਦੀ ਅਗਵਾਈ ਕਿੰਨਾ ਲੋਕਾਂ ਦੇ ਹੱਥਾਂ ਵਿਚ ਹੈ ਤੇ ਕਿੰਨਾ ਦੇ ਹੱਥਾਂ ’ਚ ਹੋਣੀ ਚਾਹੀਦੀ ਹੈ? ਪੂੰਜੀਵਾਦੀ ਜਮਾਤ ਨੇ ਪ੍ਰਚਾਰਿਆ ਕਿ ਟਿਊਨੇਸ਼ੀਆ ਤੇ ਮਿਸ਼ਰ ’ਚ ਬਗਾਵਤ ਦੀ ਸ਼ੁਰੂਆਤ ਨੌਜਵਾਨਾਂ ਨੇ ਨਵੇਂ ਪ੍ਰਚਾਰ ਮਾਧਿਅਮਾਂ-ਫੇਸਬੁੱਕ ਟ੍ਵਿਟਰ ਤੇ ਮੋਬਾਇਲ ਰਾਹੀਂ ਕੀਤੀ। ਇਹ ਹੀ ਸੜਕਾਂ ’ਤੇ ਉਤਰੇ ਤੇ ਉਹਨਾਂ ਨੇ ਬਗਾਵਤ ਦੀ ਅਗਵਾਈ ਕੀਤੀ। ਜੇ ਇਹ ਸੱਚ ਹੈ ਤਾਂ ਇਹਨਾਂ ਬਗਾਵਤਾਂ ਦੀ ਸੀਮਤਾਈ ਵੀ ਸਪਸ਼ਟ ਹੈ। ਉਦੋਂ ਇਹ ਬਗਾਵਤਾਂ ਤਾਨਾਸ਼ਾਹਾਂ ਨੂੰ ਹਟਾਉਣ ਤੇ ਲੋਕ ਰਾਜ ਸਥਾਪਤ ਕਰਨ ਤਾਂ ਸਿਮਟ ਕੇ ਰਹਿ ਜਾਣਗੇ। ਟਿਊਨੇਸ਼ੀਆ ’ਚ ਤਾਂ ਇਹ ਹੋ ਹੀ ਗਿਆ ਲਗਦਾ ਹੈ। ਪੂੰਜੀਪਤੀ ਜਮਾਤ ਤੇ ਮੱਧਵਰਗ ਦੇ ਨੌਜਵਾਨ ਇਸ ਤੋਂ ਵੱਧ ਅੱਗੇ ਨਹੀਂ ਜਾ ਸਕਦੇ। ਉਹ ਆਪਣੀ ਜਮਾਤੀ ਸੋਚ ਨਾਲ ਬੱਝੇ ਹੋਏ ਹਨ। ਉਹ ਤਾਨਾਸ਼ਾਹੀ ਵਾਲੇ ਆਪਣੇ ਪੂੰਜੀਵਾਦ ਦੇ ਮੁਕਾਬਲੇ ਜਨਵਾਦੀ ਪੂੰਜੀਵਾਦ ਨਾਲ ਸੰਤੁਸ਼ਟ ਹੋ ਜਾਣਗੇ। ਤਦ ਅਲਬਰਦੇਈ ਵਰਗੇ ਸਾਮਰਾਜੀਆਂ ਦਾ ਪਿੱਠੂ ਜੋ ਇਰਾਕ ਤੇ ਹਮਲੇ ਲਈ ਅਮਰੀਕੀਆਂ ਦਾ ਔਜਾਰ ਬਣਿਆ। ਮਿਸ਼ਰ ਦੀ ਸੱਤਾ ’ਤੇ ਕਾਬਜ ਹੋ ਜਾਵੇਗਾ। ਹੋਸਨੀ ਮੁਬਾਰਕ ਬਦਲੇ ਅਲਬਰਦਈ ਆ ਜਾਵੇਗਾ। ਅਮਰੀਕੀ, ਸਾਮਰਾਜੀ ਤਾਂ ਹੁਣ ਤੋਂ ਇਸ ਦੀ ਵੀ ਤਿਆਰੀ ਕਰਨ ਲੱਗੇ ਹਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਭਾਰਤ ’ਚ ਲੋਕਤੰਤਰ ਹੈ ਅਤੇ ਇਥੇ ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਭਰਿਸ਼ਟਾਚਾਰ ਸਭ ਮਿਸ਼ਰ ’ਚ ਵੱਧ ਹਨ। ਸਾਰੇ ਕੇਸਾਂ ’ਚ ਭਾਰਤ ਮਿਸ਼ਰ ਦੇ ਮੁਕਾਬਲੇ ਪਿਛੜਿਆ ਹੈ। ਤਾਂ ਫਿਰ ਉਥੇ ਲੋਕਰਾਜ ਆ ਜਾਣ ਨਾਲ ਕੀ ਹੋ ਜਾਵੇਗਾ? ਅਸਲ ’ਚ ਮਹਿੰਗਾਈ, ਭੁੱਖਮਰੀ, ਬੇਰੁਜ਼ਗਾਰੀ, ਭਰਿਸ਼ਟਾਚਾਰ ਆਦਿ ਸਮੁੱਚੀ ਪਤਿਤ ਪੂੰਜੀਵਾਦੀ ਵਿਵਸਥਾ ਦੀ ਮੌਜੂਦਾ ਗਤੀ ਦੇ ਸਿੱਟੇ ਹੀ ਹਨ। ਉਹ ਮੌਜੂਦਾ ਆਰਥਕ ਸੰਕਟ ਦੇ ਹੀ ਸਿੱਟੇ ਨਹੀਂ ਹਨ। ਮੌਜੂਦਾ ਆਰਥਕ ਸੰਕਟ ਨੇ ਤਾਂ ਉਹਨਾਂ ਨੂੰ ਹੱਲਾਸ਼ੇਰੀ ਹੀ ਦਿੱਤੀ ਹੈ। ਮੌਜੂਦਾ ਆਰਥਕ ਸੰਕਟ ਬਗਾਵਤਾਂ ਦਾ ਫੌਰੀ ਕਾਰਨ, ਉਤਪ੍ਰੇਰਕ ਹੈ ਤੇ ਉਸ ਨੂੰ ਹੋਣਾ ਵੀ ਚਾਹੀਦਾ ਹੈ। ਪਹਿਲ ਹੀ ਕਾਫੀ ਦੇਰ ਹੋ ਚੁੱਕੀ ਹੈ। ਪਰ ਦੂਰਗਾਮੀ ਕਾਰਨ ਤਾਂ ਮੌਜੂਦਾ ਪਤਿਤ ਪੂੰਜੀਵਾਦੀ ਵਿਵਸਥਾ ਖੁਦ ਹੈ ਤੇ ਠੀਕ ਇਸ ਚੀਜ਼ ਨੂੰ ਪੂੰਜੀਪਤੀ ਜਮਾਤ ਅੱਖਾਂ ਤੋਂ ਓਝਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰੇਗੀ। ਇਸ ਲਈ ਉਹ ਇਸ ਹੱਦ ਤੱਕ ਵੀ ਜਾ ਸਕਦਾ ਹੈ ਕਿ ਇਹ ਪਿਛਲੇ ਤਿੰਨ ਦਹਾਕਿਆਂ ਤੋਂ ਜਾਰੀ ਉਦਾਰੀਕਰਨ ਦੀਆਂ ਨੀਤੀਆਂ ’ਚ ਕੁਝ ਬਦਲਾਅ ਕਰੇ। ਪਰ ਸਾਮਰਾਜੀ ਨੂੰ ਫੌਰੀ ਮੁਨਾਫੇ ਦਾ ਲਾਲਚ ਅੜਿਕਾ ਬਣੇਗਾ। ਇਹਨਾਂ ਵਿਦਰੋਹਾਂ ਦਾ ਜੇ ਕੋਈ ਭਵਿੱਖ ਹੈ ਤਾਂ ਉਹ ਸਿਰਫ ਇਕ ਹੈ-ਸਮੁੱਚੀ ਪੂੰਜੀਵਾਦੀ ਵਿਵਸਥਾ ਨੂੰ ਨਿਸ਼ਾਨਾ ਬਣਾਉਣਾ। ਇਸ ਤੋਂ ਬਿਨਾਂ ਇਹ ਸਿਰਫ ਰੰਗ ਰੋਗਨ ਤਕ ਸੀਮਤ ਹੋ ਕੇ ਰਹਿ ਜਾਣਗੇ। ਪਰ ਸਮੁੱਚੀ ਪੂੰਜੀਵਾਦੀ ਵਿਵਸਥਾ ਨੂੰ ਸਿਰਫ ਇਕ ਹੀ ਵਰਗ ਨਿਸ਼ਾਨਾ

ਬਣਾ ਸਕਦਾ ਹੈ-ਮਜ਼ਦੂਰ ਜਮਾਤ। ਕਿਸੇ ਹੋਰ ਜਮਾਤ 'ਚ ਨਾ ਤਾਂ ਇਤਿਹਾਸਕ ਪਹਿਲਕਦਮੀ ਹੀ ਹੋ ਸਕਦੀ ਹੈ ਤੇ ਨਾ ਉਹ ਤਾਕਤਾਂ ਪੂੰਜੀਵਾਦੀ ਸਮਰਥਕ ਮੱਧਵਰਗੀ ਨੌਜਵਾਨ ਤਾਂ ਉਸਦੇ ਮੁਕਾਬਲੇ ਸਿਰਫ ਤਿਨਕਾ ਹੀ ਹਨ।

# ਕੀ ਵਿਕੀਲੀਕਸ ਨਾਲ ਕੁਝ ਬਦਲੇਗਾ?

ਜਦ ਵਿਕੀਲੀਕਸ ਖੁਲਾਸਾ ਹੋਇਆ ਤਾਂ ਦੁਨੀਆਂ ਦੇ ਲਗਭਗ ਸਭ ਅਖਬਾਰਾਂ ਨੇ ਇਸ ਨੂੰ ਆਪਣੀ ਸਭ ਤੋਂ ਵੱਡੀ ਸੁਰਖੀ ਬਣਾਇਆ। ਸਾਰੇ ਅਖਬਾਰੀ ਵੱਡੇ ਲੇਖਕਾਂ ਨੇ ਦਾਅਵਾ ਕੀਤਾ ਕਿ ਇਸ ਖੁਲਾਸੇ ਨੇ ਅਮਰੀਕੀ ਡਿਪਲੋਮੇਸੀ ਦੀ ਪੋਲ ਖੋਲ੍ਹ ਦਿੱਤੀ ਹੈ। ਅਮਰੀਕਾ ਨੂੰ ਕਾਫੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਸਾਰ ਭਰ ’ਚ ਹੋਰ ਦੇਸ਼ ਹੁਣ ਉਸ ’ਤੇ ਥੂ-ਥੂ ਕਰਨਗੇ। ਪਰ ਇਸ ਖੁਲਾਸੇ ਦੇ ਦੂਜੇ ਜਾਂ ਤੀਜੇ ਦਿਨ ਲੰਘਦਿਆਂ ਇਹ ਸਾਫ ਹੋ ਗਿਆ ਕਿ ਅਮਰੀਕੀ ਰਾਜ ਦੀ ਕੋਈ ਥੂ-ਥੂ ਨਹੀਂ ਹੋਣ ਵਾਲੀ। ਉਲਟਾ ਅਮਰੀਕਾ ਦਾ ਵਿਦੇਸ਼ ਵਿਭਾਗ ਡੰਕੇ ਦੀ ਚੋਟ ਨਾਲ ਕਹਿ ਰਿਹਾ ਸੀ ਕਿ ਉਸ ਦੇ ਰਾਜਨਾਇਕਾਂ ਨੇ ਉਸੇ ਭਾਸ਼ਾ ’ਚ ਗੱਲ ਕੀਤੀ ਹੈ ਜਿਸ ਭਾਸ਼ਾ ’ਚ ਦੁਨੀਆਂ ਦੇ ਸਾਰੇ ਰਾਜਸੀ ਆਗੂ ਕਰਦੇ ਹਨ। ਰੂਸ ਨੂੰ ਮਾਫੀਆ ਰਾਜ ਕਹਿਣਾ, ਮੇਦਰਾਂਦੇਵ ਨੂੰ ਪੁਤੀਨ ਦਾ ਚੇਲਾ ਦੱਸਣ ਦਾ ਰੂਸ ਨਾਲ ਅਮਰੀਕਾ ਦੇ ਸਬੰਧਾਂ ’ਤੇ ਕੋਈ ਪ੍ਰਭਾਵ ਨਹੀਂ ਪਿਆ। ਅਸਲ ’ਚ ਰੂਸੀ ਰਾਸ਼ਟਰਪਤੀ ਮੇਦਵੇਦੇਵ ਨੇ ਖੁਦ ਹੀ ਕਿਹਾ ਕਿ ਰਾਜਸੀ ਆਗੂ ਤਾਂ ਇਸੇ ਭਾਸ਼ਾ ’ਚ ਗੱਲ ਕਰਦੇ ਹਨ ਅਤੇ ਜੇ ਅਸੀਂ ਆਪਣੇ ਰਾਜਸੀ ਆਗੂਆਂ ਵਿਚਕਾਰ ਹੋਣ ਵਾਲੀ ਗੱਲਬਾਤ ਦਾ ਖੁਲਾਸਾ ਕਰੀਏ ਤਾਂ ਅਮਰੀਕੀਆਂ ਨੂੰ ਉਨਾਂ ਹੀ ਅਨੰਦ ਆਵੇਗਾ। ਚੀਨ ਨੇ ਵੀ ਐਲਾਨ ਕੀਤਾ ਕਿ ਅਮਰੀਕਾ ਨਾਲ ਉਸ ਦੇ ਸਬੰਧਾਂ ’ਤੇ ਕੋਈ ਪ੍ਰਭਾਵ ਨਹੀਂ ਪੈਣ ਵਾਲਾ। ਈਰਾਨ ’ਤੇ ਹਮਲੇ ਦਾ ਸੁਝਾਅ ਦੇਣ ਵਾਲੇ ਸਾਊਦੀ ਅਰਬ ਦੇ ਹਾਕਮ ਦੇ ਇਰਾਨ ਨਾਲ ਸੰਬੰਧ ’ਤੇ ਵੀ ਕੋਈ ਅਸਰ ਨਹੀਂ ਪਿਆ। ਇਸ ਦਾ ਅਸਰ ਮੇਦਵੇਦੇਵ ਨੇ ਸਹੀ ਹੀ ਦੱਸਿਆ ਹੈ। ਅਸਲ ’ਚ ਜਿਹਨਾਂ ਸੰਵਾਦਾਂ ਨੂੰ ‘ਟਾਪ ਸੀਕਰਟ’ ਦਸ ਕੇ ਪ੍ਰਚਾਰਿਆ ਗਿਆ ਹੈ, ਉਹ ਉਨੇ ਗੁਪਤ ਹਨ ਹੀ ਨਹੀਂ। ਵਿਕੀਲੀਕਸ ਨੇ ਉਹਨਾਂ ਤੱਥਾਂ ਦੇ ਪ੍ਰਮਾਣਿਕ ਦਸਤਾਵੇਜ ਖੋਲ੍ਹ ਦਿੱਤੇ ਹਨ ਜਿਹਨਾਂ ਬਾਰੇ ਮੱਧ ਵਰਗ ਦਾ ਇਕ ਸਿਆਣਾ ਨਾਗਰਿਕ ਵੀ ਜਾਣਦਾ ਹੈ। ਅਸਲ ’ਚ ਦੁਨੀਆਂ ਭਰ ਦੀਆਂ ਪੂੰਜੀਵਾਦੀ ਹਕੂਮਤਾਂ ਦੇ ਮੁਖੀਆਂ ਤੇ ਰਾਜਸੀ ਨੇਤਾਵਾਂ ਵਿਚਕਾਰ ਜੋ ਸਭ ਤੋਂ ਗੁਪਤ ਸੰਵਾਦ ਹੁੰਦਾ ਹੈ, ਉਹੀ ਕਿਸੇ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਹੁੰਦਾ, ਉਹ ਸਿਰਫ ਮੂੰਹ ਤੋਂ ਕੰਨ ਵਿਚਾਲੇ ਹੁੰਦਾ ਹੈ ਅਤੇ ਉਥੇ ‘ਜਿਸ ਦੀ ਲਾਠੀ ਉਸ ਦੀ ਭੈਂਸ’ ਦਾ ਨਿਯਮ ਸਾਫ ਤੌਰ ’ਤੇ ਕਾਇਮ ਕਰਦਿਆਂ ਵੇਖਿਆ ਜਾ ਸਕਦਾ ਹੈ। ਅਮਰੀਕੀ ਰਾਜਸੀ ਆਗੂ ਆਫਗਾਨਿਸਤਾਨ ਦੇ ਆਪਣੇ ਏਜੰਟ (ਦਲਾਲ) ਹਾਕਮਾਂ ਨੂੰ ਜਿਸ ਭਾਸ਼ਾ ’ਚ ਧਮਕਾਉਂਦੇ ਹਨ ਜਾਂ ਪਾਕਿਸਤਾਨ ’ਤੇ ਜਿਸ ਭਾਸ਼ਾ ’ਚ ਧੌਂਸ ਕਾਇਮ ਕਰਦੇ ਹਨ, ਜੇ ਉਸ ਨੂੰ ਖੋਲ੍ਹ ਦਿੱਤਾ ਜਾਵੇ ਤਾਂ ਤੁਸੀਂ ਹੈਰਾਨ ਰਹਿ ਜਾਓਗੇ। ਦੁਨੀਆਂ ਭਰ ਦੇ ਪੂੰਜੀਵਾਦੀ ਦੇਸ਼ ਆਪਸ ’ਚ ਜਿਸ ਭਾਸ਼ਾ ’ਚ ਸੌਦੇਬਾਜ਼ੀ ਤੇ ਲੈਣ ਦੇਣ ਕਰਦੇ ਹਨ ਜੇ ਉਸ ਨੂੰ ਖੋਲ੍ਹ ਕੇ ਰੱਖ ਦਿੱਤਾ ਜਾਵੇ ਤਾਂ ਖੁਲਦਿਲਾ ਵਿਅਕਤੀ ਵੀ ਉਤਸੁਕਤਾ ਨਾਲ ਭਰ ਜਾਵੇਗਾ। ਇਸ ਸੰਵਾਦ ਤਾਂ ਕਦੀ ਖੁੱਲ੍ਹਣ ਵਾਲੇ ਹੀ ਨਹੀਂ ਹਨ। ਇਸ ਲਈ ਇਹ ਉਮੀਦ ਕਰਨੀ ਵਿਅਰਥ ਹੈ ਕਿ ਪੂੰਜੀਵਾਦ ਰਾਜ ’ਚ ਇਸ ਖੁਲਾਸੇ ਦੇ ਸਿੱਟੇ ਵਜੋਂ ਕੋਈ ਵੀ ਤਬਦੀਲੀ ਆਵੇਗੀ। ਇਹ ਇਸ ਗੱਲ ਨਾਲ ਸਾਬਤ ਹੋ ਜਾਂਦਾ ਹੈ ਕਿ ਦੁਨੀਆਂ ਭਰ ਦੇ ਦੋ ਮੁੱਖ ਕੌਮੀ ਮੁੱਖੀਆਂ ਨੇ ਇਹ ਬੋਲ ਦਿੱਤਾ ਹੈ ਕਿ ਇਸ ਖੁਲਾਸੇ ਨਾਲ ਅਮਰੀਕਾ ਨਾਲ ਉਹਨਾਂ ਦੇ ਸੰਬੰਧਾਂ ਤੇ ਕੋਈ ਫਰਕ ਨਹੀਂ

ਪਵੇਗਾ। ਜਿਥੋਂ ਤਕ ਅਮਰੀਕਾ ਵਲੋਂ ਇਰਾਕ ਤੇ ਅਫਗਾਨਿਸਤਾਨ ’ਚ ਕੀਤੇ ਯੁੱਧ ਅਪਰਾਧਾਂ ਦੇ ਖੁਲਾਸੇ ਦੀ ਗੱਲ ਹੈ ਤਾਂ ਇਸ ਦਾ ਕੋਈ ਅਸਰ ਨਹੀਂ ਹੋਣ ਵਾਲਾ ਹੈ ਜਿਸ ਹਿੰਮਤੀ ਅਮਰੀਕੀ ਫੌਜੀ ਨੇ ਵਿਕੀਲੀਕਸ ਤੇ ਬਾਨੀ ਜੁਲੀਲਸ ਅਸਾਂਜੇ ਨੂੰ ਅਮਰੀਕੀ ਰਾਜ ਦੇ ਅਤੇ ਫੌਜੀ ਅਧਿਕਾਰੀਆਂ ਵਿਚਾਲੇ ਗੁਪਤ ਸੰਵਾਦਾਂ ਦੇ 92000 ਕੇਬਲ ਭੇਜੇ। ਉਸ ਨੇ ਇਹ ਸੋਚਿਆ ਹੋਵੇਗਾ ਕਿ ਅਮਰੀਕੀ ਯੁੱਧ ਅਪਰਾਧਾਂ ਦਾ ਵਹਿਸ਼ੀਪੁਣਾ ਅਮਰੀਕਾ ਤੇ ਦੁਨੀਆਂ ’ਚ ਇਕ ਅਜਿਹੀ ਜਨਤਕ ਬੇਸਬਰੀ ਤੇ ਗੁੱਸਾ ਪੈਦਾ ਕਰੇਗੀ ਕਿ ਅਮਰੀਕਾ ਨੂੰ ਸ਼ਰਮਸ਼ਾਰ ਹੋ ਕੇ ਅਫਗਾਨਿਸਤਾਨ ’ਤੇ ਠੋਸੀ ਜੰਗ ਨੂੰ ਵਾਪਸ ਲੈਣਾ ਪਵੇਗਾ। ਉਸ ਨੂੰ ਲੱਗਿਆ ਹੋਵੇਗਾ ਕਿ ਅਮਰੀਕੀ ਰਾਜਸੀ ਆਗੂਆਂ ਦੀਆਂ ਇਹ ਜੁਰਮ ਕਬੂਲੀਆ ਕਿ ਅਮਰੀਕਾ ਨੇ ਹੀ ਅਫਗਾਨਿਸਤਾਨ ’ਚ ਆਪਣੇ ਟੀਚੇ ’ਚ ਸਫਲ ਹੋ ਸਕਿਆ ਸੀ। ਅਮਰੀਕਾ ਦੀ ਵਿਦੇਸ਼ ਨੀਤੀ ’ਚ ਕੋਈ ਬੁਨਿਆਦੀ ਤਬਦੀਲੀ ਲਿਆਵੇਗਾ ਪਰ ਅਜਿਹਾ ਕੁਝ ਨਹੀਂ ਹੋਇਆ। ਅਸਲ ’ਚ ਤਾਂ ਇਸ ਦਾ ਬਿਲਕੁਲ ਉਲਟਾ ਹੋਇਆ। ਵਿਕੀਲੀਕਸ ਦੇ ਖੁਲਾਸੇ ਅਫਗਾਨਿਸਤਾਨ ’ਚ ਯੁੱਧ ਨੂੰ ਤੇਜ਼ ਕਰਨ ਦੇ ਪੱਖ ’ਚ ਅਤੇ ਭਾਰੀ ਵੋਟਾਂ ਪਾਈਆਂ ਅਤੇ ਅਫਗਾਨਿਸਤਾਨ ਯੁੱਧ ਲਈ 33 ਅਰਬ ਡਾਲਰ ਖਰਚ ਕਰਨ ਦੀ ਇਜਾਜ਼ਤ ਦੇਣ ਅਤੇ ਅਮਰੀਕੀ ਫੌਜੀਆਂ ਦੀ ਗਿਣਤੀ ’ਚ 30,000 ਦਾ ਵਾਧਾ ਕਰਨ ਦੇ ਪੱਖ ’ਚ 308 ਵੋਟਾਂ ਪਈਆਂ ਜਦ ਕਿ ਇਸ ਦੇ ਵਿਰੋਧ ’ਚ ਸਿਰਫ 114 ਵੋਟਾਂ। ਸਪਸ਼ਟ ਹੈ ਕਿ ਵਿਕੀਲੀਕਸ ਦੇ ਖੁਲਾਸੇ ਦਾ ਅਮਰੀਕੀ ਹਾਕਮ ਜਮਾਤ ਦੀਆਂ ਨੀਤੀਆਂ ’ਤੇ ਕੋਈ ਅਸਰ ਨਹੀਂ ਪੈਣ ਵਾਲਾ। ਜੇ ਕੋਈ ਇਹ ਸਮਝਦਾ ਹੈ ਕਿ ਕਿਸੇ ਕਿਸਮ ਦਾ ਪਰਦਾਫਾਸ਼ ਜਾਂ ਖੁਲਾਸੇ ਕਾਰਨ ਲਾਲਚੀ, ਆਦਮਖੋਰ ਤੇ ਅਤਿਆਚਾਰੀ ਸਾਮਰਾਜੀ ਅਚਾਨਕ ਸੰਤ ਬਣ ਜਾਣਗੇ ਤਾਂ ਇਹ ਕੋਰੀ ਗਲਤ ਫਹਿਮੀ ਹੋਵੇਗੀ। ਇਸ ਖੁਲਾਸੇ ਪਿੱਛੋਂ ਵਾਈਟ ਹਾਊਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਹਲਾਂ ਖੁਲਾਸਿਆਂ ’ਚ ਜਿਹੜੇ ਤੱਤ ਦਰਸਾਏ ਗਏ ਹਨ, ਉਹਨਾਂ ਦੇ ਜਾਨਣ ਤੋਂ ਪਿੱਛੋਂ ਵੀ ਓਬਾਮਾ ਨੇ ਅਫਗਾਨਿਸਤਾਨ ਜੰਗ ਨੂੰ ‘ਲੋ ਇੰਟੈਨਸਿਟੀ ਕਨਫਲਿਕਟ’ ਤੋਂ ‘ਹਾਈ ਇੰਟੈਨਸਿਟੀ ਕਨਫਲਿਕਟ’ ’ਚ ਬਦਲਣ ਦਾ ਆਦੇਸ਼ ਦਿੱਤਾ ਸੀ।

ਵਿਕੀਲੀਕਸ ਨੇ ਖੁਲਾਸਾ ਕੀਤਾ ਕਿ ਅਮਰੀਕੀ ਫੌਜ ’ਚ ਇਕ ਗੁਪਤ ਵਿੰਗ ਕੰਮ ਕਰਦਾ ਹੈ, ਜਿਸ ਦਾ ਗੈਰ ਰਵਾਇਤੀ ਨਾਂ ਹੈ ‘ਡੈਥ ਸੁਕੈਡ’’ ਅਤੇ ਰਵਾਇਤੀ ਨਾਂ ਹੈ ‘ਟਾਸਕ ਫੋਰਸ 373’ ਇਸ ਗੁਪਤ ਵਿੰਗ ਦਾ ਕੰਮ ਹੁੰਦਾ ਹੈ ਦੁਸ਼ਮਣ ਅਬਾਦੀ ’ਚ ਡਰ ਪੈਦਾ ਕਰਨ ਲਈ ਬਿਨਾਂ ਕਿਸੇ ਗ੍ਰਿਫਤਾਰੀ ਜਾ ਮੁਕੱਦਮੇ ਦੇ ਖੁੱਲ੍ਹੇਆਮ ਸ਼ਹਿਰੀਆਂ ਸਮੇਤ ਬਾਗੀਆਂ ਦੀਆਂ ਬੇਰਹਿਮ ਤਰੀਕੇ ਨਾਲ ਹੱਤਿਆਵਾਂ ਕਰਨੀਆਂ। ਵਿਕੀਲੀਕਸ ਦੇ ਖੁਲਾਸੇ ਤੋਂ ਪਤਾ ਲੱਗਿਆ ਹੈ ਕਿ ਇਰਾਕ ਤੇ ਅਫਗਾਨਿਸਤਾਨ ਦੋਨੋ ਜੰਗਾਂ ਵਿਚ ਅਮਰੀਕਾ ਨੇ ਜਾਣ ਬੁੱਝ ਕੇ ਅਤੇ ਸੋਚੇ ਸਮਝੇ ਤਰੀਕੇ ਨਾਲ ਡੈਥ ਸੁਕੈਡ ਦੀ ਵਰਤੋਂ ਕੀਤੀ ਹੈ। ਇਹਨਾਂ ਦਸਤਿਆਂ ਨੇ ਹਜ਼ਾਰਾਂ ਨਾਗਰਿਕਾਂ ਜਿਹਨਾਂ ’ਚ ਬਜੁਰਗ, ਔਰਤਾਂ ਤੇ ਬੱਚੇ ਵੀ ਸ਼ਾਮਲ ਹਨ ਦੀਆਂ ਗੈਰ ਮਨੁੱਖੀ ਤਰੀਕੇ ਨਾਲ ਹੱਤਿਆਵਾਂ ਕੀਤੀਆਂ ਅਤੇ ਬਹੁਤੇ ਕੇਸਾਂ ’ਚ ਮਾਰਨ ਤੋਂ ਪਹਿਲਾਂ ਬਲਾਤਕਾਰ ਕੀਤੇ ਤੇ ਤਸੀਹੇ ਵੀ ਦਿੱਤੇ। ਪਰ ਇਸ ਦੁਨੀਆਂ ’ਚ ਕੌਣ ਨਹੀਂ ਜਾਣਦਾ ਹੈ ਕਿ ਅਮਰੀਕਾ ਬੇਰਹਿਮ ਅਜਿਹੇ ਕਰਦੇ ਹਨ, ਜਦ ਅਬੂ ਗਰੇਬ ਦਾ ਪਤਾ ਲੱਗਿਆ ਤਾਂ ਕੀ ਹੋਇਆ? ਜਦ ਗਵਾਂਟਾਨਾਮਾ ’ਚ ਖੁਲਾਸਾ ਹੋਇਆ ਤਾਂ ਕੀ ਹੋਇਆ? ਜਦ ਇਰਾਕ ਤੇ ਫਿਲਸਤੀਨ ’ਚ ਸਾਮਰਾਜੀਆਂ

ਦੇ ਜੰਗੀ ਅਪਰਾਧਾਂ ਦਾ ਖੁਲਾਸਾ ਹੋਇਆ ਤਾਂ ਕੀ ਹੋਇਆ? ਕੁਝ ਵੀ ਨਹੀਂ। ਇਸ ਸਾਲ ਦੇ ਸ਼ੁਰੂ ਵਿਚ ਹੀ ਲੰਦਨ ਦੇ ਅਖਬਾਰਾਂ 'ਦ ਟਾਈਮਸ' ਨੇ ਸਬੂਤਾਂ ਸਮੇਤ ਖੁਲਾਸਾ ਕੀਤਾ ਕਿ ਅਮਰੀਕੀ ਫੌਜੀਆਂ ਨੇ ਦੋ ਗਰਭਵਤੀ ਅਫਗਾਨ ਔਰਤਾਂ ਨੂੰ ਅਤੇ ਇਕ ਬੱਚੀ ਨੂੰ ਬੇਰਹਿਮ ਨਾਲ ਮਾਰਿਆ ਤਾਂ ਕੀ ਹੋਇਆ? ਕੁਝ ਵੀ ਨਹੀਂ। ਅਸਲ 'ਚ ਅਜਿਹੇ ਯੁੱਧ ਅਪਰਾਧਾਂ ਦਾ ਅਮਰੀਕੀ ਇਤਿਹਾਸ ਪੁਰਾਣਾ ਹੈ। ਪਰ ਕਦੀ ਵੀ ਇਹਨਾਂ ਯੁੱਧ ਅਪਰਾਧਾਂ ਦੇ ਖੁਲਾਸੇ ਨਾਲ ਕੁਝ ਵੀ ਨਹੀਂ ਹੋਇਆ ਹੈ।

ਸੰਨ 2003 'ਚ ਅਮਰੀਕਾ ਵਲੋਂ ਚਲਾਏ ਜਾ ਰਹੇ ਇਕ ਗੁਪਤ ਅਪਰੇਸ਼ਨ ਫੀ ਨਿਕਸ ਦਾ ਪਰਦਾਫਾਸ਼ ਹੋਇਆ। ਇਸ ਗੁਪਤ ਕਾਰਵਾਈ ਤਹਿਤ ਅਮਰੀਕਾ ਨੇ ਸਿਖਲਾਈ ਯਾਫਤਾ ਹਤਿਆਰੇ ਤਿਆਰ ਕੀਤੇ ਜੋ ਅਮਰੀਕੀ ਸਾਮਰਾਜੀ ਹਿੱਤਾਂ ਦੀ ਮੁਖਾਲਫਤ ਕਰਨ ਵਾਲੀਆਂ ਤਾਕਤਾਂ ਦੇ ਨੇਤਾਵਾਂ ਦੀਆਂ ਹੱਤਿਆਵਾਂ ਨੂੰ ਅੰਜਾਮ ਦਿਆ ਕਰਦੇ ਸਨ। ਇਸ ਖੁਲਾਸੇ ਦੇ ਬਾਵਜੂਦ ਕੁਝ ਨਹੀਂ ਹੋਇਆ। ਅਜੇ ਵੀ ਅਮਰੀਕੀ ਖੁਫੀਆ ਏਜੰਸੀਆਂ ਐਸੀਆਂ ਹੀ ਕਾਰਵਾਈਆਂ ਨੂੰ ਅੰਜਾਮ ਦੇ ਰਹੀਆਂ ਹਨ। ਅਮਰੀਕਾ ਦਾ ਵਾਟਰਲੂ ਸਾਬਤ ਹੋਏ ਵਿਅਤਨਾਮ ਯੁੱਧ 'ਚ ਤਾਂ ਅਮਰੀਕੀ ਬਾਵਜੂਦ ਅਮਰੀਕੀ ਹਥਿਆਰੇ ਆਪਣੇ ਜਾਬਰ ਅਪਰਾਧਾਂ ਨੂੰ ਬਦਸੂਤਰ ਅੰਜਾਮ ਦਿੰਦੇ ਰਹੇ ਜਦ ਤਕ ਕਿ ਵਿਅਤਨਾਮ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਉਹਨਾਂ ਨੂੰ ਉਥੋਂ ਖਦੇੜ ਨਹੀਂ ਦਿੱਤਾ ਗਿਆ। ਜਾਂਦੇ ਜਾਂਦੇ ਹਾਰ ਤੋਂ ਨਿਰਾਸ਼ ਹੋ ਕੇ ਅਮਰੀਕੀ ਫੌਜ ਨੇ ਜੋ ਜੰਗੀ ਅਪਰਾਧ ਕੀਤੇ ਉਹ ਨਾਜ਼ੀ ਜਰਮਨੀ ਦੀ ਯਾਦ ਦਿਵਾਉਂਦੇ ਹਨ। 1968 'ਚ ਦੋ ਖੋਜੀ ਪਤਰਕਾਰਾਂ-ਰਾਨ ਰਿਡਨੇਆਵਰ ਤੇ ਸੀਮੋਰ ਹਰਸ਼ਾ ਨੇ ਮਾਈ ਲਾਈ ਕਤਲੇਆਮ ਦਾ ਖੁਲਾਸਾ ਕੀਤਾ, ਜਿਸ 'ਚ ਅਮਰੀਕੀ ਫੌਜ ਨੇ ਇਕ ਪਿੰਡ ਦੇ 500 ਮਰਦਾਂ, ਔਰਤਾਂ ਤੇ ਬੱਚਿਆਂ ਦੀ ਬੇਹੱਦ ਠੰਡੇ ਤਰੀਕੇ ਨਾਲ ਬੁਰੀ ਤਰ੍ਹਾਂ ਕੁੱਟਿਆ, ਉਹਨਾਂ ਨੂੰ ਸੈਕਸੀ ਤਸੀਹੇ ਦਿੱਤੇ, ਉਹਨਾਂ ਨੂੰ ਹੋਰ ਵੀ ਗੈਰ ਮਨੁੱਖੀ ਤਸੀਹੇ ਦਿੱਤੇ ਤੇ ਫਿਰ ਉਹਨਾਂ ਦਾ ਕਤਲ ਕਰ ਦਿੱਤਾ। ਇਸ ਖੁਲਾਸੇ ਪਿੱਛੋਂ ਅਮਰੀਕੀ ਫੌਜ ਨੇ ਆਪਣੀ ਮੁਹਿੰਮ ਵਿਅਤਨਾਮ 'ਚ ਹੋਰ ਤੇਜ਼ ਕਰ ਦਿੱਤੀ ਤੇ ਇਹ ਜੰਗ ਆਉਣ ਵਾਲੇ ਸੱਤ ਸਾਲਾਂ ਤੱਕ ਜਾਰੀ ਰਹੀ। ਅੱਜ ਤੱਕ ਇਤਿਹਾਸ ਨੇ ਤਾਂ ਇਹੀ ਸਾਬਤ ਕੀਤਾ ਹੈ ਕਿ ਯੁੱਧ ਅਪਰਾਧਾਂ ਦੇ ਖੁਲਾਸੇ ਪਿੱਛੋਂ ਸਾਮਰਾਜੀਆਂ ਦੀ ਬੇਰਹਿਮੀ ਹੋਰ ਜ਼ਿਆਦਾ ਵਧੀ ਹੈ। ਤੇ ਸਾਮਰਾਜੀ ਆਪਣੇ ਦੇਸ਼ ਦੇ ਲੋਕਾਂ ਵਿਚਕਾਰ ਇਹ ਪ੍ਰਚਾਰ ਕਰਦੇ ਹਨ ਕਿ "ਜਨਤੰਤਰ" ਦੀ ਲੰਮੇ ਦਾਅ ਤੋਂ ਸਥਾਪਨਾ ਤੇ ਰਾਖੀ ਲਈ ਫੌਰੀ ਤੌਰ 'ਤੇ ਅਜਿਹੇ ਕੰਮ ਕਰਨੇ ਪੈਂਦੇ ਹਨ। "ਅਮਰੀਕੀ ਸਟਾਇਲ ਲੋਕਰਾਜ' ਹਾਸਲ ਕਰਨ ਲਈ "ਤੀਜੀ ਦੁਨੀਆਂ" ਦੇ ਦੇਸ਼ਾਂ ਦੇ ਲੋਕਾਂ ਨੂੰ ਇਹ ਕੀਮਤ ਤਾਂ ਚੁਕਾਉਣੀ ਹੀ ਪੈਣੀ ਹੈ। ਇਸ ਪ੍ਰਚਾਰ ਨੂੰ ਅੰਜਾਮ ਦੇਣ ਵਿਚ ਆਮ ਤੌਰ 'ਤੇ ਉਦਾਰਵਾਦੀ ਤੇ ਸਮਾਜਕ ਜਨਵਾਦੀ ਕਾਫੀ ਅੱਗੇ ਰਹਿੰਦੇ ਹਨ। ਇਕ ਲੰਮੇ ਸਮੇਂ ਤਕ ਪ੍ਰਚਾਰ ਪਿੱਛੋਂ ਲੋਕਾਂ ਦਾ ਇਕ ਹਿੱਸਾ ਇਹ ਮੰਨ ਵੀ ਲੈਂਦਾ ਹੈ। ਜੋ ਹਿੱਸਾ ਨਹੀਂ ਮੰਨਦਾ ਹੈ ਅਤੇ ਅਜਿਹੇ ਯੁੱਧਾਂ ਖਿਲਾਫ ਸੜਕਾਂ 'ਤੇ ਮੁਜਾਹਰੇ ਕਰਦਾ ਹੈ, ਉਸ ਦੇ ਵਿਰੋਧ ਨਾਲ ਸਾਮਰਾਜੀ ਦੇਸ਼ਾਂ ਦੀ ਵਿਦੇਸ਼ ਨੀਤੀ 'ਚ ਕੋਈ ਫਰਕ ਨਹੀਂ ਪੈਂਦਾ ਹੈ। ਅਜਿਹੇ ਅਪਰਾਧ ਅਕਸਰ ਵੱਡੇ ਤਾਂ ਹੁੰਦੇ ਹਨ ਪਰ ਰਾਜਸੀ ਬਣ ਕੇ ਰਹਿ ਜਾਂਦੇ ਹਨ ਤੇ ਲੰਮੇ ਦਾਅ ਤੋਂ ਸਾਮਰਾਜੀ ਦਾਬੇ (ਹੇਜੇਮਨੀ) ਵਲੋਂ ਜਥੇਬੰਦ ਕੀਤੇ ਜਾਂਦੇ ਹਨ। ਅਕਸਰ ਸਾਮਰਾਜੀ ਮੀਡੀਆ ਉਹਨਾਂ ਦੀ ਵਰਤੋਂ ਵੀ ਇਹ ਸਾਬਤ ਕਰਨ ਲਈ ਕਰਦਾ

ਹੈ ਕਿ "ਦੇਖੋ" ਅਮਰੀਕਾ ਲੋਕ ਰਾਜ ਕਿੰਨਾ ਸਹਿਗੁਣ ਹੈ। ਇਸ 'ਚ ਆਪਣੀ ਅਲੋਚਨਾ ਨੂੰ ਸਹਿਣ ਦਾ ਧੀਰਜ ਹੈ " ਅਤੇ ਦੁਨੀਆਂ ਭਰ ਦਾ ਮੱਧ ਵਰਗ ਇਸ ਦਾਅਵੇ ਨੂੰ ਹਜਮ ਕਰ ਲੈਂਦਾ ਹੈ।

ਇਤਿਹਾਸ ਗਵਾਹ ਹੈ ਕਿ ਸਾਮਰਾਜੀ ਜੰਗਾਂ ਦਾ ਅੰਤ ਕਦੀ ਵੀ ਪਰਦਾਫਾਸ਼ਾਂ ਤੇ ਖੁਲਾਸਿਆਂ ਨਾਲ ਨਹੀਂ ਹੋਇਆ ਹੈ। ਵਿਕੀਲੀਕਸ ਦੇ ਪਰਦਾਫਾਸ਼ ਨਾ ਵੀ ਅਜਿਹਾ ਕੁਝ ਨਹੀਂ ਹੋਣ ਵਾਲਾ ਹੈ। ਹੋਵੇਗਾ ਬਸ ਏਨਾ ਕਿ ਹੁਣ ਰਾਜਨਾਇਕੀ ਸੰਚਾਰਾਂ ਨੂੰ ਹੋਰ ਸਖਤ ਬਣਾ ਦਿੱਤਾ ਜਾਵੇਗਾ ਅਤੇ ਉਹਨਾਂ ਨੂੰ ਹੋਰ ਗੁਪਤ ਬਣਾ ਦਿੱਤਾ ਜਾਵੇਗਾ। ਮੂੰਹ ਤੋਂ ਕੰਨ ਤਕ ਹੋਣ ਵਾਲੇ ਸੰਵਾਦਾਂ ਦਾ ਰਿਵਾਜ ਹੋਰ ਵਧ ਜਾਵੇਗਾ। ਇਸ ਦੇ ਨਾਲ ਹੀ ਕਿਸੇ ਤਰ੍ਹਾਂ ਪੂੰਜੀਵਾਦ ਆਪਣੇ ਗਲਦੇ-ਸੜਦੇ ਤੇ ਮਵਾਦ ਕੱਢਦੇ ਜਖਮਾਂ ਨੂੰ ਛੁਪਾਉਣ ਲਈ ਥੋੜ੍ਹਾ ਹੋਰ ਚੌਕੰਨਾ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਖੁਲਾਸੇ ਅਕਸਰ ਇਕ ਤਵਾਜਨ ਭਰਪੂਰ ਕਾਰਵਾਈ ਦਾ ਕੰਮ ਕਰਦੇ ਹਨ।

ਨਿਸ਼ਚੈ ਹੀ ਵਿਕੀਲੀਕਸ ਨੇ ਸਾਮਰਾਜੀ ਅਪਰਾਧਾਂ ਦਾ ਦਸਤਾਵੇਜ਼ੀ ਸਬੂਤ ਮੁਹਈਆ ਕਰਵਾ ਕੇ ਅਮਰੀਕਾ ਦੇ ਸਾਮਰਾਜਵਾਦ ਦੇ ਅਪਰਾਧਾਂ 'ਤੇ ਪਏ ਬੇਹੱਦ ਬਰੀਕ ਪੜਦੇ ਨੂੰ ਥੋੜਾ ਜਿੰਨਾ ਚੁੱਕ ਦਿੱਤਾ ਹੈ। ਪਰ ਅਜਿਹੇ ਕਿਸੇ ਵੀ ਖੁਲਾਸੇ ਦਾ ਅਰਥ ਤਾਂ ਹੀ ਹੋ ਸਕਦਾ ਹੈ ਜਦ ਉਸ 'ਚ ਕੁਝ ਐਸਾ ਨਵਾਂ ਹੋਵੇ ਜਿਸ ਦਾ ਅੰਦਾਜ਼ਾ ਵੀ ਲੋਕਾਂ ਨੂੰ ਨਾ ਹੋਵੇ ਅਤੇ ਜਦ ਅਜਿਹੇ ਖੁਲਾਸੇ ਦਾ ਸੰਗਮ ਇਸ ਪੂਰੀ ਜਾਬਰ ਤੇ ਗੈਰ ਮਨੁੱਖੀ ਵਿਸ਼ਵ ਪੂੰਜੀਵਾਦੀ ਵਿਵਸਥਾ ਨੂੰ ਪੁੱਟ ਸੁੱਟਣ ਦੀਆਂ ਕੋਸ਼ਿਸ਼ਾਂ ਦੇ ਨਾਲ ਹੋਵੇ। ਇਹ ਸੂਚਨਾ ਕੋਰੀ ਕਲਪਨਾ ਹੈ ਕਿ ਮਹਿਜ ਖੁਲਾਸੇ ਤੇ ਪਰਦਾਫਾਸ਼ ਕੋਈ ਤਬਦੀਲੀ ਲਿਆ ਸਕਦੇ ਹਨ। ਪੂੰਜੀਵਾਦ ਨੂੰ ਇਕ ਲੋਕ ਇਨਕਲਾਬ ਰਾਹੀਂ ਪੁੱਟ ਸੁੱਟਣ ਦੇ ਕੰਮਾਂ ਦੇ ਇਰਾਦੇ ਨਾਲ ਕੀਤੇ ਖੁਲਾਸੇ ਹੀ ਕਿਸੇ ਨਾ ਕਿਸੇ ਰੂਪ 'ਚ ਕਾਰਗਰ ਹੋ ਸਕਦੇ ਹਨ।

# ਮਹਿੰਗਾਈ ਦੀ ਤਪਸ਼ ਨਾਲ ਝੁਲਸ ਰਿਹਾ ਭਾਰਤ?

ਕੜਾਕੇ ਦੀ ਠੰਡ 'ਚ ਮਹਿੰਗਾਈ ਦੀ ਤਪਸ਼ ਨਾਲ ਸਾਰਾ ਦੇਸ਼ ਝੁਲਸ ਰਿਹਾ ਹੈ। ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਦੁੱਧ ਤੇ ਸਾਗ-ਸਬਜ਼ੀਆਂ ਦੀਆਂ ਕੀਮਤਾਂ 'ਚ ਵੀ ਬੇਤਹਾਸ਼ਾ ਵਾਧਾ ਹੋਇਆ ਹੈ। ਪੈਟਰੋਲੀਅਮ ਪਦਾਰਥਾਂ ਦੇ ਭਾਅ ਵਧਣ ਨਾਲ ਹੋਰ ਜ਼ਰੂਰੀ ਚੀਜ਼ਾਂ ਵੀ ਕਈ ਗੁਣਾ ਮਹਿੰਗੀਆਂ ਹੋ ਗਈਆਂ ਹਨ। ਲਿਹਾਜਾ ਇਸ ਸਬੰਧੀ ਹਰ ਪਾਸੇ ਚਿੰਤਾ ਜਤਾਈ ਜਾ ਰਹੀ ਹੈ। ਖੇਤ ਤੋਂ ਲੈ ਕੇ ਖਾਣੇ ਦੀ ਪਲੇਟ ਤੱਕ, ਘਰੇਲੂ ਔਰਤਾਂ ਤੋਂ ਲੈ ਕੇ ਰਾਜਸੀ ਨੇਤਾਵਾਂ ਤਕ ਅਤੇ ਯੋਜਨਾ ਕਮਿਸ਼ਨ ਤੋਂ ਲੈ ਕੇ ਸਿਆਸੀ ਆਗੂਆਂ ਤਕ। ਹਰ ਕੋਈ ਮਗਰਮੱਛ ਵਾਂਗੂੰ ਮੂੰਹ ਖੋਲ੍ਹ ਕੇ ਮਹਿੰਗਾਈ ਦੇ ਕਾਰਨ ਅਤੇ ਹੱਲ ਸਬੰਧੀ ਮਗਜ਼ ਖਪਾਈ ਕਰ ਰਿਹਾ ਹੈ। ਮਹਿੰਗਾਈ ਤੇ ਮਸ਼ਕਤ ਦਾ ਕੋਈ ਸਿੱਟਾ ਨਿਕਲਣ ਦੀ ਉਮੀਦ ਘੱਟ ਹੀ ਨਜ਼ਰ ਆ ਰਹੀ ਹੈ। ਆਖਰ ਜਨਤਾ ਮਹਿੰਗਾਈ ਦੀ ਅੱਗ 'ਚ ਇਉਂ ਹੀ ਝੁਲਸਦੀ ਰਹੇਗੀ। ਮਹਿੰਗਾਈ ਦੇ ਮੋਰਚੇ 'ਤੇ ਸਿਆਸੀ ਪਾਰਟੀਆਂ ਦੀਆਂ ਸੁਆਰਥੀ ਨੀਤੀਆਂ ਦੀ ਪੋਲ ਖੁੱਲਣੀ ਚਾਹੀਦੀ ਹੈ। ਕਾਂਗਰਸ 'ਤੇ ਉਸ ਦੇ ਵਿਰੋਧੀ ਪੱਖ ਅਕਸਰ ਦੋਸ਼ ਲਾਉਂਦੇ ਹਨ ਕਿ ਜਦੋਂ ਵੀ ਕੇਂਦਰ 'ਚ ਕਾਂਗਰਸ ਦੀ ਸਰਕਾਰ ਆਉਂਦੀ ਹੈ। ਭਰਿਸ਼ਟਾਚਾਰ ਤੇ ਮਹਿੰਗਾਈ ਨਾਲ ਹੀ ਲਿਆਉਂਦੀ ਹੈ। 1947 ਦੀ ਸੱਤਾ ਬਦਲੀ ਦੇ ਛੇ ਦਹਾਕਿਆਂ ਤੋਂ ਵੱਧ ਦੇ ਰਾਜਸੀ ਸਫਰ 'ਚ ਕਾਂਗਰਸ ਸਭ ਤੋਂ ਵੱਧ ਸਮਾਂ ਹਕੂਮਤੀ ਕੁਰਸੀ ਤੇ ਰਹੀ ਹੈ। ਲਿਹਾਜਾ ਬਹੁਤ ਹੱਦ ਤੱਕ ਉਸ ਦੀਆਂ ਨੀਤੀਆਂ ਤੇ ਪ੍ਰੋਗ੍ਰਾਮਾਂ ਨੂੰ ਹੀ ਮਹਿੰਗਾਈ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਗਾਹੇ-ਬਗਾਹੇ ਉਹਨਾਂ ਦੇ ਨੇਤਾਵਾਂ ਤੇ ਮੰਤਰੀਆਂ ਦੇ ਬਿਆਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਅਜਿਹੇ ਦੋਸ਼ ਸਿਰੇ ਤੋਂ ਬੇਮਾਨੇ ਕਰਾਰ ਨਹੀਂ ਦਿੱਤੇ ਜਾ ਸਕਦੇ। ਕਾਲਾਂਤਰ 'ਚ ਕਈ ਵਾਰੀ ਵੇਖਿਆ ਗਿਆ ਹੈ ਕਿ ਕੇਂਦਰ 'ਚ ਕਾਂਗਰਸ ਦੀ ਸਰਕਾਰ ਆਉਂਦਿਆਂ ਹੀ ਮਹਿੰਗਾਈ ਇਕਦਮ ਵਧ ਗਈ ਤੇ ਉਸ 'ਤੇ ਕਾਬੂ ਪਾਉਣਾ ਉਹਨਾਂ ਮੰਤਰੀਆਂ ਲਈ ਟੇਡੀ ਖੀਰ ਸਾਬਤ ਹੋਇਆ। ਉਹ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਕੇ ਉਸ ਦਾ ਠੀਕਰਾ ਰਾਜ ਸਰਕਾਰਾਂ 'ਤੇ ਭੰਨਣ ਲਗਦੀ ਹੈ। ਉਸ ਦੇ ਇਸ ਰਵੱਈਏ ਨਾਲ ਮਹਿੰਗਾਈ ਦੇ ਮੋਰਚੇ 'ਤੇ ਉਸ ਦੀ ਭੂਮਿਕਾ ਤੇ ਮਹਿੰਗਾਈ ਖਿਲਾਫ ਲੜਾਈ ਉਸ ਦੀ ਟਾਲ-ਮਟੋਲ ਦਾ ਅੰਦਾਜ਼ਾ ਵੀ ਅਸਾਨੀ ਨਾਲ ਲੱਗ ਜਾਂਦਾ ਹੈ ਤਾਂ ਹੀ ਤਾਂ ਇਹਨੀ ਦਿਨੀਂ ਲਗਾਤਾਰ ਮੀਟਿੰਗਾਂ ਦੇ ਬਾਵਜੂਦ ਉਸ ਲਈ ਮਹਿੰਗਾਈ ਨਾਲ ਨਿਪਟਣਾ ਮੁਸ਼ਕਿਲ ਸਾਬਤ ਹੋ ਰਿਹਾ ਹੈ। ਮਹਿੰਗਾਈ 'ਤੇ ਕਾਬੂ ਪਾਉਣ ਲਈ ਉਸ ਨੂੰ ਸੌ ਪਾਪੜ ਵੇਲਣੇ ਪੈ ਰਹੇ ਹਨ। ਏਨੀ ਮਿਹਨਤ ਪਿਛੋਂ ਵੀ ਸਿੱਟਾ ਸਿਫਰ ਦੇ ਬਰਾਬਰ ਹੈ। ਅਜਿਹੇ 'ਚ ਕਾਂਗਰਸ ਵਿਰੋਧੀ ਧਿਰ 'ਤੇ ਦੋਸ਼ ਲਾ ਰਹੀ ਹੈ ਕਿ ਮਹਿੰਗਾਈ ਦੇ ਮੋਰਚੇ 'ਤੇ ਉਸ ਦੀ ਸਰਗਰਮੀ ਸਿਰਫ ਇਕ ਵਿਖਾਵਾ ਹੈ। ਹਕੀਕਤ ਤਾਂ ਇਹ ਹੈ ਕਿ ਉਸ ਦੀਆਂ ਨੀਤੀਆਂ ਕਾਰਨ ਆਮ ਲੋਕ ਮਹਿੰਗਾਈ ਨਾਲ ਝੁਲਸ ਰਹੇ ਹਨ। ਭਾਜਪਾ ਨੇਤਰੀ ਤੇ ਲੋਕ ਸਭਾ 'ਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਕਹਿੰਦੀ ਹੈ ਕਿ "ਯੂਪੀ ਏ ਸਰਕਾਰ ਜਦ ਦੁਬਾਰਾ ਸੱਤਾ 'ਚ ਆਈ ਤਾਂ ਆਮ ਆਦਮੀ ਦਾ ਵਿਸਵਾਸ਼ ਸੀ ਕਿ ਮਹਿੰਗਾਈ ਘਟੇਗੀ, ਸਰਕਾਰ ਇਸ ਬਾਰੇ ਕੋਈ ਕਾਰਗਰ ਕਦਮ ਉਠਾਵੇਗੀ ਪਰ ਸਰਕਾਰ ਨੇ ਮਹਿੰਗਾਈ

ਘੱਟ ਕਰਨ ਦੀ ਥਾਂ ਉਸ ਨੂੰ ਵਧਾ ਦਿੱਤਾ। ਅੱਜ ਹਰ ਕੋਈ ਇਹ ਕਹਿੰਦਾ ਵੇਖਿਆ ਜਾ ਸਕਦਾ ਹੈ ਮਹਿੰਗਾਈ ਨਾਲ ਉਸ ਦਾ ਲੱਕ ਟੁੱਟ ਗਿਆ ਹੈ। ਇਹ ਲੱਕ ਤੋੜਨ ਵਾਲੀ ਕਾਂਗਰਸ ਹੈ। ਮਹਿੰਗਾਈ ਤੋਂ ਸਮਾਜ ਦਾ ਹਰ ਵਰਗਾ ਪ੍ਰੇਸ਼ਾਨ ਹੈ।" ਪਰ ਕਾਂਗਰਸ ਵਾਲੇ ਇਹ ਮੰਨਣ ਲਈ ਉਕਾ ਹੀ ਤਿਆਰ ਨਹੀਂ ਕਿ ਉਹਨਾਂ ਦੀ ਸਰਕਾਰ ਦੀਆਂ ਨੀਤੀਆਂ ਨਾਲ ਮਹਿੰਗਾਈ ਬੇਲਗਾਮ ਹੋ ਰਹੀ ਹੈ ਜਾਂ ਮਹਿੰਗਾਈ 'ਤੇ ਕਾਬੂ ਪਾਉਣ 'ਚ ਉਹ ਅਸਮਰਥ ਹੈ। ਉਲਟਾ ਕਾਂਗਰਸ ਤਾਂ ਇਹ ਕਹਿ ਰਹੀ ਹੈ ਕਿ ਲੋਕ ਵੱਧ ਖਾਣ ਲੱਗੇ ਹਨ ਇਸ ਲਈ ਚੀਜ਼ਾਂ ਦੀ ਘਾਟ ਹੋ ਰਹੀ ਹੈ ਤੇ ਕੀਮਤਾਂ ਵਧ ਰਹੀਆਂ ਹਨ। ਕਾਂਗਰਸ ਦਾ ਬੁਲਾਰਾ ਸ਼ਕੀਲ ਮਹਿਮਦ ਕਹਿੰਦੇ ਹਨ" ਕਾਂਗਰਸ ਸਰਕਾਰ ਸਮੇਂ ਪ੍ਰਤੀ ਵਿਅਕਤੀ ਦੀ ਆਮਦਨ 'ਚ ਵਾਧਾ ਹੋਇਆ ਹੈ, ਲੋਕਾਂ ਦੀ ਕਾਰਜ ਸ਼ਕਤੀ ਵਧੀ ਹੈ, ਬਾਜ਼ਾਰ 'ਚ ਮਹਿੰਗਾਈ ਤੇ ਚੀਜ਼ਾਂ ਦੀ ਕਮੀ ਦਾ ਇਹੀ ਮੁੱਖ ਕਾਰਨ ਹੈ। ਪਰ ਕਾਂਗਰਸ ਇਹ ਭੁੱਲ ਜਾਂਦੀ ਹੈ ਕਿ ਜਿਸ ਅਨੁਪਾਤ 'ਚ ਲੋਕਾਂ ਦੀ ਆਮਦਨ ਵਧੀ ਹੈ। ਮਹਿੰਗਾਈ ਉਸ ਤੋਂ ਕਈ ਗੁਣਾ ਵੱਧ ਤੇਜ਼ੀ ਨਾਲ ਛੜੱਪੇ ਮਾਰ ਰਹੀ ਹੈ। ਵਰਨਾ ਇਹ ਵਿਡੰਬਨਾ ਨਹੀਂ ਤਾਂ ਹੋਰ ਕੀ ਹੈ ਕਿ ਖੇਤੀ ਪ੍ਰਧਾਨ ਦੇਸ਼ ਭਾਰਤ 'ਚ ਖੇਤੀ ਉਪਜਾਂ ਨੂੰ ਲੈ ਕੇ ਹੀ ਸਾਡੇ ਹਾਲ ਮੰਦੇ ਹਾਂ। ਕਹਿਣ ਨੂੰ ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਇਥੋਂ ਦੀ 70 ਫੀਸਦੀ ਅਬਾਦੀ ਪਿੰਡਾਂ 'ਚ ਸਾਡਾ ਅਰਥਚਾਰ ਖੇਤੀ ਅਧਾਰਤ ਹੈ। ਪਰ ਸਾਨੂੰ ਹੀ ਖਾਣ ਲਈ ਅੰਨ ਨਸੀਬ ਨਹੀਂ। ਦਾਲਾਂ ਤੇ ਅਨਾਜ ਸਾਡੀਆਂ ਥਾਲੀਆਂ ਤੋਂ ਦੂਰ ਹੋ ਰਹੇ ਹਨ। ਫਲ-ਸਬਜ਼ੀਆਂ ਦੀ ਤਾਂ ਗੱਲ ਹੀ ਛੱਡ ਦਿਉ। ਉਹ ਤਾਂ ਹੁਣ ਜਾਗੀਰੂ ਸ਼ੌਂਕ ਦੀਆਂ ਵਸਤਾਂ ਬਣਦੀਆਂ ਜਾ ਰਹੀਆਂ ਹਨ। ਬੇਸ਼ਰਮ ਸਰਕਾਰ, ਆਰਥਕ ਉਨਤੀ ਹਵਾਲਾ ਦਿੰਦਿਆਂ ਮੰਗ ਤੇ ਸਪਲਾਈ 'ਚ ਫਰਕ ਨੂੰ ਮਹਿੰਗਾਈ ਦਾ ਕਾਰਨ ਦਸੱਣ 'ਚ ਲੱਗੀ ਹੈ। ਜਦ ਕਿ ਹਕੀਕਤ ਇਹ ਹੈ ਕਿ ਫੀ ਵਿਅਕਤੀ ਆਮਦਨ ਸਬੰਧੀ ਅਸੀਂ ਸੈਂਕੜੇ ਦੇਸ਼ਾਂ ਤੋਂ ਪਿੱਛੋਂ ਹਾਂ ਦੁਨੀਆਂ ਦੇ 219 ਦੇਸ਼ਾਂ 'ਚ ਸਾਡਾ ਨੰਬਰ 133ਵਾਂ ਹੈ। ਕੀ ਇਸ ਨੂੰ ਹੀ ਆਤਮ ਨਿਰਭਰਤਾ ਕਿਹਾ ਜਾਵੇ? ਹੱਦ ਤਾਂ ਇਹ ਹੈ ਕਿ ਮਹਿੰਗਾਈ ਨਾਲ ਲੜਨ ਦੀ ਥਾਂ ਕੇਂਦਰ ਸਰਕਾਰ ਇਸ ਲਈ ਬੜੇ ਬੇਸ਼ਰਮੀ ਨਾਲ ਰਾਜ ਸਰਕਾਰਾਂ 'ਤੇ ਦੋਸ਼ ਮੜਨ ਲੱਗੀ ਹੋਈ ਹੈ। ਉਸ ਅਨੁਸਾਰ ਰਾਜ ਸਰਕਾਰਾਂ ਦੀਆਂ ਨੀਤੀਆਂ ਮਹਿੰਗਾਈ ਵਧਣ ਦਾ ਕਾਰਨ ਹਨ। ਤਾਂ ਕੀ ਕਾਂਗਰਸ ਕੋਲ ਇਸ ਗੱਲ ਦਾ ਜੁਆਬ ਹੈ ਕਿ ਉਸ ਦੀ ਹਕੂਅਤ ਵਾਲੇ ਰਾਜਾਂ 'ਚ ਉਸ ਦੀ ਸਰਕਾਰ ਕਿਉਂ ਚੁੱਪ ਹੈ? ਜੇ ਵਿਰੋਧੀ ਧਿਰ ਇਹ ਮਹਿੰਗਾਈ ਲਈ ਜ਼ਿੰਮੇਵਾਰ ਮੰਨਦੀ ਹੈ ਤਾਂ ਉਸ ਦੀਆਂ ਸਰਕਾਰਾਂ ਵਾਲੇ ਰਾਜ 'ਚ ਵੀ ਮਹਿੰਗਾਈ ਕਿਉਂ ਆਕਾਸ਼ ਛੂਹ ਰਹੀ ਹੈ? ਇਸ ਦਾ ਸਾਫ ਮਤਲਬ ਹੈ ਕਿ ਉਹ ਵੀ ਮਹਿੰਗਾਈ ਨੂੰ ਕਾਬੂ ਕਰਨ ਦੇ ਮੋਰਚੇ 'ਤੇ ਪਿਛੜੀ ਸਾਬਿਤ ਹੋ ਰਹੀ ਹੈ? ਅੱਜ ਮਹਿੰਗਾਈ ਦਾ ਆਲਮ ਇਹ ਹੈ ਕਿ ਸਮਾਜ ਦਾ ਹਰ ਤਬਕਾ ਇਸ ਤੋਂ ਦੁਖੀ ਹੈ। ਖਾਣ ਵਾਲੀਆਂ ਵਸਤਾਂ ਦੇ ਭਾਅ ਤਾਂ ਪਹੁੰਚ ਤੋਂ ਦੂਰ ਹੋਏ ਹੀ ਹਨ, ਦੁੱਧ, ਸਬਜ਼ੀ ਤੇਲ 'ਚ ਵੀ ਅੱਗ ਲੱਗੀ ਹੋਈ ਹੈ। ਸਿਖਿਆ ਤੋਂ ਲੈ ਕੇ ਸਿਹਤ, ਹਰ ਚੀਜ਼ ਲਈ ਲੋਕਾਂ ਨੂੰ ਕੀਮਤ ਚੁਕਾਉਣ 'ਚ ਪਸੀਨੇ ਛੁੱਟ ਰਹੇ ਹਨ। ਅਜਿਹੇ 'ਚ ਆਮ ਆਦਮੀ ਜਿਉਂਦਾ ਰਹੇ ਤਾਂ ਕਿਵੇਂ ਰਹੇ? ਪਰ ਸਰਕਾਰ ਨੂੰ ਇਸ ਦੀ ਫਿਕਰ ਕਿਥੇ। ਉਸ ਨੂੰ ਤਾਂ ਇਕ ਮਜ਼ਾਕ ਲਗਦਾ ਹੈ ਕਿ ਲੋਕ ਮਹਿੰਗਾਈ ਦਾ ਰੋਣਾ ਰੋ ਰਹੇ ਹਨ। ਕਾਂਗਰਸ ਦੇ ਕਈ ਲੀਡਰ ਸ਼ਰੇਆਮ ਇਹ ਕਹਿੰਦੇ ਵੇਖੇ ਗਏ ਹਨ ਕਿ ਮਹਿੰਗਾਈ ਵਧਣ ਦੀ ਗੱਲ

ਅਧਾਰ ਹੀਣ ਹੈ। ਉਹਨਾਂ ਨੂੰ ਲੱਗਦਾ ਹੈ ਕਿ ਵਕਤ ਦੇ ਨਾਲ ਤਾਂ ਹਰ ਚੀਜ਼ ਦਾ ਭਾਅ ਵਧਦਾ ਹੈ ਠੀਕ ਉਸੇ ਤਰ੍ਹਾਂ ਜਿਵੇਂ ਬੰਦੇ ਨਾਲ ਉਸ ਦੀ ਆਮਦਨ ਵਧਦੀ ਹੈ ਪਰ ਸ਼ਾਇਦ ਇਹਨਾਂ ਨੂੰ ਇਹ ਨਜ਼ਰ ਨਹੀਂ ਆ ਰਿਹਾ ਕਿ ਆਮਦਨ ਜੇ ਦੁੱਗਣੀ ਰਫਤਾਰ ਨਾਲ ਵਧ ਰਹੀ ਹੈ ਤਾਂ ਮਹਿੰਗਾਈ ਸੌ ਗੁਣਾ। ਪਿਛਲੇ ਇਕ ਦੋ ਸਾਲਾਂ ਦੇ ਹੀ ਅੰਕੜੇ ਲਓ ਤਾਂ ਹਰ ਚੀਜ਼ ਦੇ ਭਾਅ ਸੌ ਗੁਣਾ ਵਧ ਗਏ ਹਨ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਤਾਂ ਹਰ ਮਹੀਨੇ 10 ਫੀਸਦੀ ਦੀ ਦਰ ਨਾਲ ਵਧ ਰਹੀਆਂ ਹਨ। ਇਸੇ ਸਾਲ ਢੋਹਾ-ਢੁਹਾਈ ਦਾ ਖਰਚਾ ਵਧ ਰਿਹਾ ਹੈ। ਜੋ ਆਮ ਆਦਮੀ ਦਾ ਹੋਰ ਲੱਕ ਤੋੜ ਰਿਹਾ ਹੈ। ਸਰਕਾਰ ਦੀ ਫਰਜ਼ ਪੂਰਤੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੀਟਿੰਗਾਂ ਤੇ ਮੀਟਿੰਗਾਂ ਕਰ ਰਹੀ ਹੈ ਤਾਂ ਕਿ ਲੋਕਾਂ ਨੂੰ ਮਹਿੰਗਾਈ ਦੀ ਡੈਣ ਤੋਂ ਬਚਾਇਆ ਜਾ ਸਕੇ। ਪਰ ਮਹਿੰਗਾਈ ਘਟਣ ਦੀ ਥਾਂ ਵਧਦੀ ਜਾ ਰਹੀ ਹੈ। ਸਾਡੀ ਸਰਕਾਰ ਸਾਡੇ ਬਾਰੇ ਕਿੰਨਾ ਸੋਚਦੀ ਹੈ ਇਹ ਉਸ ਦੀਆਂ ਨੀਤੀਆਂ ਤੋਂ ਸਾਫ ਸਪੱਸ਼ਟ ਹੈ ਕਿ ਉਹ ਮਹਿੰਗਾਈ ਤੋਂ ਭਾਵੇਂ ਹੀ ਸਾਨੂੰ ਛੁਟਕਾਰਾ ਨਾ ਦਵਾ ਸਕੇ ਪਰ ਵੱਖ ਵੱਖ ਤਰ੍ਹਾਂ ਦੇ 400 ਟੈਕਸਾਂ ਦਾ ਬੋਝ ਸਾਡੇ ਉਪਰ ਜ਼ਰੂਰ ਪਾ ਰੱਖਿਆ ਹੈ। ਜ਼ਿਕਰਯੋਗ ਹੈ ਕਿ ਇਹਨਾਂ 'ਚ ਬਹੁਤੇ ਟੈਕਸ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਹਕੂਮਤ ਸਮੇਂ ਲੱਗੇ ਹਨ। ਇਹ ਆਪਣੇ ਅਰਥਸ਼ਾਸ਼ਤਰੀਆਂ ਦੀ ਫੌਜ ਦੀ ਬਦੌਲਤ ਭਾਰਤ ਨੂੰ ਦੁਨੀਆਂ ਦੀ ਆਰਥਕ ਮਹਾਂ ਸ਼ਕਤੀ ਬਣਾਉਣ 'ਤੇ ਤੁਲੇ ਹਨ। ਪਰ ਉਹਨਾਂ ਨੂੰ ਗਰੀਬਾਂ ਦਾ ਉੱਕਾ ਹੀ ਫ਼ਿਕਰ ਨਹੀਂ।

ਕਾਂਗਰਸ ਆਪਣਾ ਹੱਥ ਆਮ ਆਦਮੀ ਨਾਲ ਹੋਣ ਦਾ ਦਾਅਵਾ ਕਰਦੀ ਹੈ। ਪਰ ਆਮ ਆਦਮੀ ਉਸ ਦੇ ਏਜੰਡੇ ਦੇ ਸਭ ਤੋਂ ਹੇਠਲੇ ਡੰਡੇ 'ਤੇ ਖੜ੍ਹਾ ਨਜ਼ਰ ਆਉਂਦਾ ਹੈ। ਆਪਣਾ ਦਾਮਨ ਸਾਫ ਵਿਖਾਉਣ ਲਈ ਉਹ ਮਹਿੰਗਾਈ ਦਾ ਠੀਕਰਾ ਕਦੀ ਵਿਰੋਧੀ ਪਾਰਟੀਆਂ 'ਤੇ ਅਤੇ ਕਦੀ ਗੱਠਜੋੜ ਸਹਿਯੋਗੀਆਂ ਸਿਰ ਭੰਨਦੀ ਹੈ। ਪਰ ਕੀ ਉਸ ਪਾਸ ਇਸ ਗੱਲ ਦਾ ਜੁਆਬ ਹੈ ਕਿ ਕਿਉਂ ਮਹਿੰਗਾਈ ਦੇ ਮੁੱਦੇ 'ਤੇ ਉਸ ਦੇ ਨੇਤਾ ਹੀ ਵੱਖ-ਵੱਖ ਰਾਗ ਅਲਾਪ ਰਹੇ ਹਨ? ਕੋਈ ਭਵਿੱਖਬਾਣੀ ਕਰਦਾ ਹੈ ਕਿ ਇਕ ਹਫਤੇ 'ਚ ਇਸ 'ਤੇ ਕਾਬੂ ਪਾ ਲਿਆ ਜਾਵੇਗਾ ਤਾਂ ਕੋਈ ਦੋ ਤਿੰਨ ਮਹੀਨੇ ਦਾ ਸਮਾਂ ਨਿਰਧਾਰਿਤ ਕਰਦਾ ਹੈ ਤੇ ਕਿਸੇ ਦੀ ਨਜ਼ਰਾਂ 'ਚ ਤਾਂ ਇਹ ਸਾਲ ਭਰ ਪਿੱਛੋਂ ਹੀ ਨਜ਼ਰ ਆਵੇਗਾ ਕਿ ਮਹਿੰਗਾਈ ਘਟੇਗੀ ਜਾਂ ਨਹੀਂ? ਜਿਸ ਦਰ ਨਾਲ ਮਹਿੰਗਾਈ ਵਧ ਰਹੀ ਹੈ ਉਸ ਤੋਂ ਲਗਦਾ ਹੈ ਕਿ ਆਰਥਕ ਐਮਰਜੰਸੀ ਵਲ ਵਧ ਰਿਹਾ ਹੈ ਦੇਸ਼ ਤੇ ਉਹ ਵੀ ਅਜੇ ਸਥਿਤੀ ਉਦੋਂ ਹੈ ਜਦੋਂ ਸਾਡੇ ਇਥੇ ਮਹਿੰਗਾਈ ਦਰ ਹੋਲ ਸੇਲ ਰੇਟ ਦੇ ਆਧਾਰ 'ਤੇ ਨਾਪੀ ਜਾਂਦੀ ਹੈ। ਜਦ ਕਿ ਵਿਦੇਸ਼ਾਂ 'ਚ ਇਹ ਪ੍ਰਚੂਣ ਦੇ ਰੇਟਾਂ ਅਨੁਸਾਰ ਨਾਪੀ ਜਾਂਦੀ ਹੈ। ਜੇ ਵਿਦੇਸ਼ਾਂ ਦੀ ਪ੍ਰਣਾਲੀ ਇਥੇ ਅਪਣਾਈ ਜਾਵੇ ਤਾਂ ਹਾ ਹਾ ਕਾਰ ਹੀ ਮੱਚ ਜਾਵੇ। ਭਾਈ ਅਜਿਹਾ ਇਕਨਾਮਿਕ ਰਿਜੋਲੂਸ਼ਣ ਸਰਕਾਰ ਆਪਣੇ ਕੋਲ ਰੱਖੇ ਤਾਂ ਬੇਹਤਰ ਹੈ। ਸਰਕਾਰ ਦੇ ਅਰਥਸਾਸ਼ਤਰੀਆਂ ਨੇ ਲੋਕਾਂ ਦਾ ਜਿਉਣਾ ਮੁਸ਼ਕਲ ਕਰ ਰੱਖਿਆ ਹੈ। ਪਤਾ ਨਹੀਂ ਉਹ ਕਿਸ ਐਨਕ ਨਾਲ ਭਾਰਤੀ ਅਰਥਚਾਰੇ ਨੂੰ ਵੇਖ ਰਹੇ ਹਨ। ਤੇ ਕਿਹੜੀ ਐਨਕ ਪਹਿਲ ਕੇ ਮਹਿੰਗਾਈ ਦੂਰ ਕਰਨ ਦੇ ਉਪਾਅ ਕਰ ਰਹੇ ਹਨ। ਇਕ ਪਾਸੇ ਮਹੱਤਵਪੂਰਨ ਗੱਲ ਹੈ ਕਿ ਲਗਾਤਾਰ ਅਸੁਭਾਵਿਕ ਮਹਿੰਗਾਈ ਲਈ ਸਰਕਾਰ ਵਲੋਂ ਮੰਗ ਤੇ ਸਪਲਾਈ ਨੂੰ ਕਾਰਣ ਦੱਸਿਆ ਜਾ ਰਿਹਾ ਹੈ ਅਤੇ ਉਸ

ਦੇ ਮੱਦੇਨਜ਼ਰ ਵਧ ਕਦਮ ਚੁੱਕੇ ਜਾ ਰਹੇ ਹਨ। ਪਰ ਇਹ ਤਾਂ ਹਨੇਰੇ 'ਚ ਤੀਰ ਮਾਰਨ ਵਰਗਾ ਹੈ। ਹਕੀਕਤ ਤਾਂ ਇਹ ਹੈ ਕਿ ਭਾਰਤ 'ਚ ਮਹਿੰਗਾਈ ਜਮਾਖੋਰਾਂ ਦੀ ਕਰਤੂਤ ਕਰਕੇ ਹੈ। ਜਿਸ ਨੂੰ ਸਰਕਾਰੀ ਸ਼ਹਿ ਮਿਲ ਰਹੀ ਹੈ। ਵਰਨਾ ਕਿਉਂ ਸਰਕਾਰ ਦੇ ਮੰਤਰੀ ਮਹਿੰਗਾਈ ਸੰਬੰਧੀ ਸੇਕਤਕ ਭਵਿੱਖਬਾਣੀਆਂ ਕਰਦੇ ਰਹਿੰਦੇ ਹਨ। ਸ਼ਰਦ ਪਵਾਰ ਨੂੰ ਹੀ ਲਓ ਤਾਂ ਅਕਸਰ ਇਸ ਮਾਮਲੇ 'ਚ ਉਹ ਇਹ ਕਹਿੰਦੇ ਵੇਖੇ ਜਾਂਦੇ ਹਨ ਕਿ ਚੀਨੀ ਦੇ ਭਾਅ ਤਿੰਨ ਮਹੀਨਿਆਂ ਪਿੱਛੋਂ ਘਟਣਗੇ ਜਾਂ ਫਲਾਂ ਚੀਜ਼ਾਂ ਦੀਆਂ ਕੀਮਤਾਂ 'ਚ ਫਲਾਂ-ਫਲਾਂ ਸਮਾਂ ਪਿੱਛੋਂ ਉਤਾਰ ਆਵੇਗਾ। ਇਸ ਨਾਲ ਜਮ੍ਹਾਂ ਖੋਰਾਂ ਨੂੰ ਇਹ ਸੰਕੇਤ ਦਿੱਤਾ ਜਾਂਦਾ ਹੈ ਕਿ ਏਨੇ ਦਿਨਾਂ ਤੱਕ ਚੀਜ਼ਾਂ ਦਬਾ ਕੇ ਰੱਖੋ, ਕਮਾਈ ਹੋਵੇਗੀ। ਇਸ ਕਮਾਈ ਦੇ ਹਿੱਸੇਦਾਰ ਸਾਰੇ ਹੀ ਬਣੇ ਹੋਏ ਹਨ। ਪਿਸ ਰਹੀ ਹੈ ਜਨਤਾ। ਮੰਗ-ਸਪਲਾਈ ਦੀ ਕਠਿਨਾਈ ਜੇ ਮਹਿੰਗਾਈ ਦੀ ਵਜ੍ਹਾ ਹੁੰਦੀ ਤਾਂ ਅੱਜ ਦਾਲਾਂ ਦੇ ਭਾਅ ਆਕਾਸ਼ ਨਾ ਛੂੰਹਦੇ। ਦਾਲਾਂ ਸਬੰਧੀ ਕਿਹਾ ਜਾ ਰਿਹਾ ਹੈ ਕਿ ਉਸ ਦੀ ਪੈਦਾਵਾਰ 'ਚ ਕਮੀ ਨਾਲ ਇਹਨਾਂ ਦੀਆਂ ਕੀਮਤਾਂ ਵਧੀਆਂ ਹਨ ਪਰ ਇਹ ਕੋਰਾ ਝੂਠ ਹੈ। ਸਾਲ 2008 'ਚ ਦੇਸ਼ 'ਚ 147.6 ਲੱਖ ਟਨ ਅਨਾਜ ਦੀ ਪੈਦਾਵਾਰ ਹੋਈ ਤੇ 2009 'ਚ 146.6 ਲੱਖ ਟਨ। ਫਿਲਵਕਤ ਦੇਸ਼ 'ਚ ਦਾਲਾਂ ਦੀ ਮੰਗ 170 ਲੱਖ ਟਨ ਦੇ ਆਸਪਾਸ ਹੈ। ਸਰਕਾਰ ਨੇ 25 ਲੱਖ ਟਨ ਦਾਲ ਦੀ ਦਰਾਮਦ ਵੀ ਕੀਤੀ ਹੈ। ਯਾਨੀ ਸਾਡੇ ਕੋਲ 171.6 ਲੱਖ ਟਨ ਦਾਲ ਹੈ ਜੋ ਮੰਗ ਤੋਂ ਵੱਧ ਹੈ। ਫਿਰ ਵੀ ਦਾਲ ਦੇ ਭਾਅ ਏਨੇ ਕਿਉਂ? ਕੀ ਅਚਾਨਕ ਅਸੀਂ ਲੋਕਾਂ ਨੇ ਦਾਲ ਖਾਣੀ ਸ਼ੁਰੂ ਕਰ ਦਿੱਤੀ ਹੈ? ਸਰਕਾਰ ਕੋਲ ਹੈ ਕੋਈ ਇਸ ਦਾ ਜੁਆਬ? ਦਰਅਸਲ ਇਹ ਲੋਕਾਂ ਨਾਲ ਖੇਡ ਖੇਡ ਰਹੀ ਹੈ। ਉਸ ਨੂੰ ਗਲਤ ਤਸਵੀਰ ਵਿਖਾ ਕੇ ਆਪਣੀਆਂ ਨਜਾਇਜ਼ ਚਾਹਤਾਂ ਨੂੰ ਪੂਰਾ ਕਰਨ ਦੀ ਖੇਡ/ ਮਹਿੰਗਾਈ ਦਾ ਮਹੌਲ ਖੜ੍ਹਾ ਕਰਕੇ ਉਹ ਬਾਜ਼ਾਰ 'ਚ ਵੱਡੀਆਂ ਰਿਟੇਲ ਕੰਪਨੀਆਂ ਨੂੰ ਪੈਰ ਜਮਾਉਣ ਦੀ ਥਾਂ ਮੁਹਈਆ ਕਰ ਰਹੀ ਹੈ। ਪਹਿਲਾਂ ਕਿਹਾ ਜਾਂਦਾਸੀ ਕਿ ਚੀਜ਼ਾਂ ਮਹਿੰਗੀਆਂ ਇਸ ਲਈ ਹੋ ਜਾਂਦੀਆਂ ਹਨ ਕਿਉਂਕਿ ਬਾਜ਼ਾਰ ਤਕ ਪਹੁੰਚਣ ਦੇ ਵਿਚਕਾਰ ਇਸ 'ਚ ਥੋਕ ਏਜੰਟ, ਕਮਿਸ਼ਨ ਏਜੰਟ ਅਤੇ ਅਣਗਿਣਤ ਵਿਚੋਲੇ ਸ਼ਾਮਲ ਹੋ ਜਾਂਦੇ ਹਨ। ਤਰਕ ਦਿੱਤਾ ਗਿਆ ਕਿ ਇਸ ਨਾਲ ਛੁਟਕਾਰਾ ਮਿਲ ਜਾਵੇਗਾ ਤਾਂ ਚੀਜ਼ਾਂ ਸਸਤੀਆਂ ਹੋ ਜਾਣ। ਇਹ ਸੁਪਨਾ ਦਿਖਾ ਕੇ ਵੱਡੀਆਂ ਜਥੇਬੰਦ ਵੱਡੀਆਂ ਵਿਦੇਸ਼ੀ ਘਰੇਲੂ ਰਿਟੇਲ ਕੰਪਨੀਆਂ ਨੂੰ ਸ਼ਹਿਰਾਂ ਤੋਂ ਲੈ ਕੇ ਛੋਟੇ-ਛੋਟੇ ਕਸਬਿਆਂ 'ਚ ਆਪਣੀਆਂ ਦੁਕਾਨਾਂ ਸਜਾਉਣ ਦਾ ਮੌਕਾ ਦਿੱਤਾ ਗਿਆ। ਢੇਰ ਸਾਰੀਆਂ ਸਰਕਾਰੀ ਰਿਆਇਤਾਂ ਤੇ ਸਹੂਲਤਾਂ ਦੇ ਨਾਲ। ਪਰ ਇਸ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਕੀਮਤਾਂ 'ਤੇ। ਅੱਜ ਏਨੀਆਂ ਵੱਡੀਆਂ ਦੁਕਾਨਾਂ ਵਿਚ ਵੀ ਖਾਣ ਵਾਲੀਆਂ ਚੀਜ਼ਾਂ ਉਸੇ ਕੀਮਤ 'ਤੇ ਮਿਲਦੀਆਂ ਹਨ ਜੋ ਪ੍ਰਚੂਨ 'ਚ ਛੋਟੇ ਵਪਾਰੀ ਮੁਹਈਆ ਕਰਵਾ ਰਹੇ ਹਨ। ਫਿਰ ਕਿਉਂ ਦਿੱਤੇ ਗਏ ਇਹਨਾਂ ਕੰਪਨੀਆਂ ਨੂੰ ਛੋਟੇ ਦੁਕਾਨਾਦਾਰਾਂ ਦੀ ਰੋਜ਼ੀ ਹੜੱਪਣ ਦੇ ਲਾਇਸੰਸ? ਇਸ ਨਾਲ ਨਾ ਤਾਂ ਲੋਕਾਂ ਨੂੰ ਰਾਹਤ ਮਿਲੀ ਤੇ ਨਾ ਛੋਟੇ ਵਪਾਰੀਆਂ ਤੇ ਹਾਕਮਾਂ ਨੂੰ। ਫਾਇਦਾ ਹੋਇਆ ਤਾਂ ਵੱਡੀਆਂ ਕੰਪਨੀਆਂ ਤੇ ਸਰਕਾਰੀ ਅਮਲੇ 'ਚ ਸ਼ਾਮਲ ਕਮਿਸ਼ਨਬਾਜ਼ਾਂ ਨੂੰ। ਕਿਸਾਨ ਦੀ ਹਾਲਤ ਵੀ ਜਿਉਂ ਦੀ ਤਿਉਂ ਹੀ ਹੈ। ਅੱਜ ਵੀ ਉਹ ਆਪਣੇ ਆਲੂ ਤਿੰਨ ਰੁਪਏ ਕਿਲੋ ਵੇਚਦਾ ਹੈ। ਜੋ ਬਾਜ਼ਾਰ ਅੰਦਰ 30 ਰੁਪੈ ਵੇਚੇ ਜਾਂਦੇ ਹਨ। ਇਹ ਹਕੀਕਤ ਹੈ ਕਿ ਜੋ ਚੌਲ ਅਸੀਂ ਬਾਜ਼ਾਰ 'ਚ ਤੀਹ ਰੁਪੈ ਕਿਲੋ ਲੈ ਕੇ ਖਾਂਦੇ

ਹਾਂ ਉਹ ਖੇਤਾਂ 'ਚੋਂ ਕਿਸਾਨਾਂ ਪਾਸੋਂ 10 ਰੁਪਏ ਦੇ ਭਾਅ ਖਰੀਦੇ ਜਾ ਸਕਦੇ ਹਨ। ਪਰ ਸਾਡੀ ਪਹੁੰਚ ਉਹਨਾਂ ਖੇਤਾਂ ਤੱਕ ਨਹੀਂ ਹੈ। ਉਥੇ ਪਹੁੰਚ ਰੱਖਣ ਵਾਲੇ ਸਾਨੂੰ ਵੀ ਲੁੱਟ ਰਹੇ ਹਨ ਤੇ ਕਿਸਾਨਾਂ ਨੂੰ ਵੀ। ਜਿਥੋਂ ਤੱਕ ਵਿਰੋਧੀ ਧਿਰ ਦਾ ਸੁਆਲ ਹੈ ਤਾਂ ਉਸ ਨੂੰ ਸਿਰਫ ਸਰਕਾਰ ਨੂੰ ਘੇਰ ਕੇ ਆਪਣਾ ਉਲੂ ਸਿੱਧਾ ਕਰਨ ਦੀ ਮੰਸ਼ਾ ਹੈ। ਉਹ ਧਿਰ ਸੋਚਦੀ ਹੈ ਕਿ ਕਿਸੇ ਤਰ੍ਹਾਂ ਇਸ ਨੂੰ ਏਨਾ ਵੱਡਾ ਮੁੱਦਾ ਬਣਾ ਦਿੱਤਾ ਜਾਵੇ ਕਿ ਸੰਸਦ 'ਚ ਇਸ ਸਬੰਧੀ ਵੋਟਿੰਗ ਦੀ ਨੌਬਤ ਆ ਜਾਵੇ। ਕੁਝ ਸਹਿਯੋਗੀ ਪਾਰਟੀਆਂ ਵੀ ਲੋਕਾਂ ਨੂੰ ਵਿਖਾਵੇ ਲਈ ਸਰਕਾਰ ਖਿਲਾਫ ਵੋਟਿੰਗ ਕਰ ਸਕਦੀਆਂ ਹਨ। ਲਿਹਾਜਾ ਸਰਕਾਰ ਡਿੱਗਣ ਦੀ ਨੌਬਤ ਤਕ ਆਸਕ ਦੀ ਹੈ। ਇਸ ਮਾਮਲੇ 'ਚ ਵਿਰੋਧੀ ਖੇਮੇ 'ਚ ਵਿਚਾਰ ਚਰਚਾ ਚਲ ਵੀ ਰਹੀ ਹੈ। ਕਾਂਗਰਸ ਨੂੰ ਲੋਕਾਂ ਦੀ ਪ੍ਰਵਾਹ ਘੱਟ ਤੇ ਸਰਕਾਰ ਡਿਗਣੋ ਬਚਾਉਣ ਦੀ ਕਸਰਤ ਵੱਧ ਕਰਨ ਦੀ ਕਾਹਲੀ ਹੈ। ਕੀ ਸਰਕਾਰ ਬਚਣ ਬਚਾਉਣ ਨਾਲ ਮਹਿੰਗਾਈ ਦੀ ਸਮੱਸਿਆ ਹੱਲ ਹੋ ਜਾਵੇਗੀ? ਸਰਕਾਰੀ ਕਰਿੰਦੇ ਮਨੋਵਿਗਿਆਨਕ ਤਰੀਕੇ ਨਾਲ ਜੋ ਇਸ ਸਮੱਸਿਆ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ ਉਸ ਤਰੀਕੇ/ਸੋਚ 'ਚ ਬਦਲਾਅ ਦੀ ਲੋੜ ਹੈ। ਮਹਿੰਗਾਈ ਰੋਕਣ ਲਈ ਕੇਂਦਰ ਸਰਕਾਰ ਹਵਾ 'ਚ ਹੱਥ ਪੈਰ ਮਾਰ ਰਹੀ ਹੈ। ਅਸਲ ਮੁੱਦੇ 'ਤੇ ਉਹ ਪਹੁੰਚਣਾ ਨਹੀਂ ਚਾਹੁੰਦੀ ਉਹ ਮੰਗ ਤੇ ਸਪਲਾਈ ਦੀ ਗਿਣਤੀ ਸਹੀ ਕਰ 'ਚ ਲੱਗੀ ਹੋਈ ਹੈ। ਦਰਾਮਦ ਵਧਾਉਣ ਤੇ ਬਰਾਮਦ 'ਤੇ ਪਾਬੰਦੀ ਦੀ ਗੱਲ ਕਰ ਰਹੀ ਹੈ। ਜਮਾਖੋਰਾਂ 'ਤੇ ਨਜ਼ਰ ਰੱਖਣ ਦਾ ਵਿਖਾਵਾ ਕਰ ਰਹੀ ਹੈ। ਪਰ ਇਸ ਦੇ ਬਾਵਜੂਦ ਕੁਝ ਹੋਣ ਵਾਲਾ ਨਹੀਂ? ਰਾਜ ਸਰਕਾਰਾਂ 'ਤੇ ਉਹ ਦੋਸ਼ ਮੜੇਗੀ ਤੇ ਰਾਜ ਸਰਕਾਰਾਂ ਕੇਂਦਰ 'ਤੇ ਹਮੇਸ਼ਾ ਇਹੀ ਹੁੰਦਾ ਆਇਆ ਹੈ। ਹੋਣਾ ਕੁਝ ਨਹੀਂ। ਮਹਿੰਗਾਈ ਦੀ ਮਾਰ ਕਾਰਨ ਮਰਦੇ ਰਹਿਣਗੇ ਬੇਵਸ ਲੋਕਾਂ ਵਿਰੋਧੀ ਧਿਰ ਵੀ ਸਿਰਫ਼ ਸ਼ੋਰ ਸ਼ਰਾਬਾ ਕਰਨਾ ਹੀ ਜਾਣਦੀ ਹੈ। ਦਰਅਸਲ ਸਭ ਇੱਕੋ ਥੈਲੀ ਦੇ ਚੱਟੇ-ਬੱਟੇ ਹਨ। ਸਭ ਮੁਕਤ ਬਜ਼ਾਰ ਦੀ ਭਾਰੀ ਮੁਨਾਫਾ ਖੋਰੀ 'ਚ ਆਪਣੇ ਹੱਥ ਸੇਕ ਰਹੇ ਹਨ। ਭਾਜਪਾ ਨੂੰ ਤਾਂ ਵਪਾਰੀਆਂ ਦੀ ਪਾਰਟੀ ਕਿਹਾ ਜਾਂਦਾ ਹੈ ਤੇ ਕਾਂਗਰਸ ਨੂੰ ਜਮ੍ਹਾਂਖੋਰਾਂ ਦੀ ਸਰਕਾਰ ਵਜੋਂ। ਕਿਸ ਤੋਂ ਉਮੀਦ ਰੱਖੀਏ? ਸਭ ਧੋਖਾ ਦੇ ਰਹੇ ਹਨ। ਭਰਿਸ਼ਟ ਨੇਤਾਵਾਂ ਦਾ ਟੋਲਾ ਸਾਨੂੰ ਬਰਬਾਦ ਕਰਕੇ ਆਪਣੀਆਂ ਪੁਸ਼ਤਾਂ ਲਈ ਸਮਾਨ ਜੋੜ ਰਿਹਾ ਹੈ। ਮਹਿੰਗਾਈ ਨੂੰ ਮਜ਼ਾਕ ਦਾ ਵਿਸ਼ਾ ਬਣਾ ਦਿੱਤਾ ਗਿਆ ਹੈ। ਮੀਡੀਆ ਤੋਂ ਲੈ ਕੇ ਰਾਜਸੀ ਪਾਰਟੀਆਂ ਤੇ ਸਮਾਜਕ ਸੰਗਠਨਾਂ ਤੋਂ ਲੈ ਕੇ ਵਪਾਰੀ ਵਰਗ ਤਕ ਗਲਾ ਫਾੜ ਰਿਹਾ ਹੈ। ਸਾਨੂੰ ਰਾਹਤ ਦੇਣ ਲਈ ਨਹੀਂ ਆਪਣੇ ਪੇਟ 'ਚ ਵਧ ਤੋਂ ਵੱਧ ਪਾਉਣ ਲਈ। ਅਜਿਹਾ ਕਰਕੇ ਉਹ ਤੰਗੀ ਦੇ ਸ਼ਿਕਾਰ ਲੋਕਾਂ ਦੀ ਜੁਆਬ ਬੰਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੋੜ ਹੈ ਆਪਣੀ ਨਿਰਪੱਖ ਆਵਾਜ਼ ਬੁਲੰਦ ਕਰਨ ਦੀ। ਰਸਤੇ ਕਈ ਹਨ। ਲੋੜ ਹੈ ਖਾਮੋਸ਼ੀ ਤੋੜਨ ਦੀ।

# ਬਾਰੂਦ ਦੇ ਸੌਦਾਗਰਾਂ ਤੋਂ ਕੀ ਕਰੀਏ ਅਮਨ ਦੀ ਉਮੀਦ

ਦਸੰਬਰ ਦੇ ਆਖਰੀ ਹਫਤੇ 'ਚ ਅਮਰੀਕੀ ਸੇਨਟ ਨੇ ਵਾਸ਼ਿੰਗਟਨ ਤੇ ਕ੍ਰੇਮਲਿਨ ਵਿਚਕਾਰ ਹੋਏ ਨਵੇਂ ਸਟਾਰਟ ਸਮਝੌਤੇ 'ਤੇ ਆਪਣੀ ਮੋਹਰ ਲਾ ਕੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਤਸੱਲੀ ਤਾਂ ਦਿਵਾਈ ਹੀ, ਨਾਲ ਹੀ ਦੁਨੀਆਂ ਦੇ ਸ਼ਾਂਤੀ ਵੱਲ ਵਧਾਉਣ ਦਾ ਭਰੋਸਾ ਵੀ ਦਿਵਾਇਆ। ਦਰਅਸਲ ਇਹ ਸਮਝੌਤਾ ਬਰਾਕ ਓਬਾਮਾ ਤੇ ਦਮਿਤਰੀ ਮੇਦਮੇਦੇਵ ਵਿਚਕਾਰ ਅਪ੍ਰੈਲ 2010 'ਚ ਪਰਾਗਵੇ 'ਚ ਸਾਈਨ ਹੋਇਆ ਸੀ ਜਿਸ ਤਹਿਤ ਦੋਨੋ ਦੇਸ਼ਾਂ ਨੇ ਤਹਿ ਕੀਤਾ ਸੀ ਕਿ ਉਹ ਆਪਣੇ ਨਿਊਕਲੀਅਰ ਮੁਖਾਸਰਾਂ ਨੂੰ 1550 ਦੀ ਗਿਣਤੀ ਤਕ ਸੀਮਤ ਕਰਨਗੇ। ਇਸ ਦੇ ਨਾਲ ਇਹ ਵੀ ਤਹਿ ਹੋਇਆ ਸੀ ਕਿ ਉਹ ਤੈਨਾਤ ਕੀਤੇ ਜਾਣ ਵਾਲੇ ਯੰਤਰਾਂ ਦੀ ਗਿਣਤੀ ਵੀ 700 ਤੋਂ ਵੱਧ ਨਹੀਂ ਹੋਣ ਦੇਣਗੇ। ਇਸ ਦੇ ਸਮਝੌਤੇ 'ਚ ਨਿਗਰਾਨੀ ਤੇ ਪੁਸ਼ਟੀਕਰਣ ਦੀ ਵਿਵਸਥਾ ਵੀ ਕੀਤੀ ਗਈ ਹੈ ਤਾਂ ਕਿ ਦੋਨੋ ਦੇਸ਼ ਇਕ ਦੂਜੇ ਦੇ ਨਿਊਕਲੀਅਤ-ਹਥਿਆਰ ਸਟੋਰਾਂ ਦੀ ਨਿਗਰਾਨੀ ਕਰਕੇ ਵਿਸ਼ਵਾਸ ਕਾਇਮ ਰੱਖ ਸਕਣ। ਰੂਸ ਤੇ ਅਮਰੀਕਾ ਵਿਚਕਾਰ ਸਾਮਹਿਕ ਮਹੱਤਵ ਵਾਲੇ ਪ੍ਰਮਾਣੂ ਹਥਿਆਰਾਂ ਦੀ ਕਟੌਤੀ ਸਬੰਧੀ ਸਮਝੌਤੇ ਦੀ ਅਮਰੀਕੀ ਸੈਨੇਟ ਵਲੋਂ 26 ਦੇ ਮੁਕਾਬਲੇ 71 ਵੋਟਾਂ ਨਾਲ ਪਾਸ ਕਰ ਦਿੱਤਾ। ਆਪਣੇ ਇਸ ਫੈਸਲੇ ਨਾਲ ਸੈਨੇਟ ਨੇ ਰਾਸ਼ਰਪਤੀ ਬੇਰਾਕ ਓਬਾਮਾ ਦੀ ਮੁਕਾਬਲਤਨ ਜਿੱਤ 'ਤੇ ਮੋਹਰ ਲਾ ਦਿੱਤੀ। ਦਰਅਸਲ ਓਬਾਮਾ ਕਿਸੇ ਵੀ ਕੀਮਤ 'ਤੇ ਇਹ ਸਮਝੌਤਾ ਚਾਹੁੰਦੇ ਸਨ। ਇਸ ਲਈ ਇਹ ਜਿੱਤ ਓਬਾਮਾ ਦੀ ਵਿਦੇਸ਼ ਨੀਤੀ ਦੀ ਇਕ ਬੇਹਤਰ ਪ੍ਰਾਪਤੀ ਹੋ ਸਕਦੀ ਹੈ। ਹੁਣ ਉਹ ਦੁਨੀਆਂ ਨੂੰ ਦੱਸ ਸਕਦੇ ਹਨ ਕਿ ਅਮਰੀਕਾ 'ਪ੍ਰਮਾਣੂ ਮੁਕਤੀ ਦੁਨੀਆਂ' ਲਈ ਕਿੰਨਾ ਵਚਨਬੱਧ ਹੈ। ਓਬਾਮਾ ਨੂੰ ਨੋਬੇਲ ਪੁਰਸਕਾਰ ਵੀ ਤਾਂ ਮਿਲਿਆ ਹੈ। ਪਰ ਓਬਾਮਾ ਲਈ ਇਹ ਕਰਾਰ ਘਰੇਲੂ ਪੱਧਰ 'ਤੇ ਰਾਜਸੀ ਯੁੱਧ 'ਚ ਸ਼ਾਂਤੀ ਦਾ ਸੂਚਕ ਨਹੀਂ ਹੈ। ਪ੍ਰਮਾਣੂ ਹਥਿਆਰਾਂ 'ਚ ਕਟੌਤੀ ਦੇ ਇਸ ਸਮਝੌਤੇ ਨੂੰ ਦੇਸ਼ ਦੇ ਰਿਟਾਇਰ ਹੋਏ ਸਾਂਸਦਾਂ ਨੇ ਪਾਸ ਕੀਤਾ ਹੈ। ਪਰ ਇਸ ਸਮਝੌਤੇ 'ਚ ਨਿਊਕਲੀਅਰ ਵਾਰਹੈਡਸ ਦੀ ਗਿਣਤੀ ਨਿਰਧਾਰਿਤ ਕੀਤੀ ਗਈ ਹੈ। ਅਮਰੀਕਾ ਨੂੰ ਆਪਣੇ ਹਥਿਆਰਾਂ 'ਚ 30 ਫੀਸਦੀ ਤੇ ਰੂਸ ਨੂੰ ਕਰੀਬ 25 ਫੀਸਦੀ। ਅਮਰੀਕਾ ਕੋਲ ਨਿਊਕਲੀਅਰ ਵਾਰਹੈਡਸ ਦੀ ਗਿਣਤੀ 5575 ਹੈ ਜਦ ਕਿ ਰੂਸ ਕੋਲ 3909। ਲਾਂਚ ਵਹੀਕਲਸ ਸਬੰਧੀ ਵੀ ਰੂਸ ਅਮਰੀਕਾ ਦੇ ਮੁਕਾਬਲੇ ਪਿੱਛੇ ਹੈ। ਪਰ ਓਬਾਮਾ ਪ੍ਰਸ਼ਾਸ਼ਨ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ਅਸਲ 'ਚ ਇਸ ਤਿਆਰੀ ਦੀ ਵਜ੍ਹਾ ਕੀ ਹੈ? ਅਸਲ 'ਚ ਨਵਾਂ ਸਟਾਰਟ ਜਾਂ ਸਟਾਰਟ-3 ਸਮਝੌਤਾ 19 ਸਾਲ ਪਹਿਲਾਂ ਹੋਏ ਸਟਾਰਟ-1 ਦਾ ਇਕ ਅਹਿਮ ਪੜਾਅ ਹੀ ਹੈ। ਦੋਨੋ ਪਾਸਿਆਂ ਤੋਂ 40 ਫੀਸਦੀ ਕਟੌਤੀ ਕੀਤੀ ਜਾਣੀ ਹੈ। 1993 'ਚ ਦੋਨੋ ਦੇਸ਼ਾਂ ਕੋਲ 21000 ਪ੍ਰਮਾਣੂ ਹਥਿਆਰ ਸਨ ਜਿਹਨਾਂ 'ਚ 15 ਫੀਸਦੀ ਕਟੌਤੀ ਕਰਕੇ ਹਥਿਆਰ ਸਮਾਪਤ ਕਰਨੇ ਸਨ ਪਰ ਇਮਾਨਦਾਰੀ ਨਾਲ ਇਸ 'ਤੇ ਅਮਲ ਨਹੀਂ ਕੀਤਾ ਗਿਆ ਸਿੱਟਾ ਇਹ ਹੋਇਆ ਕਿ 2002 'ਚ ਰੂਸ ਨੇ ਇਸ ਸੰਧੀ ਤੋਂ ਵੱਖ ਹੋਣ ਦਾ ਐਲਾਨ ਕਰ ਦਿੱਤਾ ਓਬਾਮਾ ਨੇ ਜਦ ਸੱਤਾ ਸੰਭਾਲੀ ਤਾਂ ਉਸੇ ਅਮਲ ਨੂੰ ਅੱਗੇ ਵਧਾਇਆ ਜੋ 1991 'ਚ ਸ਼ੁਰੂ ਹੋਇਆ ਸੀ। ਉਹ ਨਵਾਂ ਤਾਂ ਕੁਝ ਵੀ ਨਹੀਂ ਕਰ ਰਹੇ। ਉਹਨਾਂ

ਨੇ ਉਹਨਾਂ ਪਿਛਲੇ ਸਾਲ ਕਿਹਾ ਸੀ ਕਿ ਉਹ ਹਥਿਆਰਾਂ ਤੋਂ ਰਹਿਤ ਦੁਨੀਆਂ ਦੀ ਕਲਪਨਾ ਕਰਦੇ ਹਨ। ਉਹਨਾਂ ਇਹ ਵੀ ਕਿਹਾ ਸੀ ਕਿ ਸ਼ੀਤਯੁੱਧ ਕਾਲ ਦੀ ਸੋਚ ਬਦਲਣੀ ਪਵੇਗੀ। ਪ੍ਰਮਾਣੂ ਹਥਿਆਰਾਂ ਦਾ ਪਸਾਰਾ ਰੋਕਣ ਲਈ ਨਵੀਆਂ ਸਾਂਝਾ ਪੈਣ ਰੂਸ ਦਾ ਰਵਾਇਆ ਥੋੜ੍ਹਾ ਭਰਮਵਾਦੀ ਰਿਹਾ। ਇਸ ਦਾ ਕਾਰਨ ਅਮਰੀਕੀ ਮਿਜ਼ਾਇਲ ਸੁਰਖਿਆ ਪ੍ਰਣਾਲੀ ਹੈ। ਇਸ ਕਾਰਨ ਰੂਸ ਚਿੰਤਤ ਰਹਿੰਦਾ ਹੈ। ਇਹੀ ਇਹੀ ਨਹੀਂ ਮੇਦਵੇਦਵੇ ਨੇ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਤੋਂ ਇਕ ਦਿਨ ਬਾਅਦ ਕਿਹਾ ਸੀ ਕਿ ਯੂਰਪੀ ਮਿਸਾਇਲ ਨੂੰ ਨਕਾਰਾ ਕਰਨ ਲਈ ਉਹ ਕੋਲਿਨਗ੍ਰਾਦ 'ਚ ਸੀਮਤ ਦੂਰੀ ਦੀਆਂ ਮਿਜ਼ਾਇਲਾਂ ਤਾਇਨਾਤ ਕਰਨ ਜਾ ਰਹੇ ਹਨ। ਪਰ ਉਹਨਾਂ ਦੀ ਨੀਤੀ ਨੂੰ ਓਬਾਮਾ ਨੇ ਨਾਕਾਰ ਦਿੱਤਾ ਅਤੇ ਦੋਨੋ ਇਸ ਸਮਝੌਤੇ 'ਤੇ ਸਹਿਮਤ ਹੋ ਗਏ। ਪਹਿਲਾਂ ਸੁਆਲ ਇਹ ਹੈ ਕਿ ਜੇ ਵਸ਼ਿੰਗਟਨ 'ਪ੍ਰਮਾਣੂ ਮੁਕਤ ਦੁਨੀਆਂ' ਦੀ ਸਥਾਪਨਾ ਲਈ ਦ੍ਰਿੜ ਨਿਸ਼ਚਤ ਹੈ ਤਾਂ ਫਿਰ ਉਹ ਅਗਲੇ ਇਕ ਦਹਾਕੇ 'ਚ ਨਿਊਕਲੀਅਰ ਹਥਿਆਰਾਂ ਲਈ ਅਨੇਕਾਂ ਬਿਲੀਅਨ ਡਾਲਰ ਖਰਚ ਕਰਨ ਦੀ ਯੋਜਨਾ ਕਿਉਂ ਬਣਾ ਰਿਹਾ ਹੈ? ਸੈਂਟਰ ਫਾਰ ਸਟ੍ਰੈਟਜਿਕ ਇੰਟਰਨੈਸ਼ਨਲ ਸਟੱਡੀਜ਼ ਦੀ ਸੂਚਨਾ ਅਨੁਸਾਰ ਅਜੇ ਅਮਰੀਕੀ ਨਿਊਕਲੀਅਰ ਕਮਪਲੈਕਸ ਨੇ ਨਿਊਕਲੀਅਰ ਹਥਿਆਰਾਂ ਦੇ ਬਹੁਤ ਸਾਰੇ ਹਿੱਸਿਆਂ ਨੂੰ ਅਪਡੇਟ ਨਹੀਂ ਕੀਤਾ ਹੈ। ਇਸ ਲਈ ਇਸ ਅਮਲ ਨੂੰ ਅੱਗੇ ਵਧਾਉਣ ਲਈ ਵੱਡੀ ਧਨ ਰਾਸ਼ੀ ਦੀ ਲੋੜ ਪਵੇਗੀ। ਧਿਆਨਯੋਗ ਹੈ ਕਿ ਅਮਰੀਕੀ ਪ੍ਰਸ਼ਾਸ਼ਨ ਦੀ ਅਗਲੇ 10 ਸਾਲਾਂ 'ਚ 84.5 ਬਿਲੀਅਨ ਡਾਲਰ ਦੀ ਧਨ ਰਾਸ਼ੀ ਨਿਊਕਲੀਅਰ ਹਥਿਆਰਾਂ ਦੇ ਭੰਡਾਰ ਨੂੰ ਅਧੁਨਿਕ ਬਣਾਉਣ ਲਈ ਖਰਚ ਕਰਨ ਦੀ ਯੋਜਨਾ ਹੈ। ਤਾਂ ਫਿਰ ਇਸ ਦਾ ਅਰਥ ਇਹ ਨਹੀਂ ਨਿਕਲਦਾ ਕਿ ਇਸ ਸਮਝੌਤੇ ਪਿੱਛੇ ਇਕ ਖੁਫੀਆ ਏਜੰਡਾ ਕੰਮ ਕਰ ਰਿਹਾ ਹੈ? ਯਾਨੀ ਉਮਰ ਦਰਾਜ ਪ੍ਰਮਾਣੂ ਹਥਿਆਰਾਂ ਦੇ ਰੱਖ-ਰਖਾਅ 'ਚ ਖਰਚ ਵੀ ਵੱਧ ਆਉਣਾ ਹੈ ਤੇ ਉਹ ਉਸੇ ਦੇਸ਼ ਲਈ ਵੀ ਹਾਨੀਕਾਰਕ ਹੋ ਸਕਦੇ ਹਨ। ਨਿਊਕਲੀਅਰ ਹਥਿਆਰਾਂ ਦੇ ਨਿਰਮਾਣ ਦਾ ਵਪਾਰਕ ਕਾਰਜਮੰਤਰ ਹੈ। 'ਸੰਪੂਰਣ ਕੌਮ 'ਚ ਸੁਰਖਿਅਤ, ਰਾਖਵੇਂ ਤੇ ਵਿਸ਼ਵਾਸਯੋਗ ਨਿਊਕਲੀਅਰ ਹਥਿਆਰਾਂ ਦੀ ਲੋੜ' ਉਮਰ ਦਰਾਜ ਹਥਿਆਰ ਤਾਂ ਇਸ ਮੰਤਰ ਦੇ ਉਲਟ ਹਨ ਇਸ ਲਈ ਉਹਨਾਂ ਦਾ ਨਸ਼ਟ ਹੋਣਾ ਜ਼ਰੂਰੀ ਹੈ। ਇਹ ਸਮਝੌਤਾ ਕਿਤੇ ਇਸ ਜ਼ਰੂਰਤ ਨੂੰ ਪੂਰਾ ਕਰਨ ਦਾ ਵਿਧਾਨਕ ਜ਼ਰੀਆ ਤਾਂ ਨਹੀਂ ਹੈ? ਇਕ ਗੱਲ ਹੋਰ ਇਸ ਸੰਧੀ 'ਤੇ ਮੋਹਰ ਲਾਉਣ ਪਿੱਛੋਂ ਸੈਨੇਟ ਨੇ ਇਹ ਮੰਸ਼ਾ ਵੀ ਜਾਹਰ ਕੀਤੀ ਹੈ ਕਿ ਜਾਰਜ ਬੁਸ਼ ਪ੍ਰਸਾਸ਼ਨ ਨੇ ਯੂਰਪ 'ਚ ਜੋ 'ਮਿਸਾਇਲ ਡੀਫੈਂਸ' ਯੋਜਨਾ ਬਣਾਈ ਸੀ। ਉਸ ਨੂੰ ਉਵੇਂ ਹੀ ਰਹਿਣ ਦਿੱਤਾ ਜਾਵੇਗਾ। ਇਹ ਸੰਧੀ ਇਸ 'ਚ ਅੜਿਕਾ ਨਹੀਂ ਬਣੇਗੀ। ਸੈਨੇਟ ਦਾ ਜੋ ਪ੍ਰਸਤਾਅ ਹੈ ਕਿ ਉਹ ਇਸ ਸੰਧੀ ਦੀ ਪ੍ਰਸਤਾਵਨਾ ਨਾਲ ਕੁਝ ਅੰਤਰਵਿਰੋਧ ਰੱਖਦਾ ਹੈ। ਕੀ ਰੂਸੀ ਡੂਮਾ ਇਸ ਨੂੰ ਨਜ਼ਰ ਅੰਦਾਜ਼ ਕਰ ਸਕੇਗੀ? ਅਜਿਹਾ ਲਗਦਾ ਹੈ ਕਿ ਰੂਸ ਕੁਝ ਅੰਤਰਵਿਰੋਧਤਾਈਆਂ 'ਤੇ ਖਾਸ ਨਜ਼ਰ ਰੱਖ ਰਿਹਾ ਹੈ। ਉਹ ਕਿਸੇ ਵੀ ਅਜਿਹੇ ਪਹਿਲੂ ਨੂੰ ਨਜ਼ਰ ਅੰਦਾਜ਼ ਨਹੀਂ ਕਰੇਗਾ, ਜੋ ਸੰਕਾ ਪੈਦਾ ਕਰਨਾ ਵਾਲਾ ਹੋਵੇ। ਹਾਲ ਦੀ ਘੜੀ ਅਮਰੀਕਾ ਤੇ ਰੂਸ ਸ਼ੀਤਯੁੱਧ ਦੇ ਤਣਾਅਪੂਰਨ ਸੰਬੰਧਾਂ ਤੋਂ ਨਿਕਲ ਕੇ ਦੋਸਤੀਦੇ ਇਕ ਅਜਿਹੇ ਧਰਾਤਲ 'ਤੇ ਖੜ੍ਹੇ ਹੋਣ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਨਾਲ ਦੁਨੀਆਂ ਨੂੰ ਵੀ ਲਾਭ ਮਿਲਣ ਦੀ ਸੰਭਾਵਨਾ ਹੋਵੇ ਤਾਂ ਸਾਨੂੰ ਉਸਦਾ ਸੁਆਗਤ ਕਰਨਾ ਚਾਹੀਦਾ ਹੈ ਪਰ ਉਹ ਸੁਆਲ ਵੀ ਨਕਾਰੇ ਨਹੀਂ ਜਾ ਸਕਦੇ ਜੋ ਦੁਨੀਆਂ

ਦੀ ਸੁਰਖਿਆ ਨਾਲ ਸਿੱਧੇ ਜੁੜੇ ਹਨ। ਸ਼ਾਂਤੀ ਦੀ ਕੋਰੀ ਕਲਪਨਾ ਕਰਨ ਤੋਂ ਪਹਿਲਾਂ ਫੈਡਰੇਸ਼ਨ ਆਫ ਅਮਰੀਕਨ ਸਾਇੰਇਸਟ ਵਲੋਂ ਜਾਰੀ ਉਸ ਰਿਪੋਰਟ 'ਤੇ ਜ਼ਰੂਰ ਗੌਰ ਕਰਨਾ ਚਾਹੀਦਾ ਹੈ ਜਿਸ 'ਚ ਕਿਹਾ ਗਿਆ ਹੈ ਕਿ ਇਸ ਸਮੇਂ ਦੁਨੀਆਂ 'ਚ ਸਿਰਫ ਨੌਂ ਦੇਸ਼ਾਂ ਕੋਲ 23, 375 ਪ੍ਰਮਾਣੂ ਹਥਿਆਰ ਮੌਜੂਦ ਹਨ। ਜੋ ਪੂਰੀ ਦੁਨੀਆਂ ਨੂੰ ਢਹਿ ਢੇਰੀ ਕਰਨ ਲਈ ਕਾਫੀ ਹਨ। ਬਰੂਦ ਦੇ ਇਸ ਢੇਰ ਨੂੰ ਖਤਮ ਕੀਤੇ ਬਿਨਾਂ ਸ਼ਾਂਤੀ ਦੀ ਆਸ ਰੱਖਣੀ ਬੇਮਾਨੀ ਹੋਵੇਗੀ।

# ਕਿਵੇਂ ਹੋ ਰਿਹਾ ਹੈ ਕੌਮੀ ਉਦਯੋਗ ਤੇ ਕਲਾ ਦਾ ਪਤਨ?

ਬਹੁਕੌਮੀ ਕੰਪਨੀਆਂ ਨੇ ਉਚ ਪੱਧਰ ਤੇ ਹਮਲਾਵਰ ਪ੍ਰਾਪੇਗੰਡੇ (ਇਸ਼ਤਿਹਾਰ ਬਾਜ਼ੀ) ਰਾਹੀਂ ਆਪਣੀਆਂ ਵਸਤਾਂ ਦਾ ਸਿੱਕਾ ਮਾਰਕਿਟ ’ਤੇ ਇਸ ਹੱਦ ਤੱਕ ਜਮਾ ਦਿੱਤਾ ਹੈ ਕਿ ਦੇਸ਼ੀ (ਕੌਮੀ) ਉਦਯੋਗ ਧੰਦਿਆਂ ਦੀ ਕਮਰ ਟੁੱਟ ਗਈ। ਸਿੱਟੇ ਵਜੋਂ ਉਤਰ ਭਾਰਤ ਦੀ ਜ਼ਿਆਦਾਤਰ ਘਰੇਲੂ ਪੈਦਾਵਾਰ, ਪ੍ਰਚੂਨ ਵੇਚਣ ਦੀਆਂ ਛੋਟੀਆਂ ਦੁਕਾਨਾਂ ਆਦਿ ਤੇਜ਼ੀ ਨਾਲ ਬੰਦ ਹੋ ਰਹੀਆਂ ਹਨ ਅਤੇ ਕੰਮ ਕਰਨ ਵਾਲੇ ਕੰਮ ਤੋਂ ਵਾਂਝੇ ਹੋ ਰਹੇ ਹਨ। (GATT) ਦੇ ਸਹਾਰੇ ਯੂਰੂਗੋਏ ਕਾਨਫਰੰਸ ’ਚ ਮੰਜੂਰ ਕੀਤੇ TRIPS ਅਤੇ TRIMS ਕਨੂੰਨਾਂ ਨੇ ਜਿਥੇ ਸ਼ੁੱਧ ਦੇਸੀ ਪੈਦਾਵਾਰ ਵਰਗੇ ਬਾਸਪਤੀ ਚਾਵਲ ਤੇ ਹਲਦੀ ਆਦਿ ਦੇ ਕੌਮਾਂਤਰੀ ਕਾਰੋਬਾਰ ਨੂੰ ਵੀ ਮੁਸ਼ਕਲ ਬਣਾ ਦਿੱਤਾ ਉਥੇ Inflow ਤੇ Outflow ਦਾ ਹਲਕਾ ਜਾਇਜ਼ਾ ਵਿਦੇਸ਼ਾਂ ’ਚ ਕਾਰੋਬਾਰ ਕਰਨ ਹਿੱਤ ਪੈਸਾ ਲਾਉਣ ਨਾਲ ਲੰਬੇ ਸਮੇਂ ਦਾ ਲਾਭ ਹਾਸਲ ਕਰਨ ’ਤੇ ਸੁਆਲ ਖੜ੍ਹਾ ਕਰਦਾ ਹੈ। ਕੌਮਾਂਤਰੀ ਪੂੰਜੀਵਾਦੀ ਨੀਤੀਆਂ ਦੇ ਸਿੱਟੇ ਵਜੋਂ ਘਰੇਲੂ ਉਦਯੋਗ ਦਾ ਪਤਨ ਇਕ ਸਪਸ਼ਟ ਅਸਲੀਅਤ ਹੈ। ਅਗਸਤ 1999 ਈ. ’ਚ ਸਰ੍ਹੋਂ ਦੇ ਤੇਲ ’ਚ ਮਿਲਾਵਟ ਦੀ ਸ਼ਿਕਾਇਤ ਦੀ ਬੁਨਿਆਦ ’ਤੇ ਦਿੱਲੀ ਸਰਕਾਰ ਨੇ ਸਰ੍ਹੋਂ ਦੇ ਤੇਲ ਦੇ ਵੇਚਣ ’ਤੇ ਪਾਬੰਦੀ ਲਾ ਦਿੱਤੀ ਸੀ ਤੇ ਖਾਣ ਦੇ ਤੇਲ ਦੀ ਦਰਾਮਦ ਤੇ ਲੱਗੀ ਪਾਬੰਦੀ ਨੂੰ ਖ਼ਤਮ ਕਰ ਦਿੱਤਾ ਸੀ। ਦਰਾਮਦ ਦੀ ਖੁੱਲ੍ਹੀ ਛੋਟ ਦਿੱਤੀ ਗਈ ਜਿਸ ਨਾਲ ਖਾਣ ਵਾਲੇ ਤੇਲ ਦੀ ਦਰਾਮਦ ’ਚ 60 ਫੀਸਦੀ ਵਾਧਾ ਹੋ ਗਿਆ ਅਤੇ ਸਥਾਨਕ ਕਿਸਾਨਾ ਨੂੰ ਏਨਾ ਨੁਕਸਾਨ ਹੋਇਆ ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਤੇਲ ਦੀ ਖਰਾਬ ਕੁਆਲਟੀ ਲਈ ਜ਼ਿੰਮੇਵਾਰ ਵਪਾਰੀ ਹੁੰਦੇ ਹਨ ਨਾ ਕਿਸਾਨ। ਪਰ ਇਸ ਦੀ ਮਾਰ ਆਖਰਕਾਰ ਵਿਚਾਰੇ ਕਿਸਾਨਾਂ ਨੂੰ ਹੀ ਝੱਲਣੀ ਪੈਂਦੀ ਹੈ। ਇਹ ਵੀ ਇਕ ਦੋ ਮੂੰਹੀ ਸਰਕਾਰਾਂ ਨੂੰ ਇਸ ਗੱਲ ਲਈ ਉਕਸਾਇਆ ਜਾਂਦਾ ਹੈ ਕਿ ਉਹ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦੇ ਫਾਇਦੇ ਉਠਾ ਕੇ ਕੌਮਾਂਤਰੀ ਮੰਡੀ ’ਚ ਖਾਣ ਵਾਲੀਆਂ ਵਸਤਾਂ ’ਤੇ ਕੀਮਤ ਘਟ ਕਰਕੇ ਵੇਚਦੇ ਹਨ ਅਤੇ ਖੇਤਰੀ ਖਾਣ ਵਾਲੀਆਂ ਵਸਤਾਂ ਨੂੰ ਮੰਡੀ ਤੋਂ ਬੇਦਖਲ ਕਰ ਦਿੰਦੇ ਹਨ। ਇਹੀ ਕਾਰਨ ਹੈ ਕਿ ਅਮਰੀਕੀ ਤੇਲ ਵੀ ਭਾਰਤੀ ਮਾਰਕਿਟ ’ਚ ਅਸਾਨੀ ਨਾਲ ਜਗ੍ਹਾ ਬਣਾ ਲੈਂਦਾ ਹੈ। ਇਸ ਤਰ੍ਹਾਂ ਸਾਮਰਾਜੀ ਤਾਕਤਾਂ ਵਪਾਰਕ ਖੇਤਰਾਂ ’ਚ ਇਕ ਅਜਿਹੀ ਲੰਬੀ ਦੀਵਾਰ ਬਣਾ ਕੇ ਖੜ੍ਹੀ ਕਰ ਦਿੰਦੇ ਹਨ। ਜਿਸ ਨੂੰ ਉਲੰਘ ਕੇ ਵਪਾਰਕ ਦੌੜ ’ਚ ਮੁਕਾਬਲੇ ਦੀ ਹਿੰਮਤ ਜੁਟਾ ਸਕਣਾ ਕੌਮੀ ਉਦਯੋਗਾਂ, ਵਪਾਰੀਆਂ ਤੇ ਕਿਸਾਨਾਂ ਲਈ ਬਹੁਤ ਵਾਰੀ ਸੰਭਵ ਨਹੀਂ ਰਹਿੰਦਾ।

**ਸਮਾਜਕ ਬੇਚੈਨੀ ਅਤੇ ਅਪਰਾਧ** - ਪੂੰਜੀਵਾਦੀ ਸਾਮਰਾਜ ਰਾਸ਼ਟਰੀ ਅਰਥਚਾਰਿਆਂ ਨੂੰ ਸੂਦ ਕਰਜ਼ਿਆਂ ਵਿਚ ਫਸਾ ਕੇ ਕੰਟਰੋਲ ਕਰਦਾ ਹੈ। ਸੁਆਲ ਇਹ ਹੈ ਕਿ ਭਾਰਤ ਵਰਗੇ ਦੇਸ਼ਾਂ ਦੇ ਗਰੀਬ ਸਮਾਜ ਦੇ ਕਿਸ ਹਿੱਸੇ ’ਤੇ ਸੂਦੀ ਕਰਜ਼ਿਆਂ ਦੀ ਮਾਰ ਪੈਂਦੀ ਹੈ? ਨਿਊ ਇੰਟਰਨੈਸ਼ਨਲਿਸਟ (ਇਸ਼ੂ 132) ਦੀ ਰਿਪੋਰਟ–Debts the fact ਅਨੁਸਾਰ ਕਰਜੇ ਹੇਠ ਦਬਿਆ ਹੋਇਆ ਦੇਸ਼ ਜਿੰਨਾ ਗਰੀਬ ਹੋਵੇਗਾ ਉਨਾਂ ਹੀ

ਵੱਧ ਇਸ ਗੱਲ ਦੀ ਸੰਭਾਵਨਾ ਹੋਵੇਗੀ ਕਿ ਕਰਜੇ ਦੀ ਅਦਾਇਗੀ ਦੀ ਮਾਰ ਦੇਸ਼ ਦੀ ਉਸ ਜਨਤਾ ਤੇ ਪਵੇ ਜਿਸ ਤਕ ਉਸ ਕਰਜੇ ਦਾ ਕੋਈ ਲਾਭ ਨਾ ਪਹੁੰਚਿਆ ਹੋਵੇ। ਸਪਸ਼ਟ ਹੈ ਕਿ ਇਹ ਬਦਤਰੀਨ ਕਿਸਮ ਦੀ ਨਾਬਰਾਬਰੀ ਸਮਾਜਕ ਭੇਦਭਾਵ 'ਚ ਵਾਧਾ ਕਰ ਦਿੰਦੀ ਹੈ ਜਿਸ ਕਾਰਨ ਲੋਕਾਂ 'ਚ ਬੇਚੈਨੀ ਪੈਦਾ ਹੋ ਜਾਂਦੀ ਹੈ। ਇਸ ਮਹੌਲ 'ਚ ਅੱਤਵਾਦੀ ਤੇ ਹਿੰਸਾਤਮਕ ਸੰਗਠਨ ਵਧਦੇ ਫੁਲਦੇ ਹਨ। ਜੋ ਅਪਰਾਧ, ਕਤਲ ਤੇ ਖ਼ੂਨ ਦਾ ਬਾਜ਼ਾਰ ਗਰਮ ਕਰਦੇ ਹਨ। ਸਾਡੇ ਦੇਸ਼ ਦੇ ਕਈ ਰਾਜਾਂ 'ਚ ਮੌਜੂਦ ਵੱਖ-ਵੱਖ ਦਹਿਸ਼ਤਗਰਦ ਟੋਲੇ ਇਸੇ ਸਮਾਜਕ ਬੇਚੈਨੀ ਦਾ ਨਤੀਜਾ ਹਨ। ਵਿਦੇਸ਼ ਮੰਤਰਾਲੇ ਦੇ ਅੰਦਾਜ਼ੇ ਅਨੁਸਾਰ ਦੇਸ਼ ਦੇ ਕਈ ਹਿੱਸੇ ਇਸ ਤੋਂ ਪ੍ਰਭਾਵਿਤ ਹਨ। ਇਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਸਰਕਾਰ ਦੀ ਨਜ਼ਰਾਂ 'ਚ ਤਾਂ ਇਨਕਲਾਬ ਲਈ ਜੂਝਦੇ ਸੰਗਠਨ ਤੇ ਲੋਕ ਵੀ ਦਹਿਸ਼ਤਗਰਦ ਆਖੇ ਜਾਂਦੇ ਹਨ। ਪਰ ਉਹਨਾਂ ਦੀ ਹਿੰਸਾ ਮੋੜਵੇਂ ਰੂਪ 'ਚ ਹੁੰਦੀ ਹਿੰਸਾ ਕਹੀ ਜਾਂਦੀ ਹੈ। ਸਮਾਜਕ ਬੇਚੈਨੀ ਜਦ ਸੰਘਰਸ਼ ਤੇ ਮੁਜਾਹਰਿਆਂ ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਉਸ ਨੂੰ ਕੁਚਲਣਾ ਵੀ ਸਾਮਰਾਜੀ ਤਾਕਤਾਂ ਦਾ ਇਕ ਅਹਿਮ ਹਥਿਆਰ ਚਲਦਾ ਆ ਰਿਹਾ ਹੈ ਸੇਜ ਵਿਰੁੱਧ ਉਠਣ ਵਾਲੀ ਆਵਾਜ਼ ਨੂੰ ਜਿਸ ਬੇਰਹਿਮੀ ਨਾਲ ਕੁਚਲਿਆ ਗਿਆ ਹੈ ਦੇਸ਼ ਦੇ ਲੋਕਾਂ ਨੇ ਉਹਨਾਂ ਦ੍ਰਿਸ਼ਾਂ ਨੂੰ ਕਲਿੰਗਾ ਤੇ ਸਿੰਗੂਰ 'ਚ ਵੇਖਿਆ ਹੈ। ਸਮਾਜਕ ਭੇਦਭਾਵ ਦੇ ਸਿੱਟੇ ਵਜੋਂ ਕੁਝ ਬੁਨਿਆਦੀ ਸਮਸਿਆਵਾਂ ਦਾ ਉਭਰਨਾ ਵੀ ਲਾਜ਼ਮੀ ਹੈ। ਮਿਸਾਲ ਵਜੋਂ ਆਰਥਕ ਤਣਾਅ ਰੁਜ਼ਗਾਰ ਦੇ ਮਾਮਲੇ 'ਚ ਅੜਿੱਕਾ ਤੇ ਕੰਟਰੋਲ ਜਲਦੀ ਪੈਸਾ ਕਮਾਉਣ ਦੀ ਲਾਲਸਾ, ਥੁੜਾਂ ਦਾ ਅਹਿਸਾਸ ਗਰੀਬਾਂ ਨਾਲ ਸਮਾਜ ਦਾ ਰਵਈਆ ਆਦਿ ਜੋ ਨਿੱਤ ਨਵੇਂ ਅਪਰਾਧ ਨੂੰ ਜਨਮ ਦਿੰਦਾ ਹੈ। ਪਿਛਲੇ ਇਕ ਦਹਾਕੇ ਦੌਰਾਨ ਹੋਣ ਵਾਲੇ ਅਪਰਾਧ ਤੇ ਉਹਨਾਂ ਦੀਆਂ ਖ਼ਬਰਾਂ ਇਸ ਦੁਖਦਾਈ ਸੋਚ ਨੂੰ ਸਪੱਸ਼ਟ ਕਰਦੀਆਂ ਹਨ।

ਵਾਤਾਵਰਣ ਦੀ ਸਮੱਸਿਆ ਵੀ ਬਹੁਕੌਮੀ ਕਾਰਪੋਰੇਸ਼ਨਾਂ ਦੀ ਪੈਦਾਵਾਰ ਦੀ ਦੇਣ ਹੈ ਇਹ ਕੰਪਨੀਆਂ ਭਾਰਤ ਨੂੰ ਸਨਅਤੀ ਕੂੜੇ ਕਚਰੇ ਦਾ ਡੰਮਪਿੰਗ ਗ੍ਰਾਊਂਡ ਬਣਾ ਰਹੀਆਂ ਹਨ। ਭਾਵ ਕੂੜਾ ਦਾਨ। ਪਲਾਚੀ ਮਾੜਾ ਸੰਘਰਸ਼ ਨੇ ਸਾਫਟ ਡ੍ਰਿਕ ਕੰਪਨੀਆਂ ਦਾ ਇਹ ਰੋਲ ਸਪਸ਼ਟ ਕੀਤਾ ਜੋ ਉਹਨਾਂ ਨੇ ਸੋਕੇ ਦੌਰਾਨ ਅਦਾ ਕੀਤਾ ਸੀ। ਯੂਨੀਅਨ ਕਾਰਬਾਈਡ ਘਟਨਾ ਨੇ ਦਸਿਆ ਕਿ ਇਹਨਾਂ ਕੰਪਨੀਆਂ ਦੇ ਸਾਹਮਣੇ ਗਰੀਬ ਲੋਕਾਂ ਦੀ ਜਾਨਾਂ ਦੀ ਕੀ ਔਕਾਤ ਹੈ। ਦੇਸ਼ ਦੇ ਬਹੁਤੇ ਹਿੱਸਿਆਂ 'ਚ ਜਨਤਾ ਸੂਝ ਬੂਝ ਨਹੀਂ ਰੱਖਦੀ ਹੈ। ਪਰ ਲੋਕਾਂ ਨੇ ਲੜਾਈਆਂ ਫਿਰ ਵੀ ਲੜੀਆਂ ਹਨ। ਜਿਵੇਂ ਭੂਪਾਲ ਹਾਦਸਾ ਤੇ ਯੂਨੀਅਨ ਕਾਰਬਾਈਡ ਵਿਰੁੱਧ 1984 ਦਾ ਅੰਦੋਲਨ, ਕਾਰਗਿਲ ਬੀਜਾਂ ਵਿਰੁੱਧ ਕਾਰਨਾਟਕਾ ਦੇ ਕਿਸਾਨਾਂ ਦਾ ਸੰਘਰਸ਼ ਟਾਇਰਾਂ 'ਚ ਵਰਤੇ ਜਾਣ ਵਾਲੇ ਨਾਈਲੋਨ 6,6 ਦੀ ਪੈਦਾਵਾਰ ਲਈ ਕਾਇਮ ਕੀਤੇ ਜਾਣ ਵਾਲੇ ਪਲਾਂਟ ਵਿਰੁੱਧ ਗੋਆ ਦੀ ਜਨਤਾ ਦਾ ਵਿਰੋਧ ਮੁਜਾਹਰਾ ਕਿਉਂਕਿ ਇਹ ਮਨੁੱਖੀ ਸਿਹਤ ਲਈ ਹਾਨੀਕਾਰਕ ਤੱਤ ਮੰਨਿਆ ਜਾਂਦਾ ਹੈ। 1992 'ਚ ਅਮਰੀਕਾ ਦੀ ਐਨਰਾਨ ਕੰਪਨੀ ਨਾਲ ਤਹਿ ਸੰਧੀ ਅਨੁਸਾਰ ਮਹਾਂਰਾਸ਼ਟਰ ਸਰਕਾਰ ਕਈ ਗੁਣਾ ਵੱਧ ਮਹਿੰਗੀ ਬਿਜਲੀ ਖਰੀਦਣ ਲਈ ਪਾਬੰਦ ਸੀ ਲੋਕਾਂ ਦੇ ਵਿਰੋਧ ਕਾਰਨ ਇਹ ਸੰਧੀ 1995 'ਚ ਬੇਅਰਥ ਹੋ ਗਈ। ਪੈਦਾਵਾਰੀ ਕੇਂਦਰਾਂ ਤੋਂ ਨਿਕਲਣ ਵਾਲੇ ਕਚਰੇ ਐਸਬੇਸਟਾਸ ਨਾਲ ਲੱਦੇ ਫਰਾਂਸੀਸੀ ਜਹਾਜ਼ ਕਲੇਮੇਸ਼ੋ ਨੂੰ ਗ੍ਰੀਨ ਪੀਸ ਨੇ ਵਿਰੋਧੀ ਮੁਜਾਹਰਾ ਕਰਕੇ ਤੇ ਅਦਾਲਤੀ ਕਾਰਵਾਈ

ਰਾਹੀਂ ਦੇਸ਼ 'ਚ ਦਾਖਲ ਹੋਣੋ ਰੋਕ ਦਿੱਤਾ। ਪੱਛਮੀ ਬੰਗਾਲ ਦੇ ਸਿੰਗੂਰ 'ਚ ਟਾਟਾ ਘਰਾਣੇ ਵਲੋਂ ਟਾਟਾ ਨੈਨੋ ਪ੍ਰੋਜੈਕਟ ਲਈ ਪੱਛਮੀ ਬੰਗਾਲ ਦੀ ਸਰਕਾਰ ਦੀ ਜ਼ਮੀਨ ਹੜੱਪਣ ਦੀ ਨੀਤੀ ਵਿਰੁੱਧ ਖੇਤਰੀ ਲੋਕਾਂ ਦੇ ਵਿਰੋਧ ਸਦਕਾ ਇਸ ਪ੍ਰੋਜੈਕਟ ਨੂੰ ਉਥੋਂ ਰੱਦ ਕਰਨਾ ਪਿਆ।

# ਪੂੰਜੀਵਾਦ ਦੀ ਸੜਾਂਦ ਦਾ ਪ੍ਰਤੀਕ ਸੀ ਬੀਤਿਆ ਸਾਲ

ਕਹਾਵਤ ਹੈ "ਮੱਛੀ ਹਮੇਸ਼ਾ ਸਿਰ ਤੋਂ ਸੜਦੀ ਹੈ' ਇਸ ਕਹਾਵਤ ਨੂੰ ਜੇ ਲੰਘੇ ਸਾਲ 'ਚ ਭਾਰਤੀ ਅਰਧ ਜਾਗੀਰੂ ਅਰਧ ਬਸਤੀਵਾਦੀ ਸਮਾਜ 'ਤੇ ਲਾਗੂ ਕੀਤਾ ਜਾਵੇ ਤਾਂ ਇਕਦਮ ਸਟੀਕ ਬੈਠਦੀ ਹੈ ਭਾਰਤੀ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਪ੍ਰਣਾਲੀ ਦੇ ਸਿਖਰ ਦੀਆਂ ਜਿੰਨੀਆਂ ਵੀ ਸੰਸਥਾਵਾਂ ਤੇ ਵਿਅਕਤੀਆਂ ਦੀ ਚਰਚਾ ਕੀਤੀ ਜਾਵੇ ਤਾਂ ਇਹ ਕਹਾਵਤ ਹੋਰ ਵੀ ਠੀਕ ਬੈਠਦੀ ਹੈ। ਸੰਸਦ, ਸੁਪਰੀਮ ਕੋਰਟ, ਫੌਜ, ਕੇਂਦਰੀ ਮੰਤਰੀ ਮੰਡਲ, ਮੀਡੀਆ, ਉਚ ਅਹੁਦਿਆਂ 'ਤੇ ਬੈਠੇ ਨੌਕਰਸ਼ਾਹ ਯਾਨੀ ਇਸ ਵਿਵਸਥਾ ਦਾ ਸਿਰ ਦਾ ਪੂਰਾ ਹਿੱਸਾ ਗੁਜਰੇ ਸਾਲ 'ਚ ਆਪਣੀ ਸੜਾਂਦ ਨੂੰ ਰੋਕਣ ਤਾਂ ਕੀ ਛੁਪਾਉਣ 'ਚ ਵੀ ਸਫਲ ਨਹੀਂ ਰਿਹਾ। ਇਕ ਸਾਬਕਾ ਕੇਂਦਰੀ ਮੰਤਰੀ ਤੇ ਆਪਣੀ ਇਮਾਨਦਾਰੀ ਲਈ ਪ੍ਰਸਿੱਧ ਵਕੀਲ ਸ਼ਾਂਤੀ ਭੂਸ਼ਣ ਨੇ ਸੁਪਰੀਮ ਕੋਰਟ 'ਚ ਹਲਫਨਾਮਾ ਦਾਇਰ ਕਰਕੇ ਦੱਸਿਆ ਕਿ ਦੇਸ਼ 'ਚ ਹੁਣ ਤਕ ਹੋਏ ਚੀਫ ਜਸਟਿਸਾਂ ਵਿਚੋਂ ਜ਼ਿਆਦਾਤਰ ਭਰਿਸ਼ਟ ਹਨ। ਉਹਨਾਂ ਦੀ ਗੱਲ ਦੀ ਸਚਾਈ ਨੂੰ ਜਸਟਿਸ ਸਬਰਵਾਲ, ਕਾਪੜਿਆ ਆਦਿ ਦੇ ਫੈਸਲਿਆਂ ਤੇ ਕਾਰਪੋਰੇਟ ਘਰਾਣਿਆਂ ਨਾਲ ਉਹਨਾਂ ਦੀ ਮਿਲੀ-ਭੁਗਤ ਨੇ ਵੱਖ-ਵੱਖ ਢੰਗ ਨਾਲ ਉਜਾਗਰ ਕੀਤਾ। ਸੰਸਦ, ਕੇਂਦਰੀ ਮੰਡਲ, ਕਾਂਗਰਸ ਭਾਜਪਾ ਵਰਗੀਆਂ ਪਾਰਟੀਆਂ ਦੇ ਨੇਤਾਵਾਂ ਤੇ ਕਾਰਕੁੰਨਾਂ ਬਾਰੇ ਏਨੀਆਂ ਵੱਧ ਗੱਲਾਂ ਸਾਹਮਣੇ ਆ ਚੁੱਕੀਆਂ ਹਨ ਕਿ ਕਹਿਣ ਖਾਤਰ ਕੁਝ ਵੀ ਬਾਕੀ ਨਹੀਂ ਰਹਿ ਗਿਆ ਹੈ। ਕੇਂਦਰੀ ਮੰਡਲ ਨੂੰ ਮੁੱਠੀਭਰ ਦਲਾਲ ਪੂੰਜੀਵਾਦੀ ਘਰਾਣਿਆਂ ਨੇ ਆਪਣੇ ਇਸ਼ਾਰਿਆਂ 'ਤੇ ਨਚਾਇਆ ਹੈ ਅਤੇ ਨਚਾ ਰਹੇ ਹਨ। ਹੋਰ ਤਾਂ ਹੋਰ ਖੁਦ ਦੇਸ਼ ਦੇ ਰਾਸ਼ਟਰਪਤੀ ਦਾ ਪ੍ਰੀਵਾਰ ਭਰਿਸ਼ਟ ਕਿਰਦਾਰ 'ਚ ਸ਼ਾਮਲ ਹੈ। ਹੁਣ ਭਾਰਤ ਦੇ ਦਲਾਲ ਪੂੰਜੀਵਾਦ 'ਚ ਬਚਿਆ ਹੀ ਕੀ ਹੈ। ਕੁਝ ਸਾਲਾਂ ਦਹਾਕਿਆਂ ਤਕ ਭਾਰਤੀ ਫੌਜ ਬਾਰੇ ਕਈ ਭਰਮ-ਭੁਲੇਖੇ ਤੇ ਮਿਥ ਸਨ। ਪਰ ਅਦਰਸ਼ ਹਾਊਸਿੰਗ ਸੁਸਾਇਟੀ, ਸੁਖਨਾ ਜ਼ਮੀਨ, ਜੀਪ ਖਰੀਦ ਘੁਟਾਲੇ, ਟੁੱਟੇ ਹੋਏ ਤਾਬੂਤ ਆਦਿ ਜੋ ਘਪਲੇ ਸਾਹਮਣੇ ਆਏ ਹਨ। ਉਹਨਾਂ ਨੇ ਉਜਾਗਰ ਕਰ ਦਿੱਤਾ ਹੈ ਕਿ ਪੂੰਜੀਵਾਦੀ ਵਿਵਸਥਾ ਦਾ ਇਹ ਸਭ ਤੋਂ ਮਹੱਤਵਪੂਰਨ ਅੰਗ ਵੀ ਹੋਰਨਾਂ ਅੰਗਾਂ ਵਾਂਗੂੰ ਗਲ-ਸੜ ਰਿਹਾ ਹੈ। ਲਾਲਚੀ, ਭਰਿਸ਼ਟ ਅਧਿਕਾਰੀ, ਝੂਠੇ ਤੇ ਫਰਜ਼ੀ ਮੁਕਾਬਲਿਆਂ ਦੀ ਬੁਨਿਆਦ ਹੀ ਨਹੀਂ ਰੱਖਦੇ। ਬਲਕਿ ਵਾਰੀ ਆਉਣ 'ਤੇ ਸਿਪਾਹੀਆਂ ਦੇ ਕਫਨ ਦਾ ਸੌਦਾ ਕਰਨ ਤੋਂ ਲੈ ਕੇ ਉਹਨਾਂ ਦੇ ਨਾਂ 'ਤੇ ਬਨਣ ਵਾਲੇ ਰਹਾਇਸ਼ੀ ਕੈਂਪਸ, ਤੇ ਜਬਰੀ ਕਬਜਾ ਕਰ ਲੈਂਦੇ ਹਨ। ਮੀਡੀਆ ਬਾਰੇ ਰਚੀਆਂ ਗਈਆਂ ਮਿੱਥਾਂ ਨੇ ਪਹਿਲਾਂ ਹੀ ਆਪਣਾ ਯਥਾਰਥ ਵਿਖਾ ਦਿੱਤਾ ਸੀ। ਪਰ 2009 ਦੀਆਂ ਲੋਕ ਸਭਾ ਚੋਣਾਂ ਪਿੱਛੋਂ 'ਪੇਡ ਨਿਊਜ਼ ਤੇ ਹੁਣ ਰਾਡੀਆ ਦੀ ਗੱਲਬਾਤ ਦੀਆਂ ਟੇਪਾਂ ਨੇ ਦਿਖਾ ਦਿੱਤਾ ਕਿ ਰੋਜ਼ਾਨਾ ਅਖਬਾਰਾਂ 'ਚ ਆਪਣੇ ਲੇਖ ਦੇ ਨਾਲ ਸ਼ਾਨ ਨਾਲ ਫੋਟੋ ਖਿਚਵਾਉਣ ਵਾਲੇ ਗੰਦਗੀ ਦੇ ਸਿਖਰਾਂ 'ਤੇ ਖੜ੍ਹੇ ਹਨ। ਇਹ ਉਹ ਲੋਕ ਹਨ ਜੋ ਆਏ ਦਿਨ ਨੇਤਿਕਤਾ ਦੇਸ਼ ਭਗਤੀ ਆਦਿ ਦਾ ਤੂਫਾਨ ਆਪਦੇ ਲੇਖਾਂ 'ਚ ਖੜ੍ਹਾ ਕਰਦੇ ਰਹਿੰਦੇ ਹਨ। ਜਦ ਪ੍ਰਬੰਧ ਦਾ ਸਿਖਰ ਇਸ ਹੱਦ ਤੱਕ ਭਰਿਸ਼ਟ ਤੇ ਸੜ ਰਿਹਾ ਹੋਵੇ ਤਦ ਇਸ ਦੇ ਬਾਕੀ ਅੰਗਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਸੜਾਂਦ ਚਹੁੰਤਰਫਾ ਹੈ। ਚਪੜਾਸੀ ਤੋਂ ਲੈ ਕੇ ਅਫਸਰ ਤੱਕ ਚਾਰੋਂ ਪਾਸੇ 'ਕਮਾਓ ਤੇ ਲੁੱਟੋ' ਦੀ ਹੀ ਧੂਮ

ਹੈ। ਚੋਟੀ ਦੀ ਸੜਾਂਦ ਦੀ ਉਪਰੋਕਤ ਮਰਜ਼ ਤੋਂ ਇਲਾਵਾ ਇਸ ਵਿਵਸਥਾ ਦੇ ਵਿਚਾਰਾਂ, ਦਰਸ਼ਨ, ਸੰਸਕ੍ਰਿਤੀ ਆਦਿ ਦੀ ਪੜਤਾਲ ਕੀਤੀ ਜਾਵੇ ਤਾਂ ਉਥੇ ਵੀ ਤੁਹਾਨੂੰ ਇਹੋ ਜਿਹਾ ਕੁਝ ਹੀ ਮਿਲੇਗਾ। ਪੂੰਜੀਵਾਦੀ ਸਮਾਜ ਦੇ ਨੇਤਾਵਾਂ, ਵਿਚਾਰਕਾਂ, ਚਿੰਤਕਾਂ, ਸਭਿਆਚਾਰਕ ਕਾਮਿਆਂ ਕੋਲ ਭਾਰਤ ਦੀ ਮਿਹਨਤਕਸ਼ ਜਨਤਾ ਨੂੰ ਦੇਣ ਲਈ ਪ੍ਰੇਰਿਤ ਕਰਨ ਲਈ ਹੈ ਕੀ? ਕੁਝ ਵੀ ਨਹੀਂ ਹੈ ਲੁੱਟ ਦਾ ਸਾਮਰਾਜ ਹੈ। ਜਿਥੇ ਦਾਅਵਾ ਹੋ ਸਕਦਾ ਹੈ ਕਿ ਉਹ ਸਮਾਜ ਦੇ ਦਿਮਾਗ ਹਨ, ਸਰੀਰ ਦੇ ਤੰਤੂ ਕੇਂਦਰ ਹਨ। ਕੀ ਜੋ ਭਾਰਤ 'ਚ ਹੋ ਰਿਹਾ ਹੈ ਉਹ ਅਨੋਖਾ ਹੈ ਜੋ ਕੁਝ ਅਪਵਾਦ ਹੈ। ਨਹੀਂ ਪੂਰੀ ਸਾਮਰਾਜੀ ਪੂੰਜੀਵਾਦੀ ਦੁਨੀਆਂ ਇਉਂ ਹੀ ਗਲ ਸੜ ਰਹੀ ਹੈ। ਇਟਲੀ, ਫਰਾਂਸ, ਜਪਾਨ, ਚੀਨ, ਅਮਰੀਕਾ ਕਿਸੇ ਵੀ ਮੁਲਕ ਨੂੰ ਦੇਖ ਲਓ, ਇਹੋ ਸਭ ਕੁਝ ਬਦਲੇ ਹੋਏ ਨਾਵਾਂ ਹੇਠ ਮਿਲ ਜਾਵੇਗਾ। ਪੂੰਜੀਵਾਦੀ ਸਰਕਾਰਾਂ ਬੇਸ਼ਰਮੀ ਦੀ ਹੱਦ ਤੱਕ ਜਾ ਕੇ ਕਾਲੇ ਕਾਰਨਾਮੇ ਰਚ ਰਹੀਆਂ ਹਨ। ਸਰਕਾਰਾਂ ਨੇ ਇਸ ਵਾਰੀ ਛਾਈ ਵਿਸ਼ਵੀ ਮੰਦੀ 'ਚ ਪੂੰਜੀ ਏਕਾਧਿਕਾਰੀ ਘਰਾਣਿਆਂ ਨੂੰ ਬਚਾਉਣ ਲਈ ਜੋ ਕਾਰਨਾਮੇ ਰਚੇ ਉਸ ਨੇ ਖਾਸ ਕਰਕੇ ਯੂਰਪ 'ਚ ਮਜ਼ਦੂਰਾਂ, ਕਰਮਚਾਰੀਆਂ ਤੇ ਵਿਦਿ. ਨੌਜਵਾਨਾਂ ਨੂੰ ਪੂੰਜੀਵਾਦ ਖਿਲਾਫ ਦਹਾਕਿਆਂ ਪਿੱਛੋ ਨਾਹਰੇ ਲਾਉਣ ਤੇ ਸ਼ਰੇਆਮ ਪੁਲਸ ਪ੍ਰਸਾਸ਼ਨ ਨਾਲ ਭਿੜਨ ਲਈ ਮਜ਼ਬੂਰ ਕਰ ਦਿੱਤਾ ਹੈ। ਗੁਜਰਿਆਂ ਸਾਲ ਇਹ ਗੱਲ ਦਾ ਗਵਾਹ ਬਣਿਆ ਕਿ ਪੂੰਜੀਵਾਦੀ ਦੁਨੀਆਂ ਕੋਲ ਆਪਣੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੈ। ਜੀ-20 ਦੀ ਬੈਠਕ ਹੋਈ ਹੋਵੇ ਜਾਂ ਕਾਰਕੁੰਨ ਵਰਗੇ ਸੰਮੇਲਨ ਸਭ ਥਾਂ ਇਕੋ ਜਿਹਾ ਹਾਲ ਰਿਹਾ ਹੈ। ਪੂੰਜੀਵਾਦੀ ਗੁੱਟ ਤੇ ਸਰਕਾਰਾਂ ਆਪਣੇ ਵਿਚਕਾਰ ਗੱਲ ਵੱਢ ਮੁਕਾਬਲੇ ਕਾਰਨ ਕਿਸੇ ਸਿੱਟੇ 'ਤੇ ਪਹੁੰਚਣ 'ਚ ਅਸਫਲ ਰਹੀਆਂ ਹਨ। ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਪਹਿਲਾਂ ਤੇ ਦੂਸਰਾ ਵਿਸ਼ਵ ਯੁੱਧ ਸਾਮਰਾਜੀ ਤਾਕਤਾਂ ਦੇ ਅਜਿਹੇ ਹੀ ਗੱਲ ਵੱਢ ਮੁਕਾਬਲੇ, ਬਜ਼ਾਰ ਲਈ ਲੜੋ-ਲੜਾਈ ਠਹਿਰਾਅ ਤੇ ਵਿਸ਼ਵੀ ਮੰਦੀ ਦੇ ਸਿੱਟੇ ਸਨ। ਇਸ ਵਾਰੀ ਦੀ ਵਿਸ਼ਵੀ ਮੰਦੀ ਦੇ ਆਮ ਸਿੱਟੇ ਤਾਂ ਸਾਹਮਣੇ ਆ ਹੀ ਚੁੱਕੇ ਹਨ ਖਾਸ ਸਿੱਟੇ ਕਿਸੇ ਦੋ ਜਾਂ ਵੱਧ ਸਾਮਰਾਜੀ ਦੇਸ਼ਾਂ ਵਿਚਾਲੇ ਜੰਗ ਭੜਕ ਉਠਣੀ ਜਾਂ ਫਿਰ ਕਿਹਨਾਂ ਦੇਸ਼ਾਂ 'ਚ ਮਜ਼ਦੂਰਾਂ ਇਨਕਲਾਬ ਦੇ ਹੋਣ ਵਰਗੀਆਂ ਚੀਜ਼ਾਂ ਭਵਿੱਖ ਦੇ ਗਰਭ ਵਿਚ ਹਨ। ਚਾਰਲਸ ਡੀਕੀਂਸ ਦੇ ਸ਼ਬਦਾਂ ਨੂੰ ਉਧਾਰ ਲਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਅੰਧਕਾਰ ਦਾ ਵੀ ਸਾਲ ਸੀ। ਤਾਂ ਉਜਾਲੇ ਦਾ ਵੀ ਸਾਲ ਸੀ। ਇਹ ਪਤਨ ਦਾ ਵੀ ਦਰ ਸੀ ਤੇ ਰਿਕਵਰੀ ਦਾ ਵੀ ਦੌਰ ਸੀ। ਯਾਨੀ ਗੁਜ਼ਰੇ ਸਾਲ ਨੇ ਭਾਰਤ ਸਮੇਤ ਵਿਸ਼ਵ ਪੂੰਜੀਵਾਦੀ ਦੁਨੀਆਂ ਦੇ ਨੇਤਾਵਾਂ ਤੋਂ ਲੈ ਕੇ ਉਹਨਾਂ ਦੀ ਵਿਵਸਥਾ ਦੀ ਸੜਾਂਦ ਪਤਨ ਦਾ ਸਿਖਰ ਦਿਖਾਇਆ ਹੈ ਤਾਂ ਮਜ਼ਦੂਰਾਂ, ਵਿਦਿਆਰਥੀ ਨੌਜਵਾਨਾਂ ਵਲੋਂ ਇਹ ਸੰਕੇਤ ਵੀ ਦਿੱਤਾ ਗਿਆ ਹੈ ਕਿ ਉਹ ਪੂੰਜੀਵਾਦ ਨੂੰ ਚੁਣੌਤੀ ਦੇ ਸਕਦੇ ਹਨ। ਨਵੇਂ ਯੁੱਗ ਨੂੰ ਜਨਮ ਦੇ ਸਕਦੇ ਹਨ। ਭਾਰਤ 'ਚ ਇਹ ਦੋ ਵਿਰੋਧੀ ਤਾਕਤਾਂ ਆਹਮਣੇ-ਸਾਹਮਣੇ ਆ ਰਹੀਆਂ ਹਨ। ਇਥੇ ਜਿਥੇ ਮਜ਼ਦੂਰ, ਕਿਸਾਨ, ਆਦਿਵਾਸੀ, ਔਰਤਾਂ, ਨੌਜਵਾਨ ਯਾਨੀ ਲੁੱਟੇ-ਘਸੁੱਟੇ ਲੋਕ ਆਪਣੀ ਆਵਾਜ਼ ਉਠਾ ਰਹੇ ਹਨ। ਵਿਰੋਧ ਕਰ ਰਹੇ ਹਨ। ਪੂੰਜੀਵਾਦ ਦੇ ਨੰਗੇ ਨਾਚ 'ਤੇ ਪੱਥਰ ਮਾਰ ਰਹੇ ਹਨ। ਪੂੰਜੀਵਾਦ ਮਨੁੱਖ ਜਾਤੀ ਦਾ ਭਵਿੱਖ ਤਾਂ ਕੀ ਵਰਤਮਾਨ ਦੇ ਵੀ ਲਾਇਕ ਨਹੀਂ ਰਹਿ ਗਿਆ ਹੈ। ਸਮਾਜਵਾਦ, ਮਾਰਕਸਵਾਦ ਆਦਿ ਦੇ ਨਾਹਰੇ ਉਥੇ ਵੀ ਗੂੰਜਣ ਲੱਗੇ ਹਨ ਜਿਥੇ ਇਹ ਗੱਲ ਉਠ ਰਹੀ ਸੀ ਕਿ

ਪੂੰਜੀਵਾਦ ਦਾ ਕੋਈ ਬਦਲ ਨਹੀਂ ਹੈ।

ਗੁਜਰੇ ਸਾਲ ਨੇ ਸਾਬਤ ਕਰ ਦਿੱਤਾ ਹੈ ਕਿ ਪੂੰਜੀਵਾਦੀ ਹਾਕਮ, ਪਾਰਟੀਆਂ, ਸੰਸਥਾਵਾਂ ਹਕੂਮਤ ਕਰਨ ਲਾਇਕ ਨਹੀਂ ਹਨ। ਇਹਨਾਂ ਦਾ ਜਗ੍ਹਾ ਰੱਦੀ ਦੀ ਟੋਕਰੀ ਹੈ। ਉਥੇ ਇਹਨਾਂ ਨੂੰ ਜਲਦੀ ਸੁੱਟ ਦੇਣਾ ਚਾਹੀਦਾ ਹੈ। ਉਨਾਂ ਹੀ ਮਨੁੱਖ ਜਾਤੀ ਦਾ ਭਲਾ ਹੋਵੇਗਾ ਨਹੀਂ ਤਾਂ ਪਤਨ, ਬੇਰਹਿਮੀ ਦਾ ਨੰਗਾ ਨਾਚ ਜਾਰੀ ਰਹੇਗਾ। ਨਵੇਂ ਸਾਲ 'ਚ ਪੂੰਜੀਵਾਦ ਨੂੰ ਆਪਣੀ ਕਬਰ ਵੱਲ ਧਕਿਆ ਜਾਵੇ ਅਤੇ ਸਮਾਜ ਦੇ ਸੂਰਜ ਦਾ ਉਦੈ ਹੋ ਸਕੇ। ਇਸ ਲਈ ਮਜ਼ਦੂਰ, ਕਿਸਾਨਾਂ, ਵਿਦਿਆਰਥੀ ਨੌਜਵਾਨਾਂ ਨੂੰ ਭਵਿੱਖ ਮਨੁੱਖ ਜਾਤੀ ਦੇ ਉਜਵਲ ਭਵਿੱਖ ਲਈ ਸਮਾਜਵਾਦ ਦੀ ਉਸਾਰੀ ਕਰਨ ਨੂੰ ਵੰਗਾਰ ਰਿਹਾ ਹੈ।

# ਕਿਵੇਂ ਭਰਪੂਰ ਮੁਨਾਫੇ ਲਈ ਖ਼ੂਨ ਪੀਂਦੀ ਹੈ ਕੋਲ ਇੰਡੀਆ ਲਿਮਟਿਡ?

ਪਿੱਛੇ ਜਿਹੇ 'ਜਨਤਕ ਖੇਤਰ' ਦੀ ਕੰਪਨੀ ਕੋਲ ਇੰਡੀਆ ਲਿਮਟਿਡ ਵਲੋਂ ਇਕ ਅਮਰੀਕੀ ਕੋਲਾ ਕੰਪਨੀ ਨੂੰ ਖਰੀਦੇ ਜਾਣ ਦੀਆਂ ਸੰਭਾਵਨਾਵਾਂ ਬਾਰੇ ਕਾਫੀ ਸਨਸਨੀਖੇਜ ਅੰਦਾਜ਼ 'ਚ ਮੀਡੀਆ 'ਚ ਖਬਰਾਂ ਛਪੀਆਂ ਸਨ। ਉਸ ਦੇ ਨਾਲ ਕੋਲ ਇੰਡੀਆ ਲਿਮਟਿਡ ਨੂੰ ਕੋਲਾ ਪੈਦਾਵਾਰ 'ਚ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ ਐਲਾਨ ਕੇ ਉਸ ਨੂੰ ਉਭਰਦੇ ਭਾਰਤ ਦੀ ਇਕ 'ਸ਼ਾਨਦਾਰ' ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ। ਨਿਰਸੰਦੇਹ ਕੋਲ ਇੰਡੀਆ ਲਿਮਟਿਡ ਕੋਲਾ ਪੈਦਾਵਾਰ 'ਚ ਦੁਨੀਆਂ ਦੀ ਸਭ ਤੋਂ ਮੋਹਰੀ ਕੰਪਨੀ ਹੈ। ਪਰ ਕੋਲਾ ਮਜ਼ਦੂਰਾਂ ਦੇ ਖ਼ੂਨ-ਪਸੀਨੇ ਨੂੰ ਸਭ ਤੋਂ ਸਸਤੇ 'ਚ ਨਿਚੋੜਣ 'ਚ ਇਸ ਕੰਪਨੀ ਦੀ ਲਗਾਤਾਰ ਹੀ ਇਸ ਦੀ ਤਰੱਕੀ ਦੀ ਬੁਨਿਆਦੀ ਹੈ। ਕੋਲ ਇੰਡੀਆ ਜੇ ਦੁਨੀਆਂ 'ਚ ਸਭ ਤੋਂ ਵੱਡੀ ਕੋਲਾ ਕੰਪਨੀ ਹੈ ਤਾਂ ਇਸ ਦੇ ਨਾਲ ਇਹ ਦੁਨੀਆਂ 'ਚ ਸਭ ਤੋਂ ਸਸਤੀ ਮਜ਼ਦੂਰੀ ਤੇ ਮਜ਼ਦੂਰਾਂ ਦੀ ਜਾਨ ਦੀ ਕੀਮਤ ਲਾਉਣ ਵਾਲੀ ਹੈ। ਕਹਿਣ ਨੂੰ ਇਹ ਕੰਪਨੀ ਜਨਤਕ ਖੇਤਰ ਦਾ ਅਦਾਰਾ ਅਖਵਾਉਂਦੀ ਹੈ ਪਰ ਇਸ 'ਚ ਰਿਕਾਰਡ ਤੋੜ ਪੈਮਾਨੇ 'ਤੇ ਵਿਦੇਸ਼ੀ ਪੂੰਜੀ ਨਿਵੇਸ਼ ਹੋ ਰਿਹਾ ਹੈ। ਵੈਸੇ ਵੀ ਭਾਰਤ 'ਚ ਜਨਤਕ ਅਦਾਰੇ ਕਦੀ ਵੀ ਜਨਤਕ ਨਹੀਂ ਸਨ ਬਲਕਿ ਰਾਜਸੀ ਪੂਜੀ ਦੀ ਇਜ਼ਾਰੇਦਾਰੀ ਵਾਲੇ ਅਦਾਰੇ ਸਨ। ਜਨਤਕ ਸ਼ਬਦ ਤਾਂ ਸਿਰਫ ਹਾਥੀ ਦੇ ਵਿਖਾਉਣ ਦੇ ਦੰਦ ਬਰਾਬਰ ਇਕ ਉਪਰਗ ਮਾਤਰ ਰਿਹਾ ਹੈ। ਅੱਜ ਸਾਮਰਾਜੀ ਵਿਸ਼ਵੀਕਰਨ ਦੇ ਦੌਰ 'ਚ ਦੇਸ਼ੀ-ਵਿਦੇਸ਼ੀ ਪੂੰਜੀ ਦਾ ਗਠਜੋੜ ਕਿਸ ਤਰ੍ਹਾਂ ਸਸਤੀ ਕਿਰਤ ਦੀ ਲੁੱਟ ਮਚਾ ਰਿਹਾ ਹੈ। ਇਸ ਦਾ ਆਦਰਸ਼ ਨਮੂਨਾ ਕੋਲ ਇੰਡੀਆ ਲਿਮਟਿਡ ਹੈ। ਇਹ ਅਕਾਰਨ ਨਹੀਂ ਹੈ ਕਿ ਕੋਲ ਇੰਡੀਆ ਲਿਮ. ਦੇ 2.35 ਲੱਖ ਕਰੋੜ ਰੁਪਏ ਦੇ ਜਾਰੀ ਹਿੱਸੇਦਾਰੀ (ਪਬਲਿਕ ਇਸ਼ੂ) ਵਿਚੋਂ 1.2 ਲੱਖ ਕਰੋੜ ਰੁਪਏ ਦੀ ਭਾਗੀਦਾਰੀ ਜਾਂ ਹਿੱਸੇਦਾਰੀ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਖਰੀਦੀ ਹੈ। ਕਾਰਣ ਸਪਸ਼ਟ ਹੈ ਕਿ ਭਾਰਤ ਦੇ ਕੋਇਲਾ ਮਜ਼ਦੂਰਾਂ ਨੂੰ ਦਿੱਤੀ ਜਾਣ ਵਾਲੀ ਮਜ਼ਦੂਰੀ ਜਾਂ ਮੌਤ ਹੋਣ 'ਤੇ ਮੁਆਵਜ਼ਾ ਰਾਸ਼ੀ ਦੁਨੀਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੈ। ਇਸ ਨਹੀ ਕੋਲਾ ਸਨਅਤ 'ਚ ਨਿਵੇਸ਼ ਕਰਕੇ ਮੁਨਾਫੇ ਦੀਆਂ ਅਧਾਰ ਸੰਭਾਵਨਾਵਾਂ ਹਨ। ਅਜੇ ਕੁਝ ਸਾਲ ਪਹਿਲਾਂ (ਅਕਤੂਬਰ 2010) 'ਚ ਚਿਲੀ ਦੀ ਇਕ ਕੋਲਾ ਖਾਣ 'ਚ ਫਸੇ 33 ਮਜ਼ਦੂਰਾਂ ਨੂੰ 75 ਦਿਨ ਦੀ ਬਚਾਅ ਮੁਹਿੰਮ ਪਿੱਛੋਂ ਸੁਰੱਖਿਅਤ ਕੱਢ ਲਿਆ ਗਿਆ। ਪਰ ਇਸ ਤਰ੍ਹਾਂ ਦੀ ਬਚਾਅ ਮੁਹਿੰਮ ਦੀ ਭਾਰਤ 'ਚ ਕਲਪਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਥੇ ਮਜ਼ਦੂਰ ਦੀ ਜਾਨ ਦੀ ਕੀਮਤ ਬਚਾਅ ਮੁਹਿੰਮ 'ਚ ਹੋਣ ਵਾਲੇ ਖਰਚੇ ਤੋਂ ਸਸਤੀ ਪੈਂਦੀ ਹੈ। ਸਰਕਾਰਾਂ ਇਸ ਤਰਕ 'ਤੇ ਅਦਾਰੇ 'ਚ ਹੋਣ ਵਾਲੀਆਂ ਘਟਨਾਵਾਂ ਪ੍ਰਤੀ ਉਦਾਸੀਨ ਰਹਿੰਦੀਆਂ ਹਨ। ਇਸ ਕਾਰਨ ਦੁਨੀਆਂ ਭਰ 'ਚ ਕੋਲਾਖਾਨਾ 'ਚ ਹੋਣ ਵਾਲੀਆਂ ਮੌਤਾਂ 'ਚ ਭਾਰਤ ਦੀ ਥਾਂ ਮੋਹਰੀ ਦੇਸ਼ਾਂ ਵਿਚ ਹੈ। ਸੰਨ 1901 ਪਿੱਛੋਂ ਹੁਣ ਤਕ ਐਲਾਨਿਆਂ ਤੌਰ 'ਤੇ (ਡਾਇਰੇਕਸ਼ਨ ਜਨਰਲ ਆਨ ਮਾਈਨ ਸੇਫਟੀ ਦੇ ਅਨੁਸਾਰ) 23128 ਮਜ਼ਦੂਰ ਕੋਲਾ ਖਾਣਾਂ 'ਚ ਦਬ ਕੇ ਮਾਰੇ ਜਾ ਚੁੱਕੇ ਹਨ ਇਹਨਾਂ ਵਿਚੋਂ 9880 ਮਜ਼ਦੂਰ 1947 ਤੋਂ ਪਹਿਲਾਂ ਮਾਰੇ ਗਏ

ਸਨ। ਯਾਨੀ 1947 ਪਿਛੋਂ ਹੁਣ ਤਕ 13248 ਮਜ਼ਦੂਰ ਖਾਣਾਂ 'ਚ ਦਬ ਕੇ ਮਾਰੇ ਜਾ ਚੁੱਕੇ ਹਨ। ਇਹ ਗਿਣਤੀ 1947 ਤੋਂ ਪਹਿਲਾਂ ਦੀ ਗਿਣਤੀ ਤੋਂ ਕਾਫੀ ਵੱਧ ਹੈ। 1972 'ਚ ਖਾਣਾ ਦੇ 'ਕੌਮੀਕਰਨ' ਪਿੱਛੋਂ 5500 ਮਜ਼ਦੂਰ ਖਾਣਾ ਦੁਰਘਟਨਾਵਾਂ 'ਚ ਗੰਭੀਰ ਰੂਪ 'ਚ ਜ਼ਖ਼ਮੀ ਹੋਏ ਹਨ। ਇਸ ਦੌਰਾਨ ਖਾਣਾ ਤੋਂ ਕੋਇਲਾ ਕੱਢਣ 'ਤੇ 1951 'ਚ ਇਕ ਸਿਫਟ 'ਚ ਹਰ ਬੰਦਾ 0. 35 ਟਨ ਤੋਂ ਦਸ ਗੁਣਾ ਵਧ ਕੇ 2006 'ਚ 3.4 ਟਨ ਹੋ ਚੁੱਕਿਆ ਹੈ। ਯਾਨੀ ਮਜ਼ਦੂਰ ਦੀ ਮਿਹਨਤ ਕਾਫੀ ਵਧਣ ਨਾਲ ਸੁਰਖਿਆ ਮਾਪਦੰਡਾਂ ਦੇ ਪੱਧਰ 'ਚ ਕੋਈ ਸੁਧਾਰ ਨਹੀਂ ਆਇਆ ਹੈ। ਇਸ ਲਈ ਦੁਰਘਟਨਾਵਾਂ 'ਚ ਮਰਨ ਵਾਲਿਆਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ। ਖੁਦਾਈ ਉਦਯੋਗ 'ਚ ਹੋਣ ਵਾਲੀਆਂ ਮਜ਼ਦੂਰਾਂ ਦੀ ਮੌਤਾਂ ਦਾ ਅੰਕੜਾ ਇਸ ਖਾਸ ਤਰੀਕੇ ਨਲ ਪੇਸ਼ ਕੀਤਾ ਜਾਂਦਾ ਹੈ। ਇਹ ਤਰੀਕਾ ਹੈ ਪ੍ਰਤੀ ਦਸ ਲੱਖ (ਮਿਲੀਅਨ) ਟਨ ਕੋਲਾ ਖੁਦਾਈ 'ਚ ਹਰ ਸਾਲ ਹੋਣ ਵਾਲੀਆਂ ਮਜ਼ਦੂਰਾਂ ਦੀ ਮੌਤਾਂ ਦੀ ਗਿਣਤੀ। ਇਸ ਲਿਹਾਜ ਨਾਲ ਏਸ਼ੀਅਨ ਵਿਕਾਸ ਬੈਂਕ ਦੀ 2003-04 ਦੀ ਰਿਪੋਰਟ ਅਨੁਸਾਰ ਭਾਰਤ ਵਿਚ ਮਜ਼ਦੂਰਾਂ ਦੀ ਮੌਤ ਦਰ 0.4 ਮਿਲੀਅਨ ਸਲਾਨਾ ਹੈ ਯਾਨੀ 4 ਲੱਖ ਟਨ ਕੋਲਾ ਖੁਦਾਈ ਦੇ ਨਾਲ ਹਰ ਸਾਲ ਇਕ ਮਜ਼ਦੂਰ ਦੀ ਜਾਨ ਜਾਂਦੀ ਹੈ। ਇਹ ਦਰ ਅਮਰੀਕਾ ਤੇ ਆਸਟ੍ਰੇਲੀਆ ਦੀ ਤੁਲਨਾ 'ਚ ਦਸ ਗੁਣਾ ਹੈ। ਪਰ ਚੀਨ ਤੇ ਯੂਕਰੇਨ ਹੀ ਇਸ ਮਾਮਲੇ 'ਚ ਭਾਰਤ ਤੋਂ ਅੱਗੇ ਹਨ। ਭਾਰਤ 'ਚ ਕੋਲਾ ਮਜ਼ਦੂਰਾਂ ਦੀ ਜਾਨ ਦੀ ਕੀਮਤ ਅੱਜ ਵੀ ਦੁਨੀਆਂ 'ਚ ਸਭ ਤੋਂ ਘੱਟ ਅੰਗੀ ਜਾਂਦੀ ਹੈ। ਇਸ ਲਈ ਭਾਰਤ 'ਚ ਕੋਲਾ ਖੁਦਾਈ 'ਚ ਨਿਵੇਸ਼ ਸਭ ਤੋਂ ਵੱਧ ਮੁਨਾਫੇ ਅਤੇ ਸੁਰੱਖਿਅਤ ਨਿਵੇਸ਼ ਵਜੋਂ ਗਿਣਿਆ ਜਾਂਦਾ ਹੈ। ਇਸ ਦੇ ਨਾਲ ਭਾਰਤ 'ਚ ਕੋਲਾ ਮਜ਼ਦੂਰਾਂ ਦੀ ਮਜ਼ਦੂਰੀ ਵੀ ਸਭ ਤੋਂ ਨੀਵੇਂ ਪੱਧਰ 'ਤੇ ਹੈ। ਅਮਰੀਕਾ ਸਰਕਾਰ ਅਨੁਸਾਰ ਦੁਨੀਆਂ ਦੇ ਮੁੱਖ ਕੋਲਾ ਉਪਾਦਕ ਦੇਸ਼ਾਂ 'ਚ ਭਾਰਤ ਦੇ ਮਜ਼ਦੂਰਾਂ ਨੂੰ ਸਭ ਤੋਂ ਘੱਟ ਮਜ਼ਦੂਰੀ ਮਿਲਦੀ ਹੈ। ਉਹਨਾਂ ਨੂੰ 2005 'ਚ 0-63 ਅਮਰੀਕੀ ਡਾਲਰ (27 ਰੁਪਏ) ਪ੍ਰਤੀ ਘੰਟੇ ਦੇ ਹਿਸਾਬ ਨਾਲ ਮਜ਼ਦੂਰਾਂ ਦਾ ਭੁਗਤਾਨ ਹੁੰਦਾ ਸੀ ਜਦ ਕਿ ਆਸਟ੍ਰੇਲੀਆ 'ਚ ਇਹ ਪ੍ਰਤੀ ਘੰਟਾ 53.11 ਡਾਲਰ, ਬ੍ਰਿਟੇਨ 'ਚ 53 ਡਾਲਰ, ਬ੍ਰਾਜੀਲ 'ਚ 48.25 ਡਾਲਰ ਤੇ ਅਮਰੀਕਾ 'ਚ 36.6 ਡਾਲਰ, ਚੀਨ 'ਚ 0.91 ਡਾਲਰ ਪ੍ਰਤੀ ਘੰਟਾ ਸੀ। ਇਥੇ ਇਹ ਵੀ ਵਿਚਾਰਨ ਲਾਇਕ ਹੈ ਕਿ ਭਾਰਤ 'ਚ ਐਲਾਨੀਆਂ ਦਰਾਂ ਨਾਲ ਕਾਫੀ ਘੱਟ ਮਜ਼ਦੂਰਾਂ ਮਿਲਦੀ ਹੈ। ਇਸ ਦੇ ਨਾਲ ਇਹ ਵੀ ਧਿਆਨ ਦੇਣ ਯੋਗ ਹੈ ਕਿ ਭਾਰਤ 'ਚ ਮਜ਼ਦੂਰਾਂ ਨੂੰ ਦੁਰਘਟਨਾ ਜਾਂ ਮੌਤ ਹੋ ਜਾਣ 'ਤੇ ਮਿਲਣ ਵਾਲਾ ਮੁਆਵਜ਼ਾ ਵੀ ਦੁਨੀਆਂ 'ਚ ਸਭ ਤੋਂ ਘੱਟ ਹੈ। ਐਲਾਨੀਆ ਤੌਰ 'ਤੇ ਕਿਸੇ ਮਜ਼ਦੂਰ ਦੀ ਮੌਤ 'ਤੇ ਦੇਹ ਮੁਆਵਜ਼ਾ ਰਾਸ਼ੀ ਉਹਨਾਂ ਵਲੋਂ ਅੰਤਿਮ ਹਾਸਲ ਤਨਖਾਹ ਨੂੰ ਉਸ ਵਲੋਂ ਅੱਗੇ ਕੰਮ ਕਰ ਸਕਣ ਦੇ ਸੰਭਾਵਿਤ ਸਾਲਾਂ ਨਾਲ ਗੁਣਾ ਕਰਕੇ ਤਹਿ ਕੀਤੀ ਜਾਂਦੀ ਹੈ। ਇਸ ਅਧਾਰ 'ਤੇ ਇਕ 40 ਸਾਲਾ ਮਜ਼ਦੂਰ ਦੀ ਮੌਤ 'ਤੇ ਦੇਅ ਮੁਆਵਜ਼ਾ ਲਗਭਗ 37000 ਅਮਰੀਕੀ ਡਾਲਰ (ਲਗਭਗ 16 ਲੱਖ ਰੁਪਏ) ਬਣਦਾ ਹੈ। ਹਾਲਾਂਕਿ ਇਹ ਗਿਣਤੀ ਕੇਵਲ ਕਾਗਜ਼ਾਂ 'ਤੇ ਹੀ ਰਹਿੰਦੀ ਹੈ। ਅਸਲ ਮੁਆਵਜ਼ਾ ਰਾਸ਼ੀ ਇਸ ਤੋਂ ਕਾਫੀ ਘੱਟ ਹੁੰਦੀ ਹੈ। ਹੋਰਨਾਂ ਦੇਸ਼ਾਂ 'ਚ ਇਹ ਮੁਆਵਜ਼ਾ ਰਾਸ਼ੀ ਭਾਰਤ 'ਚ ਮਿਲਣ ਵਾਲੀ ਰਾਸ਼ੀ (ਐਲਾਨੀ) ਤੋਂ 82 ਗੁਣਾ ਵਧ ਲਗਭਗ 30 ਲੱਖ ਅਮਰੀਕੀ ਡਾਲਰ (13.12 ਕਰੋੜ ਰੁਪਏ, ਬ੍ਰਾਜ਼ੀਲ 'ਚ 28 ਲੱਖ ਅਮਰੀਕੀ ਡਾਲਰ

ਯਾਨੀ ਭਾਰਤ ਤੋਂ 76 ਗੁਣਾ ਵੱਧ (12.16 ਕਰੋੜ ਰੁਪਏ) ਅਮਰੀਕਾ 'ਚ ਭਾਰਤ ਤੋਂ 57 ਗੁਣਾ ਵਧ ਯਾਨੀ 21 ਲੱਖ ਅਮਰੀਕੀ ਡਾਲਰ (9.12 ਕਰੋੜ ਰੁਪਏ) ਹੈ)।

ਕੋਲ ਇੰਡੀਆ ਜਾਂ ਹੋਰ ਕੋਲਾ ਕੰਪਨੀਆਂ 'ਚ ਮਜ਼ਦੂਰਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਜੂੰ ਜੋਖਮ ਜਾਂ ਰਿਸਕ ਫੈਕਟਰ ਵਜੋਂ ਗਿਣਿਆ ਜਾਂਦਾ ਹੈ। ਭਾਰਤ 'ਚ ਨਿਵੇਸ਼ ਕਰਨ 'ਤੇ ਇਹ ਅਖੌਤੀ ਰਿਸਕ ਫੈਕਟਰ ਕੋਲਾ ਖੁਦਾਈ 'ਚ ਹੋਣ ਵਾਲੇ ਅਥਾਹ ਮੁਨਾਫੇ ਦੇ ਸਾਹਮਣੇ ਬਿਲਕੁਲ ਨਿਗੁਣਾ ਹੋ ਜਾਂਦਾ ਹੈ। ਇਸ ਲਈ ਕੋਲਾ ਖੇਤਰ ਭਾਰਤ 'ਚ ਭਰਪੂਰ ਵਿਦੇਸ਼ੀ ਨਿਵੇਸ਼ ਨੂੰ ਆਕ੍ਰਸ਼ਿਤ ਦਰ ਰਿਹਾ ਹੈ ਤੇ ਕੋਲਾ ਕੰਪਨਤੀ ਦੇ ਅਸਮਾਨ ਛੂੰਹਦੇ ਮੁਨਾਫਿਆਂ ਤੇ ਵਧਦੇ ਸਾਮਰਾਜ ਦੇ ਪਿੱਛੇ ਮਜ਼ਦੂਰਾਂ ਦੇ ਖ਼ੂਨ ਤੇ ਪਸੀਨੇ ਦੀ ਸਭ ਤੋਂ ਸਸਤੀ ਲੁੱਟ ਦਾ ਹੀ ਕਮਾਲ ਹੈ।

# ਕੀ ਰਾਜੀਵ ਗਾਂਧੀ ਪ੍ਰੀਵਾਰ ਤੇ ਕਵਾਤ੍ਰੋਕੀ 'ਚ ਬਹੁਤ ਨੇੜਤਾ ਸੀ?

ਮਿਸਟਰ ਕਵਾਤ੍ਰੋਕੀ ਤੇ ਉਹਨਾਂ ਦੀ ਪਤਨੀ ਮਾਰੀਆ ਕਵਾਤ੍ਰੋਕੀ ਸ੍ਰੀ ਰਾਜੀਵ ਗਾਂਧੀ ਤੇ ਸ੍ਰੀਮਤੀ ਸੋਨੀਆ ਗਾਂਧੀ ਦੇ ਬਹੁਤ ਕਰੀਬੀ ਸਨ। ਜਦ ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ ਤਾਂ ਕਵਾਤ੍ਰੋਕੀ ਤੇ ਉਸ ਦੇ ਪ੍ਰੀਵਾਰਕ ਮੈਂਬਰ ਪ੍ਰਧਾਨ ਮੰਤਰੀ ਨਿਵਾਸ ਤੇ ਆਉਂਦੇ ਜਾਂਦੇ ਰਹਿੰਦੇ ਸਨ ਅਤੇ ਸ੍ਰੀ ਰਾਜੀਵ ਗਾਂਧੀ ਪ੍ਰੀਵਾਰ ਦੇ ਮੈਂਬਰ ਵੀ ਕਵਾਤ੍ਰੋਕੀ ਦੇ ਘਰ ਜਾਇਆ ਕਰਦੇ ਸਨ।''

''ਸ੍ਰੀ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦੇ ਸ਼ੁਰੂਆਤੀ ਦਿਨਾਂ 'ਚ ਉਹਨਾਂ ਦੇ ਵਿਦੇਸੀ ਤੇ ਘਰੇਲੂ ਦੌਰਿਆਂ 'ਤੇ ਜਾਣ ਸਮੇਂ ਉਹਨਾਂ ਦੇ ਬੱਚੇ ਕਵਾਤ੍ਰੋਕੀ ਦੇ ਘਰ ਆਪਣੀ ਡਿਊਟੀ ਕਰਦੇ ਸੀ। ਕਦੀ ਕਦੀ ਸ੍ਰੀਮਤੀ ਸੋਨੀਆ ਗਾਂਧੀ ਵੀ ਕਵਾਤ੍ਰੋਕੀ ਦੀ ਰਿਹਾਇਸ਼ 'ਤੇ ਰੁਕ ਚੁੱਕੀ ਹੈ ਅਤੇ ਉਸ ਸਮੇਂ ਅਸੀਂ ਉਥੇ ਹੀ ਆਪਣੀ ਡਿਊਟੀ ਦਿੰਦੇ ਹੁੰਦੇ ਸੀ।''

''ਨੰਬਰ 5 ਤੇ 7 ਦੇ ਰੇਸਕੋਰਸ ਰੋਡ ਦੇ ਬੰਗਲੇ 'ਚ ਨਿਜੀ ਕਾਰਾਂ ਦੀ ਇਜਾਜ਼ਤ ਨਹੀਂ ਸੀ ਸਿਰਫ ਸੁੱਰਖਿਆ ਜਾਂਚ ਪਿਛੋਂ ਹੀ ਵਿਸ਼ੇਸ਼ ਸੁਰਖਿਆ ਫੋਰਸ (ਐਸ. ਪੀ. ਜੀ.) ਦੀਆਂ ਕਾਰਾਂ ਹੀ ਅਜਿਹੇ ਅੰਗਤੁਕਾਂ ਨੂੰ ਸ੍ਰਿਸੇਪਾਸ਼ ਤੋਂ ਪੋਟ੍ਰਿਕਾਂ ਤਕ ਲੈ ਜਾਂਦੀਆਂ ਸਨ ਅਤੇ ਫਿਰ ਵਾਪਸ ਉਥੇ ਛੱਡ ਦਿੰਦੀਆਂ ਸਨ। ਕਵਾਤਰੋਕਿਕ ਤੇ ਮਾਰਿਆ ਕਵਾਤਰੋਕਿਕ ਸ੍ਰੀ ਰਾਜੀਵ ਗਾਂਧੀ ਪ੍ਰੀਵਾਰ ਦੇ ਬਹੁਤ ਨੇੜੇ ਸਨ ਤੇ ਉਹਨਾਂ ਨੂੰ ਮੰਤਰੀ ਨਿਵਾਸ 'ਚ ਆਉਣ ਜਾਣ ਦੀ ਪੂਰੀ ਛੋਟ ਸੀ। ਨੰਬਰ 5 ਤੇ 7 ਰੇਸਕੋਰਸਰੋਪਡ ਦੇ ਸਭ ਅੰਗਤੁਕਾਂ ਨੂੰ ਕਾਰ 'ਚ ਸਵਾਰ ਹੋਣ ਦੀ ਥਾਂ ਦੇ ਨੇੜੇ ਰਿਸ਼ੇਪਸ਼ਨ 'ਤੇ ਪਾਸ ਦਿੱਤੇ ਜਾਂਦੇ ਸਨ। ਪੀ ਐਮ ਹਾਊਸ 'ਚ ਜਾਣ ਲਈ ਕਵਾਤਰੋਕਿਕ ਤੇ ਉਹਨਾਂ ਦੇ ਪ੍ਰੀਵਾਰ ਦੇ ਮੈਂਬਰਾਂ ਲਈ ਹਮੇਸ਼ਾ ਇਕ ਕਾਰਡ ਤਿਆਰ ਰੱਖਿਆ ਜਾਂਦਾ ਸੀ। ਪੀ ਐਮ ਹਾਊਸ ਤੇ ਤੈਨਾਤ ਐਸ ਪੀ ਜੀ ਹਰ ਆਦਮੀ ਕਵਾਤਰੋਕਿਕ ਤੇ ਉਹਨਾਂ ਦੇ ਪ੍ਰੀਵਾਰ ਦੇ ਮੈਂਬਰਾਂ ਨੂੰ ਜਾਣਦਾ ਸੀ। ਇਸ ਲਈ ਉਹਨਾਂ ਨੂੰ ਪਹਿਚਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ।''

ਇੰਡੀਆ ਟੂਡੇ ਵਲੋਂ ਕੱਢ ਕੇ ਲਿਆਂਦੇ ਗਏ ਉਕਤ ਸਨਸਨੀਖੇਜ ਖੁਲਾਸੇ ਬੋਫਰਸ ਘਪਲੇ ਦੇ ਮਾਮਲੇ 'ਚ ਅਦਾਲਤ ਦੇ ਰਿਕਾਰਡ ਦਾ ਹਿੱਸਾ ਹਨ। ਇਹ ਬਿਆਨ 1977 'ਚ ਸੀ ਬੀ ਆਈ ਨੇ ਰਿਕਾਰਡ ਕੀਤੇ ਸਨ ਜੋ ਉਥੇ ਹੀ ਮਿੱਟੀ ਖਾ ਰਹੇ ਹਨ। ਆਪਣੀ ਜਾਂਚ ਦੇ ਹਿੱਸੇ ਵਜੋਂ ਸੀ ਬੀ ਆਈ ਨੇ ਇਹਨਾਂ ਨੂੰ ਐਸ ਪੀ ਜੀ ਦੇ ਇਕ ਅਧਿਕਾਰੀ ਅਤੇ ਕੁਝ ਡਰਾਈਵਰਾਂ ਤੋਂ ਇਕੱਠਾ ਕੀਤਾ ਸੀ। ਜਿਸ 'ਚ ਸ਼ਸ਼ਿਧਰਨ ਵੀ ਸ਼ਾਮਲ ਹਨ ਉਹ ਨੈਮਪ੍ਰੋਗੇਤੀ 'ਚ ਕੰਮ ਕਰਦਾ ਸੀ, ਜਿਥੇ ਕਵਾਤਰੋਕਿਕ ਮਹਾਂ-ਪ੍ਰਬੰਧਕ ਸਨ। ਐਸ ਪੀ ਜੀ ਅਧਿਕਾਰੀ ਨਰੇਸ਼ ਚੰਦਰ ਗੋਸਾਈ ਨੇ 29 ਮਾਰਚ 1997 ਨੂੰ ਸੀ ਬੀ ਆਈ ਇਨਸਪੈਕਟਰ ਘਨਸ਼ਾਮ ਰਾਏ ਸਾਹਮਣੇ ਗਵਾਹੀ ਦਿੱਤੀ ਸੀ। 1984 ਅਤੇ 1987 ਵਿਚਕਾਰ ਉਹ ਰਾਜੀਵ ਗਾਂਧੀ ਲਈ ਤਾਇਨਾਤ ਕੀਤੀ ਨਵੀਂ ਐਸ ਪੀ ਜੀ ਟੀਮ 'ਚ ਨਿਯੁਕਤ ਕੀਤੇ ਗਏ ਅਤੇ ਰਾਜੀਵ ਗਾਂਧੀ ਨਾਲ ਚਲਣ ਵਾਲੀ ਸੁਰਖਿਆ ਟੀਮ ਦਾ ਹਿੱਸਾ ਸਨ। 1987 ਤੇ 1989 ਵਿਚਕਾਰ ਗੋਸਾਈ ਸੋਨੀਆ ਗਾਂਧੀ ਦੇ ਨਿਜੀ

ਸੁਰਖਿਆ ਅਧਿਕਾਰੀ ਸਨ। ਸੰਨ 1997 ’ਚ ਐਚ ਡੀ ਦੇਵੇਗੌੜਾ ਦੇ ਪ੍ਰਧਾਨ ਮੰਤਰੀ ਸਮੇਂ ’ਚ ਗੌਸਾਈਂ ਨੇ ਸੀ ਬੀ ਆਈ ਦੇ ਸਾਹਮਣੇ ਗਵਾਹੀ ਦਿੱਤੀ ਅਤੇ ਗਾਂਧੀ ਤੇ ਕਵਾਤਰੋਕਿਕ ਪ੍ਰੀਵਾਰ ਵਿਚਕਾਰ ਨੇੜਤਾ ਬਾਰੇ ਵਿਸਥਾਰ ਨਾਲ ਦੱਸਿਆ। ਹੁਣੇ 4 ਜਨਵਰੀ ਨੂੰ ਆਮਦਨ ਟੈਕਸ ਅਪੀਲੀ ਪੰਚਾਟ ਦੇ ਫੈਸਲੇ ਨੇ ਕਵਾਤਰੋਕਿਕ ਨੂੰ ਮਿਲੀ ਦਲਾਲੀ ਦਾ ਖੁਲਾਸਾ ਕੀਤਾ ਤਾਂ ਕਾਂਗਰਸ ਤੁਰੰਤ ਇਨਕਾਰ ਦੀ ਮੁਦਰਾ ’ਚ ਆ ਗਈ ਅਤੇ ਗਾਂਧੀ ਪ੍ਰੀਵਾਰ ਨੂੰ ਇਟਲੀ ਦੇ ਇਸ ਵਪਾਰੀ ਤੋਂ ਵੱਖ ਦਸਣ ਦੀ ਕੋਸ਼ਿਸ਼ ਕੀਤੀ, ਦਰਅਸਲ ਉਚ ਪਾਰਟੀ ਨੇਤਾ ਗਾਂਧੀ ਪ੍ਰੀਵਾਰ ਤੇ ਕਵਾਤਰੋਕਿਕ ਵਿਚ ਗੂੜੇ ਸਬੰਧਾਂ ਨੂੰ ਖਾਰਿਜ ਕਰਨ ’ਚ ਜੁਟ ਗਏ। ਕਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਕਿਹਾ, “ਕਾਂਗਰਸੀ ਪਾਰਟੀ ਜਾਂ ਉਸ ਦੇ ਨੇਤਾ ਨਾਲ ਉਹਨਾਂ ਦੇ (ਕਵਾਤਰੋਕਿਕ) ਸਿੱਧੇ ਸਬੰਧਾਂ ਦੀ ਗੱਲ ਬਿਲਕੁਲ ਹੀ ਨਿਰਾਧਾਰ ਤੇ ਬੁਤਕੀ ਹੈ।” ਪਰ ਗਵਾਹੀਆਂ ਦਸਦੀਆਂ ਹਨ ਕਿ ਕਵਾਤਰੋਕਿਕ ਤੇ ਉਹਨਾਂ ਦੀ ਪਤਨੀ ਮਾਰੀਆ ਤੇ ਗਾਂਧੀ ਪ੍ਰੀਵਾਰ ਵਿਚਕਾਰ ਕਾਫੀ ਨਜ਼ਦੀਕੀਆਂ ਸਨ। ਸੋਨੀਆ ਦੀ ਮਾਂ ਪਾਔਲਾਮੈਨੋ ਤੇ ਭੈਣ ਮਾਨੋਚਕਾ ਵੀ ਗਾਂਧੀ ਪ੍ਰੀਵਾਰ ’ਚ ਅਸਾਨੀ ਨਾਲ ਪਹੁੰਚ ਰਖਦੀਆਂ ਸਨ ਅਤੇ ਉਹ ਨਵੀਂ ਦਿੱਲੀ ’ਚ ਕਵਾਤਰੋਕਿ ਜੋੜੀ ਦੇ ਘਰ ਅਕਸਰ ਜਾਇਆ ਕਰਦੀਆਂ ਸਨ, ਕੁਝ ਲੋਕ ਕਹਿਣਗੇ ਕਿ ਕਵਾਤਰੋਕਿਕ ਨਾਲ ਨਜ਼ਦੀਕੀ ਤਾਂ ਜਗ ਜਾਹਿਰ ਹੈ ਪਰ ਜੋ ਗੱਲ ਜੱਗ ਜ਼ਾਹਿਰ ਨਹੀਂ ਹੈ ਉਹ ਇਹ ਹੈ ਕਿ ਬੋਫਰਜ਼ ਮਾਮਲੇ ਨਾਲ ਉਹਨਾਂ ਦਾ ਜਾਂ ਜੁੜਨ ਪਿੱਛੋਂ ਵੀ ਇਹ ਨਿਕਟਤਾ ਬਣੀ ਰਹੀ। ਇਸ ਭੇਦ ਦਾ ਖੁਲਾਸਾ ਹੋਣ ’ਚ ਸਸ਼ੀਧਰਨ ਦੀ ਗਵਾਹੀ ਕਾਫੀ ਮਹੱਤਵਪੂਰਨ ਹੈ। ਉਹ ਇਟਲੀ ’ਚ ਜਨਤਕ ਖੇਤਰ ਦੀ ਦਿਓਕੱਦ ਕੰਪਨੀ ਨੈਮਪ੍ਰੋਗੇਤੀ ’ਚ ਡਰਾਈਵਰ ਸੀ। ਸਸ਼ੀਧਰਨ ਕਵਾਤਰੋਕਿਕ ਦਾ ਨਿਜੀ ਡਰਾਈਵਰ ਸੀ। ਉਹ ਇਕ ਮਰਸੀਡੀਜ਼ ਕਾਰ (ਡੀ ਆਈ ਏ 6253) ਚਲਾਉਂਦਾ ਸੀ। ਸਸ਼ੀਧਰਨ ਨੇ ਆਪਣੀ ਗਵਾਹੀ ’ਚ ਗਾਂਧੀ ਤੇ ਕਵਾਤਰੋਕਿਕ ਪ੍ਰੀਵਾਰ ਵਿਚਕਾਰ ਅਕਸਰ ਹੋਣ ਵਾਲੀਆਂ ਮੁਲਾਕਾਤਾਂ ਬਾਰੇ ਵਿਸਥਾਰ ਨਾਲ ਦੱਸਿਆ ਹੈ। ਉਸ ਨੇ ਸੀ ਬੀ ਆਈ ਨੂੰ ਦੱਸਿਆ, “ਸ੍ਰੀ ਕਵਾਤਰੋਕਿਕ ਤੇ ਸ੍ਰੀ ਮਤੀ ਮਾਰੀਆ ਕਵਾਤਰੋਕਿਕ ਸ੍ਰੀ ਰਾਜੀਵ ਗਾਂਧੀ ਤੇ ਸ੍ਰੀਮਤੀ ਸੋਨੀਆ ਗਾਂਧੀ ਤੇ ਉਹਨਾਂ ਦੇ ਪ੍ਰੀਵਾਰ ਦੇ ਕਾਫੀ ਕਰੀਬ ਸਨ। ਮੈਨੂੰ ਨਹੀਂ ਪਤਾ ਕਿ ਉਹਨਾਂ ਵਿਚ ਕਿਸ ਤਰ੍ਹਾਂ ਦੇ ਸੰਬੰਧ ਸਨ। ਪਰ ਕਵਾਤਰੋਕਿਕ ਤੇ ਮਾਰੀਆ ਅਕਸਰ ਰਾਜੀਵ ਤੇ ਸੋਨੀਆ ਦੇ ਘਰ ਆਇਆ ਕਰਦੇ ਸਨ। 1985 ’ਚ ਜਦ ਮੈਂ ਨੌਕਰੀ ਸ਼ੁਰੂ ਕੀਤੀ, ਉਦੋਂ ਤੋਂ ਹੀ ਇਸ ਗੱਲ ਨੂੰ ਜਾਣਦਾ ਸੀ। ਉਸ ਸਮੇਂ ਉਹ ਰਾਜੀਵ ਗਾਂਧੀ ਦੇ ਘਰ ਦਿਨ ’ਚ ਦੋ ਜਾਂ ਤਿੰਨ ਵਾਰੀ ਆਇਆ ਕਰਦੇ ਸਨ। ਜਦ ਵੀ ਸੋਨੀਆ ਦੀ ਮਾਂ ਜਾਂ ਪਿਤਾ ਭਾਰਤ ਆਉਂਦੇ ਮੈਂ ਉਹਨਾਂ ਨੂੰ ਕਵਾਤਰੋਕਿਕ ਦੇ ਘਰ ਲੈ ਜਾਇਆ ਕਰਦਾ ਸੀ। ਉਹ ਦਿਨ ਭਰ ਉਥੇ ਹੀ ਰਿਹਾ ਕਰਦੇ ਸਨ ਤੇ ਸ੍ਰੀ ਮਤੀ ਮਾਰੀਆ ਉਹਨਾਂ ਨੂੰ ਸ਼ਾਪਿੰਗ ਲਈ ਲੈ ਜਾਇਆ ਕਰਦੀ ਸੀ। ਉਹ ਲੋਕ ਸਾਲ ’ਚ ਚਾਰ ਜਾਂ ਪੰਜ ਵਾਰੀ ਭਾਰਤ ਆਉਂਦੇ ਸਨ।”

ਸਸ਼ੀਧਰਨ ਦਾ ਕਾਰ ਲਾਗ ਰਜਿਸਟਰ ਵੀ ਏਨਾ ਹੀ ਮਹੱਤਵਪੂਰਨ ਹੈ ਜਿਸ ’ਚ ਉਸ ਨੇ ਇਸ ਗੱਲ ਦਾ ਪੂਰਾ ਵੇਰਵਾ ਦਰਜ ਕਰ ਰੱਖਿਆ ਹੈ ਕਿ ਕਿਸ ਕਿਸ ਤਾਰੀਖ ਨੂੰ ਕਵਾਤਰੋਕਿਕ 5 ਤੇ 7 ਰੇਸਕੋਰਸ ਰੋਡ ਜਾਂ 10 ਜਨਪਥ ’ਤੇ ਰਾਜੀਵ ਜਾਂ ਸੋਨੀਆ ਨੂੰ ਮਿਲਣ ਗਏ, ਇਹ ਰਜਿਸਟਰ 1989 ਤੋਂ 1993 ਦੇ ਵਿਚਕਾਰ ਦੇ

ਹਨ। ਸਸ਼ੀਧਰਨ ਨੇ ਅਜਿਹੇ 41 ਮੌਕਿਆਂ ਦਾ ਜ਼ਿਕਰ ਕੀਤਾ ਹੈ। ਜਦ ਕਵਾਤਰੋਕਿਕ ਗਾਂਧੀ ਪ੍ਰੀਵਾਰ ਨੂੰ ਮਿਲਣ ਆਏ। 1991 'ਚ ਰਾਜੀਵ ਦੀ ਮੌਤ ਪਿੱਛੋਂ ਹੀ ਕਵਾਤਰੋਕਿਕ ਤੇ ਸੋਨੀਆ ਵਿਚਕਾਰ ਮਿਲਣਾ ਜੁਲਣਾ ਜਾਰੀ ਰਿਹਾ। ਸਸ਼ੀਧਰਨ ਮੁਤਾਬਕ ਮਈ 1991 ਪਿੱਛੋਂ ਕਵਾਤਰੋਕਿਕ 21 ਵਾਰੀ 10 ਜਨਪਥ ਗਏ ਸਨ। ਫਿਰ 20 ਜਨਵਰੀ 1990 ਨੂੰ ਸੀ ਬੀ ਆਈ ਦੀ ਇਕ ਟੀਮ ਪਹਿਲਾਂ ਹੀ ਬੋਫਰਜ਼ ਦਲਾਲੀ ਦੇ ਸ਼ੱਕੀ ਦਲਾਲਾਂ ਦੀ ਸੂਚੀ ਨਾਲ ਸਵਿਟਜ਼ਰਲੈਂਡ ਵਿਚ ਸੀ। 1988 ਅਤੇ 1999 ਵਿਚਕਾਰ ਮੀਡੀਆ ਨੇ ਬੋਫਰਜ਼ ਸੌਦੇ 'ਚ ਕਵਾਤਰੋਕਿਕ ਵਲੋਂ ਦਲਾਲੀ ਹਾਸਲ ਕਰਨ 'ਚ ਦੋਸ਼ਾਂ ਦੀ ਝੜੀ ਲਾ ਦਿੱਤੀ ਸੀ।

ਧਰਨ ਦੀ ਗਵਾਹੀ ਦੇ ਆਖਰੀ ਪੈਰੇ 'ਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਕਵਾਤਰੋਕਿਕ ਨੇ ਫਟਾਫਟ ਦੇਸ਼ ਛੱਡਿਆ, "ਸ੍ਰੀ ਕਵਾਤਰੋਕਿਕ ਸ਼ਕੀ ਬੰਦੇ ਲਗਦੇ ਸਨ। ਉਹ ਆਪਣੈ ਬਾਰੇ ਦੂਜਿਆਂ ਨਾਲ ਵੱਧ ਗੱਲਾਂ ਨਹੀਂ ਕਰਦੇ ਸਨ। ਜਦ ਇਸ ਬਾਰੇ ਕੋਈ ਖਬਰ ਆਉਂਦੀ ਤਾਂ ਉਹ ਪ੍ਰੇਸ਼ਾਨ ਹੋ ਜਾਂਦੇ ਸਨ। ਤਦ ਉਹ ਸਹਿਜ ਨਹੀਂ ਰਹਿੰਦੇ ਸਨ ਉਹਨਾਂ ਦਾ ਮੂਡ ਖਰਾਬ ਹੋ ਜਾਂਦਾ ਸੀ। ਸ੍ਰੀ ਕਵਾਤਰੋਕਿਕ 29 ਜੁਲਾਈ 1993 ਨੂੰ ਭਾਰਤ ਛੱਡ ਗਏ ਤੇ ਉਸ ਦਿਨ ਮੈਂ ਉਹਨਾਂ ਨੂੰ ਛੱਡਣ ਏਅਰਪੋਰਟ ਗਿਆ ਸੀ। ਉਸ ਸਮੇਂ ਇਕ ਬਰੀਫਕੇਸ ਤੋਂ ਬਿਨਾਂ ਉਹਨਾਂ ਕੋਲ ਕੋਈ ਸਾਮਾਨ ਨਹੀਂ ਸੀ। ਉਹਨਾਂ ਮੈਨੂੰ ਦੱਸਿਆ ਕਿ ਉਹ ਇਕ ਜ਼ਰੂਰੀ ਮੀਟਿੰਗ ਲਈ ਜਾ ਰਹੇ ਹਨ। ਆਮ ਤੌਰ 'ਤੇ ਜਦ ਵੀ ਉਹਨਾਂ ਨੂੰ ਕਾਰ ਦੀ ਲੋੜ ਹੁੰਦੀ ਸੀ ਉਹ ਮੈਨੂੰ ਪਹਿਲਾਂ ਦੱਸ ਦਿੰਦੇ ਸਨ ਪਰ ਉਸ ਦਿਨ ਉਹਨਾਂ ਨੈ ਪਹਿਲਾਂ ਨਹੀਂ ਦੱਸਿਆ ਸੀ।" ਜਦ ਜੋਗਿੰਦਰ ਸਿੰਘ ਤੋਂ ਜੋ 1997 'ਚ ਗਵਾਹੀਆਂ ਦਰਜ ਕੀਤੇ ਜਾਣ ਸਮੇਂ ਸੀ ਬੀ ਆਈ ਦੇ ਨਿਦੇਸ਼ਕ ਸਨ, ਸੰਪਰਕ ਕੀਤਾ ਗਿਆ ਤਾਂ ਉਹਨਾਂ ਨੇ ਇਸ ਗੱਲ ਦੀ ਪੁਸ਼ਟੀ ਕੀਤ ਕਿ ਅਸਲ 'ਚ ਇਹ ਬਿਆਨ ਲਏ ਗਏ ਸਨ ਤੇ ਉਹ ਕੋਰਟ ਦੇ ਰਿਕਾਰਡ ਦਾ ਹਿੱਸਾ ਸਨ। ਉਹਨਾਂ ਕਿਹਾ "ਗਵਾਹੀਆਂ ਕੋਈ ਅਪਰਾਧ ਸਾਬਤ ਨਹੀਂ ਕਰਦੀਆਂ ਪਰ ਇਸ ਗੱਲ ਦੀ ਤਸਦੀਕ ਕਰਦੀਆਂ ਹਨ ਕਿ ਕਵਾਤਰੋਕਿਕ ਨੂੰ ਕਿੰਨਾ ਮਹੱਤਵ ਹਾਸਲ ਸੀ।"

ਜੇ ਸੀ ਬੀ ਆਈ ਕਵਾਤਰੋਕਿਕ ਦਾ ਪਿੱਛਾ ਕਰਦੀ ਤੇ ਸੁਣਵਾਈ ਲਈ ਉਹਨਾਂ ਨੂੰ ਭਾਰਤ ਲਿਆ ਸਕਦੀ ਤਾਂ ਗੋਸਾਈ ਤੇ ਸਸ਼ੀਧਰਨ ਨੂੰ ਕੋਰਟ 'ਚ ਗਵਾਹ ਵਜੋਂ ਬੁਲਾਇਆ ਹੁੰਦਾ ਪਰ ਇਹ ਬਿਆਨ ਖੁਦ ਇਸ ਗੱਲ ਦੇ ਗਵਾਹ ਹਨ ਕਿ ਬੋਫਰਸ ਦਾ ਭੂਤ ਦਫਨ ਕਰਨ ਤੋਂ ਪਹਿਲਾਂ ਕਾਂਗਰਸ ਨੂੰ ਤਾਂ ਅਜੇ ਸਫਾਈ ਦੇਣੀ ਹੀ ਪਵੇਗੀ।

# ਕੀ ਹੈ ਬੁੱਧਾਦੇਵ ਦਾ ਸਲਵਾ ਜੂਡਮ?

20 ਸਤੰਬਰ 2010 ਨੂੰ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆ ਨੇ ਮਾਓਵਾਦੀਆਂ ਤੇ ਤ੍ਰਿਣਮੂਲ ਕਾਂਗਰਸ 'ਤੇ ਹਿੰਸਕ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਚਾਇਤ ਤੇ ਰਾਸ਼ਨਿੰਗ ਪ੍ਰਣਾਲੀ ਨੂੰ ਤਹਿਸ-ਨਹਿਸ ਕਰਨ ਤੇ ਤੁਲੇ ਹੋਏ ਹਨ। ਇੰਡੀਅਨ ਐਕਸਪ੍ਰੈਸ, ਦਿੱਲੀ ਐਡੀਸ਼ਨ ਇਸ ਬਿਆਨ ਤੋਂ 13 ਦਿਨ ਪਿੱਛੋਂ 11 ਅਕਤੂਬਰ 2010 ਨੂੰ ਇਹ ਖਬਰ ਵੀ ਛਪੀ ਕਿ ਸੀ ਪੀ ਐਮ ਨੇ ਲਾਲਗੜ੍ਹ 'ਤੇ ਫਿਰ ਤੋਂ ਕਬਜ਼ਾ ਹਾਸਲ ਕਰ ਲਿਆ ਹੈ। ਅਨੁਜ ਪਾਂਡੇ ਦਾ ਘਰ ਫਿਰ ਤੋਂ ਬਣ ਗਿਆ ਹੈ ਅਤੇ ਉਥੇ ਸੀ ਪੀ ਐਮ ਦੇ ਦਸ ਹਜ਼ਾਰ ਤੋਂ ਵੱਧ ਜਿਸ 'ਚ ਹਥਿਆਰਬੰਦ ਲੋਕਾਂ ਦੀ ਵੱਡੀ ਗਿਣਤੀ ਸੀ। ਲੋਕਾਂ ਨੇ ਮਾਰਚ ਤੇ ਰੈਲੀ ਕੀਤੀ। ਇਹ ਰੈਲੀ ਧਾਰਾ 144 ਦੀ ਉਲੰਘਣਾ ਕਰਕੇ ਕੀਤੀ ਗਈ। (ਇੰਡੀਆ ਐਕਸਪ੍ਰੈਸ, ਦਿੱਲੀ ਐਡੀਸ਼ਨ) ਇਹਨਾਂ ਦੋਹਾਂ ਖਬਰਾਂ 'ਚ ਤਾਲਮੇਲ ਜਾਂਤਵਜਾਨ ਬਿਠਾਉਣ ਲਈ ਇਹ ਜਾਨਣਾ ਲਾਜ਼ਮੀ ਹੈ ਕਿ ਬੁਧਾਦੇਵ ਸਰਕਾਰ ਤੇ ਸੀ ਪੀ ਐਮ ਵਿਚਕਾਰ ਕਿਸ ਤਰ੍ਹਾਂ ਦਾ ਰਿਸ਼ਤਾ ਹੈ ਅਤੇ ਉਹ ਮਾਓਵਾਦੀਆਂ ਨਾਲ ਨਿਪਟ ਕਿਵੇਂ ਰਹੇ ਹਨ ਅਤੇ ਖੋਹੇ ਹੋਏ ਗੜ੍ਹ ਨੂੰ ਫਿਰ ਤੋਂ ਕਿਵੇਂ ਆਪਣੇ ਕਬਜੇ 'ਚ ਲਿਆ ਰਹੇ ਹਨ। ਸੂਤਰਬੱਧ ਢੰਗ ਨਾਲ ਕਿਹਾ ਜਾਵੇ ਤਾਂ ਉਥੇ ਅਪ੍ਰੇਸ਼ਨ ਹੰਟ ਕਿਵੇਂ ਚਲਾਇਆ ਜਾ ਰਿਹਾ ਹੈ ਅਤੇ ਸੀ ਪੀ ਐਮ ਦਾ ਹਥਿਆਰਬੰਦ ਗ੍ਰੋਹ ਹਰਮਦ ਵਾਹਿਨੀ ਕਿਸ ਤਰ੍ਹਾਂ ਕੰਮ ਕਰ ਰਹੀ ਹੈ। ਇਸ ਰਣਨੀਤੀ ਦਾ ਖੁਲਾਸਾ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਅਗਸਤ 2010 ਦੇ ਸ਼ੁਰੂਆਤੀ ਦਿਨਾਂ 'ਚ ਸੀ ਪੀ ਐਮ ਨੇ ਦਾਅਵਾ ਕੀਤਾ ਕਿ ਉਹਨਾਂ ਦੇ ਕਾਰਕੁੰਨਾਂ ਨੂੰ ਵੱਡੇ ਪੈਮਾਨੇ 'ਤੇ ਮਾਓਵਾਦੀ ਮਾਰ ਰਹੇ ਹਨ। ਇਥੇ ਇਹ ਦਸਣਾ ਜ਼ਰੂਰੀ ਹੈ ਕਿ ਪੀ ਸੀ ਪੀ ਏ ਭਾਵ ਪੁਲਸ ਜਬਰ ਵਿਰੋਧੀ ਮੰਚ ਨੂੰ ਮਾਓਵਾਦ ਦਾ ਰੂਪ ਮੰਨ ਕੇ ਹੀ ਖਬਰ ਛਾਪੀ ਜਾਂਦੀ ਹੈ। ਤ੍ਰਿਣਮੂਲ ਦਾ ਦਾਅਵਾ ਹੈ ਕਿ ਇਹ ਹੱਤਿਆਵਾਂ ਸੀ ਪੀ ਐਮ ਦੀ ਹਰਮਦ ਵਾਹਿਨੀ ਕਰ ਰਹੀ ਹੈ ਅਤੇ ਮਾਰੇ ਜਾਣ ਵਾਲੇ ਲੋਕ ਉਹਨਾਂ ਦੇ ਜਾਂ ਪੀ ਸੀ ਪੀ ਏ ਦੇ ਵਰਕਰ ਹਨ। ਇਹ ਹਤਿਆਵਾਂ 'ਚ ਸਬੂਤ ਵਜੋਂ ਮ੍ਰਿਤਕ ਦੇ ਸਰੀਰ 'ਚ ਪਾਸ ਸੀ ਪੀ ਆਈ ਮਾਓਵਾਦੀ ਦਾ ਸਾਹਿਤ ਜਾਂ ਕੋਈ ਹੋਰ ਪਰਚਾ ਜ਼ਰੂਰ ਮਿਲਦਾ ਸੀ। ਅਗਸਤ ਦੇ ਮੱਧ 'ਚ ਸੀ ਪੀ ਐਮ ਦੇ ਹਥਿਆਰਬੰਦ ਗ੍ਰੋਹ ਜਿਸ ਨੂੰ ਹਰਮਦ ਵਾਹਿਨੀ ਨਾਂ ਦਿੱਤਾ ਗਿਆ ਹੈ, ਦੀਆਂ ਸਰਗਰਮੀਆਂ ਸਬੰਧੀ ਸੰਸਦ 'ਚ ਮੁੱਦਾ ਬਣਿਆ। ਪੀ ਚਿੰਤਬਰਮ ਨੇ ਖੁਫੀਆ ਵਿਭਾਗ ਦੀ ਰਿਪੋਰਟ 'ਤੇ ਅਧਾਰਤ ਬਿਆਨ ਦਿੱਤਾ ਕਿ ਬੰਗਾਲ 'ਚ ਸੀ ਪੀ ਐਮ ਵੱਡੇ ਪੈਮਾਨੇ 'ਤੇ ਹਥਿਆਰਬੰਦ ਕੈਂਪ ਲਾ ਰਹੀ ਹੈ। ਇਸ ਦੀ ਵਿਸਥਾਰਿਤ ਰਿਪੋਰਟ ਬਾਹਰ ਨਹੀਂ ਆ ਸਕੀ ਪਰ ਤਦ ਤੱਕ ਇਕ ਸੰਖੇਪ ਰਿਪੋਰਟ ਦੇ ਹਵਾਲੇ ਨਾਲ ਹੀ ਤਹਿਲਕਾ 'ਚ ਸਾਹਮਣੇ ਆ ਚੁੱਕੀ ਸੀ। 30 ਸਤੰਬਰ 2010 ਨੂੰ ਸੰਸਦ 'ਚ ਤ੍ਰਿਣਮੂਲ ਕਾਂਗਰਸ ਦੇ ਐਮ ਪੀ ਨੇ ਸੀ ਪੀ ਐਮ ਦੇ ਵਧਦੇ ਹਥਿਆਰਬੰਦ ਕੈਂਪਾਂ ਤੇ ਉਹਨਾਂ ਦੀਆਂ ਅਪਰਾਧਿਕ ਸਰਗਰਮੀਆਂ ਖਿਲਾਫ ਸੰਸਦ ਕੈਂਪਸ 'ਚ ਹੀ ਮੁਜਾਹਰਾ ਕੀਤਾ। (ਦ ਹਿੰਦੂ, ਦਿੱਲੀ ਐਡੀਸ਼ਨ) ਇਕ ਸਤੰਬਰ 2010 ਨੂੰ ਪੀ ਸੀ ਪੀ ਏ ਦੇ ਸਰਗਰਮ ਕਾਰਕੁੰਨ ਮਾਨਿਕ ਮੰਡਲ ਜਿਹਨਾਂ ਨੂੰ ਬੰਗਾਲ ਸਰਕਾਰ ਨੇ ਮਹੀਨਾ ਭਰ ਜੇਲ੍ਹ 'ਚ ਰੱਖਿਆ, ਬੰਗਾਲ ਦੇ ਹਾਲਾਤ 'ਤੇ ਆਪ ਬੀਤੀ

ਦੱਸਣ ਲਈ ਪ੍ਰੈਸ ਕਲੱਬ ਦਿੱਲੀ 'ਚ ਪ੍ਰੈਸ ਕਾਨਫਰੰਸ ਕੀਤੀ। ਉਹਨਾਂ ਨੇ ਦੱਸਿਆ ਕਿ ਹੁਣ ਤੱਕ ਉਥੇ ਪੀ ਸੀ ਪੀ ਏ ਦੇ 90 ਵਰਕਰ ਸੀ ਪੀ ਐਮ ਤੇ ਉਸ ਦੀ ਹਰਮਦ ਵਹਿਨੀ ਵਲੋਂ ਮਾਰੇ ਜਾ ਚੁੱਕੇ ਹਨ। ਨਾਲ ਹੀ ਉਹਨਾਂ ਨੇ ਜੰਗਲ ਮਹਿਲ ਦੇ ਇਲਾਕੇ 'ਚ ਸ਼ਨਾਖਤ ਕੀਤੇ 86 ਹਰਮਦ ਵਹਿਨੀ ਕੈਂਪਾਂ ਦੀ ਲਿਸਟ ਨੂੰ ਪੇਸ਼ ਕੀਤਾ। ਹੁਣ ਆਓ ਇਸ ਲਿਸਟ 'ਚ ਤੇ ਨਾਲ ਹੀ ਤਹਿਲਕਾ 'ਚ ਆਈ ਬੀ ਵਲੋਂ ਪੇਸ਼ ਜੰਗਲਮਹਾਲ ਇਲਾਕੇ 'ਚ ਬਣਾਏ ਕੈਂਪਾਂ ਦੇ ਵੇਰਵੇ 'ਚ ਇਹਨਾਂ ਦੀ ਸਥਿਤੀ ਵੇਖਦੇ ਹਾਂ। ਪੀ ਸੀ ਪੀ ਏ ਵਲੋਂ ਜਾਰੀ 85 ਕੈਂਪਾਂ ਵਿਚੋਂ 25 ਪ੍ਰਾਇਮਰੀ ਸਕੂਲ ਤੇ ਹਾਈ ਸਕੂਲਾਂ ਦੇ ਵਹਿੜਿਆਂ ਵਿਚ ਹਨ। 7 ਪੰਚਾਇਤ ਭਵਨ 'ਚ 19 ਸੀ ਪੀ ਐਮ ਦੀ ਅਗਵਾਈ ਵਿਧਾਇਕ ਜਾਂ ਉਹਨਾਂ ਦੇ ਦਫਤਰਾਂ ਵਿਚ ਹਨ। ਕੁਝ ਕੈਂਪ ਵਿਕਾਸ ਪ੍ਰੋਜੈਕਟਾਂ ਤੇ ਬਲਾਕ ਦਫਤਰਾਂ 'ਚ ਬਣਾਏ ਗਏ। ਸਮਰਥਕਾਂ ਦੇ ਇਥੇ ਕੈਂਪ ਆਮ ਤੌਰ 'ਤੇ ਪਿੰਡ ਜਾਂ ਛੋਟੇ ਕਸਬਿਆਂ ਦੇ ਬਾਹਰੀ ਖੇਤਰ 'ਚ ਬਣਾਏ ਗਏ। ਆਬੀ ਦੀ ਰਿਪੋਰਟ ਦੇ ਆਧਾਰ 'ਤੇ ਦਿੱਤੀ ਗਈ ਤਹਿਲਕਾ ਰਿਪੋਰਟ ਅਨੁਸਾਰ ਉਥੇ ਮਾਰਚ 2010 ਤਕ ਕੁਲ 21 ਕੈਂਪ ਸਥਾਪਤ ਹੋ ਚੁੱਕੇ ਸਨ। ਇਹ ਕੈਂਪ ਕਈ ਥਾਵਾਂ 'ਤੇ ਇਕ ਹੀ ਕੈਂਪਸ ਵਿਚ ਸਨ ਅਤੇ ਕੁਝ ਥਾਵੀਂ ਇਕੋ ਵੇਲੇ ਕਈ ਬਿਲਡਿੰਗਾਂ ਨੂੰ ਕਬਜੇ 'ਚ ਲੈ ਕੇ ਸਥਾਪਤ ਕੀਤੇ ਗਏ ਸਨ। ਮਸਨਲ ਗਲਤੋਰ ਦੇ ਜੀਰਾਪਾਰਾ 'ਚ ਇਹ ਕੈਂਪ ਪ੍ਰਾਇਮਰੀ ਸਕੂਲ ਤੇ ਪਿੰਡ ਪੰਚਾਇਤ ਭਵਨ 'ਚ ਬਣਾਏ ਗਏ ਸਨ। ਕਸਿਆ 'ਚ ਇਹਨਾਂ ਦੋਹਾਂ ਦੇ ਨਾਲ-ਨਾਲ ਉਥੋਂ ਦੇ ਸੀ ਪੀ ਐਮ ਪਾਰਟੀ ਅਫਿਸ ਨੂੰ ਵੀ ਕੇਂਦਰ ਵਜੋਂ ਰੱਖਿਆ ਗਿਆ। ਇਸ ਰਿਪੋਰਟ ਅਨੁਸਾਰ ਇਕੱਲੇ ਪੱਛਮੀ ਮਿਦਨਾਪੁਰ 'ਚ ਸੀ ਪੀ ਐਮ ਅਪ੍ਰੈਲ 2010 ਤਕ 19 ਹਥਿਆਰਬੰਦ ਕੈਂਪ ਸਥਾਪਤ ਕਰ ਚੁੱਕੀ ਸੀ। ਇਸ ਰਿਪੋਰਟ ਅਨੁਸਾਰ ਕੈਂਪ 'ਚ ਏ ਕੇ-47, ਐਸ ਐਲ ਆਰ, ਮਸ਼ੀਨਗੰਨ, ਰਾਈਫਲ, ਪਿਸਟਲ, ਕਾਰਾਵਾਈਨ ਤੋਂ ਲੈ ਕੇ ਗ੍ਰਨੇਡ ਇਕੱਠੇ ਕੀਤੇ ਗਏ ਹਨ। ਹਰ ਇਕ ਕੈਂਪ 'ਚ 40 ਤੋਂ ਲੈ ਕੇ 100 ਲੋਕ ਹਨ। ਇਹ ਰਿਪੋਰਟ ਦੱਸਦੀ ਹੈ ਕਿ ਇਹ ਹਥਿਆਰ ਝਾਰਖੰਡ, ਬਿਹਾਰ ਤੇ ਪੱਛਮੀ ਬੰਗਾਲ ਤੋਂ 314, 466 ਅਤੇ 434 ਦੀਆਂ ਟ੍ਰੇਨਾਂ 'ਚ ਲਿਆਂਦੇ ਗਏ। ਇਹ ਰਿਪੋਰਟ ਹਥਿਆਰਾਂ ਦੇ ਸ੍ਰੋਤ ਬਾਰੇ ਦੱਸਦੀ ਹੈ : ਹਥਿਆਰਾਂ ਦੇ ਮੁੱਖ ਸ੍ਰੋਤ ਮੁੰਗੇਰ (ਬਿਹਾਰ) ਵਾਇਆ ਆਸਨਸੋਲ ਹੈ। ਕੁਝ ਤਾਂ ਸਥਾਨਕ ਪੱਧਰ 'ਤੇ ਬਣਾਇਆ ਗਿਆ। ਪੱਛਮੀ ਬੰਗਾਲ ਦੇ ਮੰਤਰੀ ਦੇ ਭਾਈ ਦਾ ਬੇਟਾ ਤਪਨ ਘੋਸ਼ ਅਤੇ ਸ਼ਕੂਰ ਅਲੀ 4. ਮਿਦਨਾਪੁਰ 'ਚ ਕਾਰਡਾਂ ਨੂੰ ਸਿਖਿਅਤ ਕਰ ਰਹੇ ਹਨ। ਗਲਤੌਰ ਦੇ ਇਕ ਕੈਂਪਸ ਦੀ ਰਿਪੋਰਟ ਸੀ ਪੀ ਐਮ ਦੇ ਗਲਤੋਰ ਜੋਨਲ ਪਾਰਟੀ ਦਫਤਰ 'ਚ 70 ਤੇ 80 ਕਾਡਰ ਅਧੁਨਿਕ ਹਥਿਆਰਾਂ ਐਸ ਐਲ ਆਰ, ਰਾਈਫਲ, ਸਟੇਨਗੰਨ, ਕਾਰਬਾਈਨ, ਪਿਸਟਲ, ਰਿਵਾਲਵਰ, ਹੈਂਡਗਰਨੇਡ ਨਾਲ ਲੈਸ ਹਨ। ਨਾਲ ਹੀ ਵੱਡੇ ਪੈਮਾਨੇ 'ਤੇ ਸਥਾਨਕ ਪੱਧਰ ਦੇ ਹਥਿਆਰਾਂ ਬਣਾਉਣ ਦਾ ਕੰਮ ਵੀ ਜਾਰੀ ਹੈ। ਅਜਿਹੇ ਕਾਰਖਾਨਿਆਂ ਦੀ ਵੀ ਸਨਾਖਤ ਕੀਤੀ ਗਈ ਹੈ। 9 ਸਤੰਬਰ 2010 ਨੂੰ ਜਨ ਸਤਾ 'ਚ ਖਬਰ ਛਪੀ ਕਿ ਬਿਨਾਂ ਵਜ੍ਹਾ ਹਤਿਆਵਾਂ ਤੋਂ ਖਿਸਕਣ ਲੱਗਿਆ ਹੈ। ਮਾਓਵਾਦੀਆਂ ਦਾ ਲੋਕ ਅਧਾਰੀ ਇਸ ਵਿਚ ਜਿਹਨਾਂ ਇਲਾਕਿਆਂ ਦੇ ਨਾਂ ਦਿੱਤੇ ਗਏ ਹਨ ਉਹ ਉਹੀ ਹਨ। ਜਿਥੇ ਕੈਂਪਾਂ ਦੇ ਹੋਣ ਦੀ ਰਿਪੋਰਟ ਹੈ। ਉਸੇ ਦਿਨ ਮਾਕਪਾ ਨੇ ਅੰਦੋਲਨ ਦੇ ਇਲਾਕਿਆਂ ਤੋਂ ਬੇਘਰਿਆਂ ਦੀ ਸੂਚੀ ਪੇਸ਼ ਕੀਤੀ ਅਤੇ ਦਾਅਵਾ ਕੀਤਾ ਕਿ ਅਸੀਂ ਉਹਨਾਂ ਨੂੰ ਉਦੋਂ ਤਕ ਕੈਂਪਾਂ 'ਚ ਰੱਖਾਂਗੇ ਜਦ ਤਕ ਕਿ ਉਹਨਾਂ ਨੂੰ ਘਰ

ਨਹੀਂ ਮਿਲ ਜਾਂਦਾ ਅਤੇ ਸ਼ਾਂਤੀ ਦਾ ਮਹੌਲ ਨਹੀਂ ਬਣ ਜਾਂਦਾ। ਖੇਜੁਜੀ ਤੇ ਨੰਦੀ ਗ੍ਰਾਮ ’ਚ ਇਹ ਗਿਣਤੀ 2500 ਦੱਸੀ ਗਈ। ਮਾਨਿਕ ਮੰਡਲ ਨੇ ਆਪਣੀ ਰਿਪੋਰਟ ’ਚ ਦੱਸਿਆ ਕਿ ਅਪ੍ਰੇਸ਼ਨ ਗ੍ਰੀਨ ਹੰਟ ਤੇ ਹਰਮਦ ਵਾਹਿਨੀ ਵਿਚਕਾਰ ਤਾਲਮੇਲ ਹੈ। ਅਪ੍ਰੇਸ਼ਨ ਪਿੱਛੋਂ ਪਹਿਲਾਂ ਹਰਮਦ ਵਹਿਨੀ ਹਥਿਆਰਬੰਦ ਲੋਕ ਪਿੰਡਾਂ ਨੂੰ ਘੇਰਦੇ ਹਨ ਤੇ ਉਹਨਾਂ ਨੂੰ ਆਤਮ ਸਮਰਪਣ ਲਈ ਕਹਿੰਦੇ ਹਨ। ਆਤਮ ਸਮਰਪਣ ਦਾ ਅਰਥ ਹੈ ਗ੍ਰਿਫਤਾਰੀ, ਮਾਰਕੁੱਟ, ਜਾਇਦਾਦ ਦੀ ਲੁੱਟਮਾਰਾ ਪੀ ਸੀ ਪੀ ਏ ਹਮਾਇਤੀ ਨੂੰ ਅਲਗ ਕਰਕੇ ਉਹਨਾਂ ਨਾਲ ਵੱਖਰੇ ਤਰੀਕੇ ਦਾ ਵਰਤਾਅ ਇਥੋਂ ਤਕ ਕਿ ਜਾਨੋ ਮਾਰ ਦਿੱਤਾ ਜਾਂਦਾ ਹੈ। ਸੰਘਰਸ਼ ਹੋਣ ਦੀ ਹਾਲਤ ’ਚ ਪਹਿਲੀ ਮੋਰਚਾਬੰਦੀ ਹਰਮਦ ਵਾਹਿਨੀ ਵਲੋਂ ਪਿੰਡ ਨਿਕਾਸੀ ’ਤੇ ਰੋਕ ਅਤੇ ਇਸ ਪਿੱਛੋਂ ਹਥਿਆਰਬੰਦ ਹਮਲੇ ਦੇ ਰੂਪ ’ਚ ਹੁੰਦੀ ਹੈ। ਹਰਮਦ ਵਾਹਿਨੀ ਦੇ ਪਿੱਛੇ ਹਟਣ ’ਤੇ ਅਰਥ ਸੈਨਿਕ ਫੋਰਸ ਮੋਰਚਾ ਸੰਭਾਲ ਲੈਂਦੀ ਹੈ।

ਦੋਹਾਂ ਹੀ ਹਾਲਤਾਂ ’ਚ ਮਾਓਵਾਦੀਆਂ ਨੂੰ ਮਾਰ ਗਿਰਾਉਣ ਦੀ ਪ੍ਰਣੀਤੀ ਵਜੋਂ ਹੁੰਦੀ ਹੈ। ਭਾਵੇਂ ਹੀ ਉਹ ਪੀ ਸੀ ਪੀ ਏ ਦਾ ਵਰਕਰ ਹੋਵੇ ਜਾਂ ਆਮ ਪਿੰਡ ਵਾਸੀ। ਇਸ ਅਮਲ ’ਚ ਪੀ ਸੀ ਪੀ ਏ ਦੇ ਬਾਨੀ ਲਾਲਮਨ ਟ੍ਰਡੂ ਤੇ ਸੰਧੂ ਸੌਰੇਨ ਨੂੰ ਮਾਰ ਦਿੱਤਾ ਗਿਆ ਅਤੇ ਉਸ ਉਪਰ ਮਾਓਵਾਦੀ ਦਾ ਠੱਪਾ ਲਾ ਕੇ ਇਸ ਅਪਰਾਧਿਕ ਕਾਰਵਾਈ ਨੂੰ ਦਲੇਰਾਨਾ ਕਾਰਨ ਦੱਸਿਆ ਗਿਆ। ਜਦ ਕਿ ਛਤਰਘਰ ਮਹਤੋ ਨੂੰ ਧੋਖੇ ਨਾਲ ਫੜ ਕੇ ਉਸ ’ਤੇ ਝੂਠਾ ਕੇਸ ਮੜ੍ਹ ਦਿੱਤਾ ਗਿਆ। ਅਗਸਤ ਦੇ ਅੱਧ ਤਕ ਤਿਆਰ ਕੀਤੀ ਰਿਪੋਰਟ ’ਚ ਪੀ ਸੀ ਪੀ ਏ ਦੇ 85 ਲੋਕਾਂ ਦੀ ਰਿਪੋਰਟ ’ਚੋਂ 37 ਲੋਕਾਂ ਨੂੰ ਹਰਮਦ ਨੇ ਫੜ ਕੇ ਮਾਰ ਦਿੱਤਾ। ਬਾਕੀਆਂ ਨੂੰ ਅਰਧ ਸੈਨਿਕ ਫੋਰਸਾਂ ਨੇ ਮਾਰਿਆ। 11 ਅਗਸਤ 2010 ਨੂੰ ਲਾਲਗੜ੍ਹ ’ਚ ਹਰਮਦ ਵਾਹਿਨੀ ਦੇ ਨਾਲ ਧਰਮਪੁਰ, ਲਾਲਗੜ੍ਹ, ਪਹੁੰਚ ਕੇ ਅਨੁਜ ਪਾਂਡੇ ਨੇ ਹੁਲ ਜੁਹਾਰ ਦੀ ਵਰਕਰ ਬਿਜੈ ਮਾਂਡੀ ਦਾ ਘਰ ਸਾੜ ਦਿੱਤਾ ਅਤੇ ਉਹਨਾਂ ਦੀ ਸੱਤ ਸਾਲ ਦੀ ਧੀ ਅਨਿਮਾ ਨੂੰ ਉਸ ਅੱਗ ’ਚ ਸੁੱਟ ਕੇ ਮਾਰ ਦਿੱਤਾ। ਨਾਰੀ ਇੱਜਤ ਬਚਾਓ ਕਮੇਟੀ ਜੰਗਲ ਮਹਾਲ ਨੇ ਐਮ ਪੀ ਕਬੀਰ ਸੁਮਨ ਨੂੰ ਲਿਖੇ ਆਪਣੇ ਖਤ ਵਿਚ ਵਿਸਥਾਰ ਨਾਲ ਹਰਮਦ ਵਾਹਿਨੀ ਵਲੋਂ ਪਿੰਡ ਘੇਰਨ, ਔਰਤਾਂ ਦਾ ਬਲਾਤਕਾਰ ਕਰਨ ਤੇ ਕਤਲ ਕਰਨ, ਜਾਇਦਾਦ ਲੁੱਟਣ ਦਾ ਵੇਰਵਾ ਦਿੰਦਿਆਂ ਦਖਲ ਅੰਦਾਜ਼ੀ ਕਰਨ ਦੀ ਅਪੀਲ ਜਾਰੀ ਕੀਤੀ ਗਈ। 28 ਸਤੰਬਰ 2010 ਨੂੰ ਪੀ ਸੀ ਪੀ ਏ ਨੇ ਇਸ ਖਿਲਾਫ ਪੱਛਮੀ ਬੰਗਾਲ ਬੰਦ ਦਾ ਸੱਦਾ ਦਿੱਤਾ। ਇਹਨਾਂ ਜ਼ਿਆਦਤੀਆਂ ਬਾਰੇ ਮਨੁੱਖ ਅਧਿਕਾਰ ਸੰਗਠਨ ਲਗਾਤਾਰ ਆਵਾਜ਼ ਉਠਾਉਂਦੇ ਰਹੇ ਹਨ ਅਤੇ ਸਮੇਂ ਸਮੇਂ ਸਿਰ ਰਿਪੋਰਟ ਵੀ ਜਾਰੀ ਕਰਦੇ ਰਹੇ ਹਨ, ਪਰ ਹਾਲਤ ’ਚ ਕੋਈ ਸੁਧਾਰ ਨਹੀਂ ਆਇਆ ਹੈ। ਅਪ੍ਰੇਸ਼ਨ ਗ੍ਰੀਨ ਹੰਟ ਦੇ ਨਾਂ ’ਤੇ ਸਭ ਕੁਝ ਜਾਇਜ਼ ਹੈ, ਦੇ ਤਰਕ ਤਹਿਤ ਮੁਹਿੰਮ ਜਾਰੀ ਹੈ। ਪਿਛਲੇ ਕੁਝ ਮਹੀਨਿਆਂ ਤੋਂ ਬੰਗਾਲ ਦੀ ਪਾਰਲੀਮਾਨੀ ਰਾਜਨੀਤੀ ’ਚ ਜ਼ਰੂਰ ਕੁਝ ਆਪਾਧਾਪੀ ਵੇਖੀ ਗਈ। ਮਮਤਾ ਬੈਨਰਜੀ ਦੀ ਰੈਲੀ ਸੰਬੰਧੀ ਸੀ ਪੀ ਐਮ ਤੇ ਕਾਂਗਰਸ ਦੇ ਇਕ ਧੜੇ ਨਾਲ ਭਾਜਪਾ ਨੇ ਵੀ ਕਾਫੀ ਸ਼ੋਰ ਮਚਾਇਆ ਪਰ ਸਥਿਤੀ ਕੰਟਰੋਲ ’ਚ ਵੇਖ ਕੇ ਇਸ ਰੈਲੀ ਨੂੰ ਹੋਣ ਦਿੱਤਾ ਗਿਆ। ਜਾਹਿਰਾ ਤੌਰ ’ਤੇ ਇਸ ਰੈਲੀ ਦੇ ਭਾਗੀਦਾਰਾਂ ਦੀ ਬਹੁਤੀ ਗਿਣਤੀ ਉਹ ਸੀ ਜੋ ਸੀ ਪੀ ਐਮ ’ਤੇ ਉਸ ਦੀ ਹਰਮਦ ਵਾਹਿਨੀ ਤੇ ਅਪਰੇਸ਼ਨ ਗ੍ਰੀਨ ਹੰਟ ਦੀ ਹੱਤਿਆ ਮੁਹਿੰਮ ਦੇ ਵਿਰੋਧ ਇਕ ਜੁਟ ਹੋਈ ਸੀ। ਪਰ ਉਥੇ ਮਮਤਾ ਬੈਨਰਜੀ ਨੇ ਵਾਅਦਾ ਕਰਨ ’ਚ ਵੀ ਕੁਤਾਹੀ

ਵਰਤੀ। ਇਹਨਾਂ ਜ਼ੁਲਮਾਂ ਖਿਲਾਫ ਬੋਲਣਾ ਤੇ ਖੜ੍ਹਾ ਹੋਣਾ ਤਾਂ ਦੂਰ ਦੀ ਗੱਲ ਰਹੀ। ਇਸ ਦੌਰਾਨ ਰਾਹੁਲ ਗਾਂਧੀ ਨੇ ਵੀ ਉਥੇ ਵਿਆਪਕ ਦੌਰਾ ਕੀਤਾ। ਆਮ ਜਨ ਮਾਨਸ 'ਚ ਸੀ ਪੀ ਐਮ ਬਾਰੇ ਨਫਰਤ ਨੂੰ ਵੋਟਾਂ 'ਚ ਬਦਲਣ ਦੀ ਕਵਾਇਤ ਤੇ ਆਪਣਾ ਚਿਹਰਾ ਚਮਕਾਉਣ ਦੀ ਜੁਗਤ 'ਚ ਇਹ ਨੌਜਵਾਨ ਆਗੂ ਵੀ ਪਿੱਛੇ ਨਹੀਂ ਰਹੇ। ਕੋਲਕਾਤਾ ਦੇ ਆਪਣੇ ਭਾਸ਼ਣ ਵਿਚ ਇਸ ਦਾ ਇਹ ਬਿਆਨ ਕਿ ਸੀ ਪੀ ਐਮ ਕਿਸੇ ਨੂੰ ਵੀ ਮਾਰ ਸਕਦੀ ਹੈ। ਇਸ ਪ੍ਰਸੰਗ 'ਚ ਸੀ। ਨਹੀਂ ਤਾਂ ਕਤਲਾਂ ਦਾ ਜੋ ਸਿਲਸਿਲਾ ਕਾਂਗਰਸ ਨੇ ਜਿਸ ਤਰ੍ਹਾਂ ਦੇਸ਼ ਪੱਧਰ 'ਤੇ ਅਪ੍ਰੇਸ਼ਨ ਗ੍ਰੀਨ ਹੰਟ ਦੇ ਤਹਿਤ ਸ਼ੁਰੂ ਕੀਤਾ ਹੈ, ਉਸ ਤੋਂ ਵੀ ਇਹ ਸੱਚੀਂ ਜਾਣੂ ਨਹੀਂ ਹੈ। ਇਸ ਪਿੱਛੇ ਸਿਰਫ 2011 ਦੀਆਂ ਵਿਧਾਨ ਸਭਾ ਚੋਣਾਂ ਜਾਂ ਚੋਣ ਬੂਥਾਂ 'ਤੇ ਕਬਜਾ ਕਰਨ ਦੀ ਤਿਆਰੀ ਭਰ ਨਹੀਂ ਹੈ। ਭਾਵੇਂ ਇਸ ਨੂੰ ਇਥੋਂ ਤਕ ਹੀ ਮੰਨਿਆ ਜਾ ਵੇਖਿਆ ਜਾ ਰਿਹਾ ਹੈ। ਇਹ ਇਕ ਪਾਸੇ ਪਿਛਲੇ 30 ਸਾਲਾਂ 'ਚ ਸੀ ਪੀ ਐਮ ਦਾ ਬਣਾਇਆ ਹੋਇਆ ਉਹ ਅਜ਼ਾਰੇਦਾਰ ਰਾਜਨੀਤੀ ਤੇ ਇਸ ਦਾ ਸਮਾਜਕ-ਆਰਥਕ ਤੰਤਰ ਹੈ ਜੋ ਕਿਸੇ ਵੀ ਹਾਲਤ 'ਚ ਕਿਸੇ ਵੀ ਨਵੀਂ ਦਾਅਵੇਦਾਰੀ ਨੂੰ ਸਹਿਣ ਨਹੀਂ ਕਰ ਰਿਹਾ ਹੈ ਅਤੇ ਦੂਜੇ ਪਾਸੇ ਲੁੱਟ ਤੇ ਮੁਨਾਫੇ ਦੀ ਇਹ ਲਾਲਸਾ ਹੈ ਜੋ ਵਿਸ਼ਵੀਕਰਨ, ਉਦਾਰੀਕਰਨ, ਨਿਜੀਕਰਨ ਦੇ ਅਨੁਕੂਲ ਹਾਲਾਤ ਹਾਸਲ ਕਰਕੇ ਕੁਝ ਵੀ ਕਰਨ ਨੂੰ ਉਤਾਰੂ ਹੈ। ਇਥੇ ਉਹ ਸੰਸਦੀ ਪੱਧਰ 'ਤੇ ਇਕ ਵਿਆਪਕ ਪਲਕ 'ਤੇ ਸਹਿਮਤੀ ਬਣਾਉਣ 'ਚ ਕੋਈ ਗੁਰੇਜ ਨਹੀਂ ਕਰ ਰਿਹਾ ਹੈ। ਵਿਸ਼ੇਸ਼ਤਾ ਤੇ ਵਿਆਪਕਤਾ 'ਚ ਬਣੇ ਸਬੰਧਾਂ ਦੀ ਠੋਸ ਸ਼ਕਲ ਪਹਿਲੀ ਵਾਰੀ ਗੁਜਰਾਤ 'ਚ 2002 ਦੇ ਕਤਲੇਆਮ ਪਿੱਛੋਂ ਨਜ਼ਰ ਆਈ ਸੀ। ਉਥੇ ਕਾਂਗਰਸ ਨੇ ਕਦੀ ਵੀ ਵਿਰੋਧੀ ਧਿਰ ਹੋਣ ਦਾ ਦਾਅਵਾ ਨਹੀਂ ਕੀਤਾ। ਉਹ ਪੂਰੀ ਤਰ੍ਹਾਂ ਭਾਜਪਾ ਦੀਆਂ ਸਾਰੀਆਂ ਕਾਰਵਾਈਆਂ ਦਾ ਹਿੱਸੇਦਾਰ ਬਣੀ ਰਹੀ। ਠੀਕ ਇਹੀ ਸਥਿਤੀ ਸਤੀਸ਼ਗੜ੍ਹ ਤੇ ਮੱਧ ਪ੍ਰਦੇਸ਼ ਦੀ ਹੈ। ਅੱਜ ਕੇਂਦਰ 'ਚ ਵਿਰੋਧੀ ਧਿਰ ਦੀ ਆਵਾਜ਼ ਕਾਂਗਰਸ ਦੇ ਅੰਦਰੋਂ ਆਉਂਦੀ ਹੈ ਅਤੇ ਭਾਜਪਾ ਇਹਨਾਂ ਕਥਿਤ ਵਿਰੋਧੀ ਧਿਰਾਂ 'ਤੇ ਹਕੂਮਤੀ ਧਿਰ ਤੋਂ ਵੀ ਵਧ ਕੇ ਉਹਨਾਂ ਦੇ ਸਰਕਾਰ ਵਿਰੋਧੀ ਹੋਣ ਦੀ ਅਲੋਚਨਾ ਕਰਦੀ ਹੈ।

ਗੁਜਰਾਤ ਦੀ ਪੁਲਸ, ਪਾਰਟੀ, ਹਥਿਆਰਬੰਦ ਗ੍ਰੋਹ ਦੀ ਵਰਤੋਂ 'ਤੇ ਸੰਸਦੀ ਰਾਜਨੀਤੀ ਤੇ ਵਿਰੋਧੀ ਨੂੰ ਦੇਸ਼ ਧ੍ਰੋਹੀ, ਵਿਕਾਸ ਵਿਰੋਧੀ ਆਦਿ ਐਲਾਨਣ ਦੇ ਵਿਧਾਨਕ ਅਮਲ ਦੀ ਵਰਤੋਂ ਸਿਰਫ ਭਾਜਪਾ ਦਾ ਹੀ ਫਾਸੀਵਾਦੀ ਪ੍ਰਯੋਗ ਨਹੀਂ ਸੀ। ਇਹ ਆਪਣੇ ਦੇਸ਼ ਨੂੰ ਸੰਸਦੀ ਫਾਸ਼ੀਵਾਦ ਦੀ ਤਰਫ ਜਾਣ ਦਾ ਇਕ ਦਿਸ਼ਾ ਸੰਕੇਤ ਸੀ। ਇਸ ਲਈ ਇਸ ਗੱਲ 'ਤੇ ਹੈਰਾਨੀ ਨਹੀਂ ਜਾਹਰ ਕਰਨੀ ਚਾਹੀਦੀ ਕਿ ਕੇਰਲ ਦੀ ਵਿਧਾਨ ਸਭਾ ਚੋਣ 'ਚ ਭਾਜਪਾ ਘੱਟੋ-ਘੱਟ 5 ਸੀਟਾਂ 'ਤੇ ਸੀ ਪੀ ਐਮ ਨੂੰ ਹਮਾਇਤ ਦੇ ਰਹੀ ਹੈ ਅਤੇ ਬੰਗਾਲ ਦੀ ਸੀ ਪੀ ਐਮ ਸਰਕਾਰ ਗੁਜਰਾਤ ਦੇ ਵਿਕਾਸ ਦੇ ਮਾਡਲ ਦੀ ਨਾ ਸਿਰਫ ਇੱਛੁਕ ਹੈ ਬਲਕਿ ਇਜ਼ਰਾਇਲ ਤੋਂ ਸਹਿਯੋਗ ਲੈਣ 'ਚ ਗੁਰੇਜ਼ ਨਹੀਂ ਵਰਤ ਰਹੀ ਹੈ। ਆਪਣੇ ਦੇਸ਼ ਦਾ ਅਖੌਤੀ ਲੋਕਰਾਜ ਇਕ ਨਵੀਂ ਪ੍ਰੀਭਾਸ਼ਾ ਦੀ ਉਡੀਕ ਵਿਚ ਹੈ। ਜੋ ਕੁਝ ਚਲ ਰਿਹਾ ਹੈ ਉਸ ਤੋਂ ਲੋਕ ਹੈਰਾਨ ਪ੍ਰੇਸ਼ਾਨ ਹਨ। ਇਹ ਅਣਬੁਝ ਬੁਝਾਰਤ ਜਿਹੀ ਦਿਸ ਰਹੀ ਹੈ। ਹਾਲ ਦੀ ਘੜੀ ਆਪਣੇ ਹੀ ਦੇਸ਼ ਦੇ ਲੋਕਾਂ ਵਿਰੁੱਧ ਥੋਪਨ, ਫੌਜ ਨੂੰ ਇਸ ਦੇ ਖਿਲਾਫ ਲਾ ਦੇਣ ਅਤੇ ਵਿਕਾਸ ਦੇ ਨਾਂ ਹੇਠ ਜਮਹੂਰੀਅਤ ਦੀ ਘੱਟੋ-ਘੱਟ ਮੰਗ ਦੀਆਂ ਧੱਜੀਆਂ ਉਡਾਉਣ ਵਾਲੀ ਸਰਕਾਰ ਜੇ ਸੰਸਦ ਵਿਚ ਆਮ ਸਹਿਮਤੀ

ਨਾਲ ਚਲ ਰਹੀ ਹੈ ਤੇ ਰਾਜ ਸਰਕਾਰਾਂ ਬੂਟਾਂ ਦੇ ਨਾਲ ਕਦਮ ਤਾਲ ਕਰ ਰਹੀਆਂ ਹਨ ਤਾਂ ਇਹ ਸਾਨੂੰ ਇਤਿਹਾਸ ਵਿਚ ਫਾਂਸੀਵਾਦ ਦੇ ਤਜ਼ਰਬਿਆਂ ਦੀ ਯਾਦ ਤਾਜ਼ਾ ਕਰ ਰਿਹਾ ਹੈ। ਪਰ ਅੱਜ ਆਮ ਤੌਰ 'ਤੇ ਸੰਸਦ ਦੇ ਇਸ ਬਦਲ ਦੇ ਰੂਪ ਤੇ ਅੰਤਰ ਵਸਤੂ ਤੇ ਬਹਿਸ ਵਿਚਾਰ ਤੇ ਰਣਨੀਤਕ ਸਹਿਮਤੀ ਬਣਾਏ ਬਗੈਰ ਇਸ 'ਤੇ ਹੀ ਜ਼ੋਰ ਬਣਿਆ ਹੋਇਆ ਹੈ ਕਿ ਨਕਸਲਵਾਦ, ਮਾਓਵਾਦ ਵਿਕਾਸ ਦੀਆਂ ਸਮੱਸਿਆਵਾਂ ਦਾ ਸਿੱਟਾ ਹੈ ਜਾਂ ਸੰਸਦੀ ਰਾਜਨੀਤੀ ਦੀ ਅਸਫਲਤਾ ਦਾ ਸਿੱਟਾ, ਇਹ ਦੇਸ਼ ਭਗਤ ਲੋਕ ਹਨ ਜਾਂ ਦੇਸ਼ ਦੇ ਦੁਸ਼ਮਣ.....ਆਦਿ। ਇਸ ਤਰ੍ਹਾਂ ਦੀ ਬਹਿਸ ਦੇ ਮੁੱਦਿਆਂ ਨੂੰ ਉਛਾਲਣ ਤੇ ਤੁਲਨਾ ਕਰਨ ਨਾਲ ਸੰਸਦ ਦੀ ਵਸਤੂਗਤ ਸਥਿਤੀ 'ਤੇ ਗੱਲ ਘੱਟ ਅਤੇ ਪ੍ਰਸੰਗਿਕਤਾ 'ਤੇ ਜ਼ੋਰ ਵਧ ਜਾਂਦਾ ਹੈ। ਇਸ ਸੰਬੰਧੀ ਗੈਰ ਸੰਸਦੀ ਸਾਧਨਾਂ ਦੇ ਸ਼ਾਂਤੀਪੂਰਨ ਪ੍ਰਯੋਗਾਂ ਦੀ ਲੋੜ ਵੇਲੇ ਤਰਕ ਦਿੱਤੇ ਜਾਣ ਲੱਗਦੇ ਹਨ। ਨਕਸਲੀ ਧਾਰਾ ਨਾਲ ਜੁੜੀਆਂ ਵੱਖ-ਵੱਖ ਪਾਰਟੀ ਜਥੇਬੰਦੀਆਂ ਨੇ ਉਛਾਲੇ ਗਏ ਇਸ ਤਰ੍ਹਾਂ ਦੇ ਬਹਿਸ ਦੇ ਮੰਚ 'ਤੇ ਸ਼ਾਂਤੀਪੂਰਨ ਸੰਘਰਸ਼ ਤੇ ਸੰਸਦੀ ਰਾਜਨੀਤੀ ਦੀ ਵਰਤੋਂ 'ਤੇ ਜਿਸ ਤਰ੍ਹਾਂ ਦਾ ਜ਼ੋਰ ਦਿੱਤਾ ਹੈ, ਉਹ ਇਸੇ ਅਮਲ ਦਾ ਹਿੱਸਾ ਬਣ ਗਿਆ। ਮਸਲਨ ਸੀ ਪੀ ਆਈ ਲਿਬਰੇਸ਼ਨ-ਰੈੱਡ ਫਲੈਗ ਕਲਾਸ ਸਟਰਗਲ ਵਰਗੀਆਂ ਪਾਰਟੀਆਂ ਨੇ ਮੂਲ ਬਦਲਾਅ ਦੇ ਅੰਦੋਲਨ 'ਚ ਭੜਕਾਅ ਦੀ ਸਾਰੀ ਜ਼ਿੰਮੇਵਾਰੀ ਸੀ ਪੀ ਆਈ ਮਾਓਵਾਦੀ ਦੇ ਮੋਢਿਆਂ 'ਤੇ ਪਾ ਦਿੱਤੀ। ਇਹ ਗਲ ਵੀ ਕਹੀ ਜਾਣ ਲੱਗੀ ਹੈ ਕਿ ਮਾਓਵਾਦੀ ਪਾਰਟੀ ਦੇ ਖਾਤਮੇ ਬਿਨਾਂ ਸੰਘਰਸ਼ ਅੱਗੇ ਨਹੀਂ ਜਾ ਸਕਦਾ। ਕਈ ਤਾਂ ਸ਼ਾਂਤੀ ਸੈਨਾ ਦੇ ਹਿੱਸੇ ਬਣ ਕੇ ਮਾਓਵਾਦੀ ਪਾਰਟੀ ਦੇ ਵਿਰੁੱਧ ਚਲ ਰਹੇ ਹਨ। ਅਪਰੇਸ਼ਨ ਗ੍ਰੀਨ ਹੰਟ ਦਾ ਉਹ ਹਿੱਸਾ ਵੀ ਬਣ ਗਏ ਹਨ। ਪਰ ਇਤਿਹਾਸ ਦੇ ਮੁੱਦੇ ਅਪ੍ਰਸੰਗਿਕ ਨਹੀਂ ਹੁੰਦੇ ਪਰ ਉਸ ਦੀ ਪ੍ਰਸੰਗਿਕਤਾ ਨਿਸਚੈ ਹੀ ਸਮਾਜਕ ਜੀਵਨ ਤੇ ਭਵਿੱਖ ਦੀ ਦਿਸ਼ਾ ਨਾਲ ਨਿਰਧਾਰਿਤ ਹੁੰਦੀ ਹੈ। ਉਪਰੋਕਿਤ ਪਾਰਟੀਆਂ ਸੰਘਰਸ਼ ਦੇ ਸਾਧਨਾਂ ਪ੍ਰਤੀ ਗੰਭੀਰ ਬਹਿਸ ਦੀ ਥਾਂ ਦੋਸ਼ ਲਾਉਣ 'ਤੇ ਲੱਗੀਆਂ ਹੋਈਆਂ ਹਨ ਅਤੇ ਇਸ ਨਾਲ ਸੰਕਟ ਉਲਝਦਾ ਜਾ ਰਿਹਾ ਹੈ। ਅੱਜ ਇਨਕਲਾਬ ਨੂੰ ਵੱਧ ਮਜ਼ਬੂਤੀ ਨਾਲ ਪਕੜ 'ਚ ਲਿਆਉਣ ਦਾ ਕਾਰਜ ਸਾਹਮਣੇ ਹੈ। ਸਾਂਝਾ ਮੋਰਚਾ ਬਣਾਉਣ ਤੇ ਜਨਤਕ ਅਧਿਕਾਰਾਂ ਲਈ ਲੜਨ ਦੀ ਲੋੜ ਹੈ। ਚੁਣੌਤੀ ਸਾਹਮਣੇ ਹੈ।

# ਓਬਾਮਾ ਦੀ ਭਾਰਤ ਫੇਰੀ ਦੇ ਕੀ ਹਨ ਅਰਥ?

ਅਮਰੀਕਾ ਰਾਸ਼ਟਰਪਤੀ ਬਰਾਕ ਓਬਾਮਾ ਨਵੰਬਰ ਮਹੀਨੇ ਦੀ ਆਪਣੀ ਭਾਰਤ ਫੇਰੀ ਦੌਰਾਨ "ਸ਼ੋਅ ਮੈਨ" ਵਜੋਂ ਦਿਸੇ ਸੰਸਦ ਭਵਨ 'ਚ ਆਪਣੇ ਭਾਸ਼ਣ ਸਮੇਂ ਉਹਨਾਂ ਨੇ ਖੂਬ ਵਾਹ-ਵਾਹ ਲੁੱਟੀ। ਓਬਾਮਾ ਦੀ ਇਸ ਗਲੈਮਰਸ ਫੇਰੀ ਸਬੰਧੀ ਭਾਰਤੀ ਮੀਡੀਆ ਨੇ ਖੂਬ ਸ਼ੋਰ ਮਚਾਇਆ। ਓਬਾਮਾ ਤੋਂ ਪਹਿਲਾਂ 3600 ਕਰੋੜ ਰੁਪਏ ਦੇ ਖਰਚੇ ਵਾਲੀ ਇਸ ਫੇਰੀ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਓਬਾਮਾ ਦੇ ਸੰਸਦ 'ਚ ਦਿੱਤੇ ਭਾਸ਼ਣ ਦੀ ਪੜਤਾਲ ਪਹਿਲਾਂ ਕਰਦੇ ਹਾਂ। ਰਾਸ਼ਟਰਪਤੀ ਓਬਾਮਾ ਨੇ ਆਪਣੀ ਗੱਲ ਦੀ ਸ਼ੁਰੂਆਤ ਕਰਦੇ ਕਿਹਾ, "ਰਾਸ਼ਟਰਪਤੀ ਜੀ. ਸਪੀਕਰ ਜੀ ਤੇ ਸਭ ਤੋਂ ਉਪਰ ਭਾਰਤ ਦੇ ਲੋਕ" ਓਬਾਮਾ ਜਿਸ ਭਾਰਤੀ ਲੋਕਾਂ ਨੂੰ ਸਭ ਤੋਂ ਉਪਰ ਦਸ ਰਹੇ ਹਨ, ਉਸੇ ਭਾਰਤੀ ਆਮ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾਉਣ ਵਾਲੀ ਪੂੰਜੀਵਾਦੀ-ਪਾਰਲੀਮਾਨੀ ਪ੍ਰਣਾਲੀ 'ਚ ਉਹ ਆਪਣੇ ਦੇਸ਼ ਦੇ ਲੁਟੇਰੇ ਪੂੰਜੀਪਤੀਆਂ ਦੀ ਨੁਮਾਇੰਦਗੀ ਕਰਨ ਆਏ ਸਨ। ਜਿਸ ਅਮਰੀਕਾ 'ਚ ਅੱਜ ਵੀ ਲੋਕ ਰੰਗ ਭੇਦ, ਨਸਲ ਭੇਦ ਤੇ ਸ਼ਿਕਾਰ ਹੁੰਦੇ ਹਨ, ਭਿਆਨਕ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ, ਉਸ ਦੇਸ਼ ਦੇ ਰਾਸ਼ਟਰਪਤੀ ਦੇ ਭਾਰਤੀ ਲੋਕਾਂ ਨੂੰ ਸਭ ਤੋਂ ਉਪਰ ਰੱਖਣ ਦੇ ਆਪਣੇ ਵਪਾਰਕ ਮਤਲਬ ਹਨ। ਕੀ ਓਬਾਮਾ ਲਈ ਭਾਰਤ, ਇੰਡੋਨੇਸ਼ੀਆ, ਜਾਪਾਨ ਤੇ ਦੱਖਣੀ ਕੋਰੀਆ ਦੇ ਲੋਕ ਅਚਾਨਕ ਪਿਆਰੇ ਹੋ ਗਏ ਹਨ। ਸਾਰੇ ਜਾਣਦੇ ਹਨ ਕਿ ਇਰਾਕ 'ਤੇ ਠੋਸਿਆ ਗਿਆ ਯੁੱਧ ਤੇ ਅਫਗਾਨਿਸਤਾਨ ਉਪਰ ਫੌਜੀ ਕਬਜਾ ਅਮਰੀਕਾ ਦੀ ਘ੍ਰਿਣਤ ਵਿਦੇਸ਼ੀ ਨੀਤੀ ਦਾ ਹਿੱਸਾ ਹੈ। ਕੀ ਦੁਨੀਆਂ ਵਿਕੀਲੀਕਸ 'ਤੇ ਵਿਖਾਏ ਗਏ ਉਹਨਾਂ ਸਾਰੇ ਦਸਤਾਵੇਜ਼ਾਂ ਨਾਲ ਰੂ-ਬ-ਰੂ ਨਹੀਂ ਹਨ। ਜਿਹਨਾਂ 'ਚ ਅਮਰੀਕੀ ਫੌਜਾਂ ਵਲੋਂ ਇਰਾਕੀਆਂ 'ਤੇ ਬੇਰਹਿਮ ਅਤਿਆਚਾਰ ਵਿਖਾਇਆ ਗਿਆ ਹੈ? ਇਸ ਸਬੰਧੀ ਇਹ ਵੀ ਜੱਗ ਜਾਹਰ ਹੈ ਕਿ ਅਮਰੀਕਾ ਦਾ ਸਭ ਤੋਂ ਵੱਡਾ ਰੱਖਿਆ ਬਜਟ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਮਿਸ. ਓਬਾਮਾ ਦੀ ਹਕੂਮਤੀ ਅਰਸੇ ਦੌਰਾਨ ਹੀ ਪਾਸ ਹੋਇਆ। ਅੱਗੇ ਭਾਰਤੀ ਹਾਕਮ ਜਮਾਤ ਦੀ ਤਾਰੀਫ ਕਰਦਿਆਂ ਉਹਨਾਂ ਕਿਹਾ, "ਤੁਸੀਂ ਅਜਿਹੀਆਂ ਸੰਸਥਾਵਾਂ ਉਸਾਰੀਆਂ ਜਿਸ 'ਤੇ ਸੱਚਾ ਲੋਕ ਰਾਜ ਖੜ੍ਹਾ ਹੋ ਸਕਦਾ ਹੈ।" ਇਹ ਭਾਸ਼ਾ ਨਾਲ ਉਹ ਆਪਣੇ ਭਾਰਤੀ ਸ਼ਾਗਿਰਦਾਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਨਹੀਂ ਤਾਂ ਮਜ਼ਦੂਰ ਜਮਾਤ, ਮਜ਼ਦੂਰ ਅਬਾਦੀ, ਸਮਾਜਕ ਕਾਰਕੁੰਨਾਂ ਤੇ ਆਦਿਵਾਸੀਆਂ 'ਤੇ ਹੋ ਰਹੇ ਅਤਿਆਚਾਰ ਵਾਲਾ ਭਾਰਤ ਕਿਹੋ ਜਿਹਾ ਸੱਚਾ ਲੋਕਰਾਜ ਹੈ? ਅਸੀਂ ਸਾਰੇ ਜਾਣਦੇ ਹਾਂ ਕਿ ਜੇ ਕੋਈ ਬੰਦਾ ਭਾਰਤੀ-ਲੋਕ ਰਾਜ ਰਹਿੰਦਿਆਂ ਇਸ ਭਾਰਤੀ ਲੋਕਰਾਜ 'ਚ ਰਹਿੰਦਿਆਂ ਇਸ ਭਾਰਤੀ ਢਾਂਚੇ 'ਤੇ ਸੁਆਲ ਖੜ੍ਹਾ ਕਰਦਾ ਹੈ ਤਾਂ ਉਸ ਲਈ ਇਸ ਭਾਰਤੀ ਲੋਕਰਾਜ 'ਚ ਕੋਈ ਥਾਂ ਨਹੀਂ ਹੈ। ਭਾਰਤ 'ਚ ਹਰ ਦੂਸਰੇ, ਤੀਸਰੇ ਜਾਂ ਪੰਜਵੇਂ ਸਾਲ ਹੋਣ ਵਾਲੀਆਂ ਚੋਣਾਂ ਨੂੰ ਓਬਾਮਾ ਨੇ 'ਨਿਰਪੱਖ ਤੇ ਆਜ਼ਾਦ ਚੋਣ ਪ੍ਰਣਾਲੀ' ਕਿਹਾ ਜਦੋਂ ਕਿ ਇਸ ਚੋਣ ਨਾਟਕੀ ਅਸਲੀਅਤ ਸਾਰੇ ਆਮ ਭਾਰਤੀ ਲੋਕਾਂ ਸਾਹਮਣੇ ਹੈ। ਆਮ ਆਦਮੀ ਜਦ ਨਿਆਂ ਲਈ ਅੱਜ ਵੀ ਦਰ ਦਰ ਭਟਕ ਰਿਹਾ ਹੈ। ਨਿਆਂ ਤੇ ਨਿਆਂਪਾਲਿਕਾ ਤੇ ਕਨੂੰਨ ਦਾ ਰਾਜ' ਦੱਸਿਆ। ਉਸ ਅਨੁਸਾਰ "ਤੁਸੀਂ ਆਜ਼ਾਦ ਯਕੀਨੀ ਬਣੀ।" ਕੀ ਅਸੀਂ ਨਹੀਂ ਜਾਣਦੇ ਕਿ ਆਏ ਦਿਨ ਨਿਆਂ ਦੀ ਮੰਗ ਕਰਨ ਵਾਲਿਆਂ ਦੀ ਸੰਘੀ ਘੁੱਟ

ਦਿੱਤੀ ਜਾਂਦੀ ਹੈ? ਭਾਰਤ ਦੇ ਕੁਲ 626 ਜ਼ਿਲ੍ਹਿਆਂ ਵਿਚੋਂ 101 ਜ਼ਿਲ੍ਹਿਆਂ ਅੰਦਰ "ਹਥਿਆਰਬੰਦ ਫੋਰਸ ਵਿਸ਼ੇਸ਼ ਸੁਰਖਿਆ ਕਨੂੰਨ" ਲਾਗੂ ਹੈ ਯਾਨੀ ਭਾਰਤ ਦੇ ਕਰੀਬ ਛੇਵੇਂ ਹਿੱਸੇ 'ਚ ਫੌਜੀ ਹਕੂਮਤ ਚੱਲ ਰਹੀ ਹੈ ਜਿਥੇ ਫੌਜ ਤੇ ਅਰਧਸੈਨਿਕ ਬਲਾਂ ਦੀ ਰਲਵੀਂ ਮਿਲਵੀਂ ਸਮਰਥਾ ਦਾ 60 ਫੀਸਦੀ ਹਿੱਸਾ ਆਪਣੇ ਹੀ ਲੋਕਾਂ ਵਿਰੁੱਧ ਲੜਾਈ 'ਚ ਤੈਨਾਤ ਹੈ। ਓਬਾਮਾ ਨੇ ਆਪਣੇ 'ਸਮੋਹਨਪੂਰਨ' ਭਾਸ਼ਣ 'ਚ ਕਿਹਾ ਕਿ "ਅੱਜ ਮੈਂ ਕਿਸਾਨਾਂ ਨੂੰ ਮਿਲਿਆ ਹਾਂ ਜੋ ਮੌਸਮ ਤੇ ਬਾਜ਼ਾਰ ਦੀ ਤਾਜ਼ਾ ਸਥਿਤੀ ਜਾਣਕਾਰੀ ਆਪਣੇ ਮੋਬਾਇਲ ਤੋਂ ਲੈਂਦੇ ਹਨ।" ਕੀ ਇਹ ਭਾਰਤ ਦੇ ਕਿਸਾਨਾਂ ਦਾ ਅਥਾਰਥ ਹੈ? ਕੀ ਅਸੀਂ ਨਹੀਂ ਜਾਣਦੇ ਕਿ ਵਿਦਰਭ ਤੇ ਦੇਸ਼ ਦੇ ਹੋਰ ਭਾਗਾਂ 'ਚ ਕਿੰਨੇ ਕਿਸਾਨਾਂ ਆਪਣੀ ਗਰੀਬੀ ਤੇ ਬਦਹਾਲੀ ਤੋਂ ਤੰਗ ਆ ਕੇ ਖੁਦਕੁਸ਼ੀਆਂ ਕਰ ਰਹੇ ਹਨ? ਕੀ ਅਸੀਂ ਆਪਣੀ ਦਲੀਲ ਨੂੰ ਪ੍ਰਵਚਨਾਂ ਦੇ ਅਜਿਹੇ ਪੁਤਲੇ ਦੇ ਹੱਥ 'ਚ ਗਹਿਣੇ ਰੱਖ ਕੇ ਦਿਆਂਗੇ ਜੋ ਅੱਜ ਆਰੀਆ ਭੱਟ ਵਿਵੇਕਾਨੰਦ ਗਾਂਧੀ ਤੇ ਅੰਬੇਦਕਰ ਦੇ ਨਾਂ ਸਿਰਫ ਆਪਣੇ ਹਿੱਤਾਂ ਲਈ ਜਪ ਰਹੇ ਹਨ। ਕੀ ਥੋਥੀ ਪ੍ਰਸੰਸ਼ਾ ਦੀ ਆੜ 'ਚ ਅੱਜ ਜਦ ਕੈਪਟਨ ਹਾਕਿੰਗ ਤੇ ਟਾਮਸ ਰੋ ਆਉਣਗੇ ਤਾਂ ਅਸੀਂ ਆਪਣੀਆਂ ਅੱਖਾਂ ਬੰਦ ਕਰ ਰੱਖਾਂਗੇ? ਓਬਾਮਾ ਦਾ ਇਹ ਭਾਸ਼ਣ ਐਸੀ ਸਾਰੀ ਪਾਖੰਡਪੂਰਨ ਲਫਾਜ਼ੀ ਵਿਚਕਾਰ ਸਾਮਰਾਜੀ ਪੂੰਜੀ ਦੇ ਹਿੱਤਾਂ ਦੀ ਰਾਖੀ ਤੋਂ ਵੱਧ ਕੁਝ ਨਹੀਂ ਹੈ ਅਤੇ ਜਾਹਿਰ ਹੈ ਕਿ ਇਸ ਸਾਮਰਾਜੀ ਪੂੰਜੀਪਤੀ ਜਮਾਤ ਤੇ ਮੱਧਵਰਗ ਫੁਲਿਆ ਨਹੀਂ ਸਮਾ ਰਿਹਾ ਹੈ। ਆਓ ਵੇਖੀਏ ਅਜਿਹਾ ਕੀ ਹੈ ਜੋ ਵਿਸ਼ਵ ਪੂੰਜੀਵਾਦ ਦੇ ਚੌਧਰੀ ਨੂੰ ਇਹ ਸਭ ਕੁਝ ਕਰਨਾ ਪੈ ਰਿਹਾ ਹੈ। ਜਿਸ 'ਚ ਆਪਣੇ ਲਾਮ-ਲਸ਼ਕਰ, ਪਤਨੀ ਸਮੇਤ ਉਹ ਝੂਠੀ ਤਾਰੀਫ ਲੈ ਕੇ ਨਾਚ ਗਾਣਾ ਤੱਕ ਕਰ ਰਿਹਾ ਹੈ।

**ਓਬਾਮਾ ਪ੍ਰਸ਼ਾਸ਼ਨ ਦੀ ਮੌਜੂਦੀ ਸਥਿਤੀ** :- ਲਗਭਗ ਦੋ ਸਾਲ ਪਹਿਲਾਂ ਅਮਰੀਕਾ 'ਚ ਬੁਸ਼ ਵਿਰੋਧੀ ਲਹਿਰ 'ਤੇ ਸਵਾਰ ਹੋ ਕੇ ਜਨਤਾ ਵਿਚਾਲੇ 'ਬਦਲਾਅ' ਤੇ 'ਯੇਸ ਵੀ ਕੈਨ' ਵਰਗੇ ਨਾਹਰਿਆਂ ਦੇ ਨਾਲ ਓਬਾਮਾ ਸੱਤਾ 'ਚ ਆਏ। ਇਸ ਪਿੱਛੇ ਅਮਰੀਕੀ ਲੋਕਾਂ ਅੰਦਰ ਬੁਸ਼ ਦੀਆਂ ਯੁੱਧ ਨੀਤੀਆਂ ਦੀ ਤਿੱਖੀ ਅਲੋਚਨਾ ਤੇ ਅਮਰੀਕੀ ਸਾਮਰਾਜੀ ਤੋਂ ਪੈਦਾ ਹੋਏ ਸਾਰੇ ਸੰਕਟ ਸਨ। ਅਮਰੀਕਾ ਦੇ ਲੋਕਾਂ ਨੂੰ ਇਹ ਲਗਦਾ ਹੈ ਸੀ ਕਿ ਰਾਸ਼ਟਰਪਤੀ ਓਬਾਮਾ ਆਪਣੇ ਵਾਅਦਿਆਂ ਅਨੁਸਾਰ ਕੰਮ ਵੀ ਕਰਨਗੇ। ਪਰ ਓਬਾਮਾ ਇਸ ਵਿਚ ਨਾਕਾਮ ਰਹੇ। ਚੋਣਾਂ ਸਮੇਂ 'ਬੇਰੁਜ਼ਗਾਰੀ ਮੁਕਤ ਕਨੂੰਨ' (ਇਮਪਲਾਈਮੈਂਟ ਫਿਰੀ ਚਵਾਈਸ ਐਕਟ) ਅਤੇ ਵਾਲ ਮਾਰਟ ਦੇ ਉਪਰ ਰੋਕ ਲਾਉਣ ਦੀ ਜੋ ਗੱਲ ਕੀਤੀ ਗਈ ਹੈ, ਓਬਾਮਾ ਉਸ 'ਚ ਅਸਫਲ ਰਹੇ। ਸਿਹਤ ਤੇ ਰੱਖਿਆ ਪ੍ਰਣਾਲੀ 'ਚ ਸੁਧਾਰ ਦਾ ਕਨੂੰਨ ਚੁਣਾਵੀਂ ਵਾਅਦਿਆਂ ਦੇ ਮੁਕਾਬਲੇ ਸਮਝੌਤਾ ਪ੍ਰਸਤੀ ਨਾਲ ਪਾਸ ਹੋਇਆ। ਇਸ ਤੋਂ ਇਲਾਵਾ ਵਿਸ਼ਵ ਵਿਤੀ ਸੰਕਟ ਦੀ ਮਾਰ ਨਾਲ ਦਿਓਕਦ ਬੈਂਕਾਂ ਤੇ ਵਿਤੀ ਅਦਾਰਿਆਂ ਨੂੰ ਬਚਾਉਣ ਲਈ ਓਬਾਮਾ ਪ੍ਰਸ਼ਾਸ਼ਨ ਨੇ ਲੰਬੇ-ਚੌੜੇ 'ਬੇਲ ਆਊਟ' ਪੈਕੇਜ ਦਿੱਤੇ। ਜਦ ਕਿ ਇਹ ਸੰਸਥਾਵਾਂ ਖੁਦ ਹੀ ਮੰਦੀ ਦਾ ਸੰਕਟ ਪੈਦਾ ਕਰਨ ਲਈ ਜ਼ਿੰਮੇਵਾਰ ਹਨ। ਅੱਜ ਅਮਰੀਕਾ 'ਚ ਬੇਰੁਜ਼ਗਾਰੀ ਦੀ ਦਰ 9.6 ਫੀਸਦੀ ਹੈ ਅਤੇ ਇਸ ਦੇ 15 ਫੀਸਦੀ ਤਕ ਪਹੁੰਚਣ ਦੀ ਸੰਭਾਵਨਾ ਹੈ। ਇਹਨਾਂ ਸਾਰੀਆਂ ਹਾਲਤਾਂ 'ਚ ਆਮ ਅਮਰੀਕੀ ਦਾ ਵਿਸ਼ਵਾਸ ਓਬਾਮਾ ਦੇ ਐਲਾਨੇ 'ਪ੍ਰਗਤੀਸ਼ੀਲ' ਏਜੰਡੇ ਤੋਂ ਉਠ ਰਿਹਾ ਹੈ। ਦੂਜੇ ਪਾਸੇ ਇਹਨਾਂ ਹਾਲਤਾਂ ਦਾ ਲਾਭ ਉਠਾ ਕੇ ਰਿਪਬਲੀਕਨ, ਨਵ

ਉਦਾਰਪੰਥੀ ਤੇ ਘੋਰ ਪਿਛਾਖੜੀ ਤਾਕਤਾਂ (ਜਿਵੇਂ ਟੀ-ਪਾਰਟੀ) ਲੋਕਾਂ ਦਾ ਝੁਕਾਅ ਆਪਣੇ ਵੱਲ ਕਰਨ 'ਚ ਸਫਲ ਹੋ ਰਹੀਆਂ ਹਨ। ਅਮਰੀਕਾ ਦੀਆਂ ਅਨੇਕਾਂ ਬਹੁਕੌਮੀ ਕੰਪਨੀਆਂ ਸਿਹਤ ਬੀਮਾ ਬਜਾਰ ਤੇ ਵਾਲਾਮਾਰਟ ਸਟਰੀਟ 'ਤੇ ਉਬਾਮਾ ਦੇ ਰੋਕ ਲਾਉਣ ਦੇ ਯਤਨ ਤੋਂ ਨਾਰਾਜ਼ ਹਨ। ਕਰੋੜਾਂ ਡਾਲਰ ਦੀ ਮਦਦ ਨਾਲ ਨਵ-ਅਨਦਾਰਪੰਥੀ ਤੇ ਟੀ-ਪਾਰਟੀ ਦੇ ਲੋਕਾਂ ਦੇ ਦਿਮਾਗ 'ਚ ਇਹ ਗੱਲ ਬਿਠਾਉਣ 'ਚ ਕਾਮਯਾਬ ਹੋ ਗਏ ਹਨ ਕਿ ਉਹਨਾਂ ਦੀ ਬੇਰੁਜ਼ਗਾਰੀ ਤੇ ਆਰਥਕ ਕਠਿਨਾਈਆਂ ਲਈ ਸਰਕਾਰ ਦੀ ਨੀਤੀ ਤੇ ਅਰਥਚਾਰੇ ਦੇ ਨਿਯਮਨ ਦੀ ਵਕਾਲਤ ਕਰਨ ਵਾਲੀ 'ਵਿਸਥਾਰਿਤ ਸਰਕਾਰ' ਹੀ ਜ਼ਿੰਮੇਵਾਰ ਹੈ। ਇਹਨਾਂ ਸਭ ਲੋਕਾਂ ਸਬੰਧੀ ਸਾਰੇ ਸੰਗਠਨਾਂ ਨੂੰ ਜਿਹਨਾਂ ਦੇ ਹਾਲ ਦੀ ਚੋਣ 'ਚ ਆਪਣਾ ਅਸਰ ਵਿਖਾਇਆ ਹੈ, ਵੱਡੇ-ਵੱਡੇ ਕੌਮੀ ਗਰੁੱਪਾਂ ਵਲੋਂ ਮਦਦ ਦੇ ਕੇ ਚਲਾਇਆ ਜਾ ਰਿਹਾ ਹੈ ਇਸ ਵਿਚ ਫਰੀਡਮ ਵਰਕਸ, ਦੀ ਪਾਰਟੀ ਐਕਸਪ੍ਰੈਸ, ਅਮਰੀਕਨ ਫਾਰ ਪਰਾਸਪੈਰਟੀ' ਵਰਗੇ ਗਰੁੱਪ ਸ਼ਾਮਲ ਹਨ। ਪਰ ਇਹਨਾਂ 'ਚੋਂ ਬਹੁਤਿਆਂ ਦੀ ਅਗਵਾਈ ਰਿਪਬਲੀਕਨ ਪਾਰਟੀ ਦੇ ਹੱਥ ਵਿਚ ਹੈ। ਓਬਾਮਾ ਦੀ ਫੇਰੀ ਤੋਂ ਠੀਕ ਪਹਿਲਾਂ ਅਮਰੀਕਾ 'ਚ ਹੋਈਆਂ ਜਿਮਨੀ ਚੋਣਾਂ 'ਚ ਓਬਾਮਾ ਪ੍ਰਸਾਸ਼ਨ (ਰਿਪਬਲੀਕਨ) ਨੂੰ ਭਾਰੀ ਧੱਕਾ ਲੱਗਿਆ ਹੈ। ਅਮਰੀਕਾ ਦੇ ਇਤਿਹਾਸ 'ਚ ਬੀਤੇ ਅੱਠ ਦਹਾਕਿਆਂ 'ਚ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਪ੍ਰਤੀਨਿਧੀ ਸਦਨ (ਹਾਊਸ ਆਫ ਰੀਪਰਜੇਂਟੇਟਿਵ) 'ਚ ਬਹੁਮਤ ਇਕ ਪਾਰਟੀ ਦੇ ਹੱਥੋਂ ਨਿਕਲ ਕੇ ਦੂਜੀ ਪਾਰਟੀ ਦੇ ਹੱਥ 'ਚ ਚਲਾ ਗਿਆ ਜਦ ਕਿ ਸੈਨਟ 'ਚ ਅਜਿਹਾ ਨਹੀਂ ਹੋਇਆ। ਇਸ ਚੋਣ ਤੋਂ ਪਹਿਲਾਂ ਪ੍ਰਤੀਨਿਧੀ ਸਦਨ 'ਚ ਡੈਮੋਕਰੇਟਾਂ ਦੀ 256 ਤੇ ਰਿਪਬਲੀਕਨ ਦੀਆਂ 178 ਸੀਟਾਂ ਸਨ ਪਰ ਹੁਣ ਰਿਪਬਲੀਕਨ ਦੀ ਗਿਣਤੀ 239 ਹੋ ਗਈ ਹੈ ਤੇ ਡੈਮੋਕਰੇਟਾਂ ਦੀ ਗਿਣਤੀ 185 ਰਹਿ ਗਈ ਹੈ। ਇਸ ਤਰ੍ਹਾਂ ਸੈਨਟ 'ਚ ਪਹਿਲੇ ਡੇਮੋਕ੍ਰੇਟਾਂ ਦੀਆਂ 58 ਸੀਟਾਂ ਘਟ ਕੇ 50 ਰਹਿ ਗਈਆਂ ਹਨ ਤੇ ਰੀਪਬਲੀਕਨਾਂ ਦੀਆਂ ਸੀਟਾਂ 48 ਤੋਂ ਵੱਧ ਕੇ 58 ਹੋ ਗਈਆਂ ਹਨ। ਜਿਮਨੀ ਚੋਣਾਂ ਤੋਂ ਸਪਸ਼ਟ ਹੈ ਕਿ ਓਬਾਮਾ ਦਾ ਜਨਤਕ ਅਧਾਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਓਬਾਮਾ ਦੀ ਭਾਰਤ, ਇੰਡੋਨੇਸ਼ੀਆ, ਜਾਪਾਨ ਤੇ ਦੱਖਣੀ ਕੋਰੀਆ ਦੀ ਫੇਰੀ ਦੇ ਪ੍ਰਮੁੱਖ ਮਕਸਦ ਸਪਸ਼ਟ ਹਨ। ਪਹਿਲਾਂ ਹੈ ਮੰਦੀ ਦੀ ਮਾਰ ਝੱਲ ਰਹੀ ਅਮਰੀਕਾ ਦੀ ਅਰਥ-ਵਿਵਸਥਾ ਨੂੰ ਬਚਾਉਣਾ ਤੇ ਅਮਰੀਕੀ ਕੰਪਨੀਆਂ ਲਈ ਨਵੇਂ ਬਜ਼ਾਰ ਦੀ ਖੋਜ ਤੇ ਅਮਰੀਕਾ 'ਚ ਰੁਜ਼ਗਾਰ ਦੇ ਪੈਦਾ ਹੋਣ ਨਾਲ ਆਪਣੇ ਖੁਸ ਰਹੇ ਜਨਤਕ ਅਧਾਰ ਨੂੰ ਵਾਪਸ ਲਿਆਉਣਾ। ਇਹ ਯਾਤਰਾ ਆਉਂਦੇ ਚੁਣਾਵੀਂ ਸਾਲਾਂ 'ਚ ਅਮਰੀਕੀ ਸਾਮਰਾਜੀ ਪੂੰਜੀ ਦੀ ਨੁਮਾਇੰਦਗੀ ਲਈ ਓਬਾਮਾ ਪ੍ਰਸਾਸ਼ਨ ਦੀ ਤਿਆਰੀ ਹੈ। ਦੂਜਾ ਵਿਸ਼ਵ ਪੂੰਜੀਵਾਦ 'ਚ ਪਿਛਲੇ ਦੋ ਦਹਾਕਿਆਂ 'ਚ ਆਏ ਬਦਲਾਅ ਤੇ ਕਈ ਨਵੇਂ ਦੇਸ਼ਾਂ-ਰਾਜਾਂ ਦੇ ਪੂੰਜੀ ਉਭਾਰ ਨਾਲ ਵਿਸ਼ਵ ਬਾਜ਼ਾਰ 'ਚ ਅਮਰੀਕੀ ਪੂੰਜੀ ਦੀ ਚੌਧਰ 'ਚ ਕਮੀ ਆਈ ਹੈ। ਏਸ਼ੀਆ 'ਚ ਚੀਨ ਦੇ ਆਰਥਕ ਉਭਾਰ ਤੇ ਸੰਸਾਰ ਮੰਡੀ 'ਚ ਤਾਕਤਵਰ ਮੌਜੂਦਗੀ ਨੂੰ ਵੇਖਦਿਆਂ ਅਮਰੀਕਾ ਦੱਖਣੀ ਤੇ ਪੂਰਬੀ ਏਸ਼ੀਆ ਨੂੰ ਆਪਣੀ ਦੂਰਗਾਮੀ ਵਿਦੇਸ਼ ਨੀਤੀ ਦੇ ਕੇਂਦਰ ਤੇ ਬਾਜ਼ਾਰ ਖੇਤਰ ਵਜੋਂ ਵੇਖਦਾ ਹੈ। ਓਬਾਮਾ ਦੀ ਇਸ ਫੇਰੀ ਦਾ ਮਕਸਦ ਚੀਨ ਨੂੰ ਇਹ ਸੰਦੇਸ਼ ਵੀ ਦੇਣਾ ਹੈ ਕਿ ਵਿਸ਼ਵ ਵਪਾਰ ਤੇ ਆਰਥਕ ਸਾਂਝੇਦਾਰੀ ਲਈ ਦੱਖਣੀ ਪੂਰਬੀ ਏਸ਼ੀਆ ਅਮਰੀਕਾ ਦੇ ਨਾਲ ਹੈ।

**ਪੂੰਜੀ ਦੇ ਹਿੱਤ ਦੀ ਖੇਡ** :- ਆਪਣੀ ਫੇਰੀ 'ਚ ਓਬਾਮਾ ਨੇ ਆਪਣਾ ਵਧ ਤੋਂ ਵੱਧ ਸਮਾਂ ਸਨਅਤੀ ਨਗਰੀ ਮੁੰਬਈ 'ਚ ਲੰਘਾਇਆ। ਜਾਹਿਰ ਹੈ ਗੱਲਾਂ ਨਾਲ ਭਾਰਤੀ ਸੱਭਿਆਚਾਰ ਤੇ ਸਭਿਅਤਾ ਦਾ ਗੁਣਗਾਣ ਕਰਨ ਵਾਲੇ ਓਬਾਮਾ ਮੁੰਬਈ 'ਚ ਭਾਰਤੀ ਪੂੰਜੀਪਤੀਆਂ ਨੂੰ ਮਿਲ ਕੇ ਸਭਿਆਚਾਰ ਦੀ ਕਲਾ-ਮੀਮਾਂਸਾ ਨਹੀਂ ਕਰ ਰਹੇ ਸਨ। ਇਹਨਾਂ ਸਾਰਿਆਂ ਦਾ ਮਕਸਦ ਵਿਸ਼ਵੀ ਪੂੰਜੀਵਾਦ 'ਚ ਪੂੰਜੀ ਨਿਵੇਸ਼ ਲਈ ਪੈਦਾ ਹੋਏ ਨਵੇਂ ਮੌਕਿਆਂ 'ਚ ਸੇਵਾ ਤੇ ਤਕਨੀਕੀ ਮੁਹਈਆ ਕਰਵਾ ਕੇ ਭਾਰਤੀ ਅਦਾਰਿਆਂ ਤੇ ਬਾਜ਼ਾਰ ਦੀ ਲੁੱਟ ਕਰਨਾ ਹੈ। ਜੋ ਭਾਰਤ ਦੇ ਮਿਹਨਤਕਸ਼ਾਂ ਦੀ ਲੁੱਟ ਤੋਂ ਵੀ ਸੰਭਵ ਹੈ। ਭਾਰਤ 'ਚ ਸੇਵਾ ਖੇਤਰ, ਕੰਪਿਊਟਰ ਸਾਫਟ ਵੇਅਰ-ਹਾਰਡਵੇਅਰ ਟੈਲੀਕਾਮ ਹਾਊਸਿੰਗ-ਰਿਅਲ ਅਸਟੇਟ ਤੇ ਉਸਾਰੀ ਕੰਮ-ਪੰਜ ਮੁੱਖ ਵਿਦੇਸ਼ੀ ਨਿਵੇਸ਼ ਦੇ ਖੇਤਰ ਹਨ। ਅਮਰੀਕਾ ਪ੍ਰਚੂਨ ਬਾਜ਼ਾਰ ਤੇ ਸੇਵਾ ਖੇਤਰ 'ਚ ਪੈਸਾ ਲਾਉਣ ਦੇ ਨਿਯਮਾਂ 'ਚ ਸਫਲਤਾ ਚਾਹੁੰਦਾ ਹੈ। ਖੇਤੀ ਵਸਤਾਂ ਦੀ ਨਵੀਂ ਖੋਜ ਉਦਯੋਗ ਧੰਦਿਆਂ 'ਚ ਧਨ ਲਾਉਣ ਤੇ ਸੇਵਾ ਖੇਤਰ 'ਚ ਸਹਿਯੋਗ ਵਰਗੇ ਬਚੇ ਖੁਚੇ ਨਿਯਮਾਂ ਤੇ ਰੈਗੂਲੇਸ਼ਨ ਨੂੰ ਹਟਾਉਣ ਲਈ ਦੋਨੋ ਦੇਸ਼ ਸਹਿਮਤ ਹਨ। ਵੀਹ ਸਾਲ ਪਹਿਲਾਂ ਵਿਸ਼ਵੀਕਰਨ ਤੇ ਉਦਾਰੀਕਰਨ ਦੀਆਂ ਜੋ ਜਾਤੀਆਂ ਭਾਰਤ 'ਚ ਲਾਗੂ ਹੋਈਆਂ ਸਨ। ਉਹਨਾਂ ਨਾਲ ਭਾਰਤੀ ਦਲਾਲ ਨੌਕਰਸ਼ਾਹਾਂ, ਪੂੰਜੀਵਾਦੀਆਂ ਨੇ ਲੋਕਾਂ ਨੂੰ ਨਿਚੋੜ ਕੇ ਹੁਣ ਆਪਣੀ ਸ਼ਕਤੀ ਏਨੀ ਵਧਾ ਲਈ ਹੈ ਕਿ ਖੁਦ ਵੀ ਵਿਵਸਥਾ ਅੰਦਰ ਦੇ ਪੈਮਾਨਿਆਂ 'ਚ ਢਾਲਣਾ ਚਾਹੁੰਦਾ ਹੈ। ਦੂਜੇ ਪਾਸੇ "ਆਜ਼ਾਦ ਪੂੰਜੀਵਾਦ" ਦਾ ਹਿਮਾਇਤੀ ਅਮਰੀਕੀ ਪੂੰਜੀਵਾਦ ਬੇਸ਼ਕ ਆਪਣੇ ਇਸ ਰੁਝਾਣ ਕਾਰਨ ਮੰਦੀ ਦੀ ਦਲਦਲ 'ਚ ਫਸਿਆ ਹੈ, ਫਿਰ ਵੀ ਇਹ ਪਿੱਛੇ ਨਹੀਂ ਜਾ ਸਕਦਾ। ਹੁਣ ਉਹ ਬਚੇ ਖੁਚੇ ਅੜਿੱਕਿਆਂ ਨੂੰ ਤੋੜ ਕੇ ਪੂਰੇ ਸੰਸਾਰ 'ਚ ਬੇਲਗਾਮ ਦੌੜਨਾ ਚਾਹੁੰਦਾ ਹੈ। ਉਹ ਫੇਰੀ ਇਸੇ ਉਦੇਸ਼ ਦੀ ਪੂਰਤੀ ਲਈ ਸੀ। ਅਨਿਲ ਅੰਬਾਨੀ ਗਰੁੱਪ ਦੇ ਰਿਲਾਇੰਸ ਪਾਵਰ ਐਂਡ ਸਪਾਈਸ ਜੈਟ ਦੇ 30 ਬੋਇੰਗ 737 ਤੇ ਹੋਰ ਸੌਦੇ ਲਗਭਗ 10 ਬਿਲੀਅਨ ਡਾਲਰ ਦੇ ਹਨ। ਓਬਾਮਾ ਨੇ ਕਿਹਾ, "ਅਸੀਂ ਭਾਰਤ ਨੂੰ ਤੇਜ਼ੀ ਨਾਲ ਵਧਦੇ ਵਿਸ਼ਵ ਬਾਜ਼ਾਰ ਦੇ ਕੇਂਦਰ ਵਜੋਂ ਵੇਖਦੇ ਹਾਂ ਜਿਥੇ ਅਸੀਂ ਆਪਣੀ ਬਰਾਮਦ ਨੂੰ ਵੇਚ ਸਕਦੇ ਹਾਂ। ਅਮਰੀਕਾ ਲਈ ਇਹ ਇਕ ਰੋਜ਼ਗਾਰ ਰਣਨੀਤੀ ਹੈ।" ਅਮਰੀਕਾ ਦੀ ਇਹ ਵਪਾਰਕ ਸੌਦੇਬਾਜੀ ਸਿੱਧੇ ਤੌਰ 'ਤੇ ਅਮਰੀਕਾ 'ਚ 50,000 ਨੌਕਰੀਆਂ ਪੈਦਾ ਕਰੇਗੀ। ਦੂਜੇ ਪਾਸੇ ਸਪਾਈਸ ਜੈਟ ਬੋਇੰਗ ਆਂਧਰਾ ਪ੍ਰਦੇਸ਼ ਦੇ ਸਾਮਲਕੋਟ 'ਚ 2400 ਮੈਗਾਵਾਟ ਦੇ ਪਾਵਰ ਪਲਾਂਟ ਲਈ ਉਪਕਰਨਾਂ ਦੀ ਖਰੀਦ ਨਾਲ ਰਿਲਾਇੰਸ ਨੂੰ ਊਰਜਾ ਖੇਤਰ 'ਚ ਪੂੰਜੀ ਲਾ ਕੇ ਅਤੇ ਵੱਧ ਮੁਨਾਫਾ ਕਮਾਉਣ ਦਾ ਮੌਕਾ ਦੇਵੇਗਾ। ਜਨਰਲ ਇਲੈਕਟ੍ਰੀਕਲ ਕੰਪਨੀ ਜੋ ਦੁਨੀਆਂ ਦੇ ਇਕ ਤਿਹਾਈ ਊਰਜਾ ਉਪਕਰਨਾਂ ਦੀ ਉਸਾਰੀ ਕਰਦੀ ਹੈ ਗੈਸ ਤੇ ਭਾਪ ਟਰਵਾਇਨ ਦੀ ਸਪਲਾਈ ਕਰੇਗੀ। ਭਾਰਤੀ ਫੌਜ ਅਮਰੀਕਾ ਤੋਂ ਏਅਰ ਕਰਾਫਟ ਖਰੀਦੇਗੀ। ਓਬਾਮਾ ਦੀ ਯੋਜਨਾ ਅਮਰੀਕੀ ਬਰਾਮਦ ਨੂੰ ਦੁਗਣਾ ਕਰਨਾ ਹੈ, ਜਿਸ ਲਈ ਉਹ ਵਿਸ਼ਵ ਦੇ ਅਜਿਹੇ ਦੇਸ਼ਾਂ ਨੂੰ ਜਿਥੇ ਬਾਜ਼ਾਰ ਵੱਡਾ ਹੈ, ਆਪਣਾ ਟੀਚਾ ਬਣਾਉਣਗੇ। ਸਾਂਝੇ ਬਿਆਨ 'ਚ ਕਿਹਾ ਗਿਆ ਕਿ ਰਾਸ਼ਟਰਪਤੀ ਓਬਾਮਾ ਨੇ ਭਾਰਤ ਵਲੋਂ ਅਮਰੀਕਾ ਤੋਂ ਉਚ ਤਕਨੀਕੀ ਤੇ ਰੱਖਿਆ ਸੌਦਿਆਂ ਦੀ ਖਰੀਦ ਦਾ ਸੁਆਗਤ ਕੀਤਾ। ਭਾਰਤ 'ਚ ਨਿਊਕਲੀਅਰ ਊਰਜਾ ਦੇ ਖੇਤਰ 'ਚ ਅਥਾਹ ਮੌਕਿਆਂ ਦੇ ਪੂੰਜੀਵਾਦੀ ਹਿੱਤਾਂ ਦੀ ਰਾਖੀ ਲਈ ਵੀ ਓਬਾਮਾ ਦੀ ਇਹ ਯਾਤਰਾ

ਜਿਕਰ ਲਾਇਕ ਹੈ। ਅਮਰੀਕਾ ਆਪਣੀਆਂ ਕੰਪਨੀਆਂ ਲਈ ਊਰਜਾ ਖੇਤਰ 'ਚ ਕਨੂੰਨਾਂ ਨੂੰ ਸੌਖਾ ਬਣਾਉਣਾ ਚਾਹੁੰਦਾ ਹੈ। ਜਿਸ ਨਾਲ ਦੁਰਘਟਨਾ ਦੀ ਜ਼ਿੰਮੇਵਾਰੀ ਨੂੰ ਘੱਟ ਕੀਤਾ ਜਾ ਸਕੇ। ਸੰਯੁਕਤ ਬਿਆਨ ਇਹ ਗੱਲ ਦੀ ਵਚਨ ਬੱਧਤਾ ਦਰਸਾਈ ਗਈ ਕਿ "ਸੰਯੁਕਤ ਰਾਜ ਅਮਰੀਕਾ ਵਸਤੂਆਂ ਤੇ ਸੇਵਾਵਾਂ 'ਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਪਾਰਟਨਰ ਹੈ ਅਤੇ ਹੁਣ ਭਾਰਤ ਦੁਨੀਆਂ ਦੇ ਉਹਨਾਂ ਦੇਸ਼ਾਂ ਵਿਚੋਂ ਹੈ ਜੋ ਸਿੱਧੇ ਵਿਦੇਸ਼ੀ ਨਿਵੇਸ਼ ਲਈ ਅਮਰੀਕਾ 'ਚ ਦਾਖਲ ਹੋ ਰਹੇ ਹਨ। ਦੋਨੋ ਨੇਤਾ (ਓਬਾਮਾ ਤੇ ਮਨਮੋਹਨ ਸਿੰਘ) ਵਪਾਰ ਅੜਿੱਕਿਆਂ ਤੇ ਰੱਖਿਆ ਪੈਮਾਨਿਆਂ ਨੂੰ ਘੱਟ ਕਰਨ ਲਈ ਕਦਮ ਉਠਾਉਣਗੇ।" ਗੱਲ ਬਿਲਕੁਲ ਸਪਸ਼ਟ ਹੈ ਕਿ ਪੂੰਜੀ ਲਈ ਬਚੇ ਖੁਚੇ ਕਿਰਤ ਕਨੂੰਨਾਂ ਤੇ ਨਾਗਰਿਕ ਜੁਆਬਦੇਹੀ ਦੇ ਪੈਮਾਨਿਆਂ ਨੂੰ ਤੋੜ ਦਿੱਤਾ ਜਾਵੇਗਾ। ਅਨਾਜ ਸੁਰਖਿਆ ਨੂੰ ਹੱਲਾਸ਼ੇਰੀ ਦੇਣ ਦੇ ਨਾਂ 'ਤੇ ਅਸਲ 'ਚ ਅਮਰੀਕਾ ਵਾਲਮਾਰਟ ਤੇ ਮੌਸੈਂਟੋ ਵਰਗੀਆਂ ਬਹੁਕੌਮੀ ਕੰਪਨੀਆਂ ਦੀ ਮੁਨਾਫਾਖੋਰੀ ਲਈ ਭਾਰਤ ਦੇ ਦਰਵਾਜ਼ੇ ਖੁਲਵਾਉਣਾ ਚਾਹੁੰਦਾ ਹੈ। ਬੀਜ ਬਿੱਲ ਨੂੰ ਪਾਸ ਕਰਵਾਉਣਾ ਬਹੁਕੌਮੀ ਕੰਪਨੀਆਂ ਦੇ ਹਿੱਤ ਵਿਚ ਹੈ। ਭਾਰਤ ਤੇ ਅਮਰੀਕਾ ਵਿਚਕਾਰ ਜੋ ਮੁੱਖ ਸਮਝੌਤੇ ਹੋਏ ਉਹਨਾਂ 'ਚ "ਸਾਫ ਸੁਥਰੀ ਊਰਜਾ ਤੇ ਖੋਜ ਲਈ ਵਿਕਾਸ ਕੇਂਦਰ ਦੀ ਸਥਾਪਨਾ" "ਵਿਸ਼ਵ ਪ੍ਰਮਾਣੂ ਊਰਜਾ ਹਿੱਸੇਦਾਰੀ" ਸ਼ੈਲ ਗੈਸ ਅਦਾਰਿਆਂ ਦਾ ਅਨੁਮਾਨ "ਗਲੋਬਲ ਡਿਸੀਸ ਡਿਟੇਂਸ਼ਨ ਸੈਂਟਰ" ਦੀ ਸਥਾਪਨਾ ਮੁੱਖ ਹਨ। ਇਹਨਾਂ ਸਾਰਿਆਂ ਦਾ ਉਦੇਸ਼ ਭਾਰਤੀ ਪੂੰਜੀ ਦੇ ਤਕਨੀਕੀ ਧਰਾਣਿਆਂ ਲਈ ਬਾਜ਼ਾਰ ਤੇ ਭਾਰਤੀ ਪੂੰਜੀਪਤੀਆਂ ਲਈ ਇਸ ਤਕਨੀਕ ਦੀ ਵਰਤੋਂ ਰਾਹੀਂ ਪੂੰਜੀ ਦੇ ਲੁੱਟੇ ਕਿਰਦਾਰ ਨੂੰ ਮਜ਼ਬੂਤ ਕਰਨਾ ਹੈ। ਸਿਖਿਆ ਦੇ ਖੇਤਰ 'ਚ ਹੋਣ ਵਾਲਾ ਸਮਝੌਤੇ ਭਾਰਤੀ ਸਿੱਖਿਆ ਬਾਜ਼ਾਰ 'ਚ ਪੂੰਜੀ ਦੀ ਅਥਾਹ ਸੰਭਾਵਨਾਵਾਂ ਲਈ ਰਾਹ ਨੂੰ ਸੌਖਾ ਕਰਨਾ ਹੈ ਤੇ ਭਾਰਤ 'ਚ ਸਿੱਖਿਆ ਦੇ ਬਾਜ਼ਾਰੀਕਰਨ 'ਚ ਮੁਨਾਫੇ ਨੂੰ ਯਕੀਨੀ ਬਣਾਉਣਾ ਹੈ ਤਾਂ ਹੀ ਤਾਂ ਓਬਾਮਾ ਨੇ ਆਪਣੇ ਸੰਬੋਧਨ 'ਚ ਕਿਹਾ 'ਗਿਆਨ ਦੀ ਇਕੀਵੀਂ ਸਦੀ ਦੀ ਮੁਦਰਾ ਹੈ।" ਕਿਉਂਕਿ ਪੂੰਜੀਪਤੀਆਂ ਲਈ ਸਮਾਜ ਦੀ ਹਰ ਚੀਜ਼ ਪੈਸਾ ਹੈ। ਖਰੀਦੇ-ਵੇਚੇ ਜਾਣ ਦੀ ਜਿਣਸ। ਇਸ ਫੇਰੀ 'ਚ ਅਮਰੀਕਾ ਦੀਆਂ 200 ਵੱਡੀਆਂ ਕੰਪਨੀਆਂ ਦੇ ਨੁਮਾਇੰਦਿਆਂ ਤੇ ਭਾਰਤ ਦੇ ਟਾਟਾ, ਰਿਲਾਇੰਸ, ਵਿਪਰੋ, ਗੋਦਰੇਜ, ਮਹਿੰਦਰਾ ਐਂਡ ਮਹਿੰਦਰਾ ਤੇ ਹੋਰ ਕੰਪਨੀਆਂ ਦੇ ਨੁਮਾਇੰਦਿਆਂ ਦੇ ਵਪਾਰਕ ਹਿੱਤਾਂ ਦੀ ਰਾਖੀ ਲਈ ਦੋਨੋ ਦੇਸ਼ਾਂ ਦੇ ਹਾਕਮ ਇਕ ਮੰਚ ਮੁਹਈਆ ਕਰਵਾ ਰਹੇ ਹਨ। ਇਕ ਫੇਰੀ 'ਚ ਇਕ ਵਾਰ ਫਿਰ ਪੂਰੀ ਤਰ੍ਹਾਂ ਸਾਫ ਹੋ ਗਿਆ ਕਿ ਪੂੰਜੀਵਾਦੀ ਸੰਸਦ ਪੂੰਜੀਵਾਦੀਆਂ ਦੀ ਮੈਨੇਜਿੰਗਤ ਕਮੇਟੀ ਹੁੰਦੀ ਹੈ। ਓਬਾਮਾ ਦੀ ਇਹ ਯਾਤਰਾ ਅਮਰੀਕੀ ਕੰਪਨੀਆਂ ਦੇ ਹਿੱਤ ਪੂਰਨ ਦੀ ਕੋਸ਼ਿਸ਼ ਹੈ। ਦੂਜੇ ਪਾਸੇ ਭਾਰਤੀ ਦਲਾਲ ਹਾਕਮ ਜਮਾਤ ਵਲੋਂ ਪਲਕਾਂ ਵਿਛਾ ਕੇ ਇਸ ਦਾ ਸੁਆਗਤ ਭਾਰਤ ਦੇ ਦਲਾਲ ਸਰਮਾਏਦਾਰਾਂ ਦੇ ਹਿੱਤ ਕਰਦੇ ਹਨ। ਇਹ ਫੇਰੀ ਵੀ ਸਾਰੇ ਵਪਾਰਕ ਸੰਮੇਲਨਾਂ, ਦੋ ਧਿਰੀ ਵਾਰਤਾਵਾਂ ਤੇ ਸੰਮਤੀਆਂ ਵਾਂਗੂੰ। ਦੋ ਦੇਸਾਂ ਦੇ ਸਰਮਾਏਦਾਰਾਂ ਦੀ ਨੁਮਾਇੰਦਗੀ ਕਰਨ ਵਾਲਿਆਂ ਦੇ ਜਮਾਤੀ ਹਿੱਤਾਂ ਤੋਂ ਸੰਚਾਲਿਤ ਹੈ। ਇਸ ਨਾਲ ਆਮ ਭਾਰਤੀ ਦਾ ਕੋਈ ਭਲਾ ਨਹੀਂ ਹੋਣਾ।

# ਚੀਨ ਦੇ ਸਮਾਜਕ-ਫਾਸ਼ੀਵਾਦੀ ਹਾਕਮ ਕੀ ਹਨ?

ਪੂਰੀ ਦੁਨੀਆਂ 'ਚ ਅੱਜ ਚੀਨ ਦੇ ਭਾਰਤੀ ਵਿਕਾਸ ਦਰ 'ਤੇ "ਬਾਜ਼ਾਰ ਸਮਾਜਵਾਦ" ਦੀਆਂ ਪ੍ਰਾਪਤੀਆਂ ਦੀ ਖ਼ੂਬ ਤਰੀਫ ਹੋ ਰਹੀ ਹੈ। ਪਰ ਸਚਾਈ ਇਹ ਹੈ ਕਿ ਚੀਨ 'ਚ ਪੂੰਜੀਵਾਦੀ ਹਾਕਮਾਂ ਦਾ "ਬਾਜ਼ਾਰ ਸਮਾਜਵਾਦ" ਦਾ ਨਾਕਾਬ ਹੁਣ ਮਿਹਨਤਕਸ਼ ਅਬਾਦੀ ਦੇ ਮੋੜਵੇਂ ਵਿਰੋਧ ਨਹੀਂ ਰੋਕ ਸਕਿਆ ਹੈ। ਮਾਓ-ਹਮਾਇਤੀ ਲਗਾਤਾਰ ਪੂੰਜੀਵਾਦੀ ਹਾਕਮਾਂ ਖਿਲਾਫ ਸੰਘਰਸ਼ ਕਰ ਰਹੇ ਹਨ। ਬੇਰਹਿਮ ਅਤਿਆਚਾਰ ਤੇ ਸਖਤ ਕਨੂੰਨਾਂ ਦੇ ਬਾਵਜੂਦ ਮਿਹਨਤਕਸ਼ ਆਬਾਦੀ ਦੇ  ਸੰਘਰਸ਼ ਦਾ ਸਿਲਸਿਲਾ ਵਧ ਰਿਹਾ ਹੈ। 1976 ਵਿਚ ਮਾਓ ਦੀ ਮੌਤ ਤੋਂ ਪਿੱਛੋਂ ਦੇ ਚੀਨ ਨੇ ਸਮਾਜਵਾਦ ਦੇ ਰਾਹ ਤੋਂ ਲਾਂਭਾ ਕਰ ਲਿਆ ਹੈ ਅਤੇ "ਬਾਜ਼ਾਰ ਸਮਾਜਵਾਦ" ਦਾ ਚੋਲਾ ਪਾ ਲਿਆ। ਇਸ ਦੇ ਪਿੱਛੋਂ ਤੋਂ ਮਿਹਨਤਕਸ਼ ਅਬਾਦੀ ਦੀਆਂ ਜੀਵਨ ਹਾਲਤਾਂ ਲਗਾਤਾਰ ਰਸਾਤਲ 'ਚ ਜਾ ਰਹੀ ਹੈ। ਹਰ ਸਾਲ ਕੋਲਾ ਖਾਣਾਂ 'ਚ ਹੀ ਹਜ਼ਾਰ ਮਜ਼ਦੂਰ ਆਪਣੀ ਜਾਨ ਗੁਆ ਦਿੰਦੇ ਹਨ ਤਾਂ ਦੂਜੇ ਪਾਸੇ ਸਮਾਜਵਾਦੀ ਪ੍ਰਣਾਲੀ ਦੀ ਤਾਕਤ ਦੀ ਨੀਂਹ 'ਤੇ ਖੜ੍ਹੇ ਹੋ ਕੇ ਸੋਧਵਾਦੀ ਹਾਕਮ ਅੱਜ ਸਾਮਰਾਜੀ ਤਾਕਤ ਦੇ ਰੂਪ 'ਚ ਉਭਰ ਰਹੇ ਹਨ। ਇਹੀ ਕਾਰਨ ਹੈ ਕਿ ਚੀਨ ਵਿਚ ਅਰਬਪਤੀਆਂ ਤੇ ਕਰੋੜਪਤੀ ਪੂੰਜੀਪਤੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। 2006 ਦੀ 'ਫਾਰਚੂਨ ਪਤ੍ਰਿਕਾ ਅਨੁਸਾਰ ਦੁਨੀਆਂ ਦੇ ਅਰਬਪਤੀਆਂ ਦੀ ਸੂਚੀ 'ਚ ਸੱਤ ਚੀਨੀ ਸਨਅਤਕਾਰ ਸਨ। ਇਹ ਤਸਵੀਰਾਂ ਚੀਨ 'ਚ ਅਮੀਰ-ਗਰੀਬ ਦੀ ਵਧਦੀ ਖਾਈ ਨੂੰ ਵਿਖਾਉਂਦੀ ਹੈ। ਅਜਹਿ 'ਚ ਆਮ ਆਬਾਦੀ ਇਸ ਭਰਿਸ਼ਟ ਤੇ ਤਾਨਾਸ਼ਾਹ ਸਰਕਾਰ ਦੇ ਵਿਰੋਧ 'ਚ ਵਿਕਲਪ ਤਲਾਸ਼ ਰਹੀ ਹੈ। ਕੁਝ ਪੂੰਜੀਵਾਦ ਲੋਕਤੰਤਰ ਦੀ ਗੱਲ ਕਰ ਰਹੇ ਹਨ ਤਾਂ ਕੁਝ ਸੋਧਵਾਦੀ ਪਾਰਟੀ 'ਚ ਕੁਝ ਸੁਧਾਰ ਦੀ। ਬਾਕੀ ਆਮ ਲੋਕਾਂ ਦਾ ਮੰਨਣਾ ਹੈ ਕਿ ਪੂਰੀ ਤਰ੍ਹਾਂ ਸੜ ਚੁੱਕੀ ਸਮਾਜਕ ਫਾਂਸੀਵਾਦੀ ਰਾਜ ਸੱਤਾ ਨੂੰ ਮਾਓ ਦੀ ਸਿੱਖਿਆ ਰਾਹੀਂ ਹੀ ਬਦਲਿ ਆ ਜਾ ਸਕਦਾ ਹੈ ਅਤੇ ਅੱਜ ਚੀਨ 'ਚ ਕਈ ਛੋਟੇ-ਛੋਟੇ ਗਰੁੱਪ ਦੀ ਮਹਾਨ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ ਨੂੰ ਸਮਝ ਕੇ ਨਵੇਂ ਇਨਕਲਾਬੀ ਬਦਲ ਦੀ ਤਲਾਸ਼ ਕਰ ਰਹੇ ਹਨ। ਜੋ ਕਿ ਮਾਓ ਦੀ ਉਸ ਭਵਿੱਖਬਾਣੀ ਨੂੰ ਸਹੀ ਸਾਬਤ ਕਰਦਾ ਹੈ ਕਿ "ਚੀਨ 'ਚ ਜੇ ਪੂੰਜੀਵਾਦੀ ਪਿਛਾਖੜੀ ਪੂੰਜੀਵਾਦੀ ਦੀ ਮੁੜ ਸਥਾਪਨਾ 'ਚ ਸਫਲ ਹੋ ਵੀ ਗਏ ਤਾਂ ਉਹ ਕਦੇ ਚੈਨ ਨਾਲ ਕੁਰਸੀ 'ਤੇ ਨਹੀਂ ਬੈਠ ਸਕਣਗੇ।" ਲੋਕ ਵਿਰੋਧ ਇਸ ਕੜਾਂ 'ਚ ਇਕ ਟ੍ਰੇਡ ਯੂਨੀਅਨ ਨੇਤਾ ਝਾਓ ਡਾਂਗਮਿਨ ਨੇ ਸੰਕਸ਼ੀ 'ਚ ਮਜ਼ਦੂਰਾਂ ਦੀ ਜਥੇਬੰਦੀ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਜਬਰੀ ਹਿਰਾਸਤ 'ਚ ਲੈ ਲਿਆ ਗਿਆ ਅਤੇ ਇਕ ਸਾਲ ਬਾਅਦ ਮੁੱਕਦਮੇ ਦੀ ਤਹਿ ਤਰੀਕ ਤੋਂ ਇਕ ਹਫਤਾ ਪਹਿਲਾਂ ਹੀ ਉਹਨਾਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾ ਦਿੱਤੀ। ਇਹ ਚੀਨੀ ਸਰਕਾਰ ਦੇ ਭੈਅ ਤੇ ਉਸ ਦੇ ਗੈਰ-ਜਮਹੂਰੀ, ਤਾਨਾਸ਼ਾਹ ਤੇ ਡਰੇ ਹੋਏ ਪ੍ਰਸਾਸ਼ਨ ਦੇ ਕਿਰਦਾਰ ਨੂੰ ਦਿਖਾਉਂਦਾ ਹੈ। ਝਾਓ ਡਾਂਗਮਿਨ ਪੇਸ਼ੇ ਤੋਂ ਵਕੀਲ ਮਜ਼ਦੂਰ ਕਾਰਕੁੰਨ ਤੇ ਮਾਓ ਦੇ ਹਮਾਇਤੀ ਸਨ ਜੋ ਲੰਮੇ ਸਮੇਂ ਤੋਂ ਮਾਓ ਸਟੱਡੀ ਗਰੁੱਪ ਚਲਾਉਂਦੇ ਰਹੇ ਹਨ। ਅਪ੍ਰੈਲ 2009 'ਚ ਉਹਨਾਂ ਨੇ ਸੈਂਕੜੇ ਮਜ਼ਦੂਰਾਂ ਦੀ ਅਗਵਾਈ ਕਰਦਿਆਂ ਸੰਕਸ਼ੀ ਦੇ ਇਕ ਸਰਕਾਰੀ ਅਦਾਰੇ 'ਚ ਵਿਆਪਕ ਭਰਿਸ਼ਟਾਚਾਰ ਤੇ ਨਿਜੀਕਰਨ ਤੋਂ ਰੋਕਣ ਲਈ "ਸੰਕਸ਼ੀ ਯੂਨੀਅਨ ਰਾਈਟਸ

ਡਿਫੇਂਸ ਰਿਪ੍ਰਜੇਂਟਿਟਵ ਕਾਂਗਰਸ" ਬਣਾਉਣ ਦੀ ਬੇਨਤੀ ਸੁਬਾਈ ਪਾਰਟੀ ਕਮੇਟੀ ਤੇ ਟ੍ਰੇਡ ਯੂਨੀਅਨ ਫੇਡਰੇਸ਼ਨ ਨੂੰ ਦਿੱਤਾ ਸੀ ਕਿਉਂਕਿ ਮਜ਼ਦੂਰਾਂ ਦਾ ਮੰਨਣਾ ਸੀ ਕਿ ਸਰਕਾਰੀ ਅਧਿਕਾਰੀ ਪ੍ਰਬੰਧਕ ਡਾਇਰੈਕਟਰ, ਟ੍ਰੇਡ ਯੂਨੀਅਨ ਲੀਡਰਸ਼ਿਪ ਲਗਾਤਾਰ ਭਰਿਸ਼ਟਾਚਾਰ ਤੇ ਮਜ਼ਦੂਰ ਵਿਰੋਧੀ ਨੀਤੀ ਪਾਸ ਕਰ ਰਹੇ ਹਨ। ਇਸ ਲਈ ਮਜ਼ਦੂਰ ਇਕ ਅਜਿਹੀ ਜਥੇਬੰਦੀ ਬਣਾਉਣੀ ਚਾਹੁੰਦੇ ਸਨ ਕਿ ਜੋ ਉਹਨਾਂ 'ਤੇ ਨਜ਼ਰ ਰੱਖ ਸਕੇ ਤੇ ਉਹਨਾਂ ਦੀਆਂ ਨੀਤੀਆਂ ਦਾ ਵਿਰੋਧ ਕਰ ਸਕੇ। ਪਰ 19 ਅਗਸਤ 2009 ਨੂੰ ਝਾਓ ਤੇ ਦੋਸ਼ ਲਾਇਆ ਗਿਆ ਕਿ ਇਹ ਸਟੇਟ ਵਿਰੁੱਧ ਲੋਕਾਂ ਨੂੰ ਭੜਕਾ ਰਹੇ ਹਨ ਅਤੇ ਇਸ ਪਿੱਛੋਂ ਉਹਨਾਂ ਨੂੰ ਗੈਰ ਕਨੂੰਨੀ ਤਰੀਕੇ ਨਾਲ ਜੇਲ੍ਹ 'ਚ ਸੁੱਟ ਦਿੱਤਾ। ਝਾਓ ਦੀ ਇਸ ਗੈਰ ਕਨੂੰਨੀ ਤਰੀਕੇ ਨਾਲ ਗ੍ਰਿਫਤਾਰੀ ਦੇ ਵਿਰੋਧ 'ਚ ਕਈ ਅਧਿਆਪਕ, ਵਕੀਲ, ਵਿਦਿਆਰਥੀ, ਨੌਜਵਾਨ ਤੇ ਮਜ਼ਦੂਰ ਕਿਸਾਨ ਸੜਕਾਂ 'ਤੇ ਉਤਰ ਆਏ। ਭਾਰੀ ਲੋਕ ਦਬਾਅ ਨੂੰ ਵੇਖਦਿਆਂ ਸਰਕਾਰੀ ਪ੍ਰਸਾਸ਼ਨ ਨੇ 25 ਸਤੰਬਰ 2010 ਨੂੰ ਝਾਓ ਨੂੰ ਅਦਾਲਤ 'ਚ ਪੇਸ਼ ਕੀਤਾ। ਚਸ਼ਮਦੀਦ ਗਵਾਹਾਂ ਅਨੁਸਾਰ ਕੇਸ ਦੀ ਸੁਣਵਾਈ ਦੇ ਦਿਨ ਕੋਰਟ ਨੂੰ 100 ਪੁਲਸ ਵੈਨ ਤੇ 600 ਪੁਲਸ ਕਰਮੀਆਂ ਨੇ ਘੇਰ ਲਿਆ ਸੀ। ਕੋਰਟ ਨੇ ਫੈਸਲੇ ਦੀ ਤਰੀਕ 25 ਅਕਤੂਬਰ ਤਹਿ ਕੀਤੀ ਸੀ ਪਰ ਲੋਕਾਂ ਦੇ ਭੜਕ ਰਹੇ ਹੋਰ ਕਾਰਨ ਪ੍ਰਸਾਸ਼ਨ ਨੇ ਕੇਸ ਦੀ ਸੁਣਵਾਈ ਨੂੰ ਸਾਜਸ਼ੀ ਢੰਗ ਨਾਲ ਨਬੇੜਦਿਆਂ ਫੈਸਲੇ ਦੀ ਤਹਿ ਤਰੀਕ ਤੋਂ ਇਕ ਹਫਤੇ ਪਹਿਲਾਂ ਹੀ ਝਾਓ ਨੂੰ ਤਿੰਨ ਸਾਲ ਦੀ ਸਜ਼ਾ ਸੁਣਾ ਦਿੱਤੀ।

ਇਹ ਘਟਨਾ ਸਿਰਫ ਸੰਕਸ਼ੀ ਸੂਬੇ ਜਾਂ ਇਕ ਝਾਓ ਦੀ ਹੀ ਨਹੀਂ ਬਲਕਿ ਪਿਛਲੇ ਕਈ ਦਹਾਕੇ ਤੋਂ ਪੂਰੇ ਚੀਨ ਦੇ ਅਨਵਰਤ ਸੰਘਰਸ਼ ਦੇ ਸਿਲਸਿਲੇ ਦੀ ਕੜੀ ਹੈ। ਚੀਨ 'ਚ "ਲੋਕ ਸਮੂਹ ਨਾਲ ਸੰਬੰਧਤ ਘਟਨਾਵਾਂ ਜਾਂ ਮੁਜਾਹਰਿਆਂ ਤੇ ਦੰਗਿਆਂ" ਦੀ ਗਿਣਤੀ ਇਕ ਦਹਾਕੇ ਪਹਿਲਾਂ ਦੇ 10,000 ਤੋਂ ਵਧ ਕੇ 2003 'ਚ 58000 ਅਤੇ 2004 'ਚ 74000 ਤਕ ਜਾ ਪਹੁੰਚੀ ਹੈ। (ਨਿਊਯਾਰਕ ਟਾਈਮਸ, 24 ਅਗਸਤ 2006) ਪੂਰੇ ਚੀਨ 'ਚ ਲੱਖਾਂ ਨੌਜਵਾਨ ਕਰੋੜਾਂ ਮਜ਼ਦੂਰ ਤੇ ਕਿਸਾਨ ਅੱਜ ਮਾਓ ਦੀਆਂ ਸਿਖਿਆਵਾਂ ਨੂੰ ਯਾਦ ਕਰ ਰਹੇ ਹਨ। ਇਸ ਸਮੇਂ ਇਤਿਹਾਸ 'ਚ ਅੱਗੇ ਆਉਣ ਵਾਲੇ ਸਮਾਜਕ ਬਦਲਾਅ ਦੀ ਸੂਚਨਾ ਦੇ ਰਿਹਾ ਹੈ। ਮਾਓ ਦਾ ਇਹ ਕਥਨ ਵਾਰ ਵਾਰ ਸਾਨੂੰ ਵੀ ਯਾਦ ਆ ਰਿਹਾ ਹੈ ਤੇ ਉਹਨਾਂ ਸਮਾਜਕ ਫਾਂਸ਼ੀਵਾਦੀ ਚੀਨੀ ਹਾਕਮਾਂ ਨੂੰ ਵੀ ਡਰਾ ਰਿਹਾ ਹੋਵੇਗਾ-ਹੁਣ ਤੋਂ ਲੈ ਕੇ ਅਗਲੇ ਪੰਜ ਸੌ ਸਾਲਾਂ ਤਕ ਦਾ ਇਕ ਯੁੱਗ ਇਕ ਐਸਾ ਮਹਾਨ ਯੁੱਗ ਹੋਵੇਗਾ ਜਿਸ 'ਚ ਦੁਨੀਆਂ ਦੀ ਸਮਾਜਕ ਵਿਵਸਥਾ ਬੁਨਿਆਦੀ ਤੌਰ 'ਤੇ ਬਦਲ ਜਾਵੇਗੀ। ਇਹ ਇਕ ਅਜਿਹਾ ਭੂਚਾਲ ਵਰਗਾ ਯੁੱਗ ਹੋਵੇਗਾ ਜਿਸ ਦੀ ਤੁਲਨਾ ਇਤਿਹਾਸ ਦੇ ਪਿਛਲੇ ਇਤਿਹਾਸ ਦੇ ਕਸੇ ਵੀ ਯੁੱਗ ਨਾਲ ਨਹੀਂ ਕੀਤੀ ਜਾ ਸਕੇਗੀ। ਇਕ ਅਜਿਹੇ ਯੁੱਗ 'ਚ ਰਹਿੰਦਿਆਂ ਸਾਨੂੰ ਉਹਨਾਂ ਮਹਾਨ ਸੰਘਰਸ਼ਾਂ ਨਾਲ ਜੁੜਨ ਲਈ ਤਿਆਰ ਰਹਿਣਾ ਚਾਹੀਦਾ ਹੈ ਜੋ ਆਪਣੀਆਂ ਵਿਸ਼ੇਸ਼ਤਾਵਾਂ 'ਚ ਅਤੀਤ ਦੇ ਸਾਰੇ ਸੰਘਰਸ਼ਾਂ ਤੋਂ ਕਈ ਅਰਥਾਂ 'ਚ ਭਿੰਨ ਹੋਣਗੇ।"

# ਕੀ ਖਤਰੇ 'ਚ ਹੈ ਲੋਕਾਂ ਦੀ ਸਿਹਤ?

ਬਿਹਾਰ ਦੇ ਮੁਜਰਫਪੁਰ ਸ਼ਹਿਰ ਤੋਂ ਲਗਭਗ 15 ਕਿਲੋ ਮੀਟਰ ਦੀ ਦੂਰੀ 'ਤੇ ਸਰਵਨ ਬਲਾਕ ਦਾ ਬਿਸ਼ਨਪੁਰ-ਚਅਨਪੁਰ ਪਿੰਡ ਪਿਛੇ ਕੁਝ ਦਿਨਾਂ ਤੋਂ ਤਣਾਅ ਦਾ ਮੈਦਾਨ ਬਣਿਆ ਹੋਇਆ ਹੈ। ਇਕ ਪਾਸੇ ਹਥਿਆਰਬੰਦ ਪੁਲਸ ਬਲਾਂ ਦੀ ਗਸ਼ਤ ਹੋ ਰਹੀ ਹੈ ਤਾਂ ਦੂਜੇ ਪਾਸੇ ਬਸਤੀ-ਟੋਲੇ 'ਚ ਪ੍ਰਸਾਸ਼ਨ ਤੇ ਬਲਾਮੁਕੰਦ ਸੀਮੇਂਟ ਐਂਡ ਰੀਫਿੰਗ ਲਿਮਟਡ (ਬੀ ਸੀ ਆਰ ਐਲ) ਕੰਪਨੀ ਖਿਲਾਫ ਲਗਾਤਾਰ ਮੀਟਿੰਗਾਂ ਹੋ ਰਹੀਆਂ ਹਨ। ਇਹਨਾਂ ਸਾਰਿਆਂ ਕਾਰਨ ਆਮ ਤੌਰ 'ਤੇ ਸ਼ਾਂਤ ਰਹਿਣ ਵਾਲੇ ਬਿਸ਼ਨਪੁਰ-ਚੈਨਪੁਰ ਦੇ ਲਗਭਗ 25 ਹਜ਼ਾਰ ਲੋਕਾਂ ਦੀ ਨੀਂਦ ਹਰਾਮ ਹੋ ਗਈ ਹੈ ਅਤੇ ਉਹ ਕਿਸੇ ਅਣਹੋਣੀ ਦੇ ਡਰੋਂ ਦਿਨ ਕਟੀ ਕਰ ਰਹੇ ਹਨ। ਇਹ ਗੱਲ ਦੂਜੀ ਹੈ ਕਿ ਸਿਰਫ ਅੱਠ ਮਹੀਨੇ ਪਹਿਲਾਂ ਕਿਸੇ ਨੂੰ ਪਤਾ ਵੀ ਨਹੀਂ ਸੀ ਕਿ ਬਿਸ਼ਨਪੁਰ-ਚੈਨਪੁਰ ਦੇ ਉਪਜਾਊ ਖੇਤ ਕੁਝ ਮਹੀਨਿਆਂ ਪਿਛੋਂ ਹੀ ਹਥਿਆਰ-ਹਿੰਸਾ ਤੇ ਟਕਰਾਅ ਦਾ ਹਥਿਆਰ ਬਣ ਜਾਣਗੇ। ਪਿੰਡਾਂ ਨੂੰ ਜਦ ਕਿਸੇ ਖਤਰੇ ਦੀ ਸ਼ੰਕਾ ਨਹੀਂ ਹੋਈ ਸੀ ਜਦ ਉਹਨਾਂ ਨੇ ਦੋ ਸਾਲ ਪਹਿਲਾਂ ਕਲਕੱਤਾ ਦੀ ਬੀ ਸੀ ਆਰ ਐਲ ਕੰਪਨੀ ਨੂੰ ਸਨਅਤ ਲਾਉਣ ਲਈ 50 ਏਕੜ ਜ਼ਮੀਨ ਦਿੱਤੀ ਸੀ। ਕੰਪਨੀ ਨੇ ਪੇਂਡੂਆਂ ਨੂੰ ਦਸਿਆ ਸੀ ਕਿ ਇਕਵਾਇਰ ਕੀਤੀ ਜ਼ਮੀਨ 'ਤੇ ਖੇਤੀ ਅਧਾਰਤ ਸਨਅਤਾਂ ਹੀ ਲਾਈਆਂ ਜਾਣਗੀਆਂ। ਲੋਕਾਂ ਨੂੰ ਉਦੋਂ ਵੀ ਕੋਈ ਸ਼ੱਕ ਨਹੀਂ ਪਿਆ ਜਦ ਬੀਤੇ ਮਹੀਨੇ 'ਚ BCRL ਨੇ ਫੈਕਟਰੀ ਦੀ ਉਸਾਰੀ ਸ਼ੁਰੂ ਕਰ ਦਿੱਤੀ। ਪਰ ਜੂਨ ਦੇ ਪਹਿਲੇ ਹਫਤੇ ਪਿੱਛੋਂ ਚੀਜ਼ਾਂ ਬਦਲਣ ਲੱਗੀਆਂ ਜੋ ਸ਼ੰਕਿਆਂ ਤੋਂ ਸ਼ੁਰੂ ਹੋ ਕੇ ਹਿੰਸਕ ਰੂਪ ਧਾਰਨ ਕਰ ਚੁੱਕੀਆਂ ਹਨ। ਬੀਤੇ 13 ਦਸੰਬਰ ਨੂੰ ਕੰਪਨੀ ਦੇ ਗੁੰਡਿਆਂ ਨੇ ਮੁਜਾਹਰਾਕਾਰੀ ਪੇਂਡੂਆਂ 'ਤੇ ਗੋਲੀਬਾਰੀ ਕੀਤੀ ਜਿਸ 'ਚ ਛੇ ਕਿਸਾਨ ਜ਼ਖ਼ਮੀ ਹੋ ਗਏ। ਗੋਲੀ ਨਾਲ ਜ਼ਖਮੀ ਹਰੇਂਦਰ ਮਹੰਤੋ ਅਤੇ ਮੰਤੋਸ਼ ਕੁਮਾਰ ਨਾਂ ਦੇ ਦੋ ਪੇਂਡੂ ਮੁਜੱਫਰਪੁਰ ਸਦਰ ਹਸਪਤਾਲ 'ਚ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਦਰਅਸਲ ਬਿਸ਼ਨਪੁਰ-ਚੈਨਪੁਰ ਦਾ ਮਾਮਲਾ ਵੱਡਾ ਤਾਂ ਹੈ ਹੀ ਸਨਅਤੀ ਤੌਰ 'ਤੇ ਪਿਛੜੇ ਬਿਹਾਰ ਲਈ ਇਕ ਅਨੋਖਾ ਵਿਵਾਦ ਵੀ ਹੈ। ਬਿਸ਼ਨਪੁਰ-ਚੈਨਪੂਰ 'ਚ ਰਾਜ ਸਰਕਾਰ ਤੇ ਕਾਰਪੋਰੇਟ ਲਾਬੀ ਨੇ ਸਥਾਨਕ ਲੋਕਾਂ ਦੇ ਨਾਲ ਜੋ ਫਰੇਬ ਕੀਤਾ ਹੈ ਉਸ ਤੇ ਸਰਸਰੀ ਯਕੀਨ ਨਹੀਂ ਆਉਂਦਾ। ਪਹਿਲਾਂ ਤਾਂ ਖੇਤੀ ਸਨਅਤਾਂ ਲਾਉਣ ਤੇ ਉਸ 'ਚ ਰੁਜ਼ਗਾਰ ਦੇਣ ਦੇ ਨਾਂ ਹੇਠ ਕਿਸਾਨਾਂ ਤੋਂ ਉਹਨਾਂ ਦੀ ਉਪਜਾਊ ਜ਼ਮੀਨ ਲਈ ਗਈ ਅਤੇ ਪਿੱਛੇ ਸਥਾਨਕ ਲੋਕਾਂ ਨੂੰ ਵਿਸ਼ਵਾਸ਼ 'ਚ ਲਏ ਬਗੈਰ ਘਾਤਕ ਏਸਬੇਸਟਸ ਅਧਾਰਤ ਸੀਮੇਂਟ ਫੈਕਟਰੀ ਲਈ ਕੰਮ ਚਾਲੂ ਕਰ ਦਿੱਤਾ ਗਿਆ। ਛਲ ਕਪਟ ਦੇ ਇਸ ਪ੍ਰਪੰਚ ਕਾਂਡ ਦੀ ਪਿਛੋਕੜ ਦਸਦਿਆਂ 'ਖੇਤ ਬਚਾਓ, ਜ਼ਮੀਨ ਬਚਾਓ' ਸੰਗਠਨ ਦੇ ਸੰਯੋਜਕ ਰਾਮਚੰਦਰ ਰਾਇ ਕਹਿੰਦੇ ਹਨ 'ਜੂਨ 'ਚ ਕੰਪਨੀ ਨੇ ਇਕ ਵੀ ਸਥਾਨਕ ਬੰਦੇ ਨੂੰ ਸ਼ਾਮਲ ਕੀਤੇ ਬਿਨਾਂ ਲੋਕ ਸੁਣਵਾਈ ਕੀਤੀ ਤੇ ਰਵਾਇਤ ਪੂਰੀ ਕਰ ਲਈ ਅਤੇ ਸਰਕਾਰ ਨੂੰ ਜੋ ਰਿਪੋਰਟ ਸੌਂਪੀ ਉਸ 'ਚ ਕਿਹਾ ਕਿ ਸਥਾਨਕ ਲੋਕਾਂ ਨੂੰ ਐਸਬੇਸਟੋਸ-ਅਧਾਰਤ ਸੀਮੇਂਟ ਫੈਕਟਰੀ ਲਾਏ ਜਾਣ 'ਤੇ ਕੋਈ ਇਤਰਾਜ਼ ਨਹੀਂ ਹੈ। ਇਸ ਭੇਦ ਦੇ ਖੁਲਦਿਆਂ ਹੀ ਲੋਕਾਂ ਨੂੰ ਕੰਪਨੀ ਦੀ ਮੰਸ਼ਾ 'ਤੇ ਸ਼ੱਕ ਹੋਣ ਲੱਗਿਆ ਤੇ ਲੋਕ ਮੰਗ ਕਰਨ ਲੱਗੇ ਕਿ ਕੰਪਨੀ ਜਨਤਕ ਤੌਰ 'ਤੇ ਐਲਾਨ ਕਰੇ ਕਿ ਉਥੇ ਕਿਹੜੀ ਫੈਕਟਰੀ ਲਾ ਰਹੀ ਹੈ। ਪਰ ਲੋਕਾਂ

ਦੀ ਗੱਲ ਨਹੀਂ ਸੁਣੀ ਗਈ ਅਤੇ ਐਸਬੇਸ ਫੈਕਟਰੀ ਦੀ ਉਸਾਰੀ ਦਾ ਕੰਮ ਤੇਜ਼ ਕਰ ਦਿੱਤਾ ਗਿਆ।

ਸ਼ਾਇਦ ਕੰਪਨੀ ਨੂੰ ਉਮੀਦ ਸੀ ਕਿ ਪਿੰਡ ਦੇ ਲੋਕ ਸਫੈਦ ਕ੍ਰਿਸੋਟਾਈਲ ਐਸਬੇਸਟੋਸ ਅਧਾਰਤ ਸੀਮਿੰਟ ਦੇ ਮਾੜੇ ਅਸਰ ਤੋਂ ਜਾਣੂ ਨਹੀਂ ਹੋਣਗੇ। ਪਰ ਉਹ ਇਸ ਵਿਚ ਮਾਤ ਖਾ ਗਏ। ਦਰਅਸਲ ਕੁਝ ਸਾਲ ਪਹਿਲਾਂ ਰਾਜਸਥਾਨ ਦੀ ਐਸਬੇਸਟਸ ਸੀਮਿੰਟ ਕੰਪਨੀ 'ਚ ਕਰਨ ਗਏ ਤਿੰਨ ਨੌਜਵਾਨਾਂ ਦੀ ਅਣਜਾਣ ਬੀਮਾਰੀ ਨਾਲ ਮੌਤ ਹੋ ਗਈ ਸੀ। ਭਰਤ ਸਿੰਘ, ਸੀਤਾ ਰਾਮ ਸਿੰਘ ਤੇ ਸੁਨੀਲ ਸਿੰਘ ਨਾਂ ਦੇ ਇਹ ਤਿੰਨੋ ਨੌਜਵਾਨ ਇਸ ਪਿੰਡ ਦੇ ਸਨ ਅਤੇ ਡਾਕਟਰਾਂ ਨੇ ਦਸਿਆ ਸੀ ਕਿ ਉਹਨਾਂ ਦੀ ਮੌਤ ਐਸਬੈਸਟੋਸ ਤੋਂ ਪੈਦਾ ਹੋਈ ਬੀਮਾਰੀ ਨਾਲ ਹੋਈ ਹੈ। ਇਸ ਲਈ 'ਐਸਬੈਸਟੋਸ ਸਿੰਡਰੋਮ' ਤੋਂ ਭੈਭੀਤ ਲੋਕਾਂ ਨੂੰ ਜਿਉਂ ਹੀ ਪਤਾ ਲੱਗਿਆ ਕਿ ਬੀ ਸੀ ਆਰ ਐਲ ਉਹਨਾਂ ਦੇ ਪਿੰਡਾਂ 'ਚ ਐਸਬੈਸਟੋਸ ਦੀ ਫੈਕਟਰੀ ਲਾਉਣ ਵਾਲੀ ਹੈ ਤਾਂ ਉਹ ਸੜਕਾਂ 'ਤੇ ਆ ਗਏ। ਸਮਾਜਵਾਦੀ ਧਾਰ ਦੇ ਕੁਝ ਆਗੂਆਂ ਦੀ ਅਗਵਾਈ 'ਚ 'ਖੇਤ ਬਚਾਓ, ਜੀਵਨ ਬਚਾਓ' ਨਾਂ ਦਾ ਸੰਗਠਨ ਬਣਾਇਆ ਤੇ ਉਸ ਦੇ ਝੰਡੇ ਹੇਠ ਵਿਰੋਧ ਦਾ ਮੋਰਚਾ ਖੋਲ੍ਹ ਦਿੱਤਾ। ਸਿੱਟੇ ਵਜੋਂ ਜੁਲਾਈ 'ਚ ਕੰਪਨੀ ਨੂੰ ਕੰਮ ਬੰਦ ਕਰਨਾ ਪਿਆ। ਇਸ ਪਿਛੋਂ ਕੰਪਨੀ, ਪ੍ਰਸਾਸ਼ਨ ਤੇ ਵਿਰੋਧੀ ਸੰਗਠਨ ਦੇ ਆਗੂਆਂ ਵਿਚਕਾਰ ਕਈ ਗੇੜ ਦੀ ਗੱਲਬਾਤ ਹੋਈ। ਪਰ ਸਮਸਿਆ ਦਾ ਹੱਲ ਨਹੀਂ ਨਿਕਲ ਸਕਿਆ। ਪੂਰੇ ਮਾਮਲੇ ਸੰਬੰਧੀ ਰਾਮਚੰਦਰ ਰਾਏ ਕਹਿੰਦੇ ਹਨ, '16 ਸਤੰਬਰ ਨੂੰ ਸਥਾਨਕ ਐਸ. ਡੀ. ਓ. ਨਾਲ ਗੱਲਬਾਤ 'ਚ ਸਹਿਮਤੀ ਹੋਈ ਸੀ ਕਿ ਵਸਤੂ ਸਥਿਤੀ ਜਾਨਣ ਲਈ ਵਿਧਾਨ ਸਭਾ ਚੋਣਾਂ ਪਿਛੋਂ ਮਾਹਰਾਂ ਦੀ ਮੀਟਿੰਗ ਬੁਲਾਈ ਜਾਵੇਗੀ। ਇਸ 'ਚ ਦੋਨੋ ਪੱਖ ਆਪਣੇ-ਆਪਣੇ ਮਾਹਰ ਭੇਜਣਗੇ ਤੇ ਸਰਕਾਰ ਵਲੋਂ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਵੀ ਬੈਠਕ 'ਚ ਸ਼ਾਮਲ ਹੋਣਗੇ। ਇਸ ਬੈਠਕ ਤੋਂ ਪਿੱਛੋਂ ਹੀ ਉਸਾਰੀ ਨਾਲ ਸਬੰਧਤ ਕੋਈ ਕੰਮ ਹੋਵੇਗਾ। ਪਰ ਪ੍ਰਸਾਸ਼ਨ ਆਪਣੇ ਵਾਅਦੇ 'ਤੇ ਕਾਇਮ ਨਹੀਂ ਰਿਹਾ ਅਤੇ 25-26 ਸਤੰਬਰ ਨੂੰ ਫਿਰ ਤੋਂ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਪਿੱਛੋਂ ਫਿਰ ਮੁਜਾਹਰੇ ਹੋਣ ਲੱਗੇ ਅਤੇ ਅਸੀਂ ਲੋਕਾਂ ਨੇ ਪ੍ਰਸਾਸ਼ਨ ਨੂੰ ਕਿਹਾ ਕਿ ਜੇ ਸਹੀ ਕਾਰਵਾਈ ਨਹੀਂ ਹੁੰਦੀ ਤਾਂ 'ਖੇਤ ਬਚਾਓ, ਜੀਵਨ ਬਚਾਓ' 15 ਨਵੰਬਰ ਤੋਂ ਅਣਮਿਥੇ ਸਮੇਂ ਲਈ ਧਰਨਾ ਸ਼ੁਰੂ ਕਰ ਦੇਵੇਗਾ। ਪ੍ਰਸਾਸ਼ਨ ਇਕ ਪਾਸੇ ਸੁਲਾਹ ਸਫਾਈ ਦੀ ਗੱਲ ਕਰਦਾ ਰਿਹਾ ਜਦ ਕਿ ਦੂਜੇ ਪਾਸੇ ਪੁਲਸ ਮੁਜਾਹਰਾਕਾਰੀਆਂ ਨੂੰ ਗ੍ਰਿਫਤਾਰ ਕਰਨ 'ਚ ਜੁੱਟ ਗਈ। ਜਥੇਬੰਦੀ ਦੇ ਸਹਿ-ਸੰਯੋਜਕ ਤਾਰਕੇਸ਼ਵਰ ਗਿਰੀ ਸਮੇਤ ਤਿੰਨ ਜੇਲ੍ਹ ਭੇਜ ਦਿੱਤੇ ਗਏ। ਹਾਲ ਦੀ ਘੜੀ ਇਹ ਮਾਮਲੇ ਕੌਮਾਂਤਰੀ ਸ਼ਕਲ ਲੈ ਚੁਕਿਆ ਹੈ। ਬਿਹਾਰ ਸਰਕਾਰ ਚੁੱਪ ਹੈ। ਪਰ ਕੌਮੀ ਤੇ ਕੌਮਾਂਤਰੀ ਪੱਧਰ ਦੇ ਕਈ ਵਾਤਾਵਰਣ ਪ੍ਰੇਮੀ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਨੂੰ ਚਿੱਠੀ ਲਿਖ ਕੇ ਐਸਬੈਸਟੋਸ ਫੈਕਟਰੀ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ। ਸੰਸਾਰ ਪ੍ਰਸਿੱਧ ਐਸਬੈਸਟੋਸ ਮਾਹਰ ਤੇ ਸੰਯੁਕਤ ਸਕੱਤਰ ਸਮੇਤ ਕਈ ਕੌਮਾਂਤਰੀ ਸੰਸਥਾਵਾਂ ਦੇ ਵਾਤਾਵਰਣ ਸਲਾਹਕਾਰ ਬੈਰੀ ਕੈਸਲਮੈਨ ਨੇ 28 ਦਸੰਬਰ ਨੂੰ ਮੁੱਖ ਮੰਤਰੀ ਨੂੰ ਲਿਖੇ ਆਪਣੇ ਪੱਤਰ 'ਚ ਐਸਬੈਸਟੋਸ ਦੇ ਮਾੜੇ ਅਸਰਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਇਹ ਸਥਾਨਕ ਲੋਕਾਂ ਦੀ ਸਿਹਤ ਲਈ ਬੇਹੱਦ ਖਤਰਨਾਕ ਹੈ। ਸਮਾਜ ਕਾਰਕੁੰਨ ਮੇਧਾ ਪਾਟੇਕਰ ਨੇ ਵੀ ਮੁੱਖ ਮੰਤਰੀ ਨੂੰ ਲਿਖੇ ਪੱਤਰ

'ਚ ਕਿਹਾ ਹੈ ਕਿ ਸਰਕਾਰ ਮਾਮਲੇ ਸਬੰਧੀ ਪੱਖਪਾਤੀ ਰਵਈਆ ਅਪਣਾ ਰਹੀ ਹੈ। ਦੂਜੇ ਪਾਸੇ ਬੈਨ ਐਸਬੇਸਟਾਸ ਨੈਟਵਰਕ ਆਫ ਇੰਡੀਆ (ਬਾਨੀ) ਦੇ ਸੰਯੋਜਕ ਗੋਪਾਲ ਕ੍ਰਿਸ਼ਨ ਨੇ ਸਰਕਾਰ ਨੂੰ ਸਫੈਦ ਐਸਬੈਸਟੋਸ ਦੇ ਮਾੜੇ ਅਸਰਾਂ ਦੀ ਤੱਥਾਂ ਅਤੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਇਹ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੈ। ਬਾਨੀ ਨੇ ਕਿਹਾ ਹੈ ਕਿ ਕੰਪਨੀ ਨੇ ਵਾਤਾਵਰਣ ਪ੍ਰਭਾਵ ਅੰਦਾਜਾ (EIA) ਰਿਪੋਰਟ ਸਮੇਤ ਹੋਰ ਰਿਪੋਰਟਾਂ 'ਚ ਗਲਤ ਜਾਣਕਾਰੀਆਂ ਦਿੱਤੀਆਂ ਹਨ। ਉਸ ਨੇ ਉਪਜਾਊ ਜ਼ਮੀਨ ਬੰਜਰ ਭੂਮੀ ਦੇ ਬਹਾਨੇ ਇਕਵਾਇਰ ਕੀਤੀ ਹੈ। ਈ ਆਈ ਏ ਰਿਪੋਰਟ ਨੂੰ ਵੇਖਣ ਪਿਛੋਂ ਇਹ ਦੋਸ਼ ਸਹੀ ਪ੍ਰਤੀਤ ਹੁੰਦੇ ਹਨ। ਇਸ 'ਚ ਦੱਸਿਆ ਗਿਆ ਹੈ ਕਿ ਕੰਪਨੀ ਐਸਬੈਸਟੋਸ ਕਣ ਉਤਸਰਜਨ ਨੂੰ 0.5 ਫਾਈਬਰ ਪ੍ਰਤੀ ਸੀ. ਸੀ. ਰਖੇਗੀ ਪਰ ਇਹ ਨਹੀਂ ਦੱਸਿਆ ਕਿ ਇਹ ਮਾਤਰਾ ਵੀ ਘਾਤਕ ਹੈ ਅਤੇ ਇਸ ਤੋਂ ਖਹਿੜਾ ਛਡਵਾਉਣਾ ਵਿਗਿਆਨ ਦੀ ਪਹੁੰਚ ਤੋਂ ਬਾਹਰ ਹੈ।

ਕੰਪਨੀ ਦੀ ਮੰਸ਼ਾ 'ਤੇ ਸ਼ਕ ਕਰਨ ਦੇ ਹੋਰ ਕਈ ਕਾਰਨ ਹਨ। ਮਸਲਨ ਉਸ ਨੇ ਅਜੇ ਤਕ ਉਸਾਰੀ ਵਾਲੀ ਥਾਂ 'ਤੇ ਕਿਸੇ ਤਰ੍ਹਾਂ ਦਾ ਸਾਈਨ ਬੋਰਡ ਆਦਿ ਨਹੀਂ ਲਾਇਆ ਹੈ ਤੇ ਨਾ ਹੀ ਪੰਚਾਇਤ ਨੂੰ ਦੱਸਿਆ ਹੈ ਕਿ ਉਹ ਕਿਹੜੀ ਫੈਕਟਰੀ ਲਾ ਰਹੀ ਹੈ। ਜੋ ਇਸ ਦੀ ਨੈਤਿਕ ਹੀ ਨਹੀਂ ਵਿਧਾਇਕ ਜ਼ਿੰਮੇਵਾਰੀ ਵੀ ਹੈ। ਵਰਿਸ਼ਟ ਸਮਾਜਕ-ਆਰਥਕ ਚਿੰਤਕ ਸਚਿਦਾਨੰਦ ਸਿਨਹਾ ਇਸ ਅੰਦੋਲਨ 'ਚ ਸ਼ਾਮਲ ਹਨ। ਬਕੌਲ ਸਿਨਹਾ "ਫੈਕਟਰੀ ਦੇ 500 ਮੀਟਰ ਦੇ ਦਾਇਰੇ 'ਚ ਤਿੰਨ ਤੇ ਇਕ ਕਿਲੋਮੀਟਰ ਦੇ ਦਾਇਰੇ 'ਚ ਕਰੀਬ 15 ਸਕੂਲ ਹਨ। ਨੇੜ ਦੀ ਹੀ ਗੜਕ ਨਦੀ ਵਗਦੀ ਹੈ। ਇਸ ਲਈ ਇਹ ਯੋਜਨਾ ਨੁਕਸਾਨਦੇਹ ਹੈ ਤੇ ਲੋਕਾਂ ਦੀ ਸਿਹਤ ਦੇ ਵਿਰੁੱਧ ਹੈ।

ਜ਼ਿਕਰ ਕਰਨਯੋਗ ਹੈ ਕਿ ਐਸਬੈਸਟੋਸ ਦੀ ਦਰਾਮਦ 'ਤੇ ਦੁਨੀਆਂ ਦੇ 52 ਦੇਂ ਨੇ ਪਾਬੰਦੀ ਲਾ ਰੱਖੀ ਹੈ। ਵਾਤਾਵਰਣ ਹਲਕੇ 'ਚ ਹੁਣ ਐਸਬੈਸਟੋਸ ਨੂੰ 'ਕਿਲਰ ਡਸਟ' ਦੇ ਨਾਂ ਹੇਠ ਬੁਲਾਇਆ ਜਾਣ ਲੱਗਿਆ ਹੈ। ਐਸਬੈਸਟੋਸ 'ਤੇ ਪਾਬੰਦੀ ਲਾਉਣ ਨਾਲ ਸਬੰਧਤ ਇਕ ਬਿਲ ਰਾਜ ਸਭਾ 'ਚ ਵੀ ਪਿਆ ਹੈ ਜਿਸ ਦੇ ਮਸੌਦੇ 'ਚ ਮੰਨਿਆ ਗਿਆ ਹੈ ਕਿ ਭਾਰਤ ਨੂੰ ਐਸਬੈਸਟੋਸ ਦੇ ਵਿਕਲਪ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਇਹ ਜਨਸਿਹਤ ਲਈ ਘਾਤਕ ਹੈ। ਕੌਮਾਂਤਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਕਈ ਵਾਰ ਕਿਹਾ ਹੈ ਕਿ ਐਸਬੈਸਟੋਸ ਦੀ ਹਾਨੀਕਾਰਨ ਵਰਤੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਪਰ ਬਿਹਾਰ ਦੀ ਸਰਕਾਰ ਰਾਜ 'ਚ ਘੱਟੋ-ਘੱਟ ਚਾਰ ਥਾਵਾਂ 'ਤੇ ਐਸਬੈਸਟੋਸ ਅਧਾਰਤ ਸੀਮਿੰਟ ਸਨਅਤਾਂ ਲਾਉਣ ਲਈ ਸਹਿਮਤ ਹਨ। ਭਲੇ ਹੀ ਅਜੇ ਸਰਕਾਰ ਨੇ ਚੁੱਪ ਧਾਰ ਰੱਖੀ ਹੈ ਪਰ ਆਉਣ ਵਾਲੇ ਸਮੇਂ 'ਚ ਉਸ ਨੂੰ ਲੋਕਾਂ ਦੇ ਸੁਆਲਾਂ ਦਾ ਜੁਆਬ ਦੇਣਾ ਹੀ ਪਵੇਗਾ।

# ਬਿਨਾਇਕ ਸੇਨ ਨੂੰ ਉਮਰ ਕੈਦ ਕਿੱਥੋਂ ਤੱਕ ਜਾਇਜ਼?

ਬਿਨਾਇਕ ਸੇਨ ਸਮਾਜਕ ਸਹਿਯੋਗ ਨਾਲ ਲੋ ਸਿਹਤ ਕੇਂਦਰ ਚਲਾਉਂਦੇ ਹਨ। ਇਹ ਉਹੀ ਹਸਪਤਾਲ ਹੈ ਜਿੱਥੇ ਇਲਾਜ ਲਈ ਆਦੀਵਾਸੀ ਤਿੰਨ-ਤਿੰਨ ਦਿਨ ਪੈਦਲ ਚੱਲ ਕੇ ਆਉਂਦੇ ਹਨ। ਇਸ ਲਈ ਅਜਿਹਾ ਉਕਾ ਹੀ ਨਾ ਸੋਚੋ ਕਿ ਸਲਵਾ ਜੂਡਮ ਦਾ ਵਿਰੋਧ ਕਰਨ ਵਾਲਾ ਹੀ ਨਕਸਲੀ ਹੈ। ਸਲਵਾ ਜੂਡਮ ਤੇ ਮਾਓਵਾਦੀ ਦੋਨੋਂ ਹੀ ਬਸਤਰ ਵਿਚ ਹਨ। ਫਿਰ ਵੀ ਪੁਲਸ ਤੇ ਸੀ ਆਰ ਪੀ ਐਫ ਵਾਲੇ ਰੋਜ਼ ਕੋਕਰਾ ਖੋਲੀ, ਬਗਰੂਮ ਨਾਲਾ, ਕੇਰੇਗਾਂਵ ਕਸਬੇ 'ਚ ਕਿਸੇ ਨਾ ਕਿਸੇ ਨੂੰ ਧਮਕਾਉਂਦੇ, ਉਠਾਉਂਦੇ ਤੇ ਮਾਰਦੇ ਹਨ ਜਨਕ ਨੇ ਨਕਸਲੀ ਹੋਣ ਦੀ ਇਹ ਨਵੀਂ ਪ੍ਰੀਭਾਸ਼ਾ ਉਸ ਸਮੇਂ ਦੱਸੀ ਜਦ ਪੁਲਸ ਨੇ ਡਾ. ਸੇਨ 'ਤੇ ਮਾਓਵਾਦੀ ਦਾ ਸਹਿਯੋਗੀ ਹੋਣ ਦੇ ਦੋਸ਼ 'ਚ ਚਾਰਜਸ਼ੀਟ ਦਾਖਲ ਕੀਤੀ ਸੀ। ਹੁਣ ਜਦ ਕਿ ਰਾਏਪੁਰ ਦੀ ਅਦਾਲਤ ਨੇ ਬਿਨਾਇਕ ਸੇਨ ਨੂੰ ਨਾਰਾਇਣ ਸਨਿਆਲ ਤੇ ਪੀਪੂਸ ਗੂਹਾ ਦੇ ਨਾਲ ਦੇਸ਼ ਧ੍ਰੋਹ ਤੇ ਸਾਜਿਸ਼ ਦਾ ਮੁਜਰਿਮ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਹੈ ਤਾਂ ਮਾਨਵੀ ਅਦਾਲਤ ਬਾਰੇ ਇਕ ਅਨਪੜ ਕਿਸਾਨ ਦੀ ਰਾਇ ਮੂੰਹ ਦੇ ਭਾਰ ਡਿਗਣੀ ਚਾਹੀਦੀ ਸੀ ਪਰ ਹੈਰਾਨੀ ਜਨਕ ਢੰਗ ਨਾਲ ਜਨਕ ਦੀ ਹੀ ਰਾਇ ਕੌਮੀ-ਕੌਮਾਂਤਰੀ ਪੱਧਰ 'ਤੇ ਬਹਿਸ ਦਾ ਵਿਸ਼ਾ ਬਣੀ ਹੋਈ ਹੈ। ਉਹ ਇਹ ਹੈ ਕਿ ਆਖਰ ਗਰੀਬਾਂ-ਆਦਿਵਾਸੀਆਂ ਦੀ ਸੇਵਾ ਕਰਨ ਵਾਲਿਆਂ, ਲੋਕਾਂ ਨੂੰ ਭੁੱਖਮਰੀ ਤੋਂ ਬਚਣ ਲਈ ਸਕੀਮਾਂ ਨੂੰ ਦ੍ਰਿੜਤਾ ਨਾਲ ਲਾਗੂ ਕਰਨ ਵਾਲੇ ਤੇ ਇਸ ਤੋਂ ਵੀ ਅੱਗੇ ਵਧ ਕੇ ਸਤੀਸ਼ਗੜ੍ਹ 'ਚ ਆਦਿਵਾਸੀਆਂ ਖਿਲਾਫ ਜਾਰੀ ਅੱਤਿਆਚਾਰਾਂ ਨਾਲ ਪੂਰੀ ਦੁਨੀਆਂ ਨੂੰ ਜਾਣੂ ਕਰਾਉਣ ਵਾਲੇ ਸੇਨ ਦੇਸ਼ ਧ੍ਰੋਹੀ ਕਿਵੇਂ ਹੋ ਸਕਦੇ ਹਨ। ਬਿਲਾਸਪੁਰ ਹਾਈਕੋਰਟ ਦੀ ਵਕੀਲ ਸੁਧਾ ਭਾਰਦਵਾਜ ਕਹਿੰਦੀ ਹੈ ਕਿ "ਲਗਦਾ ਹੈ ਸਾਡੇ ਇਲਾਕੇ ਦੇ ਨੀਤੀ-ਨਿਰਮਾਤਾਵਾਂ ਨੇ ਆਪਣੇ ਸ਼ਬਦਕੋਸ਼ 'ਚ ਦੇਸ਼ਪ੍ਰੇਮ ਦਾ ਅਰਥ ਹੀ ਬਦਲ ਦਿੱਤਾ ਹੈ।" ਜ਼ਿਕਰ ਕਰਨ ਲਾਇਕ ਹੈ ਕਿ 16 ਮਈ 2007 ਨੂੰ ਡਾ. ਸੇਨ ਦੀ ਪਹਿਲੀ ਗ੍ਰਿਫਤਾਰੀ ਸੁਧਾ ਭਾਰਦਵਾਜ ਦੇ ਘਰੋਂ ਹੀ ਹੋਈ ਸੀ। ਜਦ ਸੁਧਾ ਤੇ ਪੀ. ਯੂ. ਸੀ. ਐਲ. ਦੀ ਸਤੀਸ਼ਗੜ੍ਹ ਇਕਾਈ ਦੇ ਪ੍ਰਧਾਨ ਰਜਿੰਦਰ ਸਿਆਲ ਦਾ ਨਾਂ ਜੱਜ ਦੇ ਫੈਸਲੇ ਦੀ ਇਕ ਕੜੀ 'ਚ ਆਇਆ ਹੈ ਜਿਸ ਨੂੰ ਜੋੜਦੇ ਹੋਇਆ ਡਾ. ਸੇਨ ਨਾਰਾਇਣ ਸਨਿਆਲ ਤੀ ਪੀਯੂਸ਼ ਗੂਹਾ ਨੂੰ ਦੇਸ਼ਧ੍ਰੋਹ ਦੀ ਧਾਰਾ 124-ਏ, 120-ਬੀ, ਸਤੀਸ਼ਗੜ੍ਹ ਵਿਸ਼ੇਸ਼ ਸੁਰੱਖਿਆ ਕਨੂੰਨ (2005) ਅਤੇ (2004) 'ਚ ਦਹਿਸ਼ਤਗਰਦੀ ਨਾਲ ਨਿਪਟਣ ਲਈ ਬਣੇ ਕੇਂਦਰੀ ਕਨੂੰਨ ਯੂ ਏ ਪੀ ਏ (1967) ਦੇ ਤਹਿਤ ਅਪਰਾਧੀ ਦਸਿਆ ਗਿਆ ਹੈ। ਹਾਲਾਂਕਿ ਡਾ. ਸੇਨ ਸਨਿਆਲ ਤੇ ਗੁਹਾ ਦੇ ਇਸ ਕੇਸ 'ਚ ਦੋਸ਼ੀ ਕਰਾਰ ਦਿੰਦਿਆਂ ਜਾਣ ਪਿੱਛੋਂ ਸਭ ਤੋਂ ਵੱਡਾ ਸੁਆਲ ਸਬੂਤਾਂ ਦੀ ਘਾਟ ਨੂੰ ਮੰਨਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਜੱਜ ਪੀ ਬੀ ਵਰਮਾ ਨੇ ਪੁਲਸ ਡਾਇਰੀ ਤੇ ਉਸ ਦੇ ਬਿਆਨਾਂ ਨੂੰ ਹੀ ਅਧਾਰ ਬਣਾ ਕੇ ਇਕ ਅਜਿਹਾ ਫੈਸਲਾ ਸੁਣਾ ਦਿੱਤਾ ਜੋ ਅਦਾਲਤ ਨਹੀਂ, ਰਾਜਸੀ ਹਨ। ਡਾ. ਸੇਨ ਦੇ ਵਕੀਲ ਮਹੇਂਦਰ ਦੂਬੇ ਮੁਤਾਬਕ "ਅਜਿਹੇ ਮਾਮਲਿਆਂ 'ਚ ਕਈ ਵਾਰ ਸਬੂਤ ਨਹੀਂ ਵੀ ਹੁੰਦੇ, ਇਸ ਲਈ ਉਹ ਕੜੀਆਂ ਮਹੱਤਵਪੂਰਨ ਹੁੰਦੀਆਂ ਹਨ ਜਿਹਨਾਂ ਨੂੰ ਜੋੜਦੇ ਹੋਏ ਸਰਕਾਰੀ ਪੱਖ ਦੋਸ਼ੀ ਨੂੰ ਦੋਸ਼ੀ ਸਾਬਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਇਥੇ ਤਾਂ ਇਸ ਨੂੰ ਸਾਬਤ

ਕਰਨ ਦੇ ਅਮਲ 'ਚ ਖੁਦ ਸਰਕਾਰੀ ਪੱਖ ਹੀ ਸੁਆਲਾਂ 'ਚ ਘਿਰ ਗਿਆ ਹੈ।" ਫੈਸਲੇ 'ਚ ਕਿਹਾ ਗਿਆ ਹੈ ਕਿ "ਰੂਪਾਂਤਰ ਸੰਸਥਾ, ਪੀ ਯੂ ਸੀ ਐਲ ਤੇ ਲੋਕ 'ਆਜ਼ਾਦ ਸੰਗਠਨ ਹਕੂਮਤ ਵਲੋਂ ਰਜਿਸਟਰਡ ਸੰਸਥਾ ਨਹੀਂ ਜਾਣ ਸਕਦੇ। ਵਿਵੇਚਨਾ 'ਚ ਇਹ ਪਾਇਆ ਗਿਆ ਹੈ ਕਿ ਨਕਸਲੀ ਸ਼ੰਕਰ ਸਿੰਘ, ਮਾਲਤੀ ਆਦਿ ਰੂਪਾਂਤਰ ਸੰਸਥਾ 'ਚ ਕੰਮ ਕਰਦੇ ਸਨ, ਜਿਸ ਦੀ ਨਿਰਦੇਸ਼ਕ ਦੋਸ਼ੀ ਡਾ. ਸੇਨ ਦੀ ਪਤਨੀ ਏਲੀਨਾ ਸੇਨ ਹੈ। ਉਕਤ ਸੰਸਥਾ 'ਚ ਸਰਗਰਮ ਰਹਿ ਕੇ ਡਾ. ਸੇਨ ਨੇ 55 ਸੌ ਰੁਪਏ ਮਾਸਕ ਤਨਖਾਹ ਲੈਣੀ ਸਵੀਕਾਰ ਕੀਤੀ ਹੈ। ਜਿਸ ਨਾਲ ਡਾ. ਸੇਨ ਦਾ ਨਕਸਲੀ ਸਰਗਰਮੀਆਂ 'ਚ ਸ਼ਾਮਲ ਰਹਿ ਕੇ ਉਹਨਾਂ ਨੂੰ ਸ਼ਹਿ, ਸਹਿਯੋਗ ਤੇ ਹਮਾਇਤ ਦਾ ਤੱਥ ਜਾਹਰ ਹੁੰਦਾ ਹੈ।" ਫੈਸਲੇ ਦੀ ਦੂਜੀ ਕੜੀ ਹੋਰ ਵੀ ਹੈਰਾਨ ਕਰਨ ਵਾਲੀ ਹੈ, ਜਿਸ ਨੂੰ ਸਜ਼ਾ ਦਾ ਅਧਾਰ ਬਣਾਇਆ ਗਿਆ ਹੈ। ਵੈਸੇ ਡਾ. ਸੇਨ ਦੇ ਘਰ ਤੋਂ ਜਬਤ ਡੀ. ਵੀ. ਡੀ. 'ਚ ਪਾਕਿਸਤਾਨ ਦੇ ਉਮਰ ਅਸਗਰ ਖਾਨ ਦੀ ਮੌਤ ਦੀ ਸੂਚਨਾ, ਜੰਮੂ ਕਸ਼ਮੀਰ ਲਿਬ੍ਰੇਸ਼ਨ ਫਰੰਟ ਦੇ ਯਾਸਿਨ ਮਲਿਕ ਤੇ ਗੁਲਾਮ ਰਸੂਲ ਡਾਰ ਦੇ ਨਾਵਾਂ ਦੇ ਜ਼ਿਕਰ ਨੂੰ ਵੀ ਉਹਨਾਂ ਖਿਲਾਫ ਸਬੂਤ ਵਜੋਂ ਪੁਲਸ ਨੇ ਦਰਜ ਕਰਵਾਇਆ ਹੈ। ਇਸੇ ਡੀ. ਵੀ. ਡੀ. 'ਚ ਪੱਤਰਕਾਰ ਪ੍ਰਫੁਲ ਝਾਅ ਦਾ ਵੀ ਨਾਂ ਹੈ, ਜਿਹਨਾਂ ਨੂੰ ਮਾਓਵਾਦੀਆਂ ਦਾ ਸਹਿਯੋਗੀ ਹੋਣ ਵਜੋਂ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। ਫੈਸਲੇ 'ਚ 96 ਨੰਬਰ ਦੇ ਨੁਕਤੇ ਦੀ ਆਖਰੀ ਲਾਈਨ ਹੈ," ਨਕਸਲੀਆਂ ਨੂੰ ਸੰਬੋਧਿਤ ਸ਼ਬਦ 'ਕਾਮਰੇਡ' ਦਾ ਜ਼ਿਕਰ ਹੈ।' ਯਾਨੀ ਡਾ. ਸੇਨ ਦੇ ਘਰੋਂ 'ਪੀਪਲਜ਼ ਮਾਰਚ' ਪਤ੍ਰਿਕਾ ਦਾ ਮਿਲਣਾ, ਜਿਸ 'ਚ ਮਾਓਵਾਦੀ ਨੇਤਾ ਗਣਪਤੀ ਤੇ ਕ੍ਰਿਸ਼ਨ ਜੀ ਦੇ ਰੂ-ਬ-ਰੂ ਡਾ. ਸੇਨ ਨੂੰ ਕਾਮਰੇਡ ਕਹਿਣਾ ਸੇਨ ਵਲੋਂ ਸਲਵਾ ਜੂਡਮ ਨੂੰ ਸਫੂਰਤ ਅੰਦੋਲਨ ਨਾ ਮੰਨਣਾ, ਐਸ ਪੀ ਓ ਨੂੰ ਆਦਿਵਾਸੀ ਅਪਰਾਧੀ ਕਰਨ ਕਹਿਣਾ, ਕ੍ਰਾਂਤੀਕਾਰੀ ਜਨਵਾਦੀ ਮੋਰਚਾ, ਕੇਵੋਲੂਸ਼ਨਰੀ ਡੈਮੋਕ੍ਰੇਟਿਕ ਫਰੰਟ ਦਾ ਲੇਖ, ਸਲਵਾ ਜੂਡਮ ਸਮਰਥਕਾਂ ਵਲੋਂ ਮਾਓਵਾਦੀਆਂ ਦੇ ਨਾਲ ਕੀਤੇ ਗਏ ਅਤਿਆਚਾਰਾਂ ਸਬੰਧੀ ਲੇਖਾਂ ਦਾ ਮਿਲਣਾ ਆਦਿ ਮੁੱਦਿਆਂ ਨੂੰ ਜੱਜ ਨੇ ਡਾ. ਸੇਨ ਦੇ ਮਾਓਵਾਦੀਆਂ ਦੇ ਸਹਿਯੋਗੀ ਹੋਣ ਦਾ ਮੁੱਖ ਆਧਾਰ ਬਣਾਇਆ ਹੈ। ਫੈਸਲੇ ਨੂੰ ਸਰਕਾਰੀ ਮੰਸ਼ਾ ਦੀ ਅਦਾਲਤੀ ਜੁਬਾਨ ਕਿਹਾ ਜਾਏ ਤਾਂ ਕੋਈ ਬੁਰਾ ਨਹੀਂ ਹੋਵੇਗਾ। ਜੱਜ ਨੇ ਡਾ. ਸੇਨ ਵਰਗੇ ਮਨੁੱਖੀ ਅਧਿਕਾਰ ਕਾਰਕੁੰਨਾਂ ਨੂੰ ਦੋਸ਼ੀ ਕਰਾਰ ਦੇ ਕੇ ਉਹਨਾਂ ਸਾਰਿਆਂ ਨੂੰ ਇਕ ਵੇਲੇ ਚੁੱਪ ਰਹਿਣ ਦੀ ਹਦਾਇਤ ਦਿੱਤੀ ਹੈ ਜੋ ਸਰਕਾਰੀ ਜੁਬਾਨ ਨੂੰ ਆਪਣੇ ਮੂੰਹ 'ਚ ਨਹੀਂ ਰਖਣਾ ਚਾਹੁੰਦੇ।" ਹਾਲ ਦੀ ਘੜੀ 24 ਸਤੰਬਰ ਨੂੰ ਡਾ. ਸੇਨ ਦੀ ਦੁਬਾਰਾ ਗ੍ਰਿਫਤਾਰੀ ਪਿੱਛੋਂ ਦੇਸ਼ ਭਰ 'ਚ ਉਹਨਾਂ ਨੂੰ ਦੋਸ਼ ਮੁਕਤ ਕਰਕੇ ਰਿਹਾਅ ਕੀਤੇ ਜਾਣ ਦੇ ਪੱਖ ਵਿਚ ਧਰਨੇ, ਮੁਜਾਹਰਿਆਂ, ਦਸਖਤਾਂ ਦਾ ਸਿਲਸਿਲਾ ਜਾਰੀ ਹੈ। ਇਸ ਮੁਹਿੰਮ 'ਚ ਦੇਸ਼ ਦੇ ਅਕਸਰ ਸਾਰੇ ਬੁੱਧੀਜੀਵੀ ਸ਼ਾਮਲ ਹਨ। ਸ਼ਾਇਦ ਇਸ ਦਾ ਜੁਆਬ ਦੇਣ ਲਈ ਸਰਕਾਰ ਨੇ ਡਾ. ਸੇਨ 'ਤੇ ਲੱਗੇ ਦੂਜੇ ਦੋਸ਼ਾਂ ਦੀ ਵੀ ਫਾਇਲ ਖੁਲਉਣੀ ਸ਼ੁਰੂ ਕਰ ਦਿੱਤੀ ਹੈ। ਝਾਰਖੰਡ ਤੋਂ ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਗਿਰੀਡੀਹ ਜ਼ਿਲ੍ਹੇ 'ਚ 11 ਨਵੰਬਰ 2005 ਨੂੰ ਹੋਈ ਹਥਿਆਰਬੰਦ ਲੁੱਟ ਦੇ ਇਕ ਕੇਸ ਵਿਚ ਵੀ ਡਾ. ਸੇਨ ਦੀ ਭੂਮਿਕਾ ਤਲਾਸ਼ਨੀ ਸ਼ੁਰੂ ਕਰ ਦਿੱਤੀ ਹੈ। ਪੰਜ ਸਾਲ ਪਹਿਲਾਂ ਗਿਰੀਡੀਹ ਦੇ ਮੋਹਨਪੁਰ ਸਥਿਤ ਮੋਹਨਗਾਰਡ ਟ੍ਰੇਨਿੰਗ ਸੈਂਟਰ ਤੋਂ ਤਿੰਨ ਸੌ ਰਾਈਫਲਾਂ ਅਤੇ ਦੋ ਹਜ਼ਾਰ ਗੋਲੀਆਂ ਲੁੱਟ ਲਈਆਂ ਗਈਆਂ ਸਨ। ਇਸ ਕੇਸ ਵਿਚ ਡਾ. ਸੇਨ ਦਾ ਨਾਂ

ਐਫ ਆਈ ਆਰ ਦੀ ਪਹਿਲੀ ਸੂਚੀ ’ਚ ਨਹੀਂ ਸੀ ਪਰ ਜਾਂਚ ’ਚ ਉਸ ਦਾ ਨਾਂ ਉਜਾਗਰ ਹੋਣ ਬਾਅਦ ਇਸ ਨੂੰ ਜੋੜ ਲਿਆ ਗਿਆ ਦੂਜੇ ਪਾਸੇ ਮਾਓਵਾਦੀਆਂ ਵਲੋਂ ਡਾ. ਸੇਨ ਦੀ ਹਮਾਇਤ ’ਚ ਛੇ ਦਿਨ ਦੇ ਬੰਦ ਦੀ ਸੂਚਨਾ ਨੂੰ ਵੀ ਖ਼ੂਬ ਪ੍ਰਚਾਰਿਆ ਜਾ ਰਿਹਾ ਹੈ। ਜਿਸ ਨਾਲ ਸਾਬਤ ਹੋ ਸਕੇ ਕਿ ਡਾ. ਸੇਨ ਮਾਓਵਾਦੀਆਂ ਦੇ ਚਹੇਤੇ ਹਨ ਪਰ ਇਹ ਮਾਮਲਾ ਵੀ ਝੂਠ ਨਿਕਲਿਆ। ਮਾਓਵਾਦੀਆਂ ਦੇ ਇਕ ਬੁਲਾਰੇ ਅਭੈ ਨੇ ਅਖਬਾਰਾਂ ਨੂੰ ਈ-ਮੇਲ ਭੇਜੀ ਤੇ ਬਿਆਨ ’ਚ ਕਿਹਾ ਕਿ ‘ਪਾਰਟੀ ਨੇ ਕਿਸੇ ਬੰਦ ਦਾ ਐਲਾਨ ਨਹੀਂ ਕੀਤਾ ਹੈ। ਪਾਰਟੀ ਹਮਾਇਤ ਤੇ ਕਾਰਕੁੰਨ ਦੇਸ਼ ਭਰ ’ਚ ਧਰਨੇ ਮੁਜਾਹਰੇ ਜ਼ਰੂਰ ਕਰਨਗੇ।” ਦਿੱਲੀ ’ਚ ਲਗਾਤਾਰ ਹੋ ਰਹੇ ਵਿਰੋਧ ਪ੍ਰੋਗ੍ਰਾਮਾਂ ਵਿਚਕਾਰ 25 ਦਸੰਬਰ ਨੂੰ ਜੰਤਰ-ਮੰਤਰ ’ਤੇ ਹਿੱਸਾ ਲੈਣ ਆਏ ਜਾਮੀਆ ਮਿਲਿਆ ਦੇ ਸਾਬਕਾ ਕੁਲਪਤੀ ਅਤੇ ਕੌਮੀ ਅਭਿਲੇਖਾਗਾਰ ਤੇ ਮਹਾਂਨਿਦੇਸ਼ਕ ਮੁਸ਼ੀਰੂਲ ਹਸਨ ਨੇ ਕਿਹਾ ਕਿ ‘ਇਸ ਫੈਸਲੇ ਨਾਲ ਉਹਨਾਂ ਸਾਰਿਆਂ ਨੂੰ ਸਦਮਾ ਪਹੁੰਚਿਆ ਹੈ ਜੋ ਮੰਨਦੇ ਹਨ ਕਿ ਦੇਸ਼ ’ਚ ਕਨੂੰਨ ਮਜ਼ਬੂਤ ਹੋ ਰਿਹਾ ਹੈ।

ਨੋਬਲ ਪੁਰਸਕਾਰ ਵਿਜੇਤਾ ਦੀ ਰਾਇ ’ਚ ‘ਬਿਨਾਇਕ ਸੇਨ ਸਬੰਧੀ ਫੈਸਲਾ ਨਿਆਂ ਦੇ ਵਿਗਾੜ ਨੂੰ ਦਰਸਾਉਂਦਾ ਹੈ ਕਿ ਕਿਵੇਂ ਰਾਜ ਧ੍ਰੋਹ ਕਨੂੰਨਾਂ ਦੀ ਦੁਰਵਰਤੋਂ ਹੋ ਰਹੀ ਹੈ। ਮੈਂ ਕਦੀ ਨਹੀਂ ਸੁਣਿਆ ਕਿ ਬਿਨਾਇਕ ਨੇ ਦੇਸ਼ ਦੇ ਵਿਰੋਧ ’ਚ ਕੋਈ ਬਿਆਨ ਦਿੱਤਾ ਹੈ। ਅਲਬਤਾ ਉਹਨਾਂ ਨੇ ਆਪਣਾ ਪੂਰਾ ਜੀਵਨ ਦੂਜਿਆਂ ਲਈ ਲਾ ਦਿੱਤਾ। ਰਹੀ ਗੱਲ ਇਕ ਵਿਦਰੋਹੀ ਦੀ ਤਾਂ ਉਹ ਕੰਮ ਦੇਸ਼ ਦੇ ਖਿਲਾਫ ਹੈ। ਅਜਿਹਾ ਮੈਂ ਨਹੀਂ ਮੰਨਦਾ।’ 27 ਦਸੰਬਰ ਨੂੰ ਦਿਲੀ ਵਿਚ ਹੀ ਆਯੋਜਿਤ ਇਕ ਵਿਸ਼ਾਲ ਮੁਜਾਹਰੇ ’ਚ ਹਿੱਸਾ ਲੈਣ ਆਏ ਰੈਵੋਲੂਸ਼ਨਰੀ ਡੈਮੋਕਰੇਟਿਕ ਫਰੰਟ ਦੇ ਸਕੱਤਰ ਰਾਜ ਕਿਸ਼ੋਰ ਨੇ ਕਿਹਾ ਕਿ ‘ਲਗਦਾ ਹੈ ਕਿ ਹੁਣ ਸਰਕਾਰ ਮਾਓਵਾਦ ਸ਼ਬਦ ’ਤੇ ਵੀ ਪਾਬੰਦੀ ਲਾ ਦੇਵੇਗੀ। ਅਜਿਹੇ ’ਚ ਸਰਕਾਰੀ ਅਤਿਆਚਾਰਾਂ ਖਿਲਾਫ ਏਕਤਾ ਇਸ ਆਧਾਰ ’ਤੇ ਨਹੀਂ ਹੋਣੀ ਚਾਹੀਦੀ ਹੈ ਕਿ ਡਾ. ਸੇਨ ਮਾਓਵਾਦੀ ਹਨ ਜਾਂ ਨਹੀਂ। ਇਹ ਸਾਬਤ ਕਰਨਾ ਤਾਂ ਸਰਕਾਰ ਦਾ ਕੰਮ ਹੈ। ਜਿਸ ਨੂੰ ਅਦਾਲਤ ਦੇ ਫੈਸਲੇ ਨੇ ਵਿਖਾ ਵੀ ਦਿੱਤਾ। ਇਸ ਲਈ ਮਾਓਵਾਦੀ ਸਹਿਯੋਗੀ ਹੋਣ ਦੇ ਦੋਸ਼ ’ਚ ਬੰਦ ‘ਏ ਵਰਲਡ ਟੂ ਵਿਨ’ ਪਤ੍ਰਿਕਾ ਦੇ ਭਾਰਤੀ ਸਹਿਯੋਗੀ ਅਸਿਤ ਸੇਨ ਗੁਪਤਾ ਤੇ ਪੱਤਰਕਾਰ ਪ੍ਰਫੁਲ ਝਾਅ ਦੀ ਗ੍ਰਿਫਤਾਰੀ ਦਾ ਵਧੀ ਵਿਰੋਧ ਹੋਣਾ ਚਾਹੀਦਾ ਹੈ। ਇਹ ਲੋਕ ਵੀ ਸਬੂਤਾਂ ਦੇ ਬਾਵਜੂਦ ਸਤੀਸ਼ਗੜ੍ਹ ਦੀਆਂ ਜੇਲ੍ਹਾਂ ਵਿਚ ਬੰਦ ਹਨ। ‘ਜਨਸਤਾ ਦੇ ਉਚ ਪੱਤਰਕਾਰ ਅੰਬਰੀਸ਼ ਕੁਮਾਰ ਲਿਖਦੇ ਹਨ, ‘ਉਥੇ ਸਰਕਾਰ ਨੇ ਮੀਡੀਆ ’ਤੇ ਵੀ ਸ਼ਿਕੰਜਾ ਕਸ ਰੱਖਿਆ ਹੈ। ਹਾਲਾਂਕਿ ਸੱਚ ਦਾ ਇਕ ਦੂਸਰਾ ਪੱਖ ਇਹ ਵੀ ਹੈ ਕਿ ਡਾ. ਸੇਨ ਦੇ ਪੱਖ ’ਚ ਹੋਈਆਂ ਗਵਾਹੀਆਂ ’ਚ ਮਸ਼ਹੂਰ ਪੱਤਰਕਾਰ ਵੀ ਸਨ। ਇਹ ਵੱਖਰੀ ਗੱਲ ਹੈ ਕਿ ਇਹਨਾਂ ’ਚ ਕਿਸੇ ਵੀ ਗਵਾਹੀ ਨੂੰ ਜੱਜ ਨੇ ਮਾਨਤਾ ਨਹੀਂ ਦਿੱਤੀ ਕਿਉਂਕਿ ਇਹਨਾਂ ’ਚ ਐਸਾ ਕੋਈ ਨਹੀਂ ਸੀ ਜਿਸ ਨੇ ਮੌਕੇ ’ਤੇ ਜਾ ਕੇ ਖਬਰ ਲਿਖੀ ਹੋਵੇ।’ ਏਲੀਨਾ ਸੇਨ (ਜਿਹਨਾਂ ਨੂੰ ਹੁਣ ਅਦਾਲਤ ਨੇ ਇਕ ਅਮਲ ’ਚ ਰੂਪਾਂਤਰ ਸੰਸਥਾ ਦੀ ਨਿਰਦੇਸ਼ਕ ਨਾਤੇ ਦੋਸ਼ੀ ਵਾਂਗੂੰ ਪੇਸ਼ ਕੀਤਾ ਹੈ) ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਹਨਾਂ ਨੂੰ ਪਤੀ ਦੇ ਰੂਪ ’ਚ ਡਾ. ਸੇਨ ਮਿਲੇ ਹਨ। ਡਾ. ਸੇਨ ਦੀ ਮਾਂ ਅਨਸੂਆ ਸੇਨ ਤੇ ਏਲੀਨਾ ਸੇਨ ਪਹਿਲਾਂ ਹੀ ਕਹਿ ਚੁੱਕੀਆਂ ਹਨ ਕਿ ਉਹਨਾਂ ਨੂੰ ਨਿਰਦੋਸ਼ ਸਾਬਤ ਕਰਨ ਲਈ ਹੁਣ ਉਹ ਹਾਈਕੋਰਟ

ਜਾਣਗੀਆਂ। ਫੈਸਲੇ ਤੋਂ ਪਹਿਲਾਂ ਕਿਸ ਤਰ੍ਹਾਂ ਦੇ ਹੁਕਮ ਦੀ ਉਮੀਦ ਕਰ ਰਹੀ ਸੀ। ਇਸ ਬਾਰੇ ਏਲੀਨਾ ਕਹਿੰਦੀ ਹੈ 'ਫੈਸਲਾ ਬਿਨਾਇਕ ਦੇ ਹੱਕ 'ਚ ਆਵੇਗਾ' ਇਹ ਭਰਮ ਸਾਨੂੰ ਨਹੀਂ ਸੀ ਪਰ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ, ਇਹ ਵੀ ਨਹੀਂ ਸੋਚਿਆ ਸੀ। ਫੈਸਲੇ ਦੇ ਇਸ ਇਕਾਂਗੀਪਨ ਨੂੰ ਭਾਂਪ ਕੇ ਕਾਂਗਰਸ ਮਹਾਂ ਸਕੱਤਰ ਤੇ ਸਾਬਕਾ ਮੁੱਢ ਮੰਤਰੀ ਦਿਗਵਿਜੈ ਸਿਘੰ ਨੇ ਵੀ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਗੱਲ ਕਹੀ ਹੈ। ਉਥੇ ਭਾਜਪਾ ਦੇ ਰਾਜ ਸਭਾ ਮੈਂਬਰ ਤੇ ਸੁਪਰੀਮ ਕੋਰਟ ਦੇ ਵਕੀਲ ਰਾਮ ਜੇਠ ਮਲਾਨੀ ਨੇ ਬਿਨਾਇਕ ਸੇਨ ਦਾ ਮੁਕੱਦਮਾ ਉੱਚ ਅਦਾਲਤਾਂ 'ਚ ਲੜਨ ਦੀ ਇੱਛਾ ਜਾਹਿਰ ਕੀਤੀ। ਉਹਨਾਂ ਦਾ ਕਹਿਣਾ ਹੈ ਕਿ ਕੌਮੀ-ਕੌਮਾਂਤਰੀ ਪੱਧਰ 'ਤੇ ਇਸ ਖਿਲਾਫ ਬਿਨਾਇਕ ਸੇਨ ਨੂੰ ਜੋ ਵਿਆਪਕ ਹਮਾਇਤ ਮਿਲ ਰਹੀ ਹੈ, ਉਸ ਦਾ ਅਸਰ ਉਚ ਅਦਾਲਤਾਂ 'ਚ ਹੁੰਦਾ ਹੈ ਜਾਂ ਫਿਰ ਰਾਇਪੁਰ ਸਤਰ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਜਾਂਦਾ ਹੈ।

# ਇਰਾਨੀ ਫ਼ਿਲਮਕਾਰ ਜ਼ਫ਼ਰ ਪਨਾਹੀ ਸਲਾਖਾਂ ਪਿੱਛੇ ਕਿਉਂ?

"ਮੈਂ ਇਰਾਨੀ ਹਾਂ ਤੇ ਇਰਾਨੀ ਹੀ ਰਹੂੰਗਾ।" ਬੀਤੇ ਨਵੰਬਰ 'ਚ ਅਦਾਲਤ 'ਚ ਸੁਣਵਾਈ ਦੌਰਾਨ ਕੌਮਾਂਤਰੀ ਮਸ਼ਹੂਰੀ ਪ੍ਰਾਪਤ ਇਰਾਨੀ ਜਫਰ ਪਨਾਹੀ ਦਾ ਇਹ ਕਥਨ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਕਾਫੀ ਨਹੀਂ ਸੀ ਸੁਣਾਈ ਦੌਰਾਨ ਪਨਾਹੀ ਨੇ ਆਪਣੇ ਉਪਰ ਲੱਗੇ ਦੋਸ਼ਾਂ ਦਾ ਸਖਤਾਈ ਨਾਲ ਖੰਡਨ ਕੀਤਾ ਪਰ ਇਰਾਨੀ ਨਿਆਂ ਦੀ ਦਹਿਲੀਜ਼ 'ਤੇ ਉਹਨਾਂ ਦੀ ਦਲੀਲ ਨਹੀਂ ਮੰਨੀ ਗਈ। ਸਿੱਟਾ ਇਹ ਹੋਇਆ ਕਿ ਮਾਨਵੀਂ ਵਿਸ਼ਿਆਂ 'ਤੇ ਫਿਲਮ ਬਣਾਉਣ ਵਾਲੇ ਜਿਸ ਫਿਲਮਕਾਰ ਨੂੰ ਕੈਮਰੇ ਪਿੱਛੇ ਹੋਣਾ ਚਾਹੀਦਾ ਸੀ। ਉਸ ਨੂੰ ਅਦਾਲਤ ਨੇ ਛੇ ਮਹੀਨਿਆਂ ਲਈ ਸਲਾਖਾਂ ਪਿੱਛੇ ਭੇਜ ਦਿੱਤਾ ਅਤੇ ਰਿਹਾਅ ਹੋਣ ਪਿਛੋਂ ਵੀਹ ਸਾਲਾਂ ਤਕ ਉਹਨਾਂ ਉਪਰ ਫਿਲਮ ਬਣਾਉਣ 'ਤੇ ਰੋਕ ਲਾ ਦਿੱਤੀ। ਜਫਰ ਪਨਾਹੀ ਆਪਣੇ ਦੇਸ਼ ਵਿਚ ਹੀ ਨਹੀਂ ਬਲਕਿ ਕੌਮਾਂਤਰੀ ਪੱਧਰ 'ਤੇ ਚਰਚਿਤ ਫਿਲਮਕਾਰ ਹੈ। ਲੀਕ ਤੋਂ ਹਟਕੇ ਫਿਲਮ ਬਣਾਉਣ ਵਾਲੇ ਪਨਾਹੀ ਦੀਆਂ ਫਿਲਮਾਂ ਦਾ ਫੋਕਸ ਇਰਾਨੀ ਸਮਾਜ ਹੁੰਦਾ ਹੈ। ਉਹ ਆਪਣੀਆਂ ਫਿਲਮਾਂ ਰਾਹੀਂ ਇਰਾਨੀ ਸਮਾਜ 'ਚ ਔਰਤ ਦੀ ਜੀਵਲ ਸ਼ੈਲੀ ਤੇ ਹਾਲਾਤ ਨੂੰ ਵਿਖਾਉਂਦੇ ਰਹੇ ਹਨ। ਫਿਲਮਾਂ 'ਚ ਬੇਬਾਕ ਸੋਚ ਨਾਲ ਜਿਥੇ ਉਹਨਾਂ ਦੀ ਪਹਿਚਾਣ ਬਣੀ, ਉਥੇ ਇਰਾਨੀ ਸਰਕਾਰ ਦੇ ਲਈ ਇਹ ਸਿਰਦਰਦੀ ਬਣਦੀ ਗਈ। ਪਿਛਲੇ ਕਈ ਸਾਲਾਂ ਤੋਂ ਸਰਕਾਰ ਦੇ ਨਿਸ਼ਾਨੇ 'ਤੇ ਰਹੇ ਪਨਾਹੀ ਨੇ ਫਿਲਮਾਂ ਤੋਂ ਇਲਾਵਾ ਦੇਸ਼ 'ਚ ਕਲਾ ਤੇ ਸਭਿਆਚਾਰ ਨਾਲ ਜੁੜੇ ਮਸਲਿਆਂ 'ਤੇ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹਨਾਂ ਨੇ ਸੰਨ 2006 'ਚ 'ਆਫ ਸਾਈਡ' ਫਿਲਮ ਬਣਾ ਕੇ ਸਰਕਾਰ ਦੀ ਕੱਟੜਪੰਥੀ ਸੋਚ 'ਤੇ ਜਬਰਦਸਤ ਚੋਟ ਕੀਤੀ। ਇਸ ਫਿਲਮ ਦਾ ਤਾਣਾ-ਬਾਣਾ 2006 ਦੇ ਫੀਫਾ ਸੰਸਾਰ ਕੱਪ 'ਚ ਇਰਾਨ ਤੇ ਬਹਰੀਨ ਵਿਚਕਾਰ ਕਵਾਲੀਫਾਇੰਗ ਮੈਚ ਦੇ ਆਲੇ-ਦੁਆਲੇ ਬੁਣਿਆ ਗਿਆ ਹੈ। ਇਹ ਫਿਲਮ ਲੜਕੇ ਦੇ ਭੇਸ 'ਚ ਐਸੀ ਔਰਤ ਪ੍ਰਸ਼ੰਸਕ 'ਤੇ ਕੇਂਦਰਿਤ ਹੈ, ਜੋ ਫੁਟਬਾਲ ਮੈਚ ਵੇਖਣ ਲਈ ਸਟੇਡੀਅਮ 'ਚ ਘੁਸ ਜਾਂਦੀ ਹੈ ਅਤੇ ਫੜੇ ਜਾਣ ਪਿੱਛੋਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਇਰਾਨ 'ਚ ਫੁਟਬਾਲ ਮੈਚ 'ਚ ਔਰਤਾਂ ਨੂੰ ਸਟੇਡੀਅਮ 'ਚ ਜਾਣ ਦੀ ਸਖ਼ਤ ਮਨਾਹੀ ਹੈ ਅਤੇ ਫੜੇ ਜਾਣ ਪਿਛੋਂ ਸਖਤ ਕਾਰਵਾਈ ਕੀਤੀ ਜਾਂਦੀ ਹੈ। ਇਸ ਫਿਲਮ ਨੂੰ ਬਰਲਿਨ ਫਿਲਮ ਫੈਸਟੀਵਲ 'ਚ ਸਿਲਵਰ ਬੀਅਰ ਪੁਰਸਕਾਰ ਵੀ ਮਿਲਿਆ ਪਰ ਉਹ ਇਰਾਨ ਸਰਕਾਰ ਦੀਆਂ ਅੱਖਾਂ ਦੀ ਰੜਕ ਬਣ ਗਏ। ਇਰਾਨੀ ਸਰਕਾਰ ਦੇ ਸਖਤ ਅਲੋਚਕ ਰਹੇ ਪਨਾਹੀ ਨੇ ਸਾਲ ਭਰ ਪਹਿਲਾਂ ਵਿਵਾਦ ਗ੍ਰਸਿਤ ਰਾਸ਼ਟਰਪਤੀ ਚੋਣ ਖਿਲਾਫ ਵਿਰੋਧੀ ਮੁਜਾਹਰੇ 'ਚ ਹਿੱਸਾ ਲਿਆ ਸੀ। ਇਕ ਫਿਲਮਕਾਰ ਦੀ ਰਾਜਸੀ ਸਰਗਰਮੀ ਸਰਕਾਰ ਨੂੰ ਪਸੰਦ ਨਹੀਂ ਆਈ ਤੇ ਪਨਾਹੀ ਨੂੰ ਸਬਕ ਸਿਖਾਉਣ ਦੀ ਨੀਅਤ ਨਾਲ ਸੰਨ 2010 ਦੇ ਮਾਰਚ 'ਚ ਉਹਨਾਂ ਨੂੰ ਪਤਨੀ ਤਾਹਰੇਹ ਸੈਦੀ, ਬੇਟੀ ਸੋਲਮਾਜ ਤੇ ਪੰਦਰਾਂ ਦੋਸਤਾਂ ਸਮੇਤ ਜੇਲ੍ਹ 'ਚ ਸੁੱਟ ਦਿੱਤਾ। ਮਈ 'ਚ ਕਾਨ ਕੌਮਾਂਤਰੀ ਫਿਲਮ ਸਮਾਰੋਹ ਦੀ ਜੂਰੀ ਵਿਚ ਜਫਰ ਵੀ ਸ਼ਾਮਲ ਸਨ। ਸਰਕਾਰ ਨੇ ਉਹਨਾਂ ਨੂੰ ਜਾਣ ਨਹੀਂ ਦਿੱਤਾ। ਸਮਾਰੋਹ 'ਚ ਉਹਨਾਂ ਦੇ ਮਾਣ ਸਨਮਾਨ 'ਚ ਉਹਨਾਂ ਦੀ ਸੀਟ ਖਾਲੀ ਹੀ ਰੱਖੀ ਗਈ ਸੀ। ਇਸ ਦੌਰਾਨ ਜੇਲ੍ਹ 'ਚ ਕੁਝ ਲੋਕ ਤਾਂ ਜਲਦੀ ਹੀ ਛੁੱਟ ਗਏ ਪਰ

ਪਨਾਹੀ ਨੂੰ ਨਿਕਲਣ 'ਚ ਲਗਭਗ ਛੇ ਮਹੀਨੇ ਲਗ ਗਏ। ਸਰਕਾਰ ਉਹਨਾਂ 'ਤੇ ਲੱਗੇ ਕਿਸੇ ਵੀ ਦੋਸ਼ ਨੂੰ ਸਾਬਤ ਨਹੀਂ ਕਰ ਸਕੀ ਸੀ ਪਰ ਦਸੰਬਰ 'ਚ ਅਦਾਲਤ ਨੇ ਪਨਾਹੀ 'ਤੇ ਕੌਮੀ ਸੁਰੱਖਿਆ ਨੂੰ ਹਰਜਾ ਪਹੁੰਚਾਉਣ ਦੀ ਸਾਜ਼ਿਸ਼ ਵਰਗੇ ਗੰਭੀਰ ਦੋਸ਼ ਲਾਉਂਦਿਆਂ ਉਹਨਾਂ ਨਾਲ ਇਕ ਹੋਰ ਫਿਲਮਕਾਰ ਮੁਹੰਮਦ ਰਸੂਲੋਫ ਨੂੰ ਵੀ ਛੇ ਸਾਲ ਲਈ ਜੇਲ੍ਹ 'ਚ ਸੁੱਟ ਦਿੱਤਾ। ਇਸ ਸਜ਼ਾ ਦੇ ਨਾਲ ਹੀ ਪਨਾਹੀ 'ਤੇ ਵਿਦੇਸ਼ ਜਾਣ, ਪਟਕਥਾ ਲਿਖਣਾ ਅਤੇ ਵਿਦੇਸ਼ੀ ਤੇ ਘਰੇਲੂ ਮੀਡੀਆ ਨੂੰ ਕਿਸੇ ਵੀ ਤਰ੍ਹਾਂ ਦੀ ਇੰਟਰਵਿਊ ਦੇਣ 'ਤੇ ਪਾਬੰਦੀ ਲਾ ਦਿੱਤੀ। ਫਿਲਮ ਨਿਰਮਾਤਾ 'ਤੇ ਰੋਕ ਪਨਾਹੀ ਲਈ ਮੌਤ ਦੀ ਸਜ਼ਾ ਤੋਂ ਘੱਟ ਨਹੀਂ ਹੈ। ਪਨਾਹੀ ਨੇ ਅਜਿਹੀ ਪਾਬੰਦੀ ਸਬੰਧੀ ਪਹਿਲਾਂ ਕਿਹਾ ਸੀ 'ਕਿਸੇ ਫਿਲਮਕਾਰ ਨੂੰ ਫਿਲਮ ਬਣਾਉਣ ਤੋਂ ਰੋਕ ਦਿੱਤਾ ਜਾਵੇ ਤਾਂ ਇਹ ਉਸ ਲਈ ਸਭ ਤੋਂ ਵੱਡੀ ਜੇਲ੍ਹ ਹੁੰਦੀ ਹੈ। ਚਾਹੇ ਉਹ ਕਿਸੇ ਛੋਟੀ ਜੇਲ੍ਹ ਤੋਂ ਬਾਹਰ ਹੀ ਕਿਉਂ ਨਾ ਹੋਵੇ। ਦਸ ਸਾਲ ਦੀ ਉਮਰ 'ਚ ਜਫਰ ਨੇ ਕਿਤਾਬਾਂ ਲਿਖਣੀਆਂ ਤੇ ਮੁਕਾਬਲਿਆਂ 'ਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ। ਇਸ ਉਮਰ ਤੋਂ ਹੀ ਪਨਾਹੀ ਦਾ ਫਿਲਮਾਂ ਪ੍ਰਤੀ ਰੁਝਾਣ ਵਧਦਾ ਗਿਆ। ਇਰਾਨ ਇਰਾਕ ਜੰਗ 'ਚ ਹਿੱਸਾ ਲੈਣ ਵਾਲੇ ਪਨਾਹੀ ਨੇ ਇਸ ਯੁੱਧ 'ਤੇ ਇਕ ਡਾਕੂਮੈਂਟਰੀ ਵੀ ਬਣਾਈ। ਇਰਾਨੀ ਟੈਲੀਵਿਜ਼ਨ ਲਈ ਕਈ ਫਿਲਮਾਂ ਬਣਾਉਣ ਵਾਲੇ ਪਨਾਹੀ ਨੂੰ ਸੰਨ 1994 'ਚ ਮਸ਼ਹੂਰ ਫਿਲਮਕਾਰ ਅਬਾਸ ਕਿਰੋਸਤਾਮੀ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਅਜਿਹੇ ਫਿਲਮਕਾਰ ਦੇ ਨਾਲ ਕੰਮ ਕਰਨ ਦਾ ਤਕਨੀਕੀ ਪੱਧਰ 'ਤੇ ਫਾਇਦਾ ਹੋਇਆ ਤਾਂ ਕੌਮਾਂਤਰੀ ਪੱਧਰ 'ਤੇ ਉਹਨਾਂ ਦੇ ਸਮਰਥਕਾਂ ਦੀ ਗਿਣਤੀ ਵੀ ਵਧੀ। ਪਨਾਹੀ 'ਤੇ ਜਬਰ ਕੀਤੇ ਜਾਣ ਸੰਬੰਧੀ ਹਾਲੀਵੁਡ ਦੇ ਨਾਲ ਹੋਰ ਮਨੁੱਖੀ ਅਧਿਕਾਰ ਸਮੂਹਾਂ ਨੇ ਵੀ ਸਖਤ ਵਿਰੋਧ ਦਰਜ ਕਰਵਾਇਆ ਹੈ। ਵਿਰੋਧ ਕਰਨ ਵਾਲਿਆਂ 'ਚ ਇਰਾਨ ਦੇ ਲਗਭਗ ਪੰਜਾਹ ਨਿਰਦੇਸ਼ਕਾਂ ਤੇ ਕਲਾਕਾਰਾਂ ਤੋਂ ਇਲਾਵਾ ਅਮਰੀਕਾ ਦੇ ਪਾਲ ਥਾਮਸ ਏਂਡਰਸਨ, ਜੋ ਐਲ ਐਂਡ ਏਥਨ ਕੋਏਨ, ਫ੍ਰਾਂਸਿਸ ਫੋਰਡ ਕੋਪੋਲਾ, ਜੋਨਾਥਾਨ ਡੇਮੀ ਰਾਬਰਟ ਡੀ ਨੀਰੋ, ਕਰਟਿਸ ਹੈਨਸਨ, ਲਾਂਗ ਲੀ, ਰਿਚਰਡ ਲਿੰਕਲੇਟਰ, ਫੇਰੇਂਸ ਮੇਲਿਕ ਮਾਈਕਲ ਮੂਰ, ਰਾਬਰਟ ਰੈਡਫੋਰਡ, ਮਾਰਟਿਨ ਸਕੋਰਸੀ, ਸਟੀਵਨ ਸਪੀਲ ਬਰਗ, ਔਲਿਵਰਸਟੋਨ ਤੇ ਫ੍ਰੇਡਿਕ ਵਾਈਜ਼ਮੈਨ ਵਰਗੇ ਨਿਰਦੇਸ਼ਕ ਵੀ ਹਨ ਉਹਨਾਂ ਨੇ ਇਰਾਨ ਸਰਕਾਰ ਤੋਂ ਪਨਾਹੀ ਨੂੰ ਆਜ਼ਾਦ ਕਰਨ ਦੀ ਅਪੀਲ ਕੀਤੀ ਹੈ।

ਅਮਰੀਕਾ ਦੇ ਅਕਾਡਮੀ ਐਵਾਰਡ ਵਿਜੇਤਾ ਤੇ ਕਲਾਕਾਰਾਂ ਦੀ ਸੰਸਥਾ 'ਆਰਟਿਸਟ ਫਾਰ ਪੀਸ ਐਂਡ ਜਸਟਿਸ' ਦੇ ਬਾਨੀ ਪਾਲਹੇਗਿਸ ਨੇ ਦੁਨੀਆਂ ਭਰ ਦੇ ਕਲਾਕਾਰਾਂ, ਨਿਰਦੇਸ਼ਕਾਂ, ਨਿਰਮਾਤਾਵਾਂ ਤੇ ਲੇਖਕਾਂ ਨੂੰ ਪਨਾਹੀ ਲਈ ਇਕ ਜੁੱਟ ਹੋਣ ਦਾ ਸੱਦਾ ਦਿੰਦਿਆ ਕਿਹਾ, "ਮੈਂ ਇਰਾਨੀ ਸਰਕਾਰ ਨੂੰ ਕਹਿੰਦਾ ਹਾਂ ਕਿ ਪਨਾਹੀ ਦੇ ਖਿਲਾਫ ਜਾਰੀ ਕੀਤੇ ਗੈਰ ਮਨੁੱਖੀ ਤੇ ਅਨਿਆਪੂਰਨ ਫੈਸਲੇ ਤੁਰੰਤ ਵਾਪਸ ਲਏ ਜਾਣ। ਮੈਂ ਪੂਰੀ ਦੁਨੀਆਂ ਦੇ ਲੋਕਾਂ ਨੂੰ ਇਹ ਅਪੀਲ ਕਰਦਾ ਹਾਂ ਕਿ ਜਫਰ ਪਨਾਹੀ ਤੇ ਮੁਹੰਮਦ ਸੂਲੋਫੇ ਦੀ ਉਮਰ ਕੈਦ ਦੀ ਸਜ਼ਾ ਨੂੰ ਖਤਮ ਕਰਨ ਲਈ ਸੀਨਪੇਨ ਤੇ ਹਰਵੇ ਵੈਸਟੀਨ ਦੇ ਨਾਲ ਅਸੀਂ ਏਮਨਸੀ ਇੰਟਰਨੈਸ਼ਨਲ ਯੂ ਐਸ ਏ ਜੋ ਦਸਖਤੀ ਮੁਹਿੰਮ ਚੱਲੀ ਹੈ, ਉਸ ਵਿਚ ਸ਼ਾਮਲ ਹੋਣ।' ਬ੍ਰਿਟਿਸ਼ ਇਰਾਨੀ ਫਿਲਮ ਸਟਾਰ ਤੇ ਪਿਛਲੇ ਇਕ ਸਾਲ ਤੋਂ (Aiusa) ਦੀ ਬੁਲਾਰਾ ਨਾਜਨੀਨ ਬੇਨਿਆਦੀ ਨੇ ਵੀ ਪਨਾਹੀ ਦੀ ਰਿਹਾਈ ਦੀ ਮੰਗ ਕੀਤੀ ਹੈ। ਸੰਸਾਰ ਦੇ ਡੇਢ ਸੌ ਦੇਸ਼ਾਂ 'ਚ (Aiusa) ਦੇ ਵੀਹ ਲੱਖ ਤੋਂ ਵੱਧ ਕਾਰਕੁੰਨ

ਤੇ ਹਮਾਇਤੀ ਹਨ। ਜੋ ਮਨੁੱਖੀ ਅਧਿਕਾਰ ਦੇ ਮਸਲਿਆਂ ’ਤੇ ਕੰਮ ਕਰਦੇ ਹਨ। ਇਰਾਨੀ ਸਰਕਾਰ ਦੀ ਨੀਤੀਆਂ ਦੇ ਸ਼ਿਕਾਰ ਸਿਰਫ ਪਨਾਹੀ ਹੀ ਨਹੀਂ ਬਲਕਿ ਆਮਿਰ ਨਾਦੇਰੀ, ਬਹਿਮਾਨ ਪਰਮਾਨਾਰਾ ਮੋਹਸਿਨ ਖਮਬਫ, ਮਰਜਿਆਹ ਮੈਸਕਿਨੀ, ਬਹਿਮਾਨ ਘੈਬਾੜੀ, ਸਮੀਰਾ ਮਖਮਬਫ, ਸੁਸਾਨ ਤਸਲੀਮੀ, ਪਰਵਿਜ ਸੈਅਦ ਤੇ ਰੇਜਾ ਅਲਾਮੇਹਜਾਹੇਦ ਫਿਲਮਕਾਰ ਵੀ ਰਹੇ ਜਿਹਨਾਂ ਨੂੰ ਆਪਣੀ ਜਨਮਭੂਮੀ ਤੋਂ ਵਾਂਝੇ ਹੋਣਾ ਪਿਆ। ਉਹ ਫਿਲਮਕਾਰ ਇਸ ਜਬਰ ਤੋਂ ਬਚੇ ਰਹੇ ਜਿਹਨਾਂ ਨੇ ਆਪਣੀਆਂ ਅੱਖਾਂ ’ਤੇ ਕੰਨ ਬੰਦ ਕਰਕੇ ਸਰਕਾਰ ਦੇ ਫੁਰਮਾਨਾਂ ਅਨੁਸਾਰ ਕੰਮ ਕਰਨਾ ਮੰਨ ਲਿਆ। ਪਨਾਹੀ ਨੇ ਅਦਾਲਤ ’ਚ ਸਜ਼ਾ ਸੁਣਾਉਣ ਤੋਂ ਪਹਿਲਾਂ ਆਪਣੇ ਬਿਆਨ ’ਚ ਕਿਹਾ, “ਤੁਸੀਂ ਮੈਨੂੰ ਸਿਰਫ ਸਜ਼ਾ ਹੀ ਨਹੀਂ ਦੇ ਰਹੇ ਹੋ ਬਲਕਿ ਇਰਾਨੀ ਸਮਾਜ, ਮਨੁੱਖਤਾ ਤੇ ਕਲਾਤਮਕ ਸਿਨੇਮੇ ਨੂੰ ਸਜ਼ਾ ਦੇ ਰਹੇ ਹੋ। ਸਿਨੇਮਾ ਸਮਾਜਕ ਪੀੜਾ ਤੋਂ ਪ੍ਰੇਰਿਤ ਹੁੰਦਾ ਹੈ ਅਤੇ ਆਖਰਕਾਰ ਮਾਨਵਤਾ ਦਾ ਪੱਖ ਲੈਂਦਾ ਹੈ। ਪਿਛਲੇ ਤਿੰਨ ਦਹਾਕਿਆਂ ’ਚ ਇਰਾਨ ਦੇ ਕਈ ਸਮਹਿਤਕਾਰ ਫਿਲਮਕਾਰ, ਮਨੁੱਖੀ ਅਧਿਕਾਰਵਾਦੀ ਸਮੂਹ ਵੀ ਈਰਾਨ ਸਰਕਾਰ ਦੀ ਕੱਟੜ ਪੰਥੀ ਸੋਚ ਦੇ ਸ਼ਿਕਾਰ ਰਹੇ ਹਨ। ਇਹਨਾਂ ਬੁੱਧੀਜੀਵੀਆਂ ਨੂੰ ਜਾਂ ਤਾਂ ਆਪਣੀ ਜੁਬਾਨ ਬੰਦ ਕਰਨੀ ਪਈ ਜਾਂ ਜੇਲ੍ਹ ਜਾਣਾ ਪਿਆ। ਜਾਂ ਹੋਰ ਫਿਲਮਕਾਰਾਂ ਵਾਂਗੂੰ ਦੇਸ਼ ਛੱਡਣਾ ਪਿਆ। ਪਨਾਹੀ ਨੇ ‘ਦ ਮਿਰਰ’ ‘ਦ ਸਰਕਲ’ ‘ਦ ਹਾਈਟ ਬੈਲੂਨ’ ਵਰਗੀਆਂ ਫਿਲਮਾਂ ਬਣਾ ਕੇ ਇਕ ਪਾਸੇ ਲੋਕਾਂ ਦੀ ਵਾਹ-ਵਾਹ ਖੱਟੀ ਤਾਂ ਦੂਜੇ ਪਾਸੇ ਸਰਕਾਰ ਨਾਲ ਦੁਸ਼ਮਣੀ ਮੁੱਲ ਲਈ। ਇਹ ਸੌਦਾ ਏਨਾ ਮਹਿੰਗਾ ਪਿਆ ਕਿ ਅੱਜ ਉਹ ਦਰਸ਼ਕਾਂ ਤੋਂ ਦੂਰ ਹਨ, ਉਹਨਾਂ ਦੀ ਰਿਹਾਈ ਸਰਕਾਰ ਦੇ ਰਹਿਮੋ ਕਰਮ ਤੇ ਨਿਰਭਰ ਹੈ।

# ਕੀ ਹਨ ਤੀਜੀ ਦੁਨੀਆਂ 'ਤੇ ਕਰਜੇ ਦੇ ਪ੍ਰਭਾਵ?

ਵਿਆਜ ਵਾਲੇ ਕਰਜੇ ਕਿਸੇ ਦੇਸ਼ ਦੇ ਅੰਦਰੂਨੀ ਅਰਥਚਾਰੇ 'ਚ ਜੋ ਤਬਾਹੀ ਮਚਾਉਂਦੇ ਹਨ, ਉਸ ਦਾ ਜ਼ਿਕਰ ਪਹਿਲਾਂ ਕੀਤਾ ਗਿਆ। ਜਦ ਵਿਆਜ ਦਾ ਸਰਾਪ ਵਿਸ਼ਵੀ ਬਾਜ਼ਾਰਾਂ 'ਚ ਪ੍ਰਭਾਵੀ ਹੁੰਦਾ ਹੈ ਤਾਂ ਉਸ ਵਲੋਂ ਆਉਣ ਵਲਾ ਵਿਨਾਸ਼ ਕਲਪਨਾ ਤੋਂ ਪਰੇ ਹੁੰਦਾ ਹੈ। ਅੱਜ ਸਮੁੱਚਾ ਤੀਜਾ ਜਗਤ ਇਹਨਾਂ ਵਿਆਜ 'ਤੇ ਦਿੱਤੇ ਗਏ ਕਰਜ਼ਿਆਂ ਦੇ ਚੁੰਗਲ 'ਚ ਫਸਿਆ ਹੋਇਆ ਹੈ ਤੇ ਉਹਨਾਂ ਕਰਜ਼ਿਆਂ ਦੀਆਂ ਜੰਜ਼ੀਰਾਂ 'ਚ ਬੰਦੀ ਬਣ ਕੇ ਉਪ ਨਿਵੇਸ਼ ਦਾ ਦਾਸ ਬਣਿਆ ਹੋਇਆ ਹੈ।

ਵਿਆਜ ਰਾਹੀਂ ਲੁੱਟ ਲਈ ਲਾਜ਼ਮੀ ਹੈ ਕਿ ਕਰਜ਼ਿਆਂ ਨੂੰ ਆਮ ਕੀਤਾ ਜਾਵੇ। ਕਰਜ਼ਿਆਂ ਦੀ ਲਤ (ਨਸ਼ਾ) ਲਾਉਣਾ ਪੂੰਜੀਵਾਦੀ ਬਸਤੀਵਾਦ ਦੀ ਇਕ ਮਹੱਤਵਪੂਰਨ ਕਾਰਜਨੀਤੀ ਹੈ। ਪੁਰਾਣੇ ਸਮੇਂ ਦੇ ਵਿਆਜ ਖਾਣ ਵਾਲੇ ਲੋਕ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰਜੇ ਦੇ ਕੇ ਵਿਆਜ ਦੇ ਨਾਂ ਹੇਠ ਉਹਨਾਂ ਦੀਆਂ ਜ਼ਮੀਨਾਂ ਜਾਇਦਾਦਾਂ ਹੜੱਪ ਕਰ ਜਾਂਦੇ ਸਨ। ਬਲਕਿ ਉਹਨਾਂ ਦੀਆਂ ਬਹੂ-ਬੇਟੀਆਂ ਵੀ ਭਜਾ ਕੇ ਲੈ ਜਾਂਦੇ ਸਨ। ਠੀਕ ਉਸ ਤਰ੍ਹਾਂ ਅਧੁਨਿਕ ਦੁਨੀਆਂ 'ਚ ਸਾਮਰਾਜ ਇਹੀ ਖੇਡ ਗਰੀਬ ਦੇਸ਼ਾਂ ਨਾਲ ਖੇਡ ਰਿਹਾ ਹੈ। ਸੰਨ 1950 ਤੇ 60 ਦੇ ਦਹਾਕੇ 'ਚ ਜਦ ਏਸ਼ੀਆ ਤੇ ਅਫਰੀਕਾ ਦੇ ਗਰੀਬ ਦੇਸ਼ ਨਵੀਆਂ ਨਵ ਬਸਤੀ ਬਸਤੀਵਾਦੀ ਸ਼ਕਤੀਆਂ ਦੀ ਗੁਲਾਮੀ ਤੋਂ ਆਜ਼ਾਦ ਹੋਣ ਲੱਗੇ ਤਾਂ ਉਹਨਾਂ ਨੇ ਆਪਣੇ ਨਵ ਬਸਤੀਵਦੀ ਪ੍ਰਭੂਆਂ ਤੋਂ ਵਿਰਾਸਤ 'ਚ ਕਰਜੇ ਮਿਲੇ। 1960 'ਚ ਨਵ ਅਜ਼ਾਦੀ ਪ੍ਰਾਪਤ ਦੇਸ਼ਾਂ ਸਿਰ 59 ਬਿਲੀਅਨ ਡਾਲਰ ਦਾ ਕਰਜ਼ਾ ਠੋਸਿਆ ਗਿਆ। ਚੱਕਰਵਿਧੀ ਵਿਆਜ ਦੀ ਚਮਤਕਾਰੀ ਸ਼ਕਤੀ ਨਾਲ ਇਹ ਕਰਜ਼ਾ ਕੁਝ ਸਾਲਾਂ ਵਿਚ ਹੀ ਕਿਤੋਂ ਤੋਂ ਕਿਤੇ ਪਹੁੰਚ ਗਿਆ। ਫਿਰ ਉਹਨਾਂ 'ਚੋਂ ਕਈ ਦੇਸ਼ਾਂ 'ਤੇ ਸਾਮਰਾਜ ਦੇ ਮਨਪਸੰਦ ਤਾਨਾਸ਼ਾਹਾਂ ਨੂੰ ਉਹਨਾਂ ਦੇ ਸਿਰਾਂ ਤੇ ਬਿਠਾ ਦਿੱਤਾ ਗਿਆ। ਇਹਨਾਂ ਤਾਨਾਸ਼ਾਹ ਨੇ ਆਪਣੇ ਪ੍ਰਭੂਆਂ ਦੇ ਇਸ਼ਾਰਿਆਂ 'ਤੇ ਉਹਨਾਂ ਹੀ ਪ੍ਰਭੂਆਂ ਤੋਂ ਬੇਪਨਾਹ ਕਰਜ਼ੇ ਲੈਣੇ ਸ਼ੁਰੂ ਕਰ ਦਿੱਤੇ। ਇਹ ਕਰਜ਼ੇ ਜਾਂ ਤਾਂ ਡਿਕਟੇਟਰਾਂ ਦੀਆਂ ਅਯਾਸ਼ੀਆਂ ਲਈ ਲਏ ਗਏ ਜਾਂ ਉਹਨਾਂ ਤਾਨਾਸ਼ਾਹਾਂ ਦੀਆਂ ਹਕੂਮਤ ਕਾਇਮ ਰੱਖਣ ਲਈ ਗ੍ਰਹਿਯੁੱਧਾਂ ਜਾਂ ਬਨਾਉਟੀ ਵਿਦੇਸ਼ੀ ਦੁਸ਼ਮਣਾਂ ਨਾਲ ਲੜਾਈ ਆਦਿ 'ਚ ਖਰਚ ਕੀਤੇ ਗਏ। ਕੁਝ ਹਾਲਤਾਂ 'ਚ ਹਾਕਮਾਂ ਨੇ ਆਪਣਾ ਸੱਤ ਆਧਿਕਾਰ ਬਚਾਈ ਰੱਖਣ ਲਈ ਪ੍ਰਭਾਵਸ਼ੀਲ ਲੋਕਾਂ ਨੂੰ ਰਿਸ਼ਵਤਾਂ ਤੇ ਰਿਆਇਤਾਂ ਦੇਣ ਆਦਿ ਲਈ ਵੀ ਉਹਨਾਂ ਨੂੰ ਵਰਤਿਆ ਗਿਆ। ਉਹਨਾਂ ਕਰਜ਼ਿਆਂ ਦਾ ਬਹੁਤ ਘੱਟ ਹਿੱਸਾ ਲੋਕਾਂ ਦੀਆਂ ਲੋੜਾਂ 'ਤੇ ਖਰਚ ਹੋਇਆ। ਇਕ ਪਾਸੇ ਚੱਕਰਵਿਧੀ ਵਿਆਜ ਦਾ ਕਹਿਰ ਤੇ ਦੂਜੇ ਪਾਸੇ ਗਰੀਬ ਦੇਸ਼ਾਂ ਦੀਆਂ ਨਰਮ ਕਰੰਸੀਆਂ ਜਿਹਨਾਂ ਦੀਆਂ ਕੀਮਤਾਂ 'ਚ ਆਪਣੀ ਇੱਛਾ ਮੁਤਾਬਕ ਉਤਰਾਅ-ਚੜਾਅ ਲਿਆਉਣਾ ਸਾਮਰਾਜ ਦੇ ਖੱਬੇ ਹੱਥ ਦੀ ਖੇਡ ਸੀ, ਇਹਨਾਂ ਦੋਹਾਂ ਕਹਿਰ ਢਾਹੁਣ ਵਾਲੇ ਸਾਧਨਾਂ ਨੇ ਉਹਨਾਂ ਦੇਸ਼ਾਂ ਦੇ ਕਰਜ਼ਿਆਂ ਨੂੰ ਹਾਸੋਹੀਣੀ ਸੀਮਾ ਤੱਕ ਵਧਾ ਦਿੱਤਾ। ਨਾਜ਼ੀਰੀਆ ਦੇ ਰਾਸ਼ਟਰਪਤੀ ਔਬਾਇੰਜੂ ਕਹਿੰਦੇ ਹਨ "1985 ਈ. ਤਕ ਅਸੀਂ ਕੁਲ 5 ਬਿਲੀਅਨ ਡਾਲਰ ਅਦਾ ਕਰ ਚੁੱਕੇ ਹਾਂ ਫਿਰ ਵੀ ਕਿਹਾ ਜਾ ਰਿਹਾ ਹੈ ਕਿ (ਚੱਕਰਵਿਧੀ ਵਿਆਜ ਦੇ ਕਾਰਨ) ਅਜੇ 73 ਬਿਲੀਅਨ ਡਾਲਰ ਸਾਡੇ ਸਿਰ ਅੱਜ ਵਪੀ ਬਕਾਇਆ ਹੈ। ਇਹ ਸਿਰਫ ਨਜ਼ੀਰੀਆ ਹੀ ਨਹੀਂ ਬਲਕਿ ਤੀਜੀ

ਦੁਨੀਆਂ ਦੇ ਸਾਰੇ ਦੇਸ਼ਾਂ ਦੀ ਕਹਾਣੀ ਹੈ। ਗਰੀਬ ਦੇਸ਼ਾਂ ’ਤੇ ਕੁਲ ਕਰਜ਼ਾ 540 ਬਿਲੀਅਨ ਡਾਲਰ ਸੀ। ਇਸ ਤੋਂ ਵੱਧ 550 ਬਿਲੀਅਨ ਡਾਲਰ ਉਹ ਅਦਾ ਕਰ ਚੁੱਕੇ ਹਨ ਅਤੇ ਅਜੇ ਵੀ ਉਹਨਾਂ ’ਤੇ 523 ਬਿਲੀਅਨ ਡਾਲਰ ਬਾਕੀ ਹੈ। ਗਰੀਬ ਦੇਸ਼ ਦੇ ਕਰਜ਼ੇ 20 ਤੋਂ 25 ਫੀਸਦੀ ਸਲਾਨਾ ਚੱਕਰ ਵਿਧੀ ਵਿਆਜ ਦੀ ਦਰ ’ਤੇ ਦਿੱਤੇ ਗਏ ਹਨ। 25% ਚੱਕਰਵਿਧੀ ਵਿਆਜ ਦੀ ਦਰ ਦਾ ਅਰਥ ਇਹ ਹੁੰਦਾ ਹੈ ਕਿ ਇਕ ਕਰੋੜ ਰੁਪਏ ਦਾ ਕਰਜਾ 40 ਸਾਲਾਂ ’ਚ 7500 ਗੁਣਾ ਵਧ ਕੇ 7523 ਕਰੋੜ ਰੁਪਏ ਹੋ ਜਾਂਦਾ ਹੈ ਅਤੇ 50 ਸਾਲਾਂ ’ਚ ਇਹ ਕਰਜਾ 70000 ਗੁਣਾ ਵਧਾ ਕੇ 70064 ਕਰੋੜ ਰੁਪਏ ਹੋ ਜਾਂਦਾ ਹੈ। ਇਸ ਸਮੇਂ ਕਈ ਦੇਸ਼ ਆਪਣੀ ਕੌਮੀ ਆਮਦਨ ਦਾ ਵੱਡਾ ਹਿੱਸਾ ਸਿਰਫ ਵਿਆਜ ਦਾ ਭੁਗਤਾਨ ਕਰਨ ’ਚ ਖਰਚ ਕਰਦੇ ਹਨ। ਤੀਜੀ ਦੁਨੀਆਂ (ਗਰੀਬ ਦੇਸ਼ਾਂ) ’ਤੇ 2006 ਦੇ ਅੰਕੜਿਆਂ ਅਨੁਸਾਰ ਕੁਲ ਕਰਜਾ 2900 ਬਿਲੀਅਨ ਡਾਲਰ ਸੀ। ਇਸ ਕਰਜੇ ਬਾਰੇ ਵਿਆਜ ਤੇ ਮੂਲਧਨ ਦੀ ਵਾਪਸੀ ’ਤੇ ਇਹ ਦੇਸ਼ ਸਲਾਨਾ 537 ਬਿਲੀਅਨ ਡਾਲਰ ਅਦਾ ਕਰ ਰਹੇ ਹਨ। ਮੰਨੋ ਹਰ ਮਹੀਨੇ ਲਗਭਗ 45 ਬਿਲੀਅਨ ਡਾਲਰ ਗਰੀਬ ਦੇਸ਼ਾਂ ਤੋਂ ਅਮੀਰ ਦੇਸ਼ਾਂ ਨੂੰ ਤਬਦੀਲ ਹੋ ਰਹੇ ਹਨ। ਅਕਸਰ ਗਰੀਬ ਦੇਸ਼ ਕਰਜੇ ਦਾ ਮੂਲਧਨ ਵਾਪਸ ਕਰ ਹੀ ਨਹੀਂ ਸਕਦੇ ਉਹ ਸਾਲਾਂ ਤੋਂ ਸਿਰਫ ਵਿਆਜ ਹੀ ਦੇ ਰਹੇ ਹਨ ਅਤੇ ਉਹਨਾਂ ਦਾ ਮੂਲਧਨ ਲਗਾਤਾਰ ਵਧਦਾ ਜਾ ਰਿਹਾ ਹੈ। 1993 ਈ. ’ਚ ਗਰੀਬ ਦੇਸ਼ਾਂ ਨੂੰ ਜੇ ਇਕ ਡਾਲਰ ਦੀ ਸਹਾਇਤਾ ਹਾਸਲ ਹੋਈ ਸੀ ਤਾਂ ਉਹਨਾਂ ਨੇ ਤਿੰਨ ਡਾਲਰ ਵਿਆਜ (ਜਾਂ ਕਰਜੇ ਦੀ ਵਾਪਸੀ) ਦਾ ਭੁਗਤਾਨ ਕੀਤਾ ਸੀ ਜੋ ਵਿਕਸ਼ਤ ਦੇਸ਼ ਗਰੀਬ ਦੇਸ਼ਾਂ ਨੂੰ ਦੇ ਰਹੇ ਹਨ। ਇਸ ਭਾਰੀ ਭੁਗਤਾਨ ਪਿੱਛੋਂ ਉਹਨਾਂ ਦੇਸ਼ਾਂ ਲਈ ਇਹ ਬਿਲਕੁਲ ਅਸੰਭਵ ਹੈ ਕਿ ਉਹ ਆਪਣੇ ਇਹ ਕਰਜੇ ਮੋੜ ਸਕਣ। ਉਹ ਚਾਹੇ ਆਪਣੀ ਸਾਰੀ ਦੀ ਸਾਰੀ ਕੌਮੀ ਬਜਟ ਬਜ਼ਾਰਖੋਰਾਂ ਦੇ ਹਵਾਲੇ ਕਰ ਦੇਣ। ਉਹ ਉਹਨਾਂ ਕਰਜ਼ਿਆਂ ਦੇ ਚੁੰਗਲ ’ਚ ਫਸੇ ਹੀ ਰਹਿਣਗੇ। ਇਸ ਕਰਜੇ ਤੇ ਵਿਆਜ ਦੇ ਕਾਰਨ ਇਹ ਗਰੀਬ ਦੇਸ਼ ਆਪਣੇ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ। ਕੁਝ ਦੇਸ਼ ਕੌਮੀ ਬਜਟ ਦਾ ਅੱਧਾ ਸਿਰਫ ਵਿਆਜ ਮੋੜਨ ’ਚ ਖਰਚ ਕਰਦੇ ਹਨ। 2009-10 ਦੇ ਬਜਟ ਦੇ ਅੰਕੜੇ ਦੱਸਦੇ ਹਨ ਕਿ ਸਾਡਾ ਦੇਸ਼ ਭਾਰਤ ਵੀ ਦਸ ਲੱਖ ਕਰੋੜ ਦੇ ਕੁਲ ਖਰਚ ਵਿਚੋਂ 225,511 ਕਰੋੜ ਰੁਪਏ (ਭਾਵ ਬਜਟ ਦਾ 22 ਫੀਸਦੀ) ਵਿਆਜ ’ਤੇ ਅਤੇ 342,891 ਕਰੋੜ ਰੁਪਏ ਕਰਜੇ ਦੀ ਵਾਪਸੀ (ਭਾਵ 34%) ਇਸ ਤਰ੍ਹਾਂ ਕੁਲ ਬਜਟ ਦਾ 56 ਫੀਸਦੀ ਸਿਰਫ ਕਰਜਿਆਂ ਨਾਲ ਸਬੰਧਤ ਖਰਚ ਕਰਦਾ ਹੈ। ਜਦ ਕਿ ਸਿੱਖਿਆ ਤੇ ਸਿਹਤ ਉਪਰ ਅਸੀਂ ਇਕ ਕਰੋੜ ਦੇ ਲਗਭਗ (ਸਿਰਫ 10 ਫੀਸਦੀ) ਖਰਚ ਕਰ ਰਹੇ ਹਾਂ। ਕਿਹਾ ਜਾਂਦਾ ਹੈ ਕਿ ਤੀਜੀ ਦੁਨੀਆਂ ’ਚ ਪ੍ਰਤੀ 5 ਸਕਿੰਟ ’ਚ ਇਕ ਬੱਚਾ ਇਸ ਕਰਜੇ ਨਾਲ ਸਬੰਧਤ ਸਮੱਸਿਆ ਕਾਰਨ ਮਰ ਜਾਂਦਾ ਹੈ ਅਤੇ ਜੇ ਇਹ ਕਰਜਾ ਮੁਆਫ ਕਰ ਦਿੱਤਾ ਜਾਵੇ ਤਾਂ ਅਫਰੀਕਾ ਤੇ ਏਸ਼ੀਆ ਦੇ ਗਰੀਬ ਦੇਸ਼ ਬਹੁਤ ਆਸਾਨੀ ਨਾਲ ਆਪਣੇ ਸਾਧਨਾਂ ਨਾਲ ਆਪਣੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰ ਸਕਦੇ ਹਨ। ਇਹੀ ਕਾਰਨ ਹੈ ਕਿ ਇਸ ਸਮੇਂ ਸਾਰੀ ਦੁਨੀਆਂ ’ਚ ਇਨ੍ਹਾਂ ਅਤਿਆਚਾਰ ਪੂਰਨ ਕਰਜਿਆਂ ਦੀ ਮੁਆਫੀ ਦਾ ਅੰਦੋਲਨ ਚੱਲ ਰਿਹਾ ਹੈ। ਅਰਥ ਸਾਸ਼ਤਰ ਦੇ ਮਾਹਰ ਕਹਿੰਦੇ ਹਨ ਕਿ ਇਹਨਾਂ ਕਰਜਿਆਂ ਨੂੰ ਮੁਆਫ ਕਰਨਾ ਹੀ ਇਕੋ ਇਕ ਹੱਨ ਬਚਿਆ ਹੋਇਆ ਹੈ। ਇਹਨਾਂ ਕਰਜਿਆਂ (ਅਤੇ ਕਰਜਿਆਂ ਦੇ ਸੈਂਕੜੇ) ਗੁਣਾ

ਵਿਆਜ ਦੇ ਰਹਿੰਦਿਆਂ ਗਰੀਬ ਦੇਸ਼ਾਂ ਦੀ ਜਨਤਾ ਕਦੀ ਉਠ ਹੀ ਨਹੀਂ ਸਕਦੀ। ਕਰਜਿਆਂ ਦਾ ਇਹ ਜਾਲ ਸਾਮਰਾਜ ਨੂੰ ਉਹਨਾਂ ਗਰੀਬ ਦੇਸ਼ਾਂ ਦੀ ਲੁੱਟ ਦਾ ਮੌਕਾ ਦਿੰਦਾ ਹੈ। ਕੁਝ ਲੇਖਕਾਂ ਦਾ ਤਾਂ ਦਾਅਵਾ ਹੈ ਕਿ ਕਰਜਿਆਂ ਦਾ ਇਹ ਬੋਝ ਗਰੀਬ ਦੇਸ਼ਾਂ ਤੇ ਦਬਾਅ ਬਣਾਉਣ ਲਈ ਜਾਣ ਬੁੱਝ ਕੇ ਪਾਇਆ ਗਿਆ। ਇਸ ਪਿੱਛੋਂ ਖੇਡ ਸ਼ੁਰੂ ਹੁੰਦੀ ਹੈ ਵਿਸ਼ਵੀ ਆਰਥਕ ਸਮੱਸਿਆਵਾਂ ਦੀ। ਜਿਸ ਤਰ੍ਹਾਂ ਪੁਰਤਨ ਸਮੇਂ 'ਚ ਵਿਆਜ ਖਾਣ ਵਾਲੇ ਬੰਦੇ ਗਰੀਬ ਮਜ਼ਦੂਰਾਂ ਤੋਂ ਵਿਆਜ ਬਦਲੇ ਉਸ ਦੀ ਪਤਨੀ ਜਾਂ ਬੇਟੀ ਚੁੱਕਣ ਲਈ ਗੁੰਡਿਆਂ ਨੂੰ ਭੇਜਦਾ ਸੀ, ਸਾਡੇ ਯੁੱਗ 'ਚ ਆਈ ਐਮ ਐਫ (ਕੌਮਾਂਤਰੀ ਮੁਦਰਾ ਕੋਸ਼) ਇਸ ਪ੍ਰਕਾਰ ਗੁੰਡੇ ਦੀ ਭੂਮਿਕਾ ਨਿਭਾਉਂਦਾ ਹੈ। ਉਹ ਗਰੀਬ ਦੇਸ਼ਾਂ ਦੇ ਦਰਵਾਜੇ 'ਤੇ ਪਹੁੰਚਦਾ ਹੈ ਅਤੇ ਕਰਜੇ ਬਦਲੇ ਉਹਨਾਂ ਦੀ ਇੱਜਤ ਤੇ ਆਬਰੂ, ਆਜ਼ਾਦੀ ਤੇ ਅਖੰਡਤਾ ਆਪਣੇ ਲੋਕਾਂ ਦੀ ਭਲਾਈ ਤੇ ਕਲਿਆਣ ਲਈ ਅਪਣਾਈਆਂ ਜਾਣ ਵਾਲੀਆਂ ਨੀਤੀਆਂ ਸਭ ਕੁਝ ਖੋਹ ਲੈਣ ਲਈ ਤਿਆਰ ਰਹਿੰਦਾ ਹੈ। ਕੌਮਾਂਤਰੀ ਮੁਦਰਾ ਕੋਸ਼ ਸੰਸਾਰ ਬੈਂਕ ਸੰਸਾਰ ਵਪਾਰ ਸੰਸਥਾ ਵਰਗੀਆਂ ਸੰਸਥਾਵਾਂ ਇਸ ਮਕਸਦ ਲਈ ਬੇਹੱਦ ਅਤਿਆਚਾਰੀ ਹੱਥਕੰਡੇ ਅਪਣਾਉਂਦੀਆਂ ਹਨ। ਆਰਥਕ ਸੰਸਥਾਵਾਂ ਦੇ ਇਹਨਾਂ ਹੱਥਕੰਡਿਆਂ ਨੇ ਹੁਣ ਤਕ ਸੌ ਤੋਂ ਵੱਧ ਦੇਸ਼ਾਂ ਦੇ ਅਰਥਚਾਰੇ ਤਬਾਹ ਕਰ ਦਿੱਤੇ ਹਨ ਅਤੇ ਤੀਜੀ ਦੁਨੀਆਂ ਦੇ ਬਾਕੀ ਦੇਸ਼ ਹੌਲੀ-ਹੌਲੀ ਇਸ ਤਬਾਹੀ ਵਲ ਵੱਧ ਰਹੇ ਹਨ।

**ਵਿਸ਼ਵੀ ਆਰਥਕ ਸੰਸਥਾਵਾਂ** :- ਵਿਸ਼ਵੀ ਆਰਥਕ ਸੰਸਥਾਵਾਂ ਰਾਹੀਂ ਸਾਮਰਾਜਵਾਦ ਦੇਸ਼ਾਂ ਦੀਆਂ ਆਰਥਕ ਨੀਤੀਆਂ ਨੂੰ ਪ੍ਰਭਾਵਿਤ ਕਰਦਾ ਹੈ ਤੇ ਉਹਨਾਂ ਨੂੰ ਅਜਿਹੀਆਂ ਨੀਤੀਆਂ ਅਪਣਾਉਣ ਲਈ ਮਜ਼ਬੂਰ ਕਰਦਾ ਹੈ, ਜਿਹਨਾਂ 'ਚ ਵੱਡੇ ਤੇ ਦਲਾਲ ਸਰਮਾਏਦਾਰਾਂ ਦਾ ਲਾਭ ਹੋਵੇ। ਤੀਜੀ ਦੁਨੀਆਂ ਨੂੰ ਵਿਉਂਤਬੱਧ ਢੰਗ ਨਾਲ ਕਰਜੇ ਦੇ ਜਾਲ 'ਚ ਫਸਾਇਆ ਗਿਆ। ਚੱਕਰ ਵਿਧੀ ਵਿਆਜ ਰਾਹੀਂ ਉਹਨਾਂ ਦੇ ਕਰਜਿਆਂ ਨੂੰ ਕਈ ਗੁਣਾ ਵਧਾ ਦਿੱਤਾ ਗਿਆ। ਹੁਣ ਉਹਨਾਂ ਕਰਜਿਆਂ ਦੇ ਭੁਗਤਾਨ ਲਈ ਦਬਾਅ ਪਾਇਆ ਜਾ ਰਿਹਾ ਹੈ। ਜਦ ਗਰੀਬ ਦੇਸ਼ ਕਰਜੇ ਅਤੇ ਉਸ ਦਾ ਵਿਆਜ ਅਦਾ ਨਹੀਂ ਕਰ ਸਕਦੇ ਤਾਂ ਆਈ ਐਮ ਐਫ (ਕੌਮਾਂਤਰੀ ਮੁਦਰਾ ਕੋਸ਼) ਉਹਨਾਂ ਦੀ 'ਸਹਾਇਤਾ' ਅਤੇ ਹੋਰ ਕਰਜੇ ਦੇਣ ਲਈ ਅੱਗੇ ਆਉਂਦਾ ਹੈ।

ਕੌਮਾਂਤਰੀ ਮੁਦਰਾ ਕੋਸ਼ ਭਾਵ ਆਈ ਐਮ ਐਫ ਦੀ ਸਥਾਪਨਾ ਸੰਨ 1945 'ਚ ਹੋਈ ਸੀ। ਇਸ ਦਾ ਉਦੇਸ਼ ਇਹ ਨਿਸ਼ਚਤ ਕੀਤਾ ਗਿਆ ਸੀ ਕਿ ਸੰਸਾਰਕ ਅਰਥਚਾਰੇ ਨੂੰ ਸਿਹਤਮੰਦ ਰੱਖਣ ਲਈ ਉਹ ਦੇਸ਼ਾਂ ਨੂੰ ਕਰਜਾ ਦੇਵੇਗਾ। ਜੇ ਕੋਈ ਦੇਸ਼ ਆਰਥਕ ਸੰਕਟ 'ਚ ਫਸਿਆ ਹੋਵੇਗਾ ਤਾਂ ਉਸ ਨੂੰ ਸੰਕਟ 'ਚੋਂ ਕੱਢਣ ਲਈ ਕਰਜਾ ਦੇਣਾ ਅਤੇ ਆਰਥਕ ਪ੍ਰਣਾਲੀ ਤੇ ਪ੍ਰਬੰਧ ਅਤੇ ਸਥਿਰਤਾ ਪੈਦਾ ਕਰਨ ਲਈ ਉਸ ਦੀ ਮਦਦ ਕਰਨਾ ਆਈ ਐਮ ਐਫ ਦੇ ਮਹੱਤਵਪੂਰਨ ਕੰਮ ਹਨ। ਆਈ ਐਮ ਐਫ ਨੇ ਇਸ ਲਈ ਕਿ ਉਹਨਾਂ ਦੇਸ਼ਾਂ ਦੇ ਅਰਥਚਾਰੇ ਦੀ ਨਿਗਰਾਨੀ, ਤਕਨੀਕੀ ਸਹਿਯੋਗ ਤੇ ਕਰਜਾ ਜਾਰੀ ਕਰਨਾ ਆਈ ਐਮ ਐਫ ਦੇ ਤਿੰਨ ਕਾਰਜ ਹਨ। ਇਸ ਲਈ ਆਈ ਐਮ ਐਫ ਨੇ ਇਹ ਕਾਰਜਨੀਤੀ ਅਪਣਾਈ ਹੈ ਕਿ ਉਹ ਕਰਜਾ ਜਾਰੀ ਕਰਨ ਤੋਂ ਪਹਿਲਾਂ ਆਪਣੀਆਂ ਸ਼ਰਤਾਂ ਮੰਨਣ ਲਈ ਮਜ਼ਬੂਰ ਕਰਦਾ ਹੈ। ਇਹ ਸ਼ਰਤਾਂ ਢਾਂਚਾ ਢਲਾਈ ਪ੍ਰੋਗ੍ਰਾਮ ਦੇ ਰੂਪ 'ਚ ਹੁੰਦੀਆਂ ਹਨ। ਇਹਨਾਂ ਸ਼ਰਤਾਂ ਦੀ ਪਾਲਣਾ ਕਰਨ ਦਾ ਵਚਨ ਲਏ ਬਿਨਾਂ ਆਈ ਐਮ ਐਫ ਕਿਸੇ ਦੇਸ਼ ਨੂੰ ਕਰਜਾ ਦੇਣ ਲਈ ਤਿਆਰ ਨਹੀਂ ਹੁੰਦਾ ਹੈ। ਇਹ ਇਕ ਗੈਰ

ਲੋਕਰਾਜੀ ਤੇ ਗੈਰ ਜਮਹੂਰੀ ਸੰਸਥਾ ਹੈ। ਇਸ 'ਚ ਹਰੇਕ ਦੇਸ਼ ਨੂੰ ਬਰਾਬਰ ਦੀ ਵੋਟ ਦਾ ਹੱਕ ਨਹੀਂ ਹੈ। ਬਲਕਿ ਵੋਟਾਂ ਦੀ ਗਿਣਤੀ ਉਸ ਧਨ ਨਾਲ ਨਿਸ਼ਚਤ ਹੁੰਦੀ ਹੈ ਜੋ ਕਿਸੇ ਦੇਸ਼ ਨੇ ਆਈ ਐਮ ਐਫ ਦੇ ਕੋਟਾਂ ਸਿਸਟਮ 'ਚ ਲਾ ਰੱਖੀ ਹੈ। ਇਸ ਤਰ੍ਹਾਂ ਅਮਰੀਕਾ ਨੂੰ ਕੁਲ ਵੋਟਾਂ ਦਾ 18 ਫੀਸਦੀ ਹਾਸਲ ਹੈ ਤੇ ਚਾਰ ਅਮੀਰ ਦੇਸ਼ ਮਿਲ ਕੇ 38% ਵੋਟਾਂ ਦੇ ਮਾਲਕ ਹਨ। ਵੋਟਾਂ ਦੀ ਇਸ ਸ਼ਕਤੀ ਨਾਲ ਹਮੇਸ਼ਾ ਆਈ ਐਮ ਐਫ ਦੇ ਪ੍ਰਬੰਦਕ ਤੇ ਅਧਿਕਾਰੀ ਉਹਨਾਂ ਅਮੀਰ ਦੇਸ਼ਾਂ ਦੀ ਪਸੰਦ ਦੇ ਹੀ ਚੁਣੇ ਜਾਂਦੇ ਹਨ।

ਸਿੱਟੇ ਵਜੋਂ ਆਈ ਐਮ ਐਫ ਦੀਆਂ ਸਾਰੀਆਂ ਨੀਤੀਆਂ ਧਨੀ ਦੇਸ਼ਾਂ ਤੇ ਉਥੋਂ ਦੀਆਂ ਵੱਡੀਆਂ ਕੰਪਨੀਆਂ ਦੇ ਹਿੱਤਾਂ ਤਹਿਤ ਨਿਸ਼ਚਤ ਹੁੰਦੀਆਂ ਹਨ। ਆਈ ਐਮ ਐਫ ਦੀ ਕਿਸੇ ਦੇਸ਼ ਦੀ ਸਹਾਇਤਾ ਲਈ ਪਹਿਲੀ ਸ਼ਰਤ ਇਹ ਹੁੰਦੀ ਹੈ ਕਿ ਇਹ ਢਾਂਚਾ ਢਲਾਈ ਯੋਜਨਾ ਲਈ ਤਿਆਰ ਹੋਵੇ। ਢਾਂਚਾ ਢਲਾਈ ਅਸਲ 'ਚ ਨਿਮਨਲਿਖਤ ਕਾਰਵਾਈਆਂ ਦੇ ਗਰੁੱਪ ਦਾ ਹੀ ਨਾਂ ਹੈ:-

(1) ਸਿੱਖਿਆ ਤੇ ਸਿਹਤ ਦੇ ਲੋਕ ਭਲਾਈ ਦੇ ਕੰਮਾਂ 'ਤੇ ਖਰਚ ਘਟਾਇਆ ਜਾਵੇ।
(2) ਸਬਸਿਡੀਆਂ ਖਤਮ ਕੀਤੀਆਂ ਜਾਣ।
(3) ਕੰਪਨੀਆਂ ਤੇ ਸਰਕਾਰੀ ਜਾਇਦਾਦਾਂ ਦੇ ਅਦਾਰਿਆਂ ਨੂੰ ਨਿੱਜੀ ਹੱਥਾਂ 'ਚ ਦੇਣਾ।
(4) ਸਥਾਨਕ ਆਰਥਕ ਲੋੜਾਂ ਦੀ ਬਜਾਏ ਬਰਾਮਦਾਂ 'ਤੇ ਧਿਆਨ ਦੇਣਾ, ਖੇਤਾਂ 'ਚ ਉਹੀ ਫਸਲ ਬੀਜੀ ਜਾਵੇ ਜੋ ਬਰਾਮਦ ਕੀਤੀ ਜਾ ਸਕੇ।
(5) ਵਿਦੇਸ਼ੀ ਕੰਪਨੀਆਂ ਨੂੰ ਕੰਮ ਕਰਨ ਤੇ ਨਿਵੇਸ਼ ਦੀ ਖੁੱਲ੍ਹੀ ਛੁੱਟੀ ਦਿੱਤੀ ਜਾਵੇ ਅਤੇ ਇਸ ਸਿਲਸਿਲੇ 'ਚ ਪੇਸ਼ ਆਉਂਦੀਆਂ ਸਭ ਔਕੜਾਂ ਦੂਰ ਕੀਤੀਆਂ ਜਾਣ।
(6) ਲੋਕ ਭਲਾਈ ਦੇ ਕੰਮਾਂ 'ਚ ਖਰਚ ਰੋਕਣ ਕਰਕੇ ਬਚੀ ਪੂੰਜੀ ਨੂੰ ਬੁਨਿਆਦੀ ਢਾਂਚੇ 'ਚ ਲਾਇਆ ਜਾਵੇ ਅਤੇ ਅੱਛੇ ਹਵਾਈ ਅੱਡੇ, ਅੱਛੀਆਂ ਸੜਕਾਂ ਆਦਿ ਬਣਾਈਆਂ ਜਾਣ, ਤਾਂ ਕਿ ਬਾਹਰੀ ਕੰਪਨੀਆਂ ਨੂੰ ਕੰਮ ਕਰਨ 'ਚ ਸਹੂਲਤ ਹੋਵੇ।
(7) ਕਿਰਤ ਕਨੂੰਨਾਂ 'ਚ ਨਰਮੀ ਲਿਆਂਦੀ ਜਾਵੇ ਤਾਂ ਕਿ ਦਿਓਕੱਦ ਬਹੁਕੌਮੀ ਕੰਪਨੀਆਂ ਤੇ ਕਰਮਚਾਰੀਆਂ ਦੀ ਮਨਮਾਨੇ ਢੰਗ ਨਾਲ ਲੁੱਟ ਕੀਤੀ ਜਾ ਸਕੇ।
(8) ਜ਼ਮੀਨੀ ਤੇ ਹੋਰ ਸਾਧਨਾਂ ਨੂੰ (ਕਿਸਾਨਾਂ ਤੇ ਸਥਾਨਕ ਨਿਵਾਸੀਆਂ ਤੋਂ ਖੋਹ ਕੇ) ਸਸਤੀ ਕੀਮਤ 'ਤੇ ਜਾਂ ਮੁਫਤ 'ਚ ਵੱਡੀਆਂ ਕੰਪਨੀਆਂ ਦੇ ਸਪੁਰਦ ਕੀਤਾ ਜਾਵੇ।
(9) ਢਾਂਚਾ ਢਲਾਈ ਦੀਆਂ ਇਹ ਸ਼ਰਤਾਂ ਲੁਕੀਆਂ ਛਿਪੀਆਂ ਨਹੀਂ ਹਨ ਕੌਮਾਂਤਰੀ ਮੁਦਰਾਕੋਸ਼ ਜਿਸ ਦੇਸ਼ 'ਚ ਵੀ ਸਹਾਇਤਾ ਲਈ ਜਾਂਦਾ ਹੈ ਉਥੇ ਇਹਨਾਂ ਪ੍ਰੋਗ੍ਰਾਮਾਂ ਨੂੰ ਜਬਰੀ ਲਾਗੂ ਕਰਦਾ ਹੈ, ਕਰਵਾਉਂਦਾ ਹੈ। ਖੁਦ ਸਾਡੇ ਦੇਸ਼ 'ਚ ਚੰਦਰ ਸ਼ੇਖਰ ਦੀ ਸਰਕਾਰ ਨੂੰ ਇਹਨਾਂ ਸ਼ਰਤਾਂ 'ਤੇ ਕਰਜੇ ਦਿੱਤੇ ਗਏ ਤੇ ਫੌਰੀ ਬਾਅਦ ਨਰਸਿੰਮ੍ਹਾ ਰਾਓ ਦੀ ਸਰਕਾਰ 'ਚ ਉਪਰੋਕਿਤ ਪ੍ਰੋਗ੍ਰਾਮ ਲਾਗੂ ਕੀਤੇ ਗਏ। ਕੌਮਾਂਤਰੀ ਮੁਦਰਾ ਕੋਸ਼ ਦੇ ਨਾਲ ਇਹਨਾਂ ਸ਼ਰਤਾਂ ਨੂੰ ਪੂਰਾ ਕਰਨ ਲਈ ਸੰਸਾਰ ਬੈਂਕ ਤੇ ਸੰਸਾਰ ਵਪਾਰ ਸੰਸਥਾ ਵਰਗੀਆਂ ਸੰਸਥਾਵਾਂ ਵੀ ਹਨ। ਸੰਸਾਰ ਬੈਂਕ ਇਕ ਵਿਕਸ਼ਤ ਸੰਸਥਾ ਹੈ ਜਿਸ ਦਾ ਮੂਲ ਮਕਸਦ ਗਰੀਬੀ ਖਤਮ ਕਰਨਾ ਅਤੇ ਗਰੀਬ ਦੇਸ਼ਾਂ 'ਚ ਵਿਕਾਸਸ਼ੀਲ ਪ੍ਰੋਗ੍ਰਾਮਾਂ ਨੂੰ ਲਾਗੂ ਕਰਨ ਲਈ ਪੂੰਜੀ ਮੁਹੱਈਆ ਕਰਾਉਣਾ ਹੈ। ਪਰ ਸੰਸਾਰ ਬੈਂਕ ਦੀ ਕੌਮਾਂਤਰੀ ਮੁਦਰਾਕੋਸ਼ ਵਾਂਗੂੰ ਨਵ-ਉਦਾਰਵਾਦੀ ਨੀਤੀਆਂ ਨਾਲ ਜੁੜਿਆ ਹੋਇਆ ਹੈ। ਬਲਕਿ ਢਾਂਚਾ ਢਲਾਈ ਦੀਆਂ

ਨੀਤੀਆਂ ਆਈ ਐਮ ਐਫ ਸੰਸਾਰ ਬੈਂਕ ਤੇ ਕੁਝ ਹੋਰ ਸ਼ਕਤੀਆਂ ਵਿਚਾਲੇ ਉਸ ਸਮਝੌਤੇ ਦਾ ਸਿੱਟਾ ਹੈ ਜਿਸ ਨੂੰ ਵਸ਼ਿੰਗਟਨ ਕੰਸੇਸਸ ਕਿਹਾ ਜਾਂਦਾ ਹੈ। ਸੰਸਾਰ ਬੈਂਕ ਦੇ ਹੀ ਸਾਬਕਾ ਮੁਖੀ ਜੋਜਫ ਸਿਟਗਲਿਟ੍ਜ਼ ਅਤੇ ਕੈਥਰਾਈਨ ਕਾਓਫੀਲਡ ਵਰਗੇ ਲੇਖਕਾਂ ਨੇ ਆਪਣੀਆਂ ਕਿਤਾਬਾਂ 'ਚ ਲਿਖਿਆ ਹੈ ਕਿ ਕਿਵੇਂ ਸੰਸਾਰ ਬੈਂਕ ਦੇ ਮੰਸੂਬੇ ਗਰੀਬ ਦੇਸ਼ਾਂ ਦੀ ਬਜਾਏ ਗਰੀਬੀ ਖਤਮ ਕਰਨ ਤੇ ਗਰੀਬੀ ਤੇ ਹੋਰ ਸਮੱਸਿਆਵਾਂ ਵਧਾਉਣ ਦਾ ਕਾਰਨ ਬਣ ਰਹੇ ਹਨ। ਸੰਸਾਰ ਵਪਾਰ ਸੰਸਥਾ ਵਿਸ਼ਵੀ ਵਪਾਰ ਨੂੰ ਨਿਯਮ ਬੱਧ ਕਰਨ ਦੇ ਨਾਂ ਹੇਠ ਤਰ੍ਹਾਂ-ਤਰ੍ਹਾਂ ਦੇ ਅੱਤਿਆਚਾਰਪੂਰਨ ਸਿਧਾਂਤਾਂ ਨੂੰ ਠੋਸਦੀਆਂ ਹਨ। ਪੇਟੈਂਟ ਦੇ ਨਾਂ ਹੇਠ ਉਹ ਗਰੀਬ ਦੇਸ਼ਾਂ ਨੂੰ ਸਸਤੀਆਂ ਦਵਾਈਆਂ ਤਿਆਰ ਕਰਨ ਤੋਂ ਰੋਕਦੀਆਂ ਹਨ। ਦਰਾਮਦ ਤੇ ਬਰਾਮਦ 'ਚ ਸਥਾਨਕ ਲੋੜਾਂ ਮੁਤਾਬਕ ਜ਼ਰੂਰੀ ਪਬੰਦੀਆਂ ਲਾਉਣ ਤੋਂ ਰੋਕਦੀ ਹੈ। ਧਨੀ ਦੇਸ਼ਾਂ ਦੇ ਅਮੀਰ ਕਿਸਾਨਾਂ ਨੂੰ ਰਿਆਇਤਾਂ ਮਿਲਦੀਆਂ ਹਨ ਪਰ ਇਸ ਤਰ੍ਹਾਂ ਦੀਆਂ ਰਿਆਇਤਾਂ ਗਰੀਬ ਦੇਸ਼ਾਂ ਦੇ ਕਿਸਾਨਾਂ ਨੂੰ ਨਹੀਂ ਮਿਲਦੀਆਂ। ਜ਼ਰੂਰੀ ਸੇਵਾਵਾਂ ਦਾ ਨਿੱਜੀਕਰਨ ਕਰਕੇ ਉਹਨਾਂ ਸੇਵਾਵਾਂ ਨੂੰ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਵਾਉਂਦੀ ਹੈ। ਇਸ ਤਰ੍ਹਾਂ ਇਸ ਅਜਿਹੀ ਵਪਾਰਕ ਪ੍ਰਣਾਲੀ ਟ੍ਰੇਡ ਰਜੀਮ ਸਥਾਪਤ ਕਰਦੀ ਹੈ ਜੋ ਸੰਸਾਰ ਦੇ ਪੂੰਜੀਪਤੀਆਂ ਲਈ ਬੇਹੱਦ ਫਾਇਦੇਮੰਦ ਹੈ ਤੇ ਗਰੀਬ ਲੋਕਾਂ ਦੀ ਕਸ਼ਦਾਇਕ ਹੀ ਨਹੀਂ ਘਾਤਕ ਵੀ ਹੈ।

# ਸਾਮਰਾਜੀ ਆਰਥਕ ਲੁੱਟ ਬਨਾਮ ਸੱਟੇਬਾਜੀ

ਪੂੰਜੀਵਾਦੀ ਸਾਮਰਾਜ ਦਾ ਦੂਜਾ ਮਹੱਤਵਪੂਰਨ ਹਥਿਆਰ ਸੱਟੇਬਾਜੀ ਹੈ। ਵਿਆਜ ਤੇ ਸੱਟੇਬਾਜੀ ਆਰਥਕ ਪ੍ਰਣਾਲੀ ਦੇ ਦੋ ਮਹੱਤਵਪੂਰਨ ਅਧਾਰ ਹਨ। ਸਾਮਰਾਜ ਨੇ ਸੱਟੇ ਦੀਆਂ ਬਹੁਤ ਸਾਰੀਆਂ ਨਵੀਆਂ ਕਿਸਮਾਂ ਪੈਦਾ ਕਰ ਰੱਖੀਆਂ ਹਨ ਅਤੇ ਅਧੁਨਿਕ ਆਰਥਕ ਬਾਜ਼ਾਰਾਂ 'ਚ ਹਰੇਕ ਪੱਧਰ 'ਤੇ ਸੱਟਾ ਹੁੰਦਾ ਹੈ। ਇਸ ਲਈ ਕੁਝ ਲੇਖਕਾਂ ਨੇ ਇਸ ਪ੍ਰਣਾਲੀ ਨੂੰ ਹੀ "ਸੱਟੇਬਾਜ ਪੂੰਜੀਵਾਦੀ ਪ੍ਰਣਾਲੀ" ਦਾ ਨਾਂ ਦਿੱਤਾ ਹੈ। ਕੁਝ ਅੰਕੜਿਆਂ ਅਨੁਸਾਰ ਇਸ ਦੁਨੀਆਂ 'ਚ ਰੋਜ਼ਾਨਾ ਲਗਭਗ 2 ਟ੍ਰੀਲੀਅਨ ਡਾਲਰ ਸੱਟੇਬਾਜੀ 'ਚ ਲੱਗਦੇ ਹਨ। ਜਦ ਕਿ ਚੀਜ਼ਾਂ ਦੀ ਅਸਲ ਕ੍ਰਿਆ-ਵਿਕ੍ਰਿਆ ਸਿਰਫ 30 ਬਿਲੀਅਨ ਡਾਲਰ ਸੱਟੇਬਾਜੀ ਦਾ ਸਿਫਰ 1.5 ਫੀਸਦੀ ਹੁੰਦਾ ਹੈ। ਬ੍ਰਿਟਿਸ਼ ਅਰਥ ਸਾਸ਼ਤਰੀ ਸੁਸੇਨ ਸਟ੍ਰੇਜੇਜ ਨੇ ਇਸ 'ਤੇ ਟਿੱਪਣੀ ਕਰਦਿਆਂ ਸਹੀ ਲਿਖਿਆ ਹੈ। ਪੱਛਮੀ ਦੇਸ਼ਾਂ ਦਾ ਅਰਥਚਾਰਾ ਇਕ ਵੱਡੇ ਜੂਆਘਰ ਵਾਂਗ ਹੁੰਦਾ ਜਾ ਰਿਹਾ ਹੈ। ਰੋਜ਼ਾਨਾ ਉਹਨਾਂ ਜੂਆਂ ਘਰਾਂ 'ਚ ਏਨੀ ਵੱਡੀ ਰਕਮ ਦੇ ਜੂਏ ਖੇਡੇ ਜਾਂਦੇ ਹਨ ਜਿਹਨਾਂ ਦੀ ਕਲਪਨਾ ਕਰਨੀ ਵੀ ਮੁਸ਼ਕਲ ਹੈ। ਸਵੇਰੇ ਦੁਨੀਆਂ ਦੇ ਇਕ ਭਾਗ 'ਚ ਖੇਡ ਸ਼ੁਰੂ ਹੁੰਦੀ ਹੈ ਅਤੇ ਰਾਤ ਹੁੰਦਿਆਂ ਦੀ ਖੇਡ ਦੁਨੀਆਂ ਦੇ ਦੂਜੇ ਹਿੱਸੇ 'ਚ ਤਬਦੀਲ ਹੋ ਜਾਂਦੀ ਹੈ। ਇਸ ਤਰ੍ਹਾਂ ਗੇਮ 24 ਘੰਟੇ ਜਾਰੀ ਰਹਿੰਦੀ ਹੈ। ਦੁਨੀਆਂ ਦੇ ਸਾਰੇ ਵੱਡੇ ਸ਼ਹਿਰਾਂ ਦੀਆਂ ਆਕਾਸ਼ ਛੂੰਹਦੀਆਂ ਇਮਾਰਤਾਂ 'ਚ ਸਥਿਤ ਦਫਤਰਾਂ ਦੇ ਕਮਰੇ ਸਿਗਰਟ ਤੇ ਸਿਗਰਟ ਪੀ ਰਹੇ ਅਜਿਹੇ ਨੌਜਵਾਨਾਂ ਨਾਲ ਭਰੇ ਹੁੰਦੇ ਹਨ ਜੋ ਇਸ ਖੇਡ 'ਚ ਹਰ ਵਕਤ ਰੁਝੇ ਹੁੰਦੇ ਹਨ। ਉਹਨਾਂ ਦੀਆਂ ਅੱਖਾਂ ਕੀਮਤਾਂ 'ਚ ਪਲ-ਪਲ ਦੇ ਉਤਰਾਅ-ਚੜ੍ਹਾਅ ਨੂੰ ਜਾਹਰ ਕਰ ਰਹੀਆਂ ਕੰਪਿਊਟਰਾਂ ਦੀਆਂ ਸਕਰੀਨਾਂ 'ਤੇ ਟਿੱਕੀਆਂ ਹਨ ਅਤੇ ਇਲੈਕਟ੍ਰਾਨਿਕ ਮਸ਼ੀਨਾਂ ਅਤੇ ਅੰਦਰ ਮਹਾਂਦੀਪੀ ਟੈਲੀਫੋਨਾਂ ਰਾਹੀਂ ਉਹ ਖੇਡ ਖੇਡ ਰਹੇ ਹਨ। ਇਹਨਾਂ ਤੇ ਉਹਨਾਂ ਜੂਇਆਂ 'ਚ ਕੋਈ ਫਰਕ ਨਹੀਂ ਹੈ। ਜਿਹਨਾਂ ਦੀਆਂ ਨਜ਼ਰਾਂ ਘੁੰਮਦੇ ਹੋਏ, ਪਹੀਏ ਦੇ ਸਿਲਵਰ ਬਾਲ 'ਤੇ ਟਿਕੀਆਂ ਹੁੰਦੀਆਂ ਹਨ। ਉਹ ਲਾਲ ਜਾਂ ਕਾਲਾ, ਸਮ ਵਿਸ਼ਮ ਆਦਿ 'ਤੇ ਆਪਣੀ ਡਿਸਕ ਸੁੱਟਦੇ ਰਹਿੰਦੇ ਹਨ।" ਸੱਟੇਬਾਜੀ ਦੀਆਂ ਵੱਖ-ਵੱਖ ਕਿਸਮਾਂ ਜੋ ਬਜ਼ਾਰ 'ਚ ਪ੍ਰਚਲਿਤ ਹਨ ਉਹਨਾਂ 'ਚੋਂ ਕੁਝ ਕੁਝ ਦਾ ਹੇਠਾਂ ਜ਼ਿਕਰ ਕੀਤਾ ਗਿਆ ਹੈ।

**ਵਸਤੂਆਂ 'ਚ ਸੱਟਾ** : (1) ਕਿਸਾਨ ਅਕਤੂਬਰ 'ਚ ਆਉਣ ਵਾਲੀ ਅਨਾਜ ਦੀ ਫਸਲ ਇਕ ਲੱਖ ਰੁਪਏ 'ਚ ਵੇਚਦਾ ਹੈ। ਹਰੇਕ ਸਥਿਤੀ 'ਚ ਕਿਸਾਨ ਨੂੰ ਇਕ ਲੱਖ ਰੁਪਏ ਹੀ ਮਿਲਣਗੇ। ਇਹ ਵਾਅਦੇ 'ਤੇ ਅਧਾਰਤ ਇਕ ਦਸਤਾਵੇਜ਼ ਕਿਸਾਨ ਸੱਟੇਬਾਜ ਨੂੰ ਦੇ ਦੇਵੇਗਾ ਕਿ ਅਕਤੂਬਰ 'ਚ ਕਿਸਾਨ ਨੂੰ ਇਕ ਲੱਖ ਰੁਪਏ ਮਿਲਣਗੇ ਤੇ ਦਸਤਾਵੇਜ ਦੇ ਮਾਲਕ ਦੇ ਫਸਲ ਸੁਪਰਦ ਕਰਨੀ ਹੋਵੇਗੀ।

(2) ਅਪ੍ਰੈਲ 'ਚ ਹੀ ਸੱਟੇਬਾਜ ਇਹ ਦਸਤਾਵੇਜ਼ ਲੈ ਕੇ ਮੁੰਬਈ ਜਿਣਸ ਤਬਦੀਲੀ ਪਹੁੰਚਦਾ ਹੈ। ਉਥੇ ਉਹ ਫਸਲ ਦੀ ਤਾਰੀਫ ਕਰਕੇ ਅਤੇ ਵੱਧ ਆਮਦਨੀ ਦੀ ਉਮੀਦ ਕਰਕੇ ਉਸ ਦਸਤਾਵੇਜ ਨੂੰ 1.50 ਲੱਖ ਰੁਪਏ 'ਚ ਵੇਚ ਦਿੰਦਾ ਹੈ।

(3) ਅਪ੍ਰੈਲ ਤੋਂ ਅਕਤੂਬਰ ਤਕ ਇਸ ਦੌਰਾਨ ਇਹ ਦਸਤਾਵੇਜ ਵੱਖ-ਵੱਖ ਸੱਟੇਬਾਜਾਂ ਵਿਚਾਲੇ ਵਿਕਦੇ ਰਹਿੰਦਾ ਹੈ। ਮੁੱਲ ਅੱਛਾ ਆਉਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ ਤਾਂ ਦਸਤਾਵੇਜ ਦੀ ਕੀਮਤ ਵਧ ਜਾਂਦੀ ਹੈ ਅਤੇ ਜਦ ਮੁੱਲ ਦੀਆਂ

ਸੰਭਾਵਨਾਵਾਂ ਘੱਟ ਹੁੰਦੀਆਂ ਹਨ ਤਾਂ ਕੀਮਤ ਵੀ ਘੱਟ ਜਾਂਦੀ ਹੈ। ਸੱਟੇਬਾਜ ਬਣਾਉਟੀ ਤਰੀਕਿਆਂ ਨਾਲ ਭਾਅ ਵਧਾਉਣ ਦੀ ਕੋਸ਼ਿਸ਼ ਕਰਦੇ ਹਨ।

(4) ਅਕਤੂਬਰ ਪਿਛੋਂ ਖਪਤਕਾਰਾਂ ਨੂੰ ਅਨਾਜ ਤਿੰਨ ਲੱਖ ਤੋਂ ਵੀ ਵੱਧ ਕੀਮਤ ਆਵਾਜਾਈ ਦੇ ਖਰਚੇ, ਥੋਕ ਤੇ ਫੁਟਕਲ ਵਪਾਰੀਆਂ ਦਾ ਲਾਭ (ਮਲਾ ਕੇ) 'ਚ ਮਿਲਦਾ ਹੈ। ਕਿਸਾਨ ਨੂੰ ਇਕ ਲੱਖ ਮਿਲਿਆ, ਇਸ ਲਈ ਉਹ ਨੁਕਸਾਨ 'ਚ ਰਿਹਾ, ਖਪਤਕਾਰ ਤਿੰਨ ਲੱਖ ਤੋਂ ਵੱਧ ਮੁਲ ਦੇ ਰਹੇ ਹਨ, ਉਹ ਵੀ ਨੁਕਸਾਨ 'ਚ ਰਹੇ। ਸਾਰਾ ਲਾਭ ਵਿਚ ਦੇ ਸੱਟੇਬਾਜ ਲੈ ਜਾਂਦੇ ਹਨ।

**ਫਿਊਚਰ ਟ੍ਰੇਡ ਕੀ ਹੈ?** ਇਹ ਅਸਲ 'ਚ ਵਸਤੂਆਂ ਦੇ ਭਵਿੱਖ ਦਾ ਵਪਾਰ ਹੈ। ਇਕ ਕਿਸਾਨ ਜਿਸ ਦੀ ਫਸਲ ਜਨਵਰੀ 'ਚ ਹੋਣ ਦੀ ਆਸ ਹੈ, ਉਹ ਆਪਣੀ ਫਸਲ ਦਾ ਅਨੁਮਾਨ ਲਾ ਕੇ ਮਈ ਦੇ ਮਹੀਨੇ ਹੀ ਇਕ ਦਸਤਾਵੇਜ 'ਤੇ ਆਪਣੀ ਫਸਲ ਇਕ ਨਿਸ਼ਚਤ ਰਕਮ (ਮੰਨ ਲਓ ਇਕ ਲੱਖ ਰੁਪਏ) 'ਚ ਵੇਚਣ ਦਾ ਵਾਅਦਾ ਕਰਦਾ ਹੈ। ਇਸ ਤਰ੍ਹਾਂ ਫਸਲ ਤੇ ਉਸ ਦਾ ਮੁੱਲ ਤਹਿ ਪਾਉਂਦਾ ਹੈ। ਹੁਣ ਉਸ ਦੀ ਫਸਲ ਅੱਛੀ ਹੋਵੇ ਜਾਂ ਖਰਾਬ ਹਰ ਹਾਲਤ 'ਚ ਉਸ ਨੇ ਉਸ ਨੂੰ ਇਕ ਲੱਖ ਰੁਪਏ 'ਚ ਵੇਚਣਾ ਹੈ। ਇਸ ਦਸਤਾਵੇਜ ਨੂੰ ਲੈ ਕੇ ਸੱਟੇਬਾਜ ਭਾਵੀ ਬਾਜ਼ਾਰ 'ਚ ਅਗਸਤ ਤੋਂ ਜਨਵਰੀ ਤਕ ਸੱਟੇਬਾਜੀ ਕਰਦੇ ਹਨ ਤੇ ਦਸਤਾਵੇਜ ਵੱਖ-ਵੱਖ ਹੱਥਾਂ 'ਚੋਂ ਲੰਘਦਾ ਹੈ। ਪ੍ਰਚਾਰ ਆਦਿ ਦੀ ਵਰਤੋਂ ਕਰਦਿਆਂ ਬਣਾਉਟੀ ਤਰੀਕਿਆਂ ਨਾਲ ਦਸਤਾਵੇਜ ਦਾ ਮੁੱਲ ਵਧਾਇਆ ਜਾਂਦਾ ਹੈ। ਇਥੋਂ ਤੱਕ ਕਿ ਜਨਵਰੀ ਆਉਂਦੇ ਆਉਂਦੇ ਉਸ ਦਾ ਮੁੱਲ ਮੰਨ ਲਓ ਤਿੰਨ ਲੱਖ ਹੋ ਜਾਂਦਾ ਹੈ ਤੇ ਫਸਲ ਦੀ ਆਖਰੀ ਖਰੀਦਦਾਰ ਨੂੰ ਤਿੰਨ ਲੱਖ 'ਚ ਫਸਲ ਖਰੀਦਣੀ ਪੈਂਦੀ ਹੈ। ਇਸ ਤਰ੍ਹਾਂ ਫਸਲ ਪੈਦਾ ਕਰਨ ਵਾਲੇ ਨੂੰ ਸਿਰਫ਼ ਇਕ ਲੱਖ ਮਿਲੇ ਜਦ ਕਿ ਫਸਲ ਦੀ ਆਖਰੀ ਮੁੱਲ ਤਿੰਨ ਲੱਖ ਤਕ ਗਿਆ। ਇਸ ਤਰ੍ਹਾਂ ਖਪਤਕਾਰ ਨੂੰ ਬਹੁਤ ਮਹਿੰਗਾ ਮੁੱਲ ਦੇਣਾ ਪਿਆ। ਇਸ ਤਰ੍ਹਾਂ ਦਰ ਮਿਆਨੀ ਸੱਟੇਬਾਜੀ ਕਾਰਨ ਕੀਮਤ ਕਈ ਗੁਣਾ ਵੱਧ ਜਾਂਦੀ ਹੈ। ਪਿੱਛੇ ਸਾਲ ਤੇਲ ਦੀਆਂ ਕੀਮਤ 'ਚ ਅਸਧਾਰਨ ਉਛਾਲ ਆਇਆ। ਇਸ ਦਾ ਮੌਲਿਕ ਕਾਰਨ ਉਹਨਾਂ ਚੀਜ਼ਾਂ 'ਚ ਭਾਵੀ ਸੌਦੇ ਹਨ। ਤੇਲ ਤੇ ਹੋਣ ਵਾਲੀ ਰਾਜਨੀਤੀ ਤੇ ਸੰਘਰਸ਼ ਦੇ ਪ੍ਰਸਿੱਧ ਖੋਜੀ ਨੇ ਪਿਛੇ ਜਿਹੇ ਹੀ ਸਿੱਧ ਕੀਤਾ ਹੈ ਕਿ ਤੇਲ ਦੀਆਂ ਕੀਮਤਾਂ ਦਾ ਕੋਈ ਸਬੰਧ ਮੰਗ ਤੇ ਸਪਲਾਈ ਤੇ ਸੰਤੁਲਨ ਨਾਲ ਨਹੀਂ ਹੈ ਬਲਕਿ ਕੁਝ ਵੱਡੀਆਂ ਆਰਥਕ ਸੰਸਥਾਵਾਂ ਤੇ ਚਾਰ ਐਂਗਲੋ ਅਮਰੀਕਨ ਕੰਪਨੀਆਂ ਦੀ ਸੱਟੇਬਾਜੀ ਨਾਲ ਤੇਲ ਦੀਆਂ ਕੀਮਤਾਂ 'ਚ ਘਾਟਾਂ ਅਤੇ ਵਾਧਾ ਹੋ ਰਿਹਾ ਹੈ। ਸਾਡੇ ਦੇਸ਼ 'ਚ ਜ਼ਰੂਰੀ ਚੀਜ਼ਾਂ ਦੀ ਸੱਟੇਬਾਜੀ ਤੇ ਪਾਬੰਦੀ ਸੀ। 2003 'ਚ ਬੀ ਜੇ ਪੀ ਸਰਕਾਰ ਨੇ ਇਹ ਪਾਬੰਦੀ ਹਟਾ ਲਈ ਅਤੇ ਅਹਿਮਦਾਬਾਦ ਤੇ ਮੁੰਬਈ 'ਚ ਜਿਣਸ ਐਕਸਚੇਂਜ ਸਥਾਪਤ ਕੀਤੇ ਅਤੇ ਫਿਰ ਇਹ ਬਲਾਅ ਸਾਡੇ ਦੇਸ਼ ਵਿਚ ਵੀ ਆ ਗਈ।

**ਸ਼ੇਅਰ ਮਾਰਕਿਟ ਵਿਚ ਸੱਟਾ** :- ਸੱਟੇ ਦਾ ਦੂਜਾ ਮੋਰਚਾ ਸ਼ੇਅਰ ਮਾਰਕਿਟ ਹੈ ਜਿਥੇ ਬਜਾਏ ਲੰਮੇ ਸਮੇਂ ਦੇ ਅਰਸੇ ਦੇ ਨਿਵੇਸ਼ ਦੇ ਲੋਕ ਸਿਰਫ ਅੰਦਾਜ਼ਿਆਂ ਨਾਲ ਸ਼ੇਅਰ ਦੀਆਂ ਕੀਮਤਾਂ 'ਚ ਕਮੀ ਤੇ ਵਾਧੇ ਨਾਲ ਲਾਭ ਕਮਉਣ ਲਈ ਸ਼ੇਅਰ ਮਾਰਕਿਟ 'ਚ ਦਾਖਲ ਹੁੰਦੇ ਹਨ। ਇਹ ਲੋਕ ਵੀ ਵੱਖ-ਵੱਖ ਅਸਲੀ ਤੇ ਨਕਲੀ ਕਾਰਣਾਂ ਨਾਲ ਸ਼ੇਅਰਾਂ ਦੀਆਂ ਕੀਮਤਾਂ 'ਚ ਕਮੀ ਜਾਂ ਵਾਧਾ ਕਰਦੇ ਹਨ। ਬਹੁਤ ਸਾਰੇ ਲੋਕ ਕਿਸੇ ਸ਼ੇਅਰ

’ਤੇ ਕਬਜਾ ਕੀਤੇ ਬਿਨਾਂ ਦਿਨ ਭਰ ਸਿਰਫ ਭੁਗਤਾਨਾਂ ਨਾਲ ਖਾਨਾਪੂਰਤੀ ਕਰਦੇ ਰਹਿੰਦੇ ਹਨ ਅਤੇ ਸ਼ਾਮ ਨੂੰ ਕੁਝ ਲਾਭ ਲੈ ਕੇ ਚਲੇ ਜਾਂਦੇ ਹਨ। ਭਾਵ ਸਵੇਰੇ ਕਿਸੇ ਸ਼ੇਅਰ ਨੂੰ ਲੈ ਕੇ, ਜਿਸ ਦੀ ਕੀਮਤ ਵਧਣ ਵਾਲੀ ਹੈ, ਖਰੀਦਣ ਦਾ ਵਾਅਦਾ ਕਰ ਲਿਆ ਜਾਂਦਾ ਹੈ ਤੇ ਉਹ ਸ਼ੇਅਰ ਹਾਸਲ ਹੋਣ ਨਾਲ ਪਹਿਲਾਂ ਇਕ-ਦੋ ਘੰਟੇ ਬਾਅਦ ਜਦ ਉਸ ਦੀ ਕੀਮਤ ਵਧ ਜਾਂਦੀ ਹੈ ਤਾਂ ਉਸ ਨੂੰ ਵੇਚ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਕ ਪੈਸਾ ਖਰਚ ਕੀਤੇ ਬਿਨਾਂ ਤੇ ਕਿਸੇ ਚੀਜ਼ ਨੂੰ ਖਰੀਦੇ ਜਾਂ ਵੇਚੇ ਬਿਨਾਂ ਲਾਭ ਹਾਸਲ ਕਰ ਲਿਆ ਜਾਂਦਾ ਹੈ। ਸ਼ੇਅਰ ਮਾਰਕਿਟ ’ਚ ਸੱਟੇ ਦੀਆਂ ਵੱਖ ਵੱਖ ਕਿਸਮਾਂ ਹਨ। ਇਹਨਾਂ ’ਚ “ਡੇ ਟ੍ਰੇਡਿੰਗ’ (ਭਾਵ ਕਿਸੇ ਸ਼ੇਅਰ ਨੂੰ ਖਰੀਦਣਾ ਤੇ ਉਸ ਉਪਰ ਕਬਜਾ ਹਾਸਲ ਕਰਨ ਤੇ ਉਸ ਦੀ ਕੀਮਤ ਅਦਾ ਕਰਨ ਤੋਂ ਪਹਿਲਾਂ ਉਸੇ ਦਿਨ ਲਾਭ ’ਤ ਵੇਚ ਦੇਣਾ), ਸ਼ਾਰਟ ਸੇਲਿੰਗ, ਮਾਰਜਿਨ ਟ੍ਰੇਡਿੰਗ ਆਦਿ ਇਸ ਸੱਟੇਬਾਜੀ ਦੀਆਂ ਕੁਝ ਖੁੱਲ੍ਹੀਆਂ ਉਦਾਹਰਣਾਂ ਹਨ।

**ਕਰੰਸੀ ਮਾਰਕਿਟ ’ਚ ਸੱਟਾ** :- ਕਰੰਸੀ ਦੀ ਵਰਲਡ ਮਾਰਕਿਟ ’ਚ ਸੱਟੇਬਾਜੀ ਦਾ ਮਹੱਤਵਪੂਰਣਨ ਕੇਂਦਰ ਹੈ। ਵੱਖ-ਵੱਖ ਕਰੰਸੀਆਂ ਦੀਆਂ ਕੀਮਤਾਂ ’ਤੇ ਅਨੁਮਾਨ ਲਾਇਆ ਜਾਂਦਾ ਹੈ ਅਤੇ ਕਰੰਸੀਆਂ ਖਰੀਦੀਆਂ-ਵੇਚੀਆਂ ਜਾਂਦੀਆਂ ਹਨ। ਇਸ ਮਾਰਕਿਟ ਵਿਚ ਵੀ ਉਦੇਸ਼ ਕਿਸੇ ਦੇਸ਼ ਦੀ ਕਰੰਸੀ ਨੂੰ ਖਰੀਦਣਾ ਨਹੀਂ ਹੁੰਦਾ ਬਲਕਿ ਕਰੰਸੀਆਂ ਦੀਆਂ ਕੀਮਤਾਂ ’ਚ ਸੰਭਾਵਿਤ ਅੰਦਾਜ਼ਾ ਲਾ ਕੇ ਸੱਟੇਬਾਜੀ ਕਰਨਾ ਹੁੰਦਾ ਹੈ। ਸੱਟੇਬਾਜ ਸਿਰਫ ਅਨੁਮਾਨ ਹੀ ਨਹੀਂ ਲਾਉਂਦੇ ਬਲਕਿ ਆਪਣੇ ਅਨੁਮਾਨਾਂ ਮੁਤਾਬਕ ਕਰੰਸੀਆਂ ਦੇ ਉਤਰਾਅ-ਚੜ੍ਹਾਅ ਨੂੰ ਯਕੀਨੀ ਬਣਾਉਣ ਲਈ ਅਫਵਾਹਾਂ ਅਤੇ ਝੂਠੀਆਂ ਖਬਰਾਂ ਦਾ ਬਾਜ਼ਾਰ ਗਰਮ ਰੱਖਦੇ ਹਨ। ਦੇਸ਼ ਦੀਆਂ ਆਰਥਕ ਸਥਿਤੀਆਂ ਬਾਰੇ ਹੱਦ ਤੋਂ ਵੱਧ ਅੱਛੀਆਂ ਜਾਂ ਬੁਰੀਆਂ ਖਬਰਾਂ ਆਮ ਫੈਲਾਉਂਦੇ ਹਨ ਅਤੇ ਹੋਰ ਬਣਾਉਟੀ ਸਾਧਨਾਂ ਦੀ ਵਰਤੋਂ ਕਰਦਿਆਂ ਕਰੰਸੀਆਂ ਦੀਆਂ ਕੀਮਤਾਂ ’ਚ ਉਛਾਲ ਪੈਦਾ ਕਰਦੇ ਹਨ। 1990 ਈ. ’ਚ ਦੱਖਣੀ ਏਸ਼ੀਆਈ ਦੇਸ਼ਾਂ (ਮਲੇਸ਼ੀਆ, ਸਿੰਘਾਪੁਰ, ਥਾਈਲੈਂਡ) ’ਚ ਜੋ ਆਰਥਕ ਸੰਕਟ ਆਇਆ ਸੀ ਅਤੇ ਜਿਸ ਦੇ ਸਿੱਟੇ ਵਜੋਂ ਉਹਨਾਂ ਦੇਸ਼ ਦੀਆਂ ਤੇਜ਼ੀ ਨਾਲ ਵਿਕਾਸਸ਼ੀਲ ਆਰਥਕ ਸਥਿਤੀਆਂ ਅਚਾਨਕ ਹੇਠਲੇ ਪੱਧਰ ’ਤੇ ਪਹੁੰਚ ਗਈਆਂ ਸਨ ਉਹ ਕਿਸੇ ਕਰੰਸੀ ਦੀ ਸੱਟੇਬਾਜੀ ਦਾ ਸਿੱਟਾ ਸੀ। ਸੱਟੇਬਾਜਾਂ ਨੇ ਕੁਝ ਸਰਮਾਏਦਾਰਾਂ ਨੂੰ ਲਾਭ ਪਹੁੰਚਾਉਣ ਲਈ ਬਨਾਉਟੀ ਤਰੀਕਿਆਂ ਨਾਲ ਕਰੰਸੀ ਦੀਆਂ ਕੀਮਤਾਂ ਵਧਾਈਆਂ ਅਤੇ ਉਸੇ ਤੇਜ਼ੀ ਨਾਲ ਉਹਨਾਂ ਕੀਮਤਾਂ ਨੂੰ ਡੇਗਿਆ। ਸਿੱਟੇ ਵਜੋਂ ਏਸ਼ੀਅਨ ਟਾਈਗਰਸ ਕਹਾਉਣ ਵਾਲੇ ਇਹਨਾਂ ਦੇਸ਼ਾਂ ਦੀ ਆਰਥਕ ਸਥਿਤੀ ਇਕ ਦਮ ਬੈਠ ਗਈ। ਟਾਈਮ ਮੈਗਜੀਨ ਨੇ ਉਹਨਾਂ ਸੱਟੇਬਾਜਾਂ ਦੇ ਹੈਰਾਨਕੁੰਨ ਬਿਆਨਾਂ ਨੂੰ ਰਿਕਾਰਡ ਕੀਤਾ ਸੀ’ ਅਸੀਂ ਭੇੜੀਏ ਹਾਂ। ਅਸੀਂ ਕਮਜ਼ੋਰਾਂ ਨੂੰ ਖਤਮ ਕਰਦੇ ਹਾਂ ਤਾਂ ਕਿ ਰੇਵੜ ਦੀ ਸਿਹਤ ਬਚੀ ਰਹੇ।

ਸਬਪ੍ਰਾਈਮ ਕਰਾਈਸਸ ਦੇ ਕਾਰਨਾ ’ਚ ਵਿਆਜ ਦੇ ਨਾਲ-ਨਾਲ ਸੱਟੇਬਾਜੀ ਦੀ ਵੀ ਮਹੱਤਵਪੂਰਨ ਭੂਮਿਕਾ ਸੀ। ਜਿਵੇਂ ਕਿ ਦੱਸਿਆ ਜਾ ਚੁੱਕਿਆ ਹੈ ਕਿ ਗਰੀਬ ਕਰਜ਼ਦਾਰਾਂ ਨੂੰ ਜੋ ਕਰਜ਼ੇ ਦਿੱਤੇ ਗਏ ਸਨ ਉਹਨਾਂ ਕਰਜਿਆਂ ਨੂੰ ਹੋਰ ਚੀਜ਼ਾਂ ਦੇ ਨਾਲ ਮਿਲਾ ਕੇ ਸਿਕਿਊਰਟੀਜ਼ ’ਚ ਬਦਲ ਦਿੱਤਾ। ਇਹ ਸਕਿਊਰਟੀਆਂ ਐਮ ਬੀ ਸੀ ਅਤੇ ਸੀ ਡੀ ੳ ਵਜੋਂ ਬਾਜ਼ਾਰ ’ਚ ਵੇਚੀਆਂ ਗਈਆਂ ਤੇ ਉਹਨਾਂ ’ਤੇ ਇਕ ਲੰਮੇ ਅਰਸੇ

ਤੱਕ ਸੱਟੇਬਾਜੀ ਕੀਤੀ ਗਈ ਜਿਸ ਦੇ ਨਤੀਜ਼ਿਆਂ 'ਚ ਉਹਨਾਂ ਦੀਆਂ ਕੀਮਤਾਂ ਨਕਲੀ ਤੌਰ 'ਤੇ ਘੱਟ-ਵੱਧ ਹੋਣ ਲੱਗੀਆਂ ਅਤੇ ਜਦ ਕੀਮਤਾਂ ਅਚਾਨਕ ਘੱਟ ਹੋ ਗਈਆਂ ਤਾਂ ਪੂਰਾ ਅਰਥਚਾਰਾ ਬੈਠਣ ਲੱਗਿਆ। ਸੱਟੇਬਾਜ਼ਾਂ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ ਕਿ ਦੇਸ਼ ਦੇ ਧਨ ਦਾ ਬਹੁਤ ਵੱਡਾ ਹਿੱਸਾ ਅਸੀਂ ਪੈਦਾਵਾਰ ਦੇ ਕੰਮਾਂ 'ਚ ਲੱਗਣ ਦੀ ਬਜਾਏ ਸੱਟੇਬਾਜੀ 'ਚ ਲੱਗਦਾ ਹੈ। ਪੈਦਾਵਾਰ ਦੀਆਂ ਸਰਗਰਮੀਆਂ ਨਾਲ ਸਨਅਤੀ ਤੇ ਵਪਾਰਕ ਸਰਗਰਮੀਆਂ ਹੁੰਦੀਆਂ ਹਨ। ਭਾਵੇ ਕੋਈ ਵਸਤੂ ਬਣਾਉਟੀ ਜੋ ਉਦਯੋਗ ਰਾਹੀਂ ਹੁੰਦੀ ਹੈ ਜਾਂ ਬਣਾਈਆਂ ਗਈਆਂ ਵਸਤੂਆਂ ਨੂੰ ਖਪਤਕਾਰ ਤਕ ਪਹੁੰਚਾਉਣਾ ਜੋ ਵਪਾਰ ਰਾਹੀਂ ਹੁੰਦਾ ਹੈ। ਆਮ ਤੌਰ 'ਤੇ ਸਰਮਾਏਦਾਰਾਂ ਦੀ ਪੂੰਜੀ ਦਾ ਵੱਡਾ ਹਿੱਸਾ ਇਹਨਾਂ ਕੰਮਾਂ 'ਚ ਲੱਗ ਰਿਹਾ ਹੈ। ਇਹ ਸਰਗਰਮੀਆਂ ਸਮਾਜ ਲਈ ਲਾਭਦਾਇਕ ਹੁੰਦੀਆਂ ਹਨ। ਪੈਦਾਵਾਰ ਦੇ ਕੰਮਾਂ (ਵਪਾਰ ਜਾਂ ਉਦਯੋਗ) ਲਈ ਪੂੰਜੀ ਨੂੰ ਲੰਮੇ ਸਮੇਂ ਤੱਕ ਲਗਾਈ ਰੱਖਣਾ ਪੈਂਦਾ ਹੈ ਭਾਵ Long Term Caprital ਅਤੇ ਪੂੰਜੀਪਤੀ ਨੂੰ ਲਾਭ ਲਈ ਕੁਝ ਸਮੇਂ ਤਕ ਸਬਰ ਕਰਨਾ ਪੈਂਦਾ ਹੈ ਜਦ ਕਿ ਸੱਟੇਬਾਜੀ ਇਕ ਥੋੜ੍ਹੇ ਸਮੇਂ ਦਾ ਕੰਮ ਹੁੰਦਾ ਹੈ। ਉਸ 'ਚ ਲਾਭ ਫੋਰਨ ਮਿਲਦਾ ਹੈ। ਇਸ ਲਈ ਬਹੁਤੇ ਪੂੰਜੀਪਤੀ ਆਪਣੀ ਪੂੰਜੀ ਨੂੰ ਸੱਟੇ ਵਿਚ ਲਾਉਣਾ ਚਾਹੁੰਦੇ ਹਨ। ਇਸ ਨਾਲ ਪੂੰਜੀ ਦਾ ਬਹੁਤ ਵੱਡਾ ਹਿੱਸਾ ਪੈਦਾਵਾਰ ਦੇ ਕੰਮਾਂ 'ਚੋਂ ਕੱਢਿਆ ਜਾਂਦਾ ਹੈ। ਸਿੱਟੇ ਵਜੋਂ ਪੈਦਾਵਾਰ ਘਟ ਜਾਂਦੀ ਹੈ। ਪੈਦਾਵਾਰ ਦੇ ਕੰਮ ਸਰਮਾਏਦਾਰ ਦੇ ਨਾਲ ਨਾਲ ਆਬਾਦੀ ਦੇ ਵੱਡੇ ਹਿੱਸੇ ਨੂੰ ਵੀ ਫਾਇਦਾ ਦਿੰਦੇ ਹਨ। ਪੈਦਾਵਾਰ ਹੁੰਦੀ ਹੈ ਤਾਂ ਇਸ ਨਾਲ ਕੰਪਨੀਆਂ ਦੇ ਕਰਮਚਾਰੀ, ਮਜ਼ਦੂਰ, ਵਪਾਰੀ ਉਦਯੋਗ ਨਾਲ ਸਬੰਧਤ ਸਾਰੇ ਲਾਭ ਉਠਾਉਂਦੇ ਹਨ। ਜਦ ਪੈਸਾ ਪੈਦਾਵਾਰ ਦੇ ਕੰਮਾਂ 'ਚੋਂ ਹਟਦਾ ਹੈ ਤਾਂ ਇਸ ਨਾਲ ਸਿਰਫ ਇਕ ਸਰਮਾਏਦਾਰ ਨੂੰ ਫਾਇਦਾ ਹੁੰਦਾ ਹੈ ਅਤੇ ਸਿਰਫ ਪੈਸੇ ਵਾਲਿਆਂ ਦਰਮਿਆਨ ਲੈਣ-ਦੇਣ ਹੁੰਦਾ ਰਹਿੰਦਾ ਹੈ। ਇਸ ਨਾਲ ਆਮ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ। ਬਲਕਿ ਰੁਜ਼ਗਾਰ ਦੇ ਮੌਕੇ ਘੱਟ ਹੋ ਜਾਣ ਨਾਲ ਬੇਰੁਜ਼ਗਾਰੀ ਤੇ ਗਰੀਬੀ ਵਧਦੀ ਹੈ। ਜਿਵੇਂ ਕਿ ਕਿਹਾ ਗਿਆ ਹੈ ਕਿ ਇਸ ਸਮੇਂ ਹਾਲਾਤ ਇਹ ਹਨ ਕਿ ਕੁਲ ਕਾਰੋਬਾਰ ਦਾ ਸਿਰਫ 2 ਤੋਂ 3 ਫੀਸਦੀ ਅਸਲੀ ਉਦਯੋਗ ਤੇ ਵਪਾਰ 'ਚ ਲੱਗਿਆ ਹੈ ਜਦ ਕਿ ਸੱਟੇਬਾਜੀ ਦਾ ਖੇਤਰ 98 ਫੀਸਦੀ ਹੈ। ਸੱਟੇਬਾਜੀ ਕੀਮਤਾਂ ਨੂੰ ਅਸਧਾਰਨ ਵਾਧੇ ਦਾ ਕਾਰਨ ਬਣਦੀ ਹੈ। ਇਸ ਵਾਧੇ ਨਾਲ ਪੈਦਾਵਾਰ ਕਰਨ ਵਾਲਿਆਂ ਨੂੰ ਕੋਈ ਫਾਇਦਾ ਨਹੀਂ ਹੁੰਦਾ ਬਲਕਿ ਵਿਚਕਾਰ ਦੇ ਸੱਟੇਬਾਜ ਸਾਰਾ ਲਾਭ ਲੁੱਟ ਲੈਂਦੇ ਹਨ। ਇਸ ਪ੍ਰਕਾਰ ਚੀਜ਼ਾਂ ਦੇ ਉਤਪਾਦਕ ਤੇ ਵਸਤੂਆਂ ਦੇ ਖਪਤਕਾਰ ਦੋਨੋਂ ਵਰਗ ਨੁਕਸਾਨ 'ਚ ਰਹਿੰਦੇ ਹਨ। ਸੱਟੇਬਾਜੀ ਦਾ ਇਕ ਵੱਡਾ ਨੁਕਸਾਨ ਇਹ ਵੀ ਹੈ ਕਿ ਇਸ ਨਾਲ ਪੂਰੀ ਆਰਥਕ ਵਿਵਸਥਾ ਗੈਰ ਯਕੀਨੀ ਕੈਫਿਅਤ ਦਾ ਸ਼ਿਕਾਰ ਹੋ ਜਾਂਦੀ ਹੈ। ਪਲਾਂ 'ਚ ਆਰਥਕ ਸਥਿਤੀ ਕਿਤੋਂ ਤੋਂ ਕਿਤੇ ਪਹੁੰਚ ਜਾਂਦੀ ਹੈ। ਸਟਾਕ ਮਾਰਕਿਟ 'ਚ ਅਸੀਂ ਵੇਖਦੇ ਹਾਂ ਕਿ ਕਿਸੇ ਵੱਡੇ ਨੇਤਾ ਨੂੰ ਛਿੱਕ ਵੀ ਆ ਜਾਵੇ ਤਾਂ ਸੈਂਸੇਕਸ ਕਿਤੋਂ ਤੋਂ ਕਿਤੇ ਪਹੁੰਚ ਜਾਂਦਾ ਹੈ। ਸਪਸ਼ਟ ਹੈ ਕਿ ਛਿੱਕ ਆਉਣ ਨਾਲ ਕੰਪਨੀਆਂ ਦੇ ਅਸਲੀ ਲਾਭ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ ਪਰ ਸੱਟੇਬਾਜ਼ਾਂ ਦੀਆਂ ਆਸਾਂ-ਉਮੀਦਾਂ ਤੇ ਸ਼ੰਕੇ ਪੂਰੀ ਪ੍ਰਣਾਲੀ ਨੂੰ ਬੇਹੱਦ ਸੰਵੇਦਨਸ਼ੀਲ ਬਣਾ ਦਿੰਦੇ ਹਨ। ਮੁੱਲਾਂ 'ਚ ਇਹ ਗੈਰ ਯਕੀਨੀ ਤਬਦੀਲੀਆਂ ਇਕ ਗਰੀਬ ਨਿਵੇਸ਼ਕ ਲਈ ਬੇਹੱਦ ਦੁਖਦਾਈ ਹੁੰਦੀਆਂ ਹਨ। ਇਕ ਆਦਮੀ ਜਿਸ ਨੇ ਆਪਣੀ ਜੀਵਨ ਭਰ ਦੀ ਕਮਾਈ (ਪੂੰਜੀ)

ਸਟਾਕ ਮਾਰਕਿਟ 'ਚ ਲਾ ਰੱਖੀ ਹੈ। ਸੈਂਸੇਕਸ ਦੇ ਅਚਾਨਕ ਬਦਲਾਅ ਨਾਲ ਉਹ ਇਕ ਪਲ 'ਚ ਹੀ ਕੰਗਾਲ ਹੋ ਜਾਂਦਾ ਹੈ।

**ਸੱਟੇਬਾਜੀ ਦੇ ਵੱਖ-ਵੱਖ ਢੰਗ-ਤਰੀਕੇ :-**

ਫਿਊਚਰ ਜਾਂ ਫਾਰਵਰਡ – ਇਸ ਵਾਅਦੇ ਦੇ ਤਹਿਤ ਕਿਸੇ ਜਾਇਦਾਦ (ਕੋਈ ਵਸਤੂ, ਕਰੰਸੀ ਜਾਂ ਸ਼ੇਅਰ ਆਦਿ) ਨੂੰ ਭਵਿੱਖੀ ਨਿਸ਼ਚਤ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ, ਅੱਜ ਦੀ ਨਿਸ਼ਚਤ ਹੋਈ ਕੀਮਤ 'ਚ ਵੇਚਿਆ ਜਾਂਦਾ ਹੈ।

ਅਪਸ਼ਨ – ਫਿਊਚਰ ਅਤੇ ਇਸ 'ਚ ਇਹ ਫਰਕ ਹੁੰਦਾ ਹੈ ਕਿ ਇਸ 'ਚ ਖਰੀਦਣ ਵਾਲੇ ਲਈ ਖਰੀਦਣਾ ਜ਼ਰੂਰੀ ਨਹੀਂ ਹੁੰਦਾ ਪਰ ਜੇ ਉਹ ਖਰੀਦਣਾ ਚਾਹੇ ਤਾਂ ਭਵਿਖ 'ਚ ਉਸ ਨੂੰ ਅੱਜ ਦੀ ਦਰ 'ਤੇ ਖਰੀਦ ਸਕਦਾ ਹੈ ਅਤੇ ਉਸ ਨੂੰ ਅੱਜ ਦੀ ਤਹਿ ਕੀਤੀ ਕੀਮਤ 'ਤੇ ਉਪਰੋਕਿਤ ਸਮਗਰੀ ਦੀ ਵਿਕਰੀ ਕਰਨੀ ਲਾਜ਼ਮੀ ਹੋ ਜਾਂਦੀ ਹੈ। ਮਿਸਾਲ ਵਜੋਂ (ੳ),(ਅ) ਨੂੰ ਕੋਈ ਵਸਤੂ ਇਕ ਹਜ਼ਾਰ ਰੁਪਏ 'ਚ ਤਿੰਨ ਮਹੀਨੇ ਬਾਅਦ ਸਪੁਰਦ ਕਰਨ ਦਾ ਵਾਅਦਾ ਕਰਦਾ ਹੈ। (ਅ) ਲਈ ਤਿੰਨ ਮਹੀਨੇ ਬਾਅਦ ਇਹ ਵਸਤੂ ਖਰੀਦਣੀ ਲਾਜ਼ਮੀ ਨਹੀਂ ਹੈ। ਪਰ ਜੇ (ਅ) ਖਰੀਦਣਾ ਚਾਹੇ ਤਾਂ (ੳ) ਨੂੰ ਉਪਰੋਕਿਤ ਵਸਤੂ ਉਸ ਦੇ ਸਪੁਰਦ ਕਰਨੀ ਪਵੇਗੀ ਅਤੇ ਉਸ ਵਕਤ ਉਸ ਵਸਤੂ ਦੀ ਕੀਮਤ ਚਾਹੇ ਜੋ ਮਰਜ਼ੀ ਹੋਵੇ, ਵਸਤੂ ਦੇ ਵਿਕ੍ਰੇਤਾ (ੳ) ਨੂੰ ਇਕ ਹਜ਼ਾਰ ਰੁਪਏ ਹੀ ਮਿਲਣਗੇ। ਇਸ ਤਰ੍ਹਾਂ ਵਿਕਲਪ Option ਤੇ Put Option ਦਾ ਵੀ ਹੋ ਸਕਦਾ ਹੈ। ਇਸ 'ਚ ਵਸਤੂ ਦੇ ਵਿਕ੍ਰੇਤਾ ਨੂੰ ਵਸਤੂ ਦਾ Put Option ਕਰਨਾ ਲਾਜ਼ਮੀ ਨਹੀਂ ਹੁੰਦਾ ਪਰ ਜੇ ਉਹ ਕਰਨਾ ਚਾਹੇ ਤਾ ਅੱਜ ਵੀ ਨਿਸ਼ਚਤ ਹੋਈ ਕੀਮਤ 'ਤੇ ਦੂਜੀ ਪਾਰਟੀ ਨੂੰ ਖਰੀਦਣਾ ਲਾਜ਼ਮੀ ਹੋ ਜਾਂਦਾ ਹੈ।

ਸਵਾਪਸ – ਕਿਸੇ ਕਰੰਸੀ, ਵਸਤੂ (ਜਿਣਸ), ਸ਼ੇਅਰ ਬਾਂਡ ਆਦਿ ਦੇ ਮੁੱਲ 'ਚ ਘਟਣ ਜਾਂ ਵਧਣ ਦੇ ਅਧਾਰ 'ਤੇ ਦੋ ਪਾਰਟੀਆਂ ਕਿਸੇ ਨਿਸ਼ਚਤ ਤਰੀਕ ਨੂੰ ਨਕਦ ਰਕਮ ਦੇ ਵਟਾਂਦਰੇ ਦਾ ਸਮਝੌਤਾ ਕਰਦੀਆਂ ਹਨ।

ਮਿਸਾਲ – ੳ ਅਤੇ ਅ ਵਿਚਾਲੇ ਇਹ ਸਮਝੌਤਾ ਹੁੰਦਾ ਹੈ ਕਿ ਤੇਲ ਦੀ ਅੱਜ ਦੀ ਕਿਸਮ ਤੇ ਤਿੰਨ ਮਹੀਨੇ ਬਾਅਦ ਦੀ ਕੀਮਤ 'ਚ ਅੰਤਰ ਨੂੰ ੳ–ਅ ਨੂੰ ਅਦਾ ਕਰੇਗਾ। ਇਸ ਤਰ੍ਹਾਂ ਜੇ ਤੇਲ ਦੀ ਕੀਮਤ 'ਚ 1000 ਡਾਲਰ ਦਾ ਵਾਧਾ ਹੁੰਦਾ ਹੈ ਤਾਂ ੳ, ਅ ਨੂੰ 1000 ਡਾਲਰ ਦਾ ਭੁਗਤਾਨ ਕਰਦਾ ਹੈ ਅਤੇ ਜੇ 500 ਡਾਲਰ ਦੀ ਕਮੀ ਆਉਂਦੀ ਹੈ ਤਾਂ ਅ, ੳ ਨੂੰ 500 ਡਾਲਰ ਵਾਪਸ ਕਰਦਾ ਹੈ।

ਸਟਾਕ ਮਾਰਕਿਟ 'ਚ ਸੱਟੇਬਾਜੀ ਦੇ ਤਰੀਕੇ

ਸ਼ਾਰਟ ਸੇਲਿੰਗ – ਜੇ ਸੱਟੇਬਾਜ ਕਿਸੇ ਸ਼ੇਅਰ ਬਾਰੇ ਇਹ ਸਮਝੇ ਕਿ ਉਸ ਦੀ ਕੀਮਤ ਡਿਗਣ ਵਾਲੀ ਹੈ ਤਾਂ ਉਸ ਨੂੰ ਉਹ ਉਧਾਰ ਲੈ ਕੇ ਵੇਚ ਦਿੰਦਾ ਹੈ ਅਤੇ ਕੀਮਤ ਘੱਟ ਹੋਣ ਤੇ ਘੱਟ ਕੀਮਤ 'ਚ ਖਰੀਦ ਕੇ ਵਾਪਸ ਕਰ ਦਿੰਦਾ ਹੈ। ਇਸ ਤਰ੍ਹਾਂ ਕੀਮਤਾਂ ਦੇ ਫਰਕ ਬਿਨਾਂ ਕਿਸ ਪੂੰਜੀ ਦੇ ਲਾਭ ਹਾਸਲ ਕਰ ਲੈਂਦਾ ਹੈ।

ਡੇ–ਟ੍ਰੇਡਿੰਗ – ਕਿਉਂਕਿ ਸ਼ਾਮ ਹੋਣ 'ਤੇ ਸ਼ੇਅਰਾਂ ਦੀਆਂ ਮਾਲਕੀਆਂ ਤਬਦੀਲ ਹੁੰਦੀਆਂ ਹਨ, ਇਸ ਲਈ ਸੱਟੇਬਾਜ ਦਿਨ ਭਰ ਸ਼ੇਅਰਾਂ ਦਾ ਇਸ ਤਰ੍ਹਾਂ ਲੈਣ–ਦੇਣ ਕਰਦੇ ਹਨ ਕਿ ਉਹਨਾਂ ਨੂੰ ਇਕ ਪੈਸਾ ਵੀ ਖਰਚ ਨਹੀਂ ਕਰਨਾ ਪੈਂਦਾ ਅਤੇ ਸ਼ਾਮ ਹੋਣ 'ਤੋਂ ਪਹਿਲਾਂ ਖਰੀਦੇ ਸ਼ੇਅਰਾਂ ਨੂੰ ਵੇਚ ਕੇ ਸਿਰਫ ਕੰਪਿਊਟਰ ਦੀ ਖਾਨਾਪੂਰਤੀ ਨਾਲ

ਲਾਭ ਕਮਾ ਕੇ ਚਲੇ ਜਾਂਦੇ ਹਨ। ਮਿਸਾਲ ਵਜੋਂ ਸਵੇਰੇ ਸ਼ੇਅਰ ਦੀ ਕੀਮਤ 370 ਸੀ, ਉਹ ਉਸ ਨੂੰ ਖਰੀਦ ਲੈਂਦੇ ਹਨ (ਭਾਵ ਸਿਰਫ ਖਰੀਦਣ ਦਾ ਵਾਅਦਾ ਕਰਦੇ ਹਨ ਇਸ ਲਈ ਕਿ ਕੀਮਤ ਦਾ ਭੁਗਤਾਨ ਤੇ ਕਬਜੇ ਦੀ ਤਬਦੀਲੀ ਤਾਂ ਸ਼ਾਮਲ ਨੂੰ ਹੁੰਦੀ ਹੈ। ਕੁਝ ਦੇਰ ਪਿਛੋਂ ਸ਼ੇਅਰ ਦੀ ਕੀਮਤ 380 ਹੋ ਜਾਂਦੀ ਹੈ ਤਾਂ ਉਸ ਨੂੰ ਵੇਚ ਦਿੰਦੇ ਹਨ। 380 ਦਾ ਇਕ ਹੋਰ ਸ਼ੇਅਰ ਖਰੀਦਦੇ ਹਨ ਕੁਝ ਦੇਰ ਪਿੱਛੋਂ 400 'ਚ ਵੇਚ ਦਿੰਦੇ ਹਨ। ਇਸ ਤਰ੍ਹਾਂ ਸ਼ਾਮ ਹੋਣ ਤੋਂ ਪਹਿਲਾਂ ਸਾਰੇ ਸ਼ੇਅਰ ਵੇਚ ਕੇ ਇਕ ਪੈਸਾ ਖਰਚੇ ਬਿਨਾਂ ਅਤੇ ਕੋਈ ਸ਼ੇਅਰ ਲਏ ਬਿਨਾਂ ਕੇਵਲ ਸੱਟੇਬਾਜੀ ਦਾ ਲਾਭ ਲੈ ਕੇ ਚਲੇ ਜਾਂਦੇ ਹਨ।)

ਮਾਰਜਿਨ ਟਰੇਡਿੰਗ – ਸੱਟੇਬਾਜ ਬ੍ਰੋਕਰਾਂ ਤੋਂ ਸ਼ੇਅਰ ਵਿਆਜ 'ਤੇ ਉਧਾਰ ਲੈਂਦਾ ਹੈ ਤੇ ਦਿਨ ਭਰ ਉਸ ਦੀ ਟਰੇਡਿੰਗ ਕਰਕੇ ਲਾਭ ਹੋਣ ਦੀ ਸਥਿਤੀ 'ਚ ਕੀਮਤ ਵਿਆਜ ਵਾਪਸ ਕਰਕੇ ਲਾਭ ਲੈ ਕੇ ਚਲਾ ਜਾਂਦਾ ਹੈ।

# ਆਰਥਕ ਲੁੱਟ ਤੇ ਪੂੰਜੀ ਦਾ ਆਪਸੀ ਸੰਬੰਧ

ਸਾਮਰਾਜੀ ਪੂੰਜੀ ਦਾ ਮੁੱਖ ਮੁੱਦਾ ਸੰਸਾਰ ਦੇ ਪੈਦਾਵਾਰੀ ਸਾਧਨਾਂ 'ਤੇ ਕਬਜਾ ਕਰਨਾ ਹੁੰਦਾ ਹੈ ਅਤੇ ਆਰਥਕ ਸ਼ਕਤੀ ਨਾਲ ਦੁਨੀਆਂ ਨੂੰ ਗੁਲਾਮ ਬਣਾਉਣਾ ਹੁੰਦਾ ਹੈ। ਇਸ ਖਾਤਰ ਸਾਮਰਾਜ ਵੱਖ-ਵੱਖ ਢੰਗ ਅਪਣਾਉਂਦਾ ਹੈ। ਰਾਜਸੀ ਮੋਰਚੇ 'ਤੇ ਉਹ ਵੱਖ ਵੱਖ ਦੇਸ਼ਾਂ 'ਚ ਆਪਣੇ ਪਿੱਠੂ ਹਾਕਮਾਂ ਜਾਂ ਦਲਾਲਾਂ ਨੂੰ ਥੋਪਦਾ ਹੈ। ਸਥਾਨਕ ਕਾਰੋਬਾਰ ਨੂੰ ਤਬਾਹ ਕਰਕੇ ਵੱਡੀਆਂ ਕੰਪਨੀਆਂ ਤੇ ਸਰਮਾਏਦਾਰਾਂ ਲਈ ਰਾਹ ਪੱਧਰਾ ਕਰਦਾ ਹੈ। ਕੁਦਰਤੀ ਸਾਧਨਾਂ ਦੀ ਲੁੱਟ ਕਰਦਾ ਹੈ। ਕਬੀਲਿਆਂ, ਆਦਿਵਾਸੀਆਂ ਤੇ ਸਥਾਨਕ ਅਬਾਦੀ ਨੂੰ ਉਹਨਾਂ ਦੀ ਜ਼ਮੀਨ ਤੋਂ ਬੇਦਖਲ ਕਰਦਾ ਹੈ ਜੋ ਲੋਕ ਜਾਂ ਦੇਸ਼ ਸਾਮਰਾਜ ਦੇ ਇਸ ਰਾਹ 'ਚ ਰੋੜਾ ਬਣਦੇ ਹਨ, ਉਹਨਾਂ ਉਪਰ ਫੌਜੀ ਕਾਰਵਾਈ ਕਰਦਾ ਹੈ ਅਤੇ ਫੌਜੀ ਤਾਕਤ ਨਾਲ ਉਹਨਾਂ ਨੂੰ ਤਬਾਹ ਤੇ ਤਹਿਤ ਨਹਿਸ ਕਰਦਾ ਹੈ। ਪਰ ਸਾਮਰਾਜ ਦਾ ਮੁੱਖ ਟੀਚਾ ਸਾਧਨਾਂ ਅਤੇ ਜਾਇਦਾਦ ਉਪਰ ਕਬਜਾ ਕਰਨਾ ਹੁੰਦਾ ਹੈ। ਰਾਜਸੀ, ਸਮਾਜਕ, ਸਭਿਆਚਾਰਕ ਤਰੀਕੇ ਇਸ ਮਕਸਦ ਦੀ ਪੂਰਤੀ ਲਈ ਵਰਤੇ ਜਾਂਦੇ ਹਨ। ਇਸ ਲੇਖ ਦਾ ਮਕਸਦ ਪੂੰਜੀਵਾਦੀ ਸਾਮਰਾਜ ਦੇ ਉਹਨਾਂ ਤਰੀਕਿਆਂ 'ਤੇ ਵਿਚਾਰ ਕਰਨਾ ਹੈ ਜੋ ਉਹ ਆਰਥਕ ਲੜਾਈ 'ਚ ਅਪਣਾਉਂਦਾ ਹੈ। ਇਹ ਪੂੰਜੀਵਾਦੀ ਸਾਮਰਾਜ ਦੇ ਆਰਥਕ ਹੱਥਕੰਡੇ ਹੀ ਹਨ ਜੋ ਮੌਜੂਦਾ ਵਿਸ਼ਵੀ ਆਰਥਕ ਸੰਕਟ ਦਾ ਕਾਰਣ ਬਣੇ। ਇਸ ਸੰਕਟ ਨੇ ਦੁਨੀਆਂ 'ਚ ਹਰੇਕ ਨੂੰ ਪ੍ਰਭਾਵਿਤ ਕੀਤਾ ਪਰ ਖਾਸ ਕਰਕੇ ਸੰਸਾਰ ਦੇ ਗਰੀਬ ਲੋਕਾਂ 'ਤੇ ਇਸ ਦਾ ਬਹੁਤ ਡੂੰਘਾ ਅਸਰ ਪਿਆ। ਵਿਆਜ ਤੇ ਸੱਟੇਬਾਜੀ ਪੂੰਜੀਵਾਦੀ ਅਰਥਕ ਪ੍ਰਬੰਦ ਦੇ ਦੋ ਵਿਸ਼ੇਸ਼ ਜਾਂ ਅਹਿਮ ਅਧਾਰ ਹਨ। ਇਹਨਾਂ ਦੋਹਾਂ ਰਾਹੀਂ ਸਾਮਰਾਜ ਨੂੰ ਮੌਕਾ ਮਿਲਦਾ ਹੈ ਕਿ ਉਹ ਵਿਸ਼ਵੀ ਸਾਧਨਾਂ 'ਤੇ ਕੰਟਰੋਲ ਹਾਸਲ ਕਰਨ। ਵਿਸ਼ਵੀ ਆਰਥਕ ਤਬਦੀਲੀ ਤੇ ਆਵਾਜਾਈ ਨੂੰ ਆਪਣੀ ਮਰਜ਼ੀ ਅਤੇ ਲੋੜ ਅਨੁਸਾਰ ਕੰਟਰੋਲ ਕਰੇ। ਬਾਜ਼ਾਰਾਂ 'ਤੇ ਅਸਰ ਅੰਦਾਜ ਹੋਵੇ ਅਤੇ ਗਲਬਾ ਹਾਸਲ ਕਰੇ ਅਤੇ ਦੁਨੀਆਂ ਦੀ ਜਾਇਦਾਦ ਨੂੰ ਸਮੇਟਦੇ ਹੋਏ ਕੁਝ ਹੱਥਾਂ 'ਚ ਕੇਂਦਰਿਤ ਕਰ ਦੇਵੇ। ਵਿਆਜ ਅਤੇ ਜੂਏ ਰਾਹੀਂ ਵਿਸ਼ਵੀ ਆਰਥਕ ਵਿਵਸਥਾ ਅਸਥਿਰਤਾ ਦਾ ਸ਼ਿਕਾਰ ਹੋ ਜਾਂਦੀ ਹੈ। ਪੂੰਜੀਵਾਦੀ ਇਸ ਅਸਥਿਰਤਾ ਦਾ ਫਾਇਦਾ ਉਠਾਉਂਦਾ ਹੈ। ਵਿਆਜ ਅਤੇ ਜੂਏ ਤੋਂ ਇਲਾਵਾ ਵਿਸ਼ਵੀ ਆਰਥਕ ਸਾਧਨ (ਜੋ ਵਿਸ਼ਵੀ ਆਰਥਕ ਵਿਵਸਥਾ ਦਾ ਮਹੱਤਵਪੂਰਨ ਅੰਗ ਹਨ) ਵੀ ਪੂੰਜੀਵਾਦੀ ਸਾਮਰਾਜ ਦੇ ਲਈ ਆਪਣੇ ਮਕਸਦ ਦੀ ਪੂਰਤੀ ਦੇ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਸਾਧਨ ਹਨ। ਉਹਨਾਂ ਸਾਧਨਾਂ ਦੀ ਵਰਤੋਂ ਕਰਦਿਆਂ ਐਸੀਆਂ ਨੀਤੀਆਂ ਦੁਨੀਆਂ 'ਤੇ ਅਤੇ ਖਾਸ ਕਰਕੇ ਤੀਜੀ ਦੁਨੀਆਂ ਨਾਲ ਸਬੰਧਤ ਗਰੀਬ ਦੇਸ਼ਾਂ 'ਤੇ ਠੋਸਦਾ ਹੈ। ਜਿਸ ਦੇ ਸਿੱਟੇ ਵਜੋਂ ਉਸ ਲਈ ਆਪਣੇ ਏਜੰਡੇ ਨੂੰ ਪੂਰਾ ਕਰਨਾ ਸੌਖਾ ਹੋ ਜਾਂਦਾ ਹੈ।

ਵਿਆਜ ਪੂੰਜੀਵਾਦੀ ਪ੍ਰਬੰਧ ਦਾ ਮਹੱਤਵਪੂਰਨ ਅਧਾਰ ਹੈ। ਵਿਆਜ ਦੀਆਂ ਤਬਾਹਕਾਰੀਆਂ ਨੂੰ ਸਮਝਣ ਲਈ ਮੌਜੂਦਾ ਆਰਥਕ ਮੰਦੀ ਦੀ ਮਿਸਾਲ ਹੀ ਕਾਫੀ ਹੈ। ਹੁਣ ਆਰਥਕ ਸੰਕਟ ਦੇ ਵਿਸਲੇਸ਼ਕਾਂ ਇਸ ਗੱਲ 'ਤੇ ਇਕ ਮੱਤ ਹਨ ਕਿ ਇਸ ਦੀ ਸ਼ੁਰੂਆਤ ਉਹ ਕਰਜਾ ਹੈ ਜੋ ਵਿਆਜ 'ਤੇ ਦਿੱਤਾ ਜਾਂਦਾ ਹੈ। ਵਿਆਜ 'ਤੇ ਅਧਾਰਤ ਪ੍ਰਣਾਲੀ ਸਭ ਤੋਂ ਪਹਿਲਾਂ ਫਜ਼ੂਲ ਖਰਚੀ ਕਰਨ ਅਤੇ ਲੋੜੋ ਵੱਧ ਖਪਤ ਕਰਨ ਦਾ ਸੁਭਾਅ ਬਣਾਉਂਦੀ ਹੈ। ਜਦੋਂ ਲੋਕ ਆਪਣੀ ਸਾਰੀ ਪੂੰਜੀ ਖਰਚ ਕਰ ਦਿੰਦੇ ਹਨ ਉਸ

ਪਿੱਛੋਂ ਹੀ ਵਿਆਜ ਖਾਣ ਵਾਲਿਆਂ ਦਾ ਕਾਰੋਬਾਰ ਸ਼ੁਰੂ ਹੁੰਦਾ ਹੈ। ਸੂਦੀ ਕਾਰੋਬਾਰ ਦੀ ਉਨਤੀ ਲਈ ਇਹ ਜ਼ਰੂਰੀ ਸ਼ਰਤ ਹੈ ਕਿ ਲੋਕ ਆਪਣੀ ਆਮਦਨ ਤੋਂ ਵੱਧ ਖਰਚ ਕਰਨ ਇਸ ਲਈ ਵਿਆਜ ਪ੍ਰਣਾਲੀ ਲੋਕਾਂ ਨੂੰ ਆਮਦਨ ਤੋਂ ਵੱਧ ਭੋਗ-ਵਿਲਾਸ ਦੀ ਪ੍ਰੇਰਣਾ ਦਿੰਦੀ ਹੈ। ਇਸ਼ਤਿਹਾਰਬਾਜੀ ਦੀ ਚਕਾਚੌਂਧ ਕਰਕੇ ਲੋਕਾਂ ਨੂੰ ਵੱਧ ਤੋਂ ਵੱਧ ਐਸ਼ ਕਰਨ ਅਤੇ ਭੋਗ ਵਿਲਾਸ ਲਈ ਪ੍ਰੇਰਿਆ ਜਾਂਦਾ ਹੈ ਅਤੇ ਉਹਨਾਂ ਸਾਧਨਾਂ ਨੂੰ ਖਰੀਦਣ ਲਈ ਆਸਾਨ ਕਰਜੇ ਮੁਹੱਈਆ ਕਰਵਾਏ ਜਾਂਦੇ ਹਨ। ਕਰਜਿਆਂ ਦੇ ਭੁਗਤਾਨ ਲਈ ਹੋਰ ਵੱਧ ਕਰਜੇ ਦਾ ਪ੍ਰਸਤਾਅ ਹੁੰਦਾ ਹੈ। ਇਸ ਤਰ੍ਹਾਂ ਕਰਜੇ ਦੇ ਜਾਲ 'ਚ ਬੰਦੇ ਨੂੰ ਫਸਾ ਦਿੱਤਾ ਜਾਂਦਾ ਹੈ। ਪੂੰਜੀਵਾਦੀ ਵਿਵਸਥਾ ਦੇ ਸਭ ਤੋਂ ਵੱਡੇ ਕੇਂਦਰ ਅਮਰੀਕਾ ਵਿਚ ਘਰੇਲੂ ਕਰਜੇ 1970 ਤੋਂ ਹਰ ਸਾਲ ਵਧਦੇ ਰਹੇ ਇਥੋਂ ਤਕ ਕਿ ਮੌਜੂਦਾ ਆਰਥਕ ਮੰਦੀ ਪਿੱਛੋਂ 2009 ਈ. 'ਚ ਉਹਨਾਂ 'ਚ ਕਮੀ ਆਈ। 1975 'ਚ ਕੁਲ ਘਰੇਲੂ ਕਰਜਾ 743 ਬਿਲੀਅਨ ਡਾਲਰ ਸੀ ਜੋ ਕੁਲ ਆਮਦਨੀ ਦਾ 60% ਸੀ। 2000 'ਚ ਇਹ ਕਰਜਾ 7000 ਬਿਲੀਅਨ ਡਾਲਰ ਅਤੇ 2008 'ਚ 13794 ਬਿਲੀਅਨ ਡਾਲਰ ਹੋ ਗਿਆ। ਇਹ ਆਮਦਨ ਦਾ 134 ਫੀਸਦੀ ਸੀ। ਮਤਲਬ ਕਿ ਅਮਰੀਕੀ ਆਪਣੀ ਆਮਦਨ ਤੋਂ 34 ਫੀਸਦੀ ਵੱਧ ਖਰਚ ਕਰ ਰਹੇ ਸਨ। 2008 'ਚ ਇਕ ਅਮਰੀਕੀ ਕੋਲ ਔਸਤਨ 13 ਕਰੇਡਿਟ ਕਾਰਡ ਸਨ। ਜਿਹਨਾਂ ਰਾਹੀਂ ਉਹ ਆਪਣੀ ਆਮਦਨ ਤੋਂ ਕਿਤੇ ਵੱਧ ਖਰਚ ਕਰਨ 'ਚ ਲੱਗਿਆ ਹੋਇਆ ਸੀ। 43% ਅਮਰੀਕੀ ਪ੍ਰੀਵਾਰ ਆਪਣੀ ਆਮਦਨ ਤੋਂ ਵੱਧ ਖਰਚ ਕਰ ਰਹੇ ਸਨ। ਖਰਚ ਕਰਨ ਦੀ ਇਸ ਦੀਵਾਨਗੀ ਨੇ ਅਮਰੀਕਾ 'ਚ ਬਚਤ ਬਹੁਤ ਘਟਾ ਦਿੱਤੀ ਸੀ। ਅਮਰੀਕੀ ਸਿਹਤ ਵਿਭਾਗ ਅਨੁਸਾਰ ਭਾਵੀ ਸਾਲਾਂ 'ਚ ਰਿਟਾਇਰ ਹੋਣ ਵਾਲੇ 96 ਫੀਸਦੀ ਅਮਰੀਕੀ ਦਾਨ 'ਤੇ ਨਿਰਭਰ ਹੋਣਗੇ ਭਾਵ ਜੀਵਨ ਪਰ ਕਮਾਉਣ ਪਿਛੋਂ ਉਹਨਾਂ ਕੋਲ ਏਨੀ ਬੱਚਤ ਨਹੀਂ ਹੋਵੇਗੀ ਕਿ ਉਹ ਆਪਣਾ ਬੁਢਾਪਾ ਚੈਨ ਨਾਲ ਜੀ ਸਕਣ। ਲੋਕਾਂ ਦੇ ਖਰਚ ਕਰਨ ਦੇ ਇਸ ਸੁਭਾਅ ਕਰਕੇ ਦੋਨੋਂ ਤਰ੍ਹਾਂ ਦੇ ਪੂੰਜੀਪਤੀਆਂ ਨੂੰ ਲਾਭ ਸੀ। ਇਕ ਤਾਂ ਉਹ ਪੂੰਜੀਪਤੀ ਸਨ ਜੋ ਉਪਭੋਗ ਸਮੱਗਰੀ ਦੀ ਪੈਦਾਵਾਰ 'ਚ ਮਗਨ ਸਨ। ਉਹਨਾਂ ਨੂੰ ਖੂਬ ਪੈਦਾਵਾਰ ਕਰਨ ਤੇ ਲਾਭ ਕਮਾਉਣ ਦਾ ਮੌਕਾ ਮਿਲ ਰਿਹਾ ਸੀ ਅਤੇ ਦੂਜੇ ਪਾਸੇ ਉਹ ਪੂੰਜੀਪਤੀ ਸਨ ਜੋ ਲੋਕਾਂ ਨੂੰ ਖਰਚ ਕਰਨ ਦੇ ਲਈ ਸੂਦੀ (ਵਿਆਜ ਵਾਲੇ) ਕਰਜੇ ਜਾਰੀ ਕਰ ਰਹੇ ਸਨ ਅਤੇ ਉਹਨਾਂ ਦੇ ਵਿਆਜ ਤੋਂ ਲਾਭ ਕਮਾ ਰਹੇ ਸਨ। ਇਸ ਤਰ੍ਹਾਂ ਵਿਆਜ ਖਾਣ ਵਾਲਿਆਂ ਨੇ ਨਿਤ ਨਵੇਂ ਤਰੀਕਿਆਂ ਨਾਲ ਲੋਕਾਂ ਨੂੰ ਕਰਜਾ ਦੇਣਾ ਸ਼ੁਰੂ ਕਰ ਦਿੱਤਾ। ਘਰ ਬਣਾਉਣ ਲਈ ਕਰਜਾ, ਕਾਰ ਖਰੀਦਣ ਲਈ ਕਰਜਾ, ਆਦਿ ਅਮਰੀਕੀ ਆਰਥਕ ਜੀਵਨ ਦਾ ਲਾਜ਼ਮੀ ਅੰਗ ਬਣ ਗਿਆ। ਇਸ ਨਾਲ ਅੱਗੇ ਚਲ ਕੇ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਦੀ ਖਰੀਦਦਾਰੀ ਲਈ ਵੀ ਕਰਜੇ ਦਿੱਤੇ ਜਾਣ ਲੱਗੇ ਅਤੇ ਕ੍ਰੇਡਿਟ ਕਾਰਡ ਜਾਰੀ ਕੀਤੇ ਗਏ ਜਿਹਨਾਂ ਲਈ ਲੋਕ ਕਰਜੇ ਦੀਆਂ ਚੀਜ਼ਾਂ ਹਾਸਲ ਕਰ ਸਕਦੇ ਸਨ। ਇਥੋਂ ਤੱਕ ਕਿ ਕਰਜੇ ਦੇਣ ਵਾਲਿਆਂ ਦੀ ਮਾਰਕਿਟ ਸੈਚੂਰੇਟ ਹੋ ਗਈ ਪਰ ਵਿਆਜ ਖਾਣ ਵਾਲਿਆਂ ਦੀ ਹਵਸ ਖ਼ਤਮ ਨਹੀਂ ਹੋਈ। ਉਹਨਾਂ ਨੇ ਕਰਜੇ ਲੈਣ ਵਾਲਿਆਂ ਦੀਆਂ ਨਵੀਆਂ ਮਾਰਕਿਟਾਂ ਦੀ ਤਲਾਸ਼ ਸ਼ੁਰੂ ਕੀਤੀ ਅਤੇ ਉਹਨਾਂ ਗਰੀਬ ਤੇ ਨਿਰਧਨ ਲੋਕਾਂ ਵੱਲ ਸੰਬੋਧਿਤ ਹੋਏ ਜੋ ਜਮਾਨਤ ਨਾ ਹੋਣ ਕਰਕੇ ਬੈਂਕਾਂ ਤੋਂ ਕਰਜਾ ਨਹੀਂ ਲੈ ਸਕਦੇ ਸਨ। ਉਹਨਾਂ ਗਰੀਬਾਂ ਨੂੰ ਘਰ ਬਣਾਉਣ ਲਈ ਕਰਜੇ ਦਿੱਤੇ ਗਏ। ਉਹਨਾਂ ਨੂੰ ਸਬ-ਪ੍ਰਾਈਮ ਕਰਜਦਾਰ

ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਨੂੰ ਕਰਜਾ ਦੇਣਾ ਖਤਰੇ ਤੋਂ ਖਾਲੀ ਨਹੀਂ ਸੀ ਤੇ ਬੈਂਕ ਉਹਨਾਂ ਨੂੰ ਕਰਜਾ ਨਹੀਂ ਦਿੰਦੇ ਸਨ। ਇਸ ਲਈ ਮੱਧਮ ਨਿਵੇਸ਼ ਬੈਂਕ ਹੋਂਦ 'ਚ ਆਏ। ਉਹਨਾਂ ਨੇ ਬੈਂਕਾਂ ਤੋਂ ਵਿਆਜ 'ਤੇ ਕਰਜਾ ਲਿਆ ਅਤੇ ਵਿਆਜ ਦਰ ਬਹੁਤ ਜ਼ਿਆਦਾ ਵਧਾ ਕੇ ਗਰੀਬ ਕਰਜਦਾਰਾਂ 'ਚ ਵੰਡ ਦਿੱਤਾ। ਇਸ ਲਈ ਸਬ-ਪ੍ਰਾਈਮ ਕਰਜਦਾਰਾਂ ਨੂੰ 30-32% ਦੀ ਵਿਆਜਦਰ 'ਤੇ ਵੀ ਕਰਜੇ ਦਿੱਤੇ ਗਏ। ਛੇਤੀ ਤੇ ਵੱਧ ਤੋਂ ਵੱਧ ਲਾਭ ਕਮਾਉਣ ਦੇ ਲਾਲਚ 'ਚ ਉਨ੍ਹਾਂ ਕੰਪਨੀਆਂ ਨੇ ਉਹਨਾਂ ਕਰਜ਼ਿਆਂ ਨੂੰ ਸਕਿਊਰਟੀਆਂ 'ਚ ਬਦਲਿਆ ਅਤੇ MBS ਜਾਂ CDO ਵਜੋਂ ਦੁਬਾਰਾ ਪੈਕ ਕਰਕੇ ਵੇਚਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਉਹਨਾਂ ਕਰਜਦਾਰਾਂ ਨਾਲ ਸਬੰਧਤ ਜੋਖਿਮ (ਰਿਸਕ) ਪੂਰੇ ਪ੍ਰਬੰਧ 'ਚ ਫੈਲ ਗਿਆ। ਹੁਣ ਇੰਟਰਨੈਟ ਬੈਂਕਾਂ (ਨਿਵੇਸ਼ ਬੈਂਕਾਂ) ਨੇ ਆਸਾਨ ਵਿਆਜ ਵਾਧੇ ਨਾਲ ਲਾਭ ਕਮਾਉਣਾ ਸ਼ੁਰੂ ਕਰ ਦਿੱਤਾ ਤਾਂ ਇਸ ਵਹਿੰਦੀ ਗੰਗਾ 'ਚ ਹੱਥ ਧੋਣ ਲਈ ਬੀਮਾ ਕੰਪਨੀਆਂ ਵੀ ਮੈਦਾਨ 'ਚ ਕੁੱਦ ਪਈਆਂ। ਉਹਨਾਂ ਨੇ ਉਹਨਾਂ ਕਰਜ਼ਿਆਂ ਦਾ ਬੀਮਾ ਕੀਤਾ। ਇਸ ਤਰ੍ਹਾਂ ਵੱਡੇ ਬੈਂਕ, ਇੰਵੈਸਟਮੈਂਟ ਕੰਪਨੀਆਂ, ਸਕਿਊਰਟੀ ਖਰੀਦਣ ਵਾਲੇ, ਬੀਮਾ ਕੰਪਨੀਆਂ ਸਭ ਇਕ ਹੀ ਸਮੇਂ 'ਚ ਗਰੀਬ ਸਬ-ਪ੍ਰਾਈਮ ਕਰਜਦਾਰਾਂ ਤੋਂ ਆਪਣੇ ਆਪਣੇ ਹਿੱਸੇ ਦਾ ਵਿਆਜ ਕਮਾਉਣਾ ਚਾਹੁੰਦੇ ਸਨ। ਫੈਡਰਲ ਬੈਂਕ ਨੇ ਵਿਆਜ ਦੀ ਦਰ 'ਚ ਮਾਮੂਲੀ ਵਾਧਾ ਕੀਤਾ ਅਤੇ ਇਸ ਦੇ ਨਾਲ ਹੀ ਪੂਰੀ ਪ੍ਰਣਾਲੀ ਤਹਿਸ ਨਹਿਸ ਹੋਣੀ ਸ਼ੁਰੂ ਹੋ ਗਈ। ਗਰੀਬ ਕਰਜ਼ਦਾਰ ਕਰਜਾ ਵਾਪਸ ਨਹੀਂ ਕਰ ਸਕੇ। ਉਹਨਾਂ 'ਤੇ ਅਧਾਰਿਤ ਸਕਿਊਰਟੀਆਂ ਦੇ ਭਾਅ ਡਿੱਗਣ ਲੱਗੇ ਅਤੇ ਲੜੀਵਾਰ ਪ੍ਰਤੀਕ੍ਰਿਆ (ਚੇਨ ਰੀਐਕਸ਼ਨ) ਦੇ ਸਿੱਟੇ 'ਚ ਪੂਰੀ ਪ੍ਰਣਾਲੀ ਰੇਤ ਦੀ ਕੰਧ ਵਾਂਗ ਢਹਿ ਢੇਰੀ ਹੋ ਗਈ। ਇਸ ਸੰਕਟ ਤੋਂ ਪਤਾ ਲਗਦਾ ਹੈ ਕਿ ਵਿਆਜ 'ਤੇ ਆਧਾਰਤ ਕਰਜ ਕਿੰਨਾ ਖਤਰਨਾਕ ਹੁੰਦਾ ਹੈ ਅਤੇ ਕਿਵੇਂ ਵਿਆਜ-ਅਧਾਰਤ ਕਰਜੇ ਅਸਥਿਰਤਾ ਪੈਦਾ ਕਰਦੇ ਹਨ। ਵਿਆਜ ਸਰਾਸਰ ਅਨਿਆ ਹੈ। ਵਿਆਜ ਨਿਆ ਦੀਆਂ ਭਾਵਨਾਵਾਂ ਦੇ ਉਲਟ ਹੈ। ਜੇ ਵਿਆਜ ਸਮੇਤ ਕਰਜਾ ਮੌਲਿਕ ਮਨੁੱਖੀ ਜ਼ਰੂਰਤਾਂ ਲਈ ਦਿੱਤਾ ਜਾਵੇ ਤਾਂ ਗੱਲ ਹੋਰ ਵੀ ਗੈਰ-ਮਨੁੱਖੀ ਹੋਵੇਗੀ। ਕਿਸੇ ਮਜ਼ਦੂਰ ਬੰਦੇ ਦੀਆਂ ਬੁਨਿਆਦੀ ਲੋੜਾਂ ਨੂੰ ਪੂੰਜੀਪਤੀ ਲਾਭ ਕਮਾਉਣ ਦਾ ਸਾਧਨ ਬਣਾਇਆ ਜਾਵੇ ਅਤੇ ਬਜਾਏ ਇਸ ਦੇ ਕਿ ਵਿਆਜ ਰਹਿਤ ਕਰਜੇ ਰਾਹੀਂ ਉਸ ਦੀ ਸਹਾਇਤਾ ਕਰਨ ਤੇ ਵਿਆਜ ਰਾਹੀਂ ਉਸ ਦਾ ਖ਼ੂਨ ਚੂਸਣ ਦੀ ਕੋਸ਼ਿਸ਼ ਕਰਨ ਅਤੇ ਜੇ ਵਿਆਜ ਸਮੇਤ ਕਰਜਾ ਕਿਸੇ ਪੈਦਾਵਾਰ ਦੇ ਕੰਮ ਜਾਂ ਹਾਨੀ ਸਥਿਤੀ 'ਚ ਨਿਸ਼ਚਤ ਰਾਸ਼ੀ ਵਿਆਜ ਸਮੇਤ ਲਈ ਜਾਵੇ। ਜੇ ਵਪਾਰ 'ਚ ਲਾਭ ਬਹੁਤ ਜ਼ਿਆਦਾ ਹੋਇਆ ਹੋਵੇ ਤਾਂ ਇਹ ਕਰਜਾ ਦੇਣ ਵਾਲੇ ਨਾਲ ਅਨਿਆਂ ਹੈ ਕਿਉਂਕਿ ਉਸ ਨੂੰ ਬਹੁਤ ਹੀ ਸਧਾਰਨ ਵਿਆਜ 'ਤੇ ਸਬਰ ਕਰਨਾ ਪਿਆ ਤੇ ਜੇ ਵਪਾਰ 'ਚ ਬਹੁਤ ਹੀ ਘੱਟ ਲਾਭ ਹੋਵੇ ਜਾਂ ਘਾਟਾ ਪੈ ਜਾਵੇ ਤਾਂ ਇਹ ਵਪਾਰੀ ਨਾਲ ਅਨਿਆ ਹੈ ਕਿ ਉਸ ਨੂੰ ਘਾਟੇ ਦੇ ਬਾਵਜੂਦ ਨਿਸ਼ਚਤ ਰਕਮ ਵਿਆਜ ਵਜੋਂ ਦੇਣੀ ਪਈ।

**ਵਿਆਜ 'ਤੇ ਆਧਾਰਤ ਅਰਥਚਾਰਾ ਅਸਥਿਰ ਹੁੰਦਾ ਹੈ** : ਵਿਆਜ 'ਤੇ ਆਧਾਰਤ ਪ੍ਰਣਾਲੀ ਦੀ ਲਾਜ਼ਮੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਸ 'ਚ ਅਸਥਿਰਤਾ ਹੁੰਦੀ ਹੈ ਅਤੇ ਉਨਤੀ ਤੇ ਮੰਦੀ ਦੇ ਚੱਕਰ ਇਕ ਤੋਂ ਬਾਅਦ ਇਕ ਆਉਂਦੇ ਰਹਿੰਦੇ ਹਨ। ਜਦ ਵਿਆਜ ਦਰ ਘੱਟ ਹੁੰਦੀ ਹੈ ਤਾਂ ਲੋਕ ਬਚਤ ਨਹੀਂ ਕਰਦੇ ਅਤੇ ਵੱਧ ਤੋਂ ਵੱਧ ਕਰਜੇ

ਲੈਣ ਤੇ ਖਰਚ ਕਰਨ ਲਗਦੇ ਹਨ। ਇਸ ਦੇ ਸਿੱਟੇ ਵਜੋਂ ਖਰਚ ਕਰਨ ਦੇ ਰੁਝਾਣ 'ਚ ਵਾਧਾ ਹੋਣ ਲੱਗਦਾ ਹੈ। ਸ਼ਾਪਿੰਗ ਮਾਲ ਆਬਾਦ ਹੋ ਜਾਂਦੇ ਹਨ। ਗੱਡੀਆਂ ਖਰੀਦਣ ਵਾਲਿਆਂ ਦੀਆਂ ਕਤਾਰਾਂ ਲੱਗ ਜਾਂਦੀਆਂ ਹਨ। ਹਰੇਕ ਬੰਦਾ ਘਰ ਬਣਾਉਣਾ ਤੇ ਫਲੈਟ ਖਰੀਦਣਾ ਚਾਹੁੰਦਾ ਹੈ। ਬੈਂਕ ਘਰ ਬਣਾਉਣ, ਕਾਰ ਖਰੀਦਣ ਆਦਿ ਲਈ ਨਹੀਂ, ਟੀ-ਸ਼ਰਟ ਖਰੀਦਣ ਤੇ ਹੋਟਲ 'ਚ ਛੁੱਟੀ ਕੱਟਣ ਲਈ ਵੀ ਕਰਜਿਆਂ ਦੀ ਪੇਸ਼ਕਸ਼ ਕਰਦੇ ਹਨ। ਸਿੱਟੇ ਵਜੋਂ ਮੰਗ ਵੱਧ ਜਾਂਦੀ ਹੈ। ਕੰਪਨੀਆਂ ਪੈਦਾਵਾਰ ਵਧਾ ਦਿੰਦੀਆਂ ਹਨ। ਪੈਦਾਵਾਰ ਵਧਣ ਨਾਲ ਰੁਜ਼ਗਾਰ ਦੇ ਮੌਕੇ ਵਧਦੇ ਹਨ, ਸ਼ਹਿਰਾਂ ਦੀ ਚਕਾਚੌਂਧ ਵਧਦੀ ਹੈ। ਇਹ ਦੌਰ ਕੁਝ ਹੀ ਸਮੇਂ 'ਚ ਆਪਣੀ ਚੋਟੀ 'ਤੇ ਪੁੱਜਦਾ ਹੈ ਅਤੇ ਫਿਰ ਵਿਆਜ ਆਪਣੇ ਚਮਤਕਾਰ ਵਿਖਾਉਣੇ ਸ਼ੁਰੂ ਕਰ ਦਿੰਦਾ ਹੈ। ਇਸ ਪਿੱਛੋਂ ਇਸ ਦੇ ਲਾਜ਼ਮੀ ਸਿੱਟੇ ਵਜੋਂ ਇਕ ਦੂਜਾ ਦੌਰ ਸ਼ੁਰੂ ਹੁੰਦਾ ਹੈ। ਮੰਗ ਵਧਣ ਕਾਰਨ ਚੀਜ਼ਾਂ ਮਹਿੰਗੀਆਂ ਹੋ ਜਾਂਦੀਆਂ ਹਨ। ਖਪਤ ਤੇ ਪੈਦਾਵਾਰ ਵਧਣ ਨਾਲ ਕਰਜਿਆਂ ਦੀ ਮੰਗ ਵਧ ਜਾਂਦੀ ਹੈ। ਇਕ ਪਾਸੇ ਖਪਤਕਾਰਾਂ ਨੂੰ ਕਰਜਿਆਂ ਲਈ ਵੱਡੇ ਪੈਮਾਨੇ 'ਤੇ ਬੈਂਕਾਂ ਵੱਲ ਜਾਂਦੇ ਹਨ, ਦੂਜੇ ਪਾਸੇ ਉਤਪਾਦਕ ਵੀ ਤੇਜ਼ੀ ਨਾਲ ਪੈਦਾਵਾਰ ਵਧਾਉਣ ਲਈ ਵੱਧ ਤੋਂ ਵੱਧ ਕਰਜੇ ਹਾਸਲ ਕਰਨਾ ਚਾਹੁੰਦੇ ਹਨ। ਫਿਰ ਬਚਤ 'ਚ ਕਮੀ ਕਾਰਨ ਬੈਂਕਾਂ ਕੋਲ ਪੂੰਜੀ ਦੀ ਕਮੀ ਹੋਣ ਲੱਗਦੀ ਹੈ। ਪੂੰਜੀ (ਬਚਤ) ਦੀ ਕਮੀ ਅਤੇ ਕਰਜਿਆਂ ਦੀ ਮੰਗ ਵਿਚ ਵਾਧਾ ਵਿਆਜਾਂ ਦੀਆਂ ਦਰਾਂ 'ਚ ਵਾਧੇ ਦਾ ਕਾਰਨ ਬਣਦੀ ਹੈ। ਵਿਆਜ ਦਰ ਵਧਦਿਆਂ ਹੀ ਪ੍ਰਤੀਕ੍ਰਿਆ ਸ਼ੁਰੂ ਹੋ ਜਾਂਦੀ ਹੈ। ਵਧਦੀ ਮਹਿੰਗਾਈ ਤੇ ਵਿਆਜ ਦੀ ਵਧਦੀ ਦਰ ਲੋਕਾਂ ਨੂੰ ਕਰਜਾ ਲੈਣ ਤੇ ਖਰਚ ਕਰਨ ਤੋਂ ਰੋਕਦੀ ਹੈ। ਨਿਰਾਸ਼ਤਾ ਤੇ ਲਾਲਸਾਵਾਂ ਵਧ ਜਾਂਦੀਆਂ ਹਨ। ਸਿੱਟੇ ਵਜੋਂ ਲੋਕ ਬਚਤ ਕਰਨ ਲਗਦੇ ਹਨ। ਮੰਗ ਘਟ ਹੋ ਜਾਂਦੀ ਹੈ। ਕੰਪਨੀਆਂ ਦੀ ਪੈਦਾਵਾਰ ਘਟ ਜਾਂਦੀ ਹੈ। ਰੁਜ਼ਗਾਰ ਦੇ ਮੌਕੇ ਘਟ ਜਾਂਦੇ ਹਨ। ਇਹ ਮੰਦੀ ਦਾ ਦੌਰ ਕਿਹਾ ਜਾਂਦਾ ਹੈ। ਇਕ ਤੋਂ ਬਾਅਦ ਦੂਜੇ ਖੁਸ਼ਹਾਲੀ ਤੇ ਮੰਦੀ ਦੇ ਇਹ ਚੱਕਰ ਵਿਆਜ ਦੇ ਡਾਇਨਾ ਮਿਕਸ ਦਾ ਲਾਜ਼ਮੀ ਹਿੱਸਾ ਹੈ। ਅਮਰੀਕੀ ਅਰਥਚਾਰੇ ਦੀ ਇਸ ਬੇਮਿਸਾਲ ਗਲਤ ਨੀਤੀ ਦਾ ਕਾਰਣ ਕੀ ਹੈ? ਫੌਰੀ ਜੁਆਬ ਜੋ ਦਿਮਾਗ 'ਚ ਆਉਂਦਾ ਹੈ ਉਹ ਇਹ ਹੈ ਕਿ ਇਸ ਦਾ ਕਾਰਨ ਵਿਆਜ ਦਰਾਂ ਦੀ ਗਲਤ ਨੀਤੀ ਹੈ। ਇਹਨਾਂ ਚਕਰਾਂ ਨਾਲ ਵੱਡੇ ਸਰਮਾਏਦਾਰਾਂ ਦਾ ਖਾਸ ਨੁਕਸਾਨ ਨਹੀਂ ਹੁੰਦਾ ਤਾਂ ਦੁਨੀਆਂ ਦੇ ਗਰੀਬ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੇ ਹਨ।

ਵਿਆਜ ਨਾਲ ਪੈਸੇ ਦੇ ਕੇਂਦਰੀਕਰਨ 'ਚ ਵਾਧਾ ਹੁੰਦਾ ਹੈ। ਪੂੰਜੀਵਾਦੀ ਵਿਵਸਥਾ ਦਾ ਮੂਲ ਉਦੇਸ਼ ਸੰਸਾਰ ਦੇ ਗਰੀਬਾਂ ਦੀ ਜਾਇਦਾਦ ਨੂੰ ਥੋੜ੍ਹੇ ਹੱਥਾਂ 'ਚ ਕੇਂਦਰਿਤ ਕਰਨਾ ਹੈ। ਵਿਆਜ ਇਸ ਉਦੇਸ਼ ਦੀ ਪੂਰਤੀ ਦਾ ਇਕ ਵੱਡਾ ਸਾਧਨ ਹੈ। ਵਿਆਜ 'ਤੇ ਅਧਾਰਿਤ ਸੱਮਿਸਿਆ 'ਚ ਸੰਸਾਰ ਦੇ ਅਰਬਾਂ ਗਰੀਬ ਲੋਕ ਆਪਣੇ ਜੀਵਨ ਭਰ ਦੀ ਕਮਾਈ ਬੈਂਕਾਂ 'ਚ ਜਮ੍ਹਾਂ ਰੱਖਦੇ ਹਨ। ਬੈਂਕ ਇਸ 'ਤੇ ਉਹਨਾਂ ਨੂੰ ਮਮੂਲੀ ਦਰ 'ਤੇ ਵਿਆਜ ਦਿੰਦਾ ਹੈ। ਵੱਡੇ ਬੈਂਕ ਖਾਸ ਕਰਕੇ ਘਰੇਲੂ ਬੈਂਕ ਵਪਾਰੀਆਂ ਤੇ ਕਾਰੀਗਰਾਂ ਨੂੰ ਕਰਜੇ ਨਹੀਂ ਦਿੰਦੇ। ਉਹਨਾਂ ਦੇ ਕਰਜੇ ਵੱਡੇ-ਵੱਡੇ ਸਰਮਾਏਦਾਰਾਂ ਲਈ ਖਾਸ ਹੁੰਦੇ ਹਨ। ਇਸ ਤਰ੍ਹਾਂ ਦੁਨੀਆਂ ਦੇ ਆਮ ਲੋਕਾਂ ਦੀ ਕੁਲ ਦੌਲਤ ਮੁੱਠੀਭਰ ਸਰਮਾਏਦਾਰਾਂ ਦੇ ਸਪੁਰਦ ਕੀਤੀ ਜਾਂਦੀ ਹੈ। ਇਹ ਲੋਕ ਉਸ ਧਨ ਨੂੰ ਆਪਣੇ ਵਪਾਰ ਨੂੰ ਕਈ ਗੁਣਾ ਵਧਾ ਲੈਂਦੇ ਹਨ। ਇਸ ਅਥਾਹ ਲਾਭ ਦਾ ਬਹੁਤ ਥੋੜ੍ਹਾ ਹਿੱਸਾ ਪੂੰਜੀ ਦੇ ਅਸਲੀ ਮਾਲਕਾਂ

ਨੂੰ ਵਾਪਸ ਮੁੜਦਾ ਹੈ। ਵੱਡਾ ਹਿੱਸਾ ਵਪਾਰੀਆਂ ਦੀਆਂ ਜੇਬਾਂ 'ਚ ਚਲਾ ਜਾਂਦਾ ਹੈ। ਇਸ ਤਰ੍ਹਾਂ ਧਨ ਲਗਾਤਾਰ ਬੱਚਤ ਕਰਨ ਵਾਲਿਆਂ ਦੀ ਵੱਡੀ ਗਿਣਤੀ ਨਾਲ ਵੱਡੇ ਵਪਾਰੀਆਂ ਦੀ ਥੋੜੀ ਗਿਣਤੀ ਕੋਲ ਤਬਦੀਲ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਪੈਸੇ ਦਾ ਕੇਂਦਰੀਕਰਨ ਹੁੰਦਾ ਜਾਂਦਾ ਹੈ ਅਤੇ ਗਰੀਬ ਜਨਤਾ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੁੰਦੇ ਜਾਂਦੇ ਹਨ। ਵਿਆਜ ਅਰਥਚਾਰੇ 'ਚ ਅਸਥਿਰਤਾ ਪੈਦਾ ਕਰਦਾ ਹੈ ਅਤੇ ਵਿਆਜ 'ਤੇ ਅਧਾਰਤ ਵਿਵਸਥਾ 'ਚ ਉਨਤੀ ਤੇ ਮੰਦੀ ਦੇ ਚੱਕਰ ਇਕ ਤੋਂ ਬਾਅਦ ਦੂਜਾ ਆਉਂਦੇ ਰਹਿੰਦੇ ਹਨ। ਲਾਭ ਦਾ ਮਾਮੂਲੀ ਹਿੱਸਾ ਵਿਆਜ ਵਜੋਂ ਬਚਤ ਕਰਨ ਵਾਲਿਆਂ ਨੂੰ ਮਿਲਦਾ ਹੈ ਅਤੇ ਵਿਆਜ ਰਾਹੀਂ ਕਮਾਇਆ ਧਨ ਕੁਝ ਹੱਥਾਂ 'ਚ ਕੇਂਦਰਿਤ ਹੋ ਜਾਂਦਾ ਹੈ। ਦੁਨੀਆਂ ਦੇ ਲੋਕਾਂ ਨੇ ਆਪਣੀ ਕੁਲ ਜਾਇਦਾਦ ਇਕ ਟ੍ਰੀਲੀਅਨ ਡਾਲਰ ਬੈਂਕਾਂ 'ਚ ਜਮ੍ਹਾਂ ਕਰਾਈ। ਬੈਂਕ ਉਸ ਧਨ ਨੂੰ ਵਪਾਰੀਆਂ ਦੀ ਇਕ ਛੋਟੀ ਜਿਹੀ ਗਿਣਤੀ ਦੇ ਸੁਪਰਦ ਕਰਨਗੇ। ਜੋ ਉਹਨਾਂ ਨੂੰ 30% ਦੀ ਦ ਨਾਲ 1.3 ਟ੍ਰੇਲਿਅਨ ਬਣਾ ਦੇਣਗੇ। 300 ਬਿਲੀਅਨ ਡਾਲਰ ਦੇ ਲਾਭ 'ਚ ਇਕ ਛੋਟਾ ਜਿਹਾ ਹਿਸਾ (17% ਦੀ ਦਰ ਨਾਲ) 70 ਬਿਲੀਅਨ ਡਾਲਰ ਵਿਆਜ ਵਜੋਂ ਪੂੰਜੀ ਦੇ ਅਸਲ ਮਾਲਕਾਂ ਦੀ ਵੱਡੀ ਗਿਣਤੀ ਨੂੰ ਵਾਪਸ ਮੋੜੇਗਾ ਤੇ ਬਾਕੀ 230 ਬਿਲੀਅਨ ਡਾਲਰ ਵਪਾਰੀ ਲੈ ਜਾਣਗੇ। ਇਸ ਤਰ੍ਹਾਂ ਬਚਤ ਕਰਨ ਵਾਲੇ ਦੁਨੀਆਂ ਦੇ ਬਹੁਗਿਣਤੀ ਗਰੀਬ ਲੋਕ ਆਪਣਾ ਪੈਸਾ ਬਰਬਾਦ ਕਰ ਰਹੇ ਹਨ ਅਤੇ ਥੋੜੇ ਪੂੰਜੀਪਤੀ ਆਪਣਾ ਪੈਸਾ ਅਥਾਹ ਵਧਾ ਰਹੇ ਹਨ।

ਅਰਥਚਾਰੇ 'ਚ ਵਿਆਜ ਦੀ ਭੂਮਿਕਾ ਦਾ ਸਿੱਟਾ ਇਹ ਹੁੰਦਾ ਹੈ ਕਿ ਪੈਸਾ ਉਨਾਂ ਲੋਕਾਂ ਤੋਂ ਜਿਨਾਂ ਕੋਲ ਪੈਸਾ ਘੱਟ ਹੈ। ਉਹਨਾਂ ਲੋਕਾਂ ਕੋਲ ਤਬਦੀਲ ਹੋਣ ਲੱਗਦਾ ਹੈ। ਜਿਹਨਾਂ ਕੋਲ ਪੈਸਾ ਵੱਧ ਹੈ। ਗਰੀਬਾਂ ਤੋਂ ਅਮੀਰਾਂ ਨੂੰ ਸਾਧਨਾਂ ਦੀ ਇਹ ਤਬਦੀਲੀ ਤੀਜੀ ਦੁਨੀਆਂ ਦੇ ਕਰਜਿਆਂ ਦੀ ਵਸਤੂ ਸਥਿਤੀ ਤੋਂ ਸਪਸ਼ਟ ਹੁੰਦਾ ਹੈ। ਪਰ ਇਹ ਵਸਤੂ ਸਥਿਤੀ ਸਾਰੀ ਦੁਨੀਆਂ 'ਚ ਮੌਜੂਦ ਹੈ। ਵਿਆਜ ਇਕ ਧੋਖਾ ਹੈ। ਕਿਸੇ ਦੇਸ਼ 'ਚ ਹਰ ਤਰ੍ਹਾਂ ਦੀ ਕਰੰਸੀ ਬੈਂਕਾਂ ਰਾਹੀਂ ਜਾਰੀ ਹੁੰਦੀ ਹੈ। ਬੈਂਕ ਉਸ ਨੂੰ ਕਰਜ਼ਿਆਂ ਵਜੋਂ ਜਾਰੀ ਕਰਦੇ ਹਨ ਅਤੇ ਉਹਨਾਂ ਕਰਜਿਆਂ 'ਤੇ ਵਿਆਜ ਵੀ ਲਾਉਂਦੇ ਹਨ। ਉਹਨਾਂ ਕਰਜਾ ਲੈਣ ਵਾਲਿਆਂ ਰਾਹੀਂ ਹੀ ਕਰੰਸੀ ਮਾਰਕਿਟ 'ਚ ਆਉਂਦੀ ਹੈ। ਮੰਨ ਲਓ ਕਿ ਕਿਸੇ ਦੇਸ਼ 'ਚ ਕੇਂਦਰੀ ਬੈਂਕ ਨੇ ਸੌ ਕਰੋੜ ਰੁਪਏ ਦੇ ਨੋਟ ਜਾਰੀ ਕੀਤੇ ਹਨ। ਸਪਸ਼ਟ ਹੈ ਕਿ ਇਹ 100 ਕਰੋੜ ਰੁਪਏ ਮਾਰਕਿਟ 'ਚ ਮੌਜੂਦ ਰਹਿਣਗੇ। ਬੈਂਕ ਉਹਨਾਂ 100 ਕਰੋੜ ਰੁਪਿਆਂ ਨੂੰ ਕਰਜਿਆਂ ਵਜੋਂ ਜਾਰੀ ਕਰੇਗਾ। ਹੁਣ ਬੈਂਕ ਵਿਆਜ ਦੇ ਨਾਲ 110 ਕਰੋੜ ਰੁਪਏ ਹਾਸਲ ਕਰਨਾ ਚਾਹੁੰਦਾ ਹੈ। ਮਾਰਕਿਟ 'ਚ ਸਿਰਫ 100 ਕਰੋੜ ਰੁਪਏ ਹਨ। ਇਹ ਵਧੇ ਹੋਏ 10 ਕਰੋੜ ਰੁਪਏ ਜੋ ਬੈਂਕ ਵਿਆਜ ਵਲੋਂ ਲੈਣਾ ਚਾਹੁੰਦਾ ਹੈ। ਉਹ ਮਾਰਕਿਟ 'ਚ ਮੌਜੂਦ ਹੀ ਨਹੀਂ ਹਨ। ਇਸ ਲਈ ਅਦਾਇਗੀ ਵਾਸਤੇ ਜਾਂ ਤਾਂ ਬੈਂਕ ਵਧੇ ਹੋਏ ਵਾਧੂ ਨੋਟ ਛਾਪਦਾ ਹੈ ਜਿਸ ਨਾਲ ਮਹਿੰਗਾਈ 'ਚ ਵਾਧੇ ਰਾਹੀਂ ਆਮ ਆਦਮੀ 'ਤੇ ਬੋਝ ਪੈਂਦਾ ਹੈ। ਜਾਂ ਕੁਝ ਲੋਕਾਂ ਨੂੰ ਕਰਜੇ ਦੀ ਅਦਾਇਗੀ ਲਈ ਵਾਧੂ ਕਰਜਾ ਲੈਣਾ ਪੈਂਦਾ ਹੈ ਜਿਸ ਨਾਲ ਕਰਜੇ ਦੇ ਕਦੀ ਨਾ ਖਤਮ ਹੋਣ ਵਾਲੇ ਚੱਕਰ ਚਲਦੇ ਹਨ। ਆਰਥਕ ਨਜ਼ਰੀਏ ਤੋਂ ਅਸਲੀ ਪੂੰਜੀ 'ਚ ਵਿਆਜ ਦੇ ਵਾਧੇ ਕਾਰਨ ਦੇ ਕਰਜੇ ਦੇ ਭੁਗਤਾਨ ਲਈ ਲੋੜੀਂਦੀ ਰਕਮ ਮੁਹਈਆ ਨਹੀਂ ਰਹਿੰਦੀ। ਇਸ ਦਾ ਹੱਲ ਇਹ ਹੁੰਦਾ ਹੈ ਕਿ ਜਾਂ ਤਾਂ ਕੁਝ ਕਰਜਿਆਂ ਦਾ ਨਵੀਨੀਕਰਨ ਕੀਤਾ ਜਾਵੇ ਜਾਂ ਨਵੀਂ

ਕਰੰਸੀ ਛਾਪ ਕੇ ਇਸ ਦੇ ਕਰਜੇ ਦੇ ਦਸਤਾਵੇਜਾਂ ਨਾਲ ਨਿਯਮਤ ਕੀਤਾ ਜਾਵੇ। ਨਵੀਂ ਨਕਦੀ ਦੀ ਰਚਨਾ ਤੇ ਉਸ ਰਾਹੀਂ ਉਤਪਾਦਿਕ ਕੰਮਾਂ ਦੇ ਨਿਵੇਸ਼ ਦੇ ਕਰਜੇ ’ਤੇ ਅਧਾਰਤ ਪ੍ਰਣਾਲੀ ’ਚ ਕਰਜਿਆਂ ਦੇ ਬੋਝ ਨੂੰ ਘੱਟ ਕਰਨ ਲਈ ਸਿਕੇ ਦੇ ਫੈਲਾਅ ਦਾ ਇਕ ਸਖਤ ਝਟਕਾ ਆਪਣੇ ਸਾਰੇ ਵਿਨਾਸ਼ਾਂ ਨਾਲ ਜ਼ਰੂਰੀ ਹੋ ਜਾਂਦਾ ਹੈ। ਇਸ ਤਰ੍ਹਾਂ ਵਿਆਜ ’ਤੇ ਅਧਾਰਤ ਪ੍ਰਣਾਲੀ ਅਸਲ ’ਚ ਇਕ ਧੋਖਾ ਹੈ। ਪੂਰੇ ਤੌਰ ’ਤੇ ਬਣਾਉਟੀ ਤਰੀਕਿਆਂ ਨਾਲ ਪੂੰਜੀਪਤੀਆਂ ਲਈ ਬਣਾਉਟੀ ਧਨ ਪੈਦਾ ਕੀਤਾ ਜਾਂਦਾ ਹੈ ਅਤੇ ਇਸ ਦਾ ਬੋਝ ਆਮ ਆਦਮੀ ’ਤੇ ਪੈਂਦਾ ਹੈ। ਵਿਆਜ ਨਾਲ ਲੋਕ ਭਲਾਈ ਦੇ ਕੰਮ ਅਤੇ ਘੱਟ ਲਾਭ ਦੇਣ ਵਾਲੇ ਉਦਯੋਗ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਅਕਸਰ ਉਦਯੋਗ ਬੈਂਕਾਂ ਤੋਂ ਹਾਸਲ ਹੋਣ ਵਾਲੀ ਪੂੰਜੀ ਤੇ ਨਿਰਧਾਰਿਤ ਹੁੰਦੇ ਹਨ। ਇਸ ਲਈ ਵਿਆਜ ’ਤੇ ਅਧਾਰਤ ਪ੍ਰਣਾਲੀ ’ਚ ਕਿਸੇ ਵੀ ਉਦਯੋਗ ’ਚ ਕੰਮ ਕਰਨ ਲਈ ਘੱਟੋ ਘੱਟ ਉਨਾ ਲਾਭ ਪੈਦਾ ਕਰਨਾ ਲਾਜ਼ਮੀ ਹੈ ਜਿਸ ਨਾਲ ਬੈਂਕ ਦੇ ਵਿਆਜ ਦਾ ਭੁਗਤਾਨ ਕੀਤਾ ਜਾ ਸਕੇ। ਇਨਸਾਨੀ ਜ਼ਰੂਰਤਾਂ ਹਰ ਪ੍ਰਕਾਰ ਦੇ ਉਦਯੋਗਾਂ ਨਾਲ ਜੁੜੀਆਂ ਹੁੰਦੀਆਂ ਹਨ। ਕੁਝ ਉਦਯੋਗ ਵੱਧ ਦਰ ’ਤੇ ਲਾਭ ਦਿੰਦੇ ਹਨ ਜਦ ਕਿ ਕੁਝ ਘੱਟ ਦਰ ’ਤੇ। ਜੇ ਕਿਸੇ ਉਦਯੋਗ ਦੀ ਲਾਭ ਦਰ ਵਿਆਜ ਤੋਂ ਘੱਟ ਹੋਵੇ ਤਾਂ ਉਹ ਵਿਆਜ ਚਲ ਹੀ ਨਹੀਂ ਸਕਦਾ। ਸਿੱਟੇ ਵਜੋਂ ਥੋੜ੍ਹੇ ਜਿਹੇ ਉਦਯੋਗ ਜਿਹਨਾਂ ਨਾਲ ਗਰੀਬ ਨਿਰਧਨ ਜਨਤਾ ਦੇ ਕਲਿਆਣ ਤੇ ਭਲਾਈ ਸਬੰਧਤ ਹੋਣ ਇਕ ਵਿਆਜ ਤੇ ਅਧਾਰਤ ਪ੍ਰਣਾਲੀ ’ਚ ਵਧ ਫੁਲ ਹੀ ਨਹੀਂ ਸਕਦੇ। ਮਿਸਾਲ ਵਜੋਂ ਪੇਂਡੂ ਖੇਤਰਾਂ ’ਚ ਹਸਪਤਾਲ ਇਸ ਲਈ ਨਹੀਂ ਚੱਲ ਸਕਦੇ ਕਿਉਂਕਿ ਉਥੇ ਬੈਂਕ ਦੀ ਵਿਆਜ ਦਰ ਤੋਂ ਵੱਧ ਲਾਭ ਮਿਲਣ ਦੀ ਸੰਭਾਵਨਾ ਨਹੀਂ ਹੁੰਦੀ। ਛੋਟੇ ਸ਼ਹਿਰਾਂ ਵਿਚ ਵੀ ਰੋਗ ਜਾਂਚ ਦੇ ਵੱਡੇ ਯੰਤਰ (ਜਿਵੇਂ ਐਮ. ਆਰ. ਆਈ. ਮਸ਼ੀਨ) ਨਹੀਂ ਲਾਏ ਜਾ ਸਕਦੇ। ਇਸ ਲਈ ਕਿ ਬੈਂਕ ਦਾ ਵਿਆਜ ਅਦਾ ਕਰਨ ਪਿੱਛੋਂ ਪੂੰਜੀਧਾਰੀ ਕੋਲ ਕੁਝ ਨਹੀਂ ਬਚਦਾ। ਇਸ ਤਰ੍ਹਾਂ ਬਹੁਤ ਸਾਰੇ ਉਦਯੋਗ ਜੋ 2–3 ਫੀਸਦੀ ਤੋਂ 10–15 ਫੀਸਦੀ ਤਕ ਦੇ ਘੇਰੇ ’ਚ ਲਾਭ ਦਿੰਦੇ ਹਨ, ਇਕ ਵਿਆਜ ’ਤੇ ਆਧਾਰਿਤ ਪ੍ਰਣਾਲੀ ’ਚ ਫਾਇਦੇਮੰਦ ਨਹੀਂ ਹੁੰਦੇ। ਅਕਸਰ ਉਹ ਅਦਾਰੇ ਜਿਹਨਾਂ ਦਾ ਸੰਬੰਧ ਲੋਕ ਭਲਾਈ ਤੇ ਕਲਿਆਣ ਦੇ ਕੰਮਾਂ (ਜਿਵੇਂ ਗਰੀਬਾਂ ਤੇ ਮੱਧ ਵਰਗ ਲਈ ਸਿੱਖਿਆ, ਸਿਹਤ, ਖੋਜ ਤੇ ਲਿਖਣ ਕੰਮ ਵਗੈਰਾ) ਨਾਲ ਹੁੰਦਾ ਹੈ, ਇਸੇ ਸ਼੍ਰੇਣੀ ਵਿਚ ਆਉਂਦੇ ਹਨ। ਇਸ ਲਈ ਇਕ ਵਿਆਜ ’ਤੇ ਅਧਾਰਤ ਪ੍ਰਣਾਲੀ ਲੋਕ ਭਲਾਈ ਤੇ ਕਲਿਆਣ ਦੇ ਕੰਮਾਂ ਦੀ ਹੱਤਿਆਰੀ ਹੁੰਦੀ ਹੈ। ਵੱਧ ਲਾਭ ਦੇਣ ਵਾਲੀ ਸੰਸਥਾਵਾਂ ਵੀ ਹਰ ਤਰ੍ਹਾਂ ਦੀਆਂ ਸਥਿਤੀਆਂ ’ਚ ਵੱਧ ਲਾਭ ਨਹੀਂ ਦਿੰਦੀਆਂ। ਵਿਸ਼ੇਸ਼ ਤੌਰ ’ਤੇ ਮੰਦੀ ਦੇ ਦੌਰ ਵਿਚ ਸੰਭਾਵਿਤ ਲਾਭ, ਵਿਆਜ ਦਰ ਤੋਂ ਘੱਟ ਹੋਵੇ ਤਾਂ ਕੋਈ ਵਪਾਰੀ ਵਪਾਰ ਦਾ ਜੋਖਿਮ ਨਹੀਂ ਲੈਣਾ ਚਾਹੁੰਦਾ। ਸਿੱਟੇ ਵਜੋਂ ਵੱਧ ਲਾਭ ਦੀ ਉਡੀਕ ’ਚ ਪੂੰਜੀ ਬੇਕਾਰ ਪਈ ਰਹਿੰਦੀ ਹੈ। ਇਸ ਸਥਿਤੀ ਨੂੰ ਖੜੋਤ ਵਾਲੀ ਕਿਹਾ ਜਾਂਦਾ ਹੈ। ਇਹ ਸਥਿਤੀ ਵੀ ਵਿਆਜ ’ਤੇ ਅਧਾਰਤ ਪ੍ਰਣਾਲੀ ਦੀ ਲਾਜ਼ਮੀ ਵਿਸ਼ੇਸ਼ਤਾ ਹੈ। ਇਸ ਦੇ ਨਤੀਜੇ ’ਚ ਮੰਦੀ ਦੀ ਹਾਲਤ ਹੋਰ ਵੱਧ ਸਖਤ ਹੋ ਜਾਂਦੀ ਹੈ ਤੇ ਪੂਰੀ ਪ੍ਰਣਾਲੀ ’ਤੇ ਸੰਕਟ ਜਿਹਾ ਛਾ ਜਾਂਦਾ ਹੈ। ਇਸ ਤਰ੍ਹਾਂ ਵਿਆਜ ਅਤੇ ਵਿਆਜ ’ਤੇ ਅਧਾਰਤ ਵਿਸ਼ਵੀ ਅਰਥਚਾਰਾ ਇਨਸਾਨਾਂ ਦਾ ਖ਼ੂਨ ਚੁਸਣ ਤੇ ਉਹਨਾਂ ਦੇ ਮਾਲ ਦੀ ਕੀਮਤ ’ਤੇ ਕੁਝ ਚੋਣਵੇਂ ਸਰਮਾਏਦਾਰਾਂ ਨੂੰ ਫਾਇਦਾ ਦੇਣ ਦਾ ਸਾਧਨ ਹੈ।

# ਕਿਉਂ ਹੈ 500 ਅਰਬ ਡਾਲਰ ਦੀ ਲੁੱਟ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ

1947 ਦੀ ਸੱਤਾ ਬਦਲੀ ਤੋਂ ਹੁਣ ਤੱਕ ਦੇ ਛੇ ਦਹਾਕਿਆਂ 'ਚ ਭਾਰਤ ਤੋਂ ਇਹੀ ਕਰੀਬ 500 ਅਰਬ ਡਾਲਰ ਯਾਨੀ 22.5 ਲੱਖ ਕਰੋੜ ਰੁਪਏ ਨਜਾਇਜ਼ ਤੌਰ 'ਤੇ ਲੈ ਜਾ ਕੇ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਕੀਤੇ ਗਏ ਹਨ। ਇਹ ਸਿੱਟਾ ਹੈ ਇਕ ਅਮਰੀਕੀ ਸੰਸਥਾ ਗਲੋਬਲ ਫਾਇਨਾਸ਼ੀਅਲ ਇੰਟੇਗ੍ਰਿਟੀ GFI ਦੇ ਇਕ ਵਿਆਪਕ ਅਧਿਐਨ ਦਾ ਅੰਗਰੇਜ਼ੀ 'ਚ ਜਿਸ ਦੀ ਸੁਰਖੀ ਹੈ-ਡਾਈਵਰਸ ਐਂਡ ਡਾਇਨਾਮਿਕਸ ਆਫ ਏਲਿਸਿਟ ਫਾਈਨੈਂਸੀਅਲ ਫਲੋਜ ਫ੍ਰਾਮ ਇੰਡੀਆ 1948-2008 ਏਨੀ ਵੱਡੀ ਰਕਮ ਭਾਰਤ ਦੇ 1.3 ਖਰਬ ਡਾਲਰ ਦੀ ਕੁਲ ਘਰੇਲੂ ਪੈਦਾਵਾਰ (ਜੀ. ਡੀ. ਪੀ.) ਦੇ ਕਰੀਬ ਅੱਧੀ ਬੈਠਦੀ ਹੈ। ਇਸ ਪੈਸੇ ਨੂੰ ਸਵਿਟਜ਼ਰਲੈਂਡ ਦੇ ਕੇਮਨ ਪ੍ਰਾਦੀਪ ਵਰਗੇ ਦੂਰ ਦਰਾਡੇ ਦੇ ਮੁਲਕਾਂ 'ਚ ਲੈ ਜਾ ਕੇ ਰੱਖਿਆ ਗਿਆ ਹੈ। ਫਿਲਹਾਲ ਤਾਂ ਇਹਨਾਂ ਪੈਸਿਆਂ ਦੇ ਖਾਤੇਦਾਰਾਂ ਦੇ ਨਾਂ ਗੁਪਤ ਹਨ ਪਰ ਆਗਿਆਤਾ ਇਸ ਦੇ ਸਮੂਹ ਦੀਆਂ ਕੰਧਾਂ 'ਚ ਆਖਰਕਾਰ ਦਰਾੜ ਆਉਣੀ ਸ਼ੁਰੂ ਹੋ ਗਈ ਹੈ। ਇਸ 17 ਜਨਵਰੀ ਨੂੰ ਇਕ ਮੁੱਖ ਸਿਵਸ ਬੈਂਕ ਦੇ ਸਾਬਕਾ ਕਰਮਚਾਰੀ ਨੇ 2000 ਸ਼ੱਕੀ ਕਰਚੋਰਾਂ ਦੀ ਸੂਚੀ ਵਿਕੀਲੀਕਸ ਦੇ ਮੁਖੀਆਂ ਜੂਲਿਅਨ ਅਸਾਂਜੇ ਨੂੰ ਸੌਂਪੀ। ਇਹ ਸਾਰੇ ਨਾਂ-ਇਹਨਾਂ 'ਚੋਂ ਕੁਝ ਭਾਰਤੀਆਂ ਦੇ ਵੀ ਨਾਂ ਹੋਣ ਦੀ ਸੰਭਾਵਨਾ ਹੈ। ਜਲਦੀ ਹੀ ਜਨਤਕ ਕਰਨ ਸਬੰਧੀ ਅਸਾਂ ਜੇ ਦੇ ਬਿਆਨ ਨਾਲ ਦਿੱਲੀ ਨੂੰ ਤਾਂ ਜਿਵੇਂ ਲਕਵਾ ਮਾਰ ਗਿਆ। ਘਪਲਿਆਂ ਤੇ ਭਰਿਸ਼ਟਾਚਾਰ ਦੇ ਸਿਲਸਲੇਵਾਰ ਦੋਸ਼ਾਂ ਨੇ ਰਾਜਧਾਨੀ ਸ਼ਹਿਰ 'ਚ ਪਹਿਲਾਂ ਤੋਂ ਹੀ ਕਹਿਰ ਵਰਤਾ ਰੱਖਿਆ ਹੈ। ਏਧਰ ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ ਨੂੰ ਵਾਪਸ ਲਿਆਉਣ ਲਈ ਪ੍ਰਮੁੱਖ ਨਾਗਰਿਕਾਂ ਦੇ ਇਕ ਸਮੂਹ ਵਲੋਂ ਸੁਪਰੀਮ ਕੋਰਟ 'ਚ ਦਾਇਰ ਜਨਹਿਤ ਪਟੀਸ਼ਨ ਨੇ 50 ਟੈਕਸ ਚੋਰਾਂ ਦੀ ਉਸ ਸੂਚੀ ਨੂੰ ਫਿਰ ਤੋਂ ਚਰਚਾ ਵਿਚ ਲਿਆਂਦਾ ਹੈ ਜੋ ਜਰਮਨ ਅਧਿਕਾਰੀਆਂ ਨੇ 2008 'ਚ ਭਾਰਤ ਨੂੰ ਸੌਂਪੀ ਸੀ। ਪਟੀਸ਼ਨ ਪਾਉਣ ਵਾਲੇ ਗਰੁੱਪ 'ਚ ਰਾਮ ਜੇਠਮਲਾਨੀ, ਕੇ. ਪੀ. ਐਸ. ਗਿੱਲ ਅਤੇ ਸੁਭਾਸ਼ ਕੈਯਸ਼ਪ ਆਦਿ ਸ਼ਾਮਲ ਹਨ। ਸੁਪਰੀਮ ਕੋਰਟ ਦੀਆਂ ਟਿੱਪਣੀਆਂ ਖਾਸੀਆਂ ਤਲਖ ਸਨ-ਨਿਆਂ ਮੂਰਤੀ ਸੁਦਰਸ਼ਨ ਰੈਡੀ ਤੇ ਐਸ. ਐਸ. ਨਿਜਰ ਦਾ ਕਹਿਣਾ ਸੀ" ਸ਼ੁੱਧ ਰੂਪ 'ਚ ਇਸ ਦੇਸ਼ ਦੇ ਪੈਸੇ ਦੀ ਲੁੱਟ ਹੈ। ਇਸ ਹਰ ਤਰ੍ਹਾਂ ਦੇ ਸਮਝੌਤੇ-ਸੰਧੀਆਂ ਦੇ ਨੁਕਤਿਆਂ ਦੀ ਨਹੀਂ ਬਲਕਿ ਦਿਮਾਗ ਚਕਰਾ ਦੇਣ ਵਾਲੇ ਅਪਰਾਧ ਦੀ ਗੱਲ ਕਰ ਰਹੇ ਹਨ।" 50 ਨਾਵਾਂ ਵਾਲੇ ਮਸਲੇ 'ਤੇ ਇਹ ਪੁੱਛ ਕੇ ਸਲਿਸੀਟਰ ਜਨਰਲ ਗੋਪਾਲ ਸੁਬਰਾ ਮਨੀਅਮ ਤੇ ਇਸ ਨਾਤੇ ਸਰਕਾਰ ਨੂੰ ਵੀ ਖਾਸੇ ਸ਼ਸ਼ੋਪੰਜ 'ਚ ਪਾ ਦਿੱਤਾ ਕਿ 'ਤੁਸੀਂ ਮਾਮਲੇ ਦੀ ਸਿਰਫ਼ ਲਿਚੇਂਸਟੇਨ ਬੈਂਕ ਤਕ ਹੀ ਕਿਉਂ ਸੀਮਤ ਕਰ ਰਹੇ ਹੋ?" ਕੌਮੀ ਧਨ ਦੌਲਤ ਦੀ ਲੁੱਟ ਪ੍ਰਤੀ ਹੱਦ ਦਰਜੇ ਦੀ ਅਣਦੇਖੀ ਕਰਦੀ ਆ ਰਹੀ ਨਰਮ ਰੁਖ ਵਾਲੀਆਂ ਸਰਕਾਰਾਂ ਦੀ ਹਮਾਇਤ ਨਾਲ ਹੋਏ ਰਕਮ ਦੇ ਇਸ ਨਜਾਇਜ਼ ਵਟਾਂਦਰੇ ਨੇ ਬਹੁਤ ਕਨੂੰਨ ਤੋੜੇ ਹਨ। ਇਹਨਾਂ 'ਚ ਅਪਰਾਧਿਕ, ਨਾਗਰਿਕ ਤੇ ਕਰ ਕਨੂੰਨਾਂ ਤੋਂ ਇਲਾਵਾ ਸੀਮਾ ਟੈਕਸ ਨਿਯਮਨ, ਵੈਦ ਅੰਦਾਜ਼ਾ ਤੇ ਬੈਕਿੰਗ ਕਨੂੰਨਾਂ ਦੀ ਅਣਦੇਖੀ ਸ਼ਾਮਲ ਹੈ। ਵਿਦੇਸ਼ੀ ਬੈਂਕ ਖਾਤਿਆਂ 'ਚ

ਜਮ੍ਹਾਂ ਇਹ ਰਕਮ ਹਥਿਆਰ ਸੌਦਿਆਂ ਦਾ ਕਮਿਸ਼ਨ, ਠੇਕਿਆਂ ਬਦਲੇ ਰਿਸ਼ਵਤ ਜਾਂ ਕੰਪਨੀਆਂ ਦਾ ਮੁਨਾਫਾ ਕੁਝ ਵੀ ਹੋ ਸਕਦਾ ਹੈ। ਐਸੇ ਕਰੀਬ 40 ਠਿਕਾਣੇ ਹਨ ਜੋ ਇਸ ਤਰ੍ਹਾਂ ਦੀ ਰਕਮ ਦਾ ਬਾਹਾਂ ਫੈਲਾ ਕੇ ਸੁਆਗਤ ਕਰਦੇ ਹਨ। ਇਹਨਾਂ 'ਚੋਂ ਸਭ ਤੋਂ ਪਸੰਦੀਦਾ ਠਿਕਾਨੇ ਹਨ ਸਿਵਟਜ਼ਰਲੈਂਡ, ਲਕਜਮਬਰਗ, ਲਿਚੇਂਸਟੇਨ, ਚੈਨਲ ਪ੍ਰਾਦੀਪ ਤੇ ਬਹਾਮਾਸ। ਜੀ ਐਫ ਆਈ ਦੇ ਅਧਿਐਨ ਦਾ ਅਨੁਮਾਨ ਹੈ ਕਿ ਭਾਰਤੀ ਅਰਥਚਾਰੇ ਦੀ ਕੁਲ ਨਜਾਇਜ਼ ਰਕਮ ਦਾ ਕਰੀਬ 72.2 ਫੀਸਦੀ ਵਿਦੇਸ਼ਾਂ 'ਚ ਜਮ੍ਹਾਂ ਹੈ। ਭਾਰਤ ਦੀ ਰੂਪੋਸ਼ ਅਰਥਚਾਰ ਦੇਸ਼ ਦੀ ਕੁਲ ਘਰੇਲੂ ਪੈਦਾਵਾਰ ਦਾ ਕਰੀਬ 50 ਫੀਸਦੀ ਸਦੀ ਜਾਂ 640 ਅਰਬ ਡਾਲਰ (2008 ਦੀ 1.28 ਅਰਬ ਡਾਲਰ ਦੀ ਜੀ ਡੀ ਪੀ ਦੇ ਅਧਾਰ 'ਤੇ) ਹੋਣ ਦਾ ਅਨੁਮਾਨ ਹੈ।

ਆਰਥਕ ਉਦਾਰੀ ਕਰਨ ਨੇ ਇਸ ਨਜਾਇਜ਼ ਪੈਸੇ ਦੀ ਉਡਾਨ 'ਚ ਇਜਾਫਾ ਹੀ ਕੀਤਾ ਹੈ। ਜੀ ਐਫ ਆਈ ਦੇ ਨਿਰਦੇਸ਼ਕ ਰੇਮੰਡ ਡਬਲੂ ਬੇਕਰ ਕਹਿੰਦੇ ਹਨ "ਆਪਣੇ ਕਾਰੋਬਾਰ ਨੂੰ ਘਟਾ-ਵਧਾ ਕੇ ਦਸਣ ਮੌਕੇ ਵਧ ਗਏ ਹਨ। ਸੰਸਾਰ ਪੱਧਰ 'ਤੇ ਇਕ ਕਿਸਮ ਦੀ ਵਿਤੀ ਪ੍ਰਣਾਲੀ ਵਿਸਥਾਰ ਲੈ ਰਹੀ ਹੇ। ਜਿਸ 'ਚ ਖਾਸ ਕਰਕੇ ਚੋਰੀ ਦੇ ਲਿਹਾਜ ਨਾਲ ਜਨਤ ਮੰਨੇ ਜਾਣ ਵਾਲੇ ਦੀਪ ਦੇਸ਼ਾਂ 'ਚ ਜਮ੍ਹਾਂ ਨਜਾਇਜ਼ ਮੁਦਰਾ ਸ਼ਾਮਲ ਤੇ ਗੁਪਤ ਕਨੂੰਨਾਂ ਵਾਲੇ ਮੁਲਕਾਂ ਦੀਆਂ ਕੰਪਨੀਆਂ ਹਿੰਦੁਸਤਾਨ ਦੇ ਅਰਬ ਡਾਲਰ ਉੜਾ ਲੈਂਦੀਆਂ ਹਨ ਤੇ ਉਹੀ ਰਕਮ ਫਿਰ ਘੱਟ ਅਰਸੇ ਦੇ ਅਤੇ ਲੰਬੇ ਅਰਸੇ ਦੇ ਨਿਵੇਸ਼ਾਂ ਵਜੋਂ ਵਾਪਸ ਆਉਂਦੀ ਹੈ। ਮੰਸ਼ਾ ਅਕਸਰ ਬਿਨਾਂ ਖਾਤੇ-ਵਹੀ ਵਾਲੀ ਤਬਦੀਲੀ ਦੀ ਹੀ ਰਹਿੰਦੀ ਹੈ" ਕਿ ਕਈ ਵਾਰ ਤਾਂ ਸਿੱਧਾ ਨਕਦੀ ਨੂੰ ਹੀ ਵਿਦੇਸ਼ ਭੇਜ ਦਿੱਤਾ ਜਾਂਦਾ ਹੈ, ਮੁੰਬਈ ਸਥਿਤ ਇਕ ਡਕਿਵਟੀ ਫਰਮ ਦੇ ਸੀ. ਈ. ਓ. ਕਹਿੰਦੇ ਹਨ ਕਿ "ਵਿਦੇਸ਼ ਉਡਾਣਾ ਜਾਂ ਚਿਰਟਡ ਜਹਾਜ਼ਾਂ ਰਾਹੀਂ ਨਕਦੀ ਵਿਦੇਸ਼ ਭੇਜੀ ਜਾਂਦੀ ਹੈ। ਮੁੰਬਈ ਤੇ ਦਿੱਲੀ ਹਵਾਈ ਅੱਡਿਆਂ ਤੋਂ ਇਹ ਜਹਾਜ਼ ਜਯੂਰਿਖ ਜਾਂਦੇ ਹਨ। ਨਿਜੀ ਜਹਾਜ਼ਾਂ ਦੀ ਮੰਗ ਵਧਣ ਪਿੱਛੇ ਇਕ ਵਜ੍ਹਾ ਸ਼ਾਇਦ ਇਹ ਵੀ ਹੋ ਸਕਦੀ ਹੈ ਕਿ ਪਰ ਰਕਮ ਬਾਹਰ ਭੇਜਣ ਦੀ ਕਲਾਸਿਕ ਤਕਰੀਬ ਅੱਜ ਵੀ ਸਾਮਾਨ ਤੇ ਸੇਵਾਵਾਂ ਦੀ ਇਨਵਾਇਸੰਗ 'ਚ ਘੱਟ-ਵੱਧ ਹੀ ਮੰਨੀ ਜਾਂਦੀ ਹੈ ਅਤੇ ਨਜਾਇਜ਼ ਰਕਮ ਜਮ੍ਹਾਂ ਕਰਵਾਉਣ ਲਈ ਵੀ ਸਖ਼ਤ ਖੁਫੀਆ ਕਨੂੰਨਾਂ ਕਰਕੇ ਸਿਵਸ ਬੈਂਕ ਸਭ ਤੋਂ ਪਸੰਦੀਦਾ ਠਿਕਾਨਾ ਮੰਨਿਆ ਜਾਂਦਾ ਹੈ। ਮਾਰਚ 2009 'ਚ ਓਬਾਮਾ ਪ੍ਰਸ਼ਾਸ਼ਨ ਨੇ ਜਦ ਨਜਾਇਜ਼ ਖਾਤਿਆਂ ਦੇ ਖਿਲਾਫ ਮੁਹਿੰਮ ਛੇੜੀ ਤਾਂ ਇਕ ਭਾਰਤੀ ਸੀ. ਈ. ਓ. ਮੁਤਾਬਕ ਸਵਿਸ ਬੈਂਕਾਂ ਨੇ ਖੁਫੀਆ ਦਾ ਬ੍ਰਹਮ ਅਸ਼ਤਰ ਚਲਾ ਦਿੱਤਾ। ਉਸ ਨੇ ਐਸੇ ਪੈਸੇ ਨੂੰ ਬੀਮਾ ਕਿਤੇ ਵਧ ਸਖਤ ਖੁਫੀਆ ਵਿਵਸਥਾਵਾਂ ਦੇ ਤਹਿਤ ਦਾ ਦਿੱਤਾ। ਗੱਲ ਸਿਰਫ ਖੁਫੀਆ ਹੋਣ ਦੀ ਨਹੀਂ ਇਕ ਉਚ ਆਮਦਨ ਅਧਿਕਾਰੀ ਮੁਤਾਬਕ "ਸਿਵਸ ਬੈਕਿੰਗ ਕਨੂੰਨ ਦੇ ਨਾਲ ਇਕ ਦਿੱਕਤ ਇਹ ਹੈ ਕਿ ਉਹ ਸੂਚਨਾ ਦੇਣ ਤੋਂ ਪਹਿਲਾਂ ਜਮ੍ਹਾਂ ਕਰਤਾ ਦੇ ਅਪਰਾਧ ਦੀ ਦੋਹਰੀ ਪੁਸ਼ਟੀ ਚਾਹੁੰਦੇ ਹਨ। ਟੈਕਸ ਚੋਰੀ ਭਾਰਤ 'ਚ ਭਾਵੇਂ ਅਪਰਾਧ ਹੋਵੇ ਪਰ ਸਿਵਟਜ਼ਰਲੈਂਡ 'ਚ ਉਸ ਨੂੰ ਅਪਰਾਧ ਨਹੀਂ ਮੰਨਿਆ ਜਾਂਦਾ। ਅਜਿਹੇ 'ਚ ਜਮ੍ਹਾਂ ਕਰਤਾ ਦਾ ਬਿਉਰਾ ਹਾਸਲ ਕਰਨ ਲਈ ਸਾਨੂੰ ਕਾਲੀ ਰਕਮ ਸਫੈਦ ਕਰਨ, ਭਰਿਸ਼ਟਾਚਾਰ 'ਚ ਲਿਪਤ ਹੋਣ ਜਾਂ ਫਿਰ ਨਸ਼ੀਲੀਆਂ ਦਵਾਈਆਂ ਦੇ ਕਾਰੋਬਾਰ ਸੰਬੰਧੀ ਮਾਮਲਾ ਚਲਾਉਣਾ ਪੈਂਦਾ ਹੈ। ਜੋ ਟੈਕਸ ਚੋਰੀ ਦੇ ਸਿੱਧੇ-ਸਪਸ਼ਟ ਮਾਮਲੇ ਦੀ ਬਜਾਏ

ਸਾਬਿਤ ਕਰਨਾ ਕਿਤੇ ਵੱਧ ਮੁਸ਼ਕਿਲ ਹੁੰਦਾ ਹੈ।" ਵਿਰੋਧੀ ਧਿਰ ਭਾਜਪਾ ਨੇ 2009 ਦੀਆਂ ਆਮ ਚੋਣਾਂ 'ਚ ਪ੍ਰਚਾਰ ਦੌਰਾਨ ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ ਦਾ ਮਾਮਲਾ ਉਠਾਇਆ ਸੀ, ਉਸ ਵਕਤ ਇਹ ਕੋਈ ਖਾਸ ਮੁੱਦਾ ਨਹੀਂ ਬਣ ਸਕਿਆ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਇਮਾਨਦਾਰ ਤੇ ਬੇਦਾਗ ਦਿੱਖ ਦੇ ਬੂਤੇ ਯੂਪੀਏ ਫਿਰ ਸੱਤਾ 'ਚ ਆ ਗਈ, ਦੋ ਸਾਲ ਬਾਅਦ ਪ੍ਰਧਾਨ ਮੰਤਰੀ ਦੀ ਸ਼ਾਖ 'ਤੇ ਘਪਲਿਆਂ ਨੇ ਬੱਟਾ ਲਾ ਦਿੱਤਾ। ਭਾਜਪਾ ਦੇ ਬੁਲਾਰੇ ਰਵੀ ਸ਼ੰਕਰ ਪ੍ਰਸ਼ਾਦ ਕਹਿੰਦੇ ਹਨ "ਨਾਮ ਜਾਹਰ ਕਰਨ 'ਚ ਆਖਰ ਕਾਂਗਰਸ ਨੂੰ ਦਿੱਕਤ ਕੀ ਹੈ? ਵਿਦੇਸ਼ਾਂ 'ਚ ਜਿਹਨਾਂ ਲੋਕਾਂ ਦੇ ਖਾਤੇ ਹਨ, ਉਹਨਾਂ ਦੇ ਨਾਂ ਉਜਾਗਰ ਨਾ ਹੋਣ ਦੇਣ ਸਬੰਧੀ ਉਹਨਾਂ ਦਾ ਇੰਨਾ ਜ਼ਿੱਦੀ ਰਵੱਈਆ ਕਿਉਂ ਅਖਤਿਆਰ ਕੀਤਾ ਜਾ ਰਿਹਾ ਹੈ? ਦੇਸ਼ ਨੂੰ ਉਹਨਾਂ ਨਾਵਾਂ ਦਾ ਖੁਲਾਸਾ ਕੀਤੇ ਜਾਣ ਦੀ ਉਮੀਦ ਹੈ ਤੇ ਉਹਨਾਂ ਨੂੰ ਇਹ ਜਾਨਣ ਦਾ ਅਧਿਕਾਰ ਹੈ" ਭਾਜਪਾ ਪ੍ਰਧਾਨ ਨਿਤਨ ਗਡਕਰੀ ਵੀ ਕਹਿੰਦੇ ਹਨ "ਸਿਵਸ ਬੈਂਕਾਂ 'ਚ ਖਾਤੇ ਰੱਖਣ ਵਾਲਿਆਂ ਦੇ ਨਾਵਾਂ ਦਾ ਖੁਲਾਸਾ ਕਰਨ 'ਚ ਕਿਸੇ ਵੀ ਤਰ੍ਹਾਂ ਦੀ ਹਿਚਕ ਨਾਲ ਸੱਤਾ ਦੀ ਚੋਟੀ 'ਤੇ ਬੈਠੇ ਲੋਕਾਂ ਦੀ ਨੀਅਤ 'ਤੇ ਉਠੇਗੀ।" ਦੁਨੀਆਂ ਭਰ 'ਚ ਹੁਣ ਬੈਂਕਿੰਗ ਦੇ ਖੁਫੀਆ ਹੋਣ ਅਤੇ ਦੋ ਮੁਲਕਾਂ ਦੇ ਲੋਕਾਂ ਵਿਚਾਏ ਛੁਪ ਕੇ ਹੋਣ ਵਾਲੇ ਵਿਤੀ ਲੈਣ ਦੇਣ ਖਿਲਾਫ ਫੈਸਲਾਕੁੰਨ ਮਹੌਲ ਬਣ ਗਿਆ ਹੈ। ਇਸ ਦਿਸ਼ਾ 'ਚ ਪਹਿਲੀ ਵਾਰ ਠੋਸ ਮਾਹੌਲ 9/ 11 ਅਮਰੀਕਾ 'ਚ ਹੋਏ ਆਤੰਕੀ ਹਮਲਿਆਂ ਪਿੱਛੋਂ ਬਣਿਆ ਸੀ। ਅਕਤੂਬਰ 2001 'ਚ ਅਮਰੀਕੀ ਦੇਸ਼ ਭਗਤੀ ਕਨੂੰਨ 'ਚ ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕਣ 'ਤੇ ਪੂਰਾ ਇਕ ਖੰਡ ਹੈ। ਇਸ ਕਨੂੰਨ 'ਚ ਵਿਤੀ ਸੰਸਥਾਵਾਂ ਤੇ ਕਨੂੰਨ ਪਰਵਰਤਨ ਏਜੰਸੀਆਂ ਵਿਚਕਾਰ ਨਿਯਮਤ ਵਕਫੇ 'ਤੇ ਸੂਚਨਾ ਦੇ ਵਟਾਂਦਰੇ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਦੇ ਤਹਿਤ ਅਮਰੀਕੀ ਵਿਤੀ ਸੰਸਥਾਵਾਂ ਨੂੰ ਆਪਣੇ ਗਾਹਕਾਂ ਬਾਰੇ ਸਖਤੀ ਨਾਲ ਸਭ ਕੁਝ ਜਾਨਣ ਦਾ ਅਧਿਕਾਰ ਹਾਸਲ ਹੈ। ਉਹਨਾਂ ਨੂੰ ਅਜਿਹੇ ਬੈਂਕਾਂ ਦੇ ਨਾਲ ਕਿਸੇ ਤਰ੍ਹਾਂ ਦੇ ਲੈਣ ਦੇਣ ਦੀ ਇਜਾਜ਼ਤ ਨਹੀਂ ਹੈ। ਜਿਹਨਾਂ ਦੀ ਅਮਰੀਕਾ 'ਚ ਕੋਈ ਸ਼ਾਖਾਂ ਜਾਂ ਕੋਈ ਸਹਿਯੋਗੀ ਬੈਂਕ ਨਹੀਂ ਇਸੇ ਤਰ੍ਹਾਂ ਦੇ ਕਨੂੰਨ ਤਾਂ ਦੂਜੇ ਮੁਲਕਾਂ 'ਚ ਵੀ ਬਣਾਏ ਗਏ ਪਰ ਉਹਨਾਂ ਦਾ ਧਿਆਨ ਟੈਕਸ ਚੋਰੀ ਦੀ ਬਜਾਏ ਮੁੱਖ ਤੌਰ 'ਤੇ ਦਹਿਸ਼ਤ ਫੈਲਾਉਣ ਲਈ ਵਿਤੀ ਮਦਦ ਦਾ ਪਤਾ ਲਾਉਣ 'ਤੇ ਰਿਹਾ। ਵਿਦੇਸ਼ੀ ਪੈਸੇ ਸਬੰਧੀ ਪਿੱਛੇ ਜਿਹੇ ਦੂਜੀ ਵਾਰੀ ਮਾਹੌਲ ਬਣਿਆ 2008 'ਚ ਵਿਸ਼ਵ ਵਿਆਪੀ ਆਰਥਕ ਸੰਕਟ ਦੇ ਸਾਹਮਣੇ ਆਉਣ ਪਿੱਛੋਂ, ਮੋਟੇ ਫਾਈਨਾਂਸਰਾਂ ਤੇ ਬੈਂਕਰਾਂ-ਜਿਹਨਾਂ 'ਤੇ ਦੋਸ਼ ਸੀ ਕਿ ਛੇ ਦਹਾਕਿਆਂ 'ਚ ਸਭ ਤੋਂ ਵੱਡੀ ਮੰਦੀ ਦੇ ਅਸਲ ਕਾਰਕ ਉਹ ਹੀ ਹਨ-ਦੇ ਖਿਲਾਫ ਲੋਕਾਂ ਦੇ ਗੁੱਸੇ ਨੂੰ ਵੇਖਦਿਆਂ ਪੱਛਮੀ ਸਰਕਾਰਾਂ ਉਹਨਾਂ ਖਿਲਾਫ ਛਿਤਰ ਮਾਰਨ ਨੂੰ ਮਜ਼ਬੂਰ ਹੋ ਗਈਆਂ। ਬਹੁਤਿਆਂ ਦਾ ਮੰਨਣਾ ਸੀ ਕਿ ਇਹਨਾਂ ਲੋਕਾਂ ਨੇ ਆਪਣਾ ਪੈਸਾ ਕਰ ਚੋਰੀ ਦੇ ਲਿਹਾਜ ਨਾਲ ਸੁਰਖਿਅਤ ਮੁਲਕਾਂ 'ਚ ਜਮ੍ਹਾਂ ਕਰਵਾ ਰੱਖਿਆ ਹੈ। 2 ਅਪ੍ਰੈਲ 2009 ਨੂੰ ਜੀ-20 ਦੀ 2009 ਨੂੰ ਲੰਦਨ 'ਚ ਹੋਈ ਮੀਟਿੰਗ ਪਿੱਛੋਂ ਜਾਰੀ ਬਿਆਨ ਹੁਣ ਕਿਤੇ ਵੱਧ ਮੁਸ਼ਕਲ ਹੁੰਦਾ ਜਾ ਰਿਹਾ ਹੈ। ਬਿਆਨ ਮੁਤਾਬਕ, "ਟੈਕਸ ਬਚਾਉਣ ਨੂੰ ਹੱਲਾਸ਼ੇਰੀ ਦੇਣ ਵਾਲੇ ਮੁਲਕਾਂ ਸਮੇਤ ਅਸਹਿਯੋਗੀ ਰਵੱਈਆ ਰੱਖਣ ਵਾਲਿਆਂ ਖਿਲਾਫ ਕਾਰਵਾਈ 'ਤੇ ਅਸੀਂ ਸਾਰੇ ਸਹਿਮਤ ਹਾਂ........ ਸਾਡੀ ਜਾਣਕਾਰੀ ਵਿਚ ਆਰਥਕ ਸਹਿਯੋਗ ਤੇ ਵਿਕਾਸ ਸੰਗਠਨ (OECD) ਨੇ ਅੱਜ ਤੱਕ

ਸੂਚੀ ਛਾਪੀ ਹੈ, ਇਹ ਉਹਨਾਂ ਦੇਸ਼ਾਂ ਦੀ ਸੂਚੀ ਹੈ ਜਿਹਨਾਂ ਦਾ ਅੰਦਾਜ਼ਾ ਗਲੋਬਲ ਫਾਰਮ ਨੇ ਕੀਤਾ ਹੈ ਅਤੇ ਜੋ ਟੈਕਸ ਸੂਚਨਾ ਦੇ ਵਟਾਂਦਰੇ ਸਬੰਧੀ ਕੌਮਾਂਤਰੀ ਮਾਪਦੰਡ ਦੇ ਖਿਲਾਫ ਹਨ।'' ਜੀ-20 ਦੇ ਇਸ ਬਿਆਨ 'ਤੇ ਦਸਖਤ ਕਰਨ ਵਾਲਿਆਂ 'ਚ ਭਾਰਤ ਵੀ ਸ਼ਾਮਲ ਸੀ। ਅਜਿਹੇ 40 ਮੁਲਕਾਂ ਦੀ ਪਹਿਚਾਣ ਹੋਈ ਜੋ ਟੈਕਸ ਚੋਰਾਂ ਲਈ ਜਨਤ ਮੰਨੇ ਜਾਂਦੇ ਹਨ ਅਤੇ ਜਿਹਨਾਂ ਦੇ ਇਥੋਂ ਦੀਆਂ ਵਿਤੀ ਸੰਸਥਾਵਾਂ ਅਸਹਿਯੋਗੀ ਰਵਈਆ ਅਪਣਾਉਂਦੀਆਂ ਹਨ। ਇਹ ਮੁਲਕ ਕੌਮਾਂਤਰੀ ਤੌਰ 'ਤੇ ਮੰਨੇ ਗਏ ਪੈਮਾਨਿਆਂ ਨੂੰ ਆਪਣੇ ਵੀ ਇਥੇ ਲਾਗੂ ਕਰ ਲਈ ਰਾਜੀ ਹੁੰਦੇ ਸਨ ਪਰ ਉਹਨਾਂ ਨੇ ਠੀਕ ਤਰ੍ਹਾਂ ਨਾਲ ਉਸ ਨੂੰ ਲਾਗੂ ਨਹੀਂ ਕੀਤਾ। ਸਿਵਟਜ਼ਰਲੈਂਡ ਤੇ ਲਿਚੇਂਸਟੇਨ ਦਾ ਨਾਂ ਉਸ ਸੂਚੀ ਵਿਚ ਸੀ। ਉਹਨਾਂ 'ਤੇ ਇਸ ਗੱਲ ਲਈ ਖਾਸਾ ਦਬਾਅ ਬਣਾਇਆ ਗਿਆ ਕਿ ਟੈਕਸ ਸੂਚਨਾਵਾਂ ਦੇ ਵਟਾਂਦਰੇ ਦੇ ਕੌਮਾਂਤਰੀ ਪੈਮਾਨਿਆਂ ਦਾ ਉਹ ਸਨਮਾਨ ਕਰਨ। ਟ੍ਰਾਂਸਪੈਰੇਂਸੀ ਐਂਡ ਐਕਸਚੇਂਜ ਆਫ ਇਨਫਾਰਮੇਸ਼ਨ ਫਾਰ ਟੈਕਸ ਪਰਚੇਜਜ 'ਤੇ 2000 'ਚ ਪਹਿਲੀ ਵਾਰੀ ਬਣੇ ਓ. ਈ. ਸੀ. ਡੀ. ਦੇ ਗਲੋਬਲ ਫੋਰਮ 'ਚ ਸਤੰਬਰ 2009 'ਚ ਜੀ-20 ਦੇ ਹੁਕਮ ਅਨੁਸਾਰ ਵਿਆਪਕ ਤਬਦੀਲੀਆਂ ਕੀਤੀਆਂ ਗਈਆਂ। ਟੈਕਸ ਦੇ ਲਿਹਾਜ ਨਾਲ ਜਨਤ ਮੰਨੇ ਜਾਂਦੇ ਮੁਲਕਾਂ ਤੇ ਦੂਜੇ ਖੁਫੀਆ ਵਿਤੀ ਕੇਂਦਰਾਂ 'ਚ ਪਾਰਦਰਸ਼ਿਤਾ ਸਬੰਧੀ ਬਹੁਪੱਖੀ ਕੋਸ਼ਿਸ਼ਾਂ ਦਾ ਜਿੰਮਾ ਵੀ ਫੋਰਮ ਨੂੰ ਹੀ ਦਿੱਤਾ ਗਿਆ ਸੀ। ਅੱਜ ਇਸ ਫੋਰਮ 'ਚ ਜੀ-20 ਦੇਸ਼ਾਂ ਓ. ਈ. ਸੀ. ਡੀ. ਦੇ ਸਭ ਦੇਸ਼ਾਂ ਅਤੇ ਸਭ ਮੁੱਖ ਵਿੱਤੀ ਕੇਂਦਰਾਂ ਸਮੇਂ ਕੁਲ 95 ਮੈਂਬਰ ਦੇਸ਼ ਹਨ। ਨਵੰਬਰ 2010 'ਚ ਜੀ-20 ਨੇ ਇਕ ਵਾਰ ਫਿਰ ਤੋਂ ਗਲੋਬਲ ਫੋਰਮ ਨੂੰ ਹਮਾਇਤ ਦਿੱਤੀ।'' ਗਲੋਬਲ ਫੋਰਮ ਦੇ ਕੰਮ ਦੀ ਅਸੀਂ ਬਹੁਤ ਹਮਾਇਤ ਕਰਦੇ ਹਾਂ।'' ਇਸ ਸਮੂਹ ਨੇ ਸਮੀਖਿਆ ਦੀ ਆਪਦੀ ਪ੍ਰਕ੍ਰਿਆ 'ਚ ਉਨਤੀ ਤੇ ਸੂਚਨਾਵਾਂ ਦੀ ਅਦਲਾ-ਬਦਲੀ ਦੀ ਬਹੁਪੱਖੀ ਤਰਕੀਬ ਦੇ ਵਿਕਾਸ ਦਾ ਸੁਆਗਤ ਕੀਤਾ। ਇਹ ਤਰਕੀਬ ਇਸ 'ਚ ਰੁਚੀ ਵਿਖਾਉਣ ਵਾਲੇ ਸਾਰੇ ਮੁਲਕਾਂ ਲਈ ਮੁਹਈਆ ਹੋਵੇਗੀ।'' ਕਰ ਚੋਰੀ ਦੇ ਲਿਹਾਜ ਨਾਲ ਜਨਤ ਮੰਨੇ ਜਾਣ ਵਾਲੇ ਮੁਲਕਾਂ ਦੇ ਖਿਲਾਫ ਜੁਆਬੀ ਕਾਰਵਾਈ ਕਰਨ ਅਸੀਂ ਤਿਆਰ ਹਾਂ।''

ਸੰਨ 2000 ਤੋਂ 2008 ਵਿਚ 8 ਸਾਲ 'ਚ ਵੱਖ-ਵੱਖ ਦੇਸ਼ਾਂ ਵਿਚ ਟੈਕਸ ਸੂਚਨਾ ਵਟਾਂਦਰੇ ਦੇ ਸਿਰਫ 70 ਸਮਝੌਤੇ ਹੋਏ ਜਦ ਕਿ 2009 ਅਤੇ 2010 ਵਿਚਕਾਰ 500 ਨਵੇਂ ਸਮਝੌਤਿਆਂ 'ਤੇ ਦਸਖਤ ਹੋਏ। ਜੀ-20 ਨਾਲ ਪੈਣ ਵਾਲੇ ਦਬਾਅ ਦਾ ਹੀ ਨਤੀਜਾ ਸੀ ਕਿ ਸਿਵਟਜ਼ਰਲੈਂਡ ਤੇ ਲਿਚੇਂਸਟੇਨ ਵਰਗੇ ਮੁਲਕਾਂ ਨੂੰ ਸੂਚਨਾਵਾਂ ਦੇ ਵਟਾਂਦਰੇ ਵਰਗੇ ਮੁਲਕਾਂ ਨੂੰ ਸੂਚਨਾ ਦੇ ਵਟਾਂਦਰੇ ਦੇ ਸਮਝੌਤੇ 'ਤੇ ਦਸਖਤ ਕਰਨੇ ਪਏ। ਜਿਸ ਨਾਲ ਕਿ ਉਹ ''ਧੁੰਦਲੇ'' ਰਿਕਾਰਡ ਵਾਲੇ ਮੁਲਕਾਂ ਦੀ ਸੂਚੀ ਤੋਂ ਬਾਹਰ ਆ ਸਕੇ। ਸਿਧਾਂਤਕ ਤੌਰ 'ਤੇ ਫੋਰਮ ਨੂੰ ''ਸੰਧੀ ਦੇ ਕਿਸੇ ਮੈਂਬਰ ਦੇਸ਼ ਦੇ ਕਨੂੰਨ ਲਾਗੂ ਕਰਵਾਉਣ ਲਈ ਜਿੱਥੇ ਮੌਜੂ ਲੱਗੇ, ਮੰਗਣ 'ਤੇ ਸੂਚਨਾਵਾਂ ਦੇ ਵਟਾਂਦਰੇ ਦੀ ਬੇਇੱਜ਼ਤੀ ਹੁੰਦੀ ਹੈ। ਇਸ 'ਚ ਸਾਫ ਤੌਰ 'ਤੇ ਇਹ ਕਿਹਾ ਗਿਆ ਹੈ ਕਿ ਬੈਂਕ ਦੀ ਖੁਫੀਆ ਤੰਤਰ ਜਾਂ ਘਰੇਲੂ ਟੈਕਸ ਦੇ ਹਿੱਤਾਂ ਦੀ ਲੋੜ ਦਸ ਕੇ ਸੂਚਨਾ ਦੇਣ 'ਚ ਕੋਈ ਕੋਤਾਹੀ ਨਹੀਂ ਵਰਤੀ ਜਾ ਸਕਦੀ'' ਸੋਲ 'ਚ ਓ. ਈ. ਸੀ. ਡੀ. ਦੇ ਉਪ ਮਹਾਂ ਸਕੱਤਰ ਤੇ ਮੁੱਖ ਅਰਥਸਾਸ਼ਤਰੀ ਪਿਆਰ ਕਾਰਲੋ ਪੈਡੋਅਨ ਨੇ ਜੀ-20 ਦੇ ਵਿਤ ਮੰਤਰੀਆਂ ਦੇ ਸਾਹਮਣੇ ਵੇਰਵਾ ਰੱਖਿਆ ਗਿਆ ਕਿ ਅਪ੍ਰੈਲ 2009 ਤੋਂ ਕਿੰਨੀ ਰਕਮ ਬਰਾਮਦ ਕੀਤੀ ਗਈ

ਹੈ। ਉਹਨਾਂ ਨੇ ਦੱਸਿਆ ਕਿ "ਜਰਮਨੀ ਵਿਦੇਸ਼ਾਂ 'ਚ ਲੈ ਜਾ ਕੇ ਰੱਖੀ ਗਈ ਆਪਣੀ ਰਕਮ ਵਿਚੋਂ 5.4 ਅਰਬ ਡਾਲਰ ਪਹਿਲਾਂ ਹੀ ਹਾਸਲ ਕਰ ਚੁੱਕਿਆ ਹੈ। ਬ੍ਰਿਟੇਨ ਨੇ 81 ਲੱਖ ਡਾਲਰ ਤਕ ਵਾਪਸ ਹਾਸਲ ਕੀਤੇ ਹਨ ਅਤੇ ਇਹ ਰਕਮ ਘੱਟੋ-ਘੱਟ 11 ਲੱਖ ਡਾਲਰ ਤਕ ਪਹੁੰਚਣ ਦੀ ਉਮੀਦ ਹੈ। ਫ੍ਰਾਂਸ ਹੁਣ ਤਕ 1.3 ਅਰਬ ਡਾਲਰ ਲੈ ਕੇ ਆਇਆ ਹੈ। ਇਟਲੀ ਨੇ 6.7 ਅਰਬ ਡਾਲਰ ਵਾਪਸ ਲੈ ਜਾਣ ਦੀ ਉਮੀਦ ਹੈ।" ਪੈਡੋਅਨ ਦੇ ਹਿਸਾਬ ਨਾਲ ਭਾਰਤ ਉਹਨਾਂ ਦੇਸ਼ਾਂ ਦੇ ਸਮੂਹ 'ਚ ਸ਼ਾਮਲ ਹੈ, ਜੋ ਕਿ "ਇਸ ਤਰ੍ਹਾਂ ਦੇ ਕਦਮਾਂ ਦੀ ਵਰਤੋਂ ਕਰਦੇ ਹਨ ਅਤੇ ਜੋ ਟੈਕਸ ਚੋਰੀ ਨਾਲ ਵੱਡੀ ਰਕਮ ਹਾਸਲ ਕਰਨ ਵਾਲੇ ਹਨ ਕਿਉਂਕਿ ਇਹ ਸਾਰੇ ਆਪਣਾ ਚਿਹਰਾ ਧੋ ਪੂੰਝ ਕੇ ਸਾਹਮਣੇ ਆਉਣਾ ਚਾਹੁੰਦੇ ਹਨ।" ਗਲੋਬਲ ਫੋਰਮ ਦੀ ਚੋਟੀ ਦੀ ਸਲਾਹਕਾਰ ਇਕਾਈ ਦੇ 15 ਦੇਸ਼ਾਂ 'ਚ ਭਾਰਤ ਵੀ ਸ਼ਾਮਲ ਹੈ। ਹਾਲਾਂਕਿ ਉਸ ਨੇ ਹੁਣ ਤੱਕ ਟੈਕਸ ਸੂਚਨਾ ਵਟਾਂਦਰੇ ਦੇ ਇਕ ਵੀ ਸਮਝੌਤੇ 'ਤੇ ਦਸਖਤ ਨਹੀਂ ਕੀਤੇ ਹਨ ਤਾਂ ਹੀ ਤਾਂ ਉਸ ਨੇ ਹੁਣ ਤੱਕ ਕਿਸੇ ਤਰ੍ਹਾਂ ਦੀ ਰਿਕਵਰੀ ਦਾ ਕੋਈ ਅੰਕੜਾ ਗਲੋਬਲ ਫਾਰਮ 'ਚ ਪੇਸ਼ ਨਹੀਂ ਕੀਤਾ ਹੈ। ਕੇਂਦਰੀ ਸਿੱਧੇ ਟੈਕਸ ਬੋਰਡ ਦੇ ਮੁਖੀ ਸੁਧੀਰ ਚੰਦਰ ਕਹਿੰਦੇ ਹਨ। "22 ਦੇਸ਼ਾਂ ਦੇ ਨਾਲ ਟੈਕਸ ਸੂਚਨਾ ਵਟਾਂਦਰੇ ਸਮਝੌਤੇ ਦੀ ਗੱਲ ਚੱਲ ਰਹੀ ਹੈ। ਤਿੰਨ ਦੇਸ਼ਾਂ ਦੇ ਨਾਲ ਸਮਝੌਤੇ ਦੀ ਦਿਸ਼ਾ 'ਚ ਗੱਲਬਾਤ ਕਾਫੀ ਅੱਗੇ ਪਹੁੰਚ ਚੁੱਕੀ ਹੈ।" ਸਭ ਦੀਆਂ ਅੱਖਾਂ ਦੇ ਕੇਂਦਰ ਬਣੇ ਸਿਵਟਜ਼ਰਲੈਂਡ ਦੇ ਨਾਲ ਇਸ ਅਮਲ 'ਚ ਹਨ ਪਰ ਪੂਰੀ ਦੁਨੀਆਂ ਜਦ ਏਨੀ ਅੱਗੇ ਲੰਘ ਚੁੱਕੀ ਹੋਵੇ ਅਜਿਹੇ 'ਚ ਭਾਰਤ ਅਜੇ ਤਕ ਇਕ ਵੀ ਟੈਕਸ ਸੂਚਨਾ ਵਟਾਂਦਰਾ ਸਮਝੌਤਾ ਨਹੀਂ ਕਰ ਸਕਿਆ ਹੈ, ਅਜਿਹਾ ਕਿਉਂ? ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਕਹਿੰਦੇ ਹਨ, "ਪੈਸਾ ਵਾਪਸ ਲਿਆਉਣਾ ਬਹੁਤ ਮਾਅਨੇ ਰੱਖਦਾ ਹੈ। ਇਹ ਪੈਸਾ ਦੇਸ਼ ਦੇ ਵਿਕਾਸ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰ ਸਕਦਾ ਹੈ।" ਉਹ ਸੱਚ ਕਹਿੰਦੇ ਹਨ। ਯੋਜਨਾ ਕਮਿਸ਼ਨ ਨੇ 2007-2012 ਵਿਚਕਾਰ ਬੁਨਿਆਦੀ ਢਾਂਚੇ 'ਤੇ 500 ਅਰਬ ਡਾਲਰ ਦੇ ਨਿਵੇਸ਼ ਦਾ ਟੀਚਾ ਰੱਖਿਆ ਹੈ। ਸੁਪਰੀਮ ਕੋਰਟ ਤੇ ਵਿਰੋਧੀ ਪਾਰਟੀਆਂ ਨੇ ਸਰਕਾਰ 'ਤੇ ਦਬਾਅ ਵਧਾ ਦਿੱਤਾ ਹੈ। ਹਾਲਾਂਕਿ ਸਰਕਾਰ ਦਾ ਲਗਾਤਾਰ ਚੁੱਪ ਵੱਟੀ ਰਖਣਾ ਇਹ ਦਰਸਾਉਂਦਾ ਹੈ ਕਿ ਯੂ. ਪੀ. ਏ. ਇਸ 'ਤੇ ਕੁਝ ਉਸ ਤਰ੍ਹਾਂ ਖੁਫੀਆ ਕਾਇਮ ਕਰਕੇ ਰੱਖੇਗਾ ਜਿਸ ਤਰ੍ਹਾਂ ਨਾਲ ਸਿਵਸ ਬੈਂਕਾਂ ਨੇ ਗੁਪਤ ਪੈਸੇ ਦਾ ਭੇਦ ਦੱਸਣ 'ਤੇ ਚੁੱਪ ਧਾਰ ਰੱਖੀ ਹੈ।

# ਵਾਤਾਵਰਣ ਸੰਕਟ ਬਨਾਮ ਪੂੰਜੀਵਾਦ

ਮੌਜੂਦਾ ਪੂੰਜੀਵਾਦੀ ਸਾਮਰਾਜ ਨੇ ਇਨਸਾਨੀਅਤ ਨੂੰ ਜੋ ਵਿਨਾਸ਼ਕਾਰੀ ਤੋਹਫੇ ਦਿੱਤੇ ਹਨ, ਉਹਨਾਂ ਵਿਚੋਂ ਇਕ ਵੱਡਾ ਤੋਹਫਾ 'ਵਾਤਾਵਰਣ ਸੰਕਟ' ਹੈ। ਭੌਤਿਕਤਾ, ਲੋਭ ਤੇ ਲਾਲਚ ਅਤੇ ਭੋਗ-ਵਿਲਾਸ 'ਤੇ ਆਧਾਰਤ ਆਰਥਕ ਜੀਵਨ ਸ਼ੈਲੀ ਨੇ ਪਿਛਲੀਆਂ ਸਰਦੀਆਂ 'ਚ ਜੋ ਵਾਤਾਵਰਣੀ ਸੰਕਟ ਪੈਦਾ ਕੀਤੇ ਹਨ, ਉਹਨਾਂ ਦਾ ਨਤੀਜਾ ਹੈ ਕਿ ਅੱਜ ਪੂਰੀ ਇਨਸਾਨੀਅਤ ਦਾ ਵਜੂਦ ਹੀ ਗੰਭੀਰ ਖਤਰਿਆਂ ਦੇ ਸਾਹਮਣੇ ਹੈ। ਸਾਡਾ ਵਾਯੂ ਮੰਡਲ ਦੂਸ਼ਿਤ ਹੋ ਚੁੱਕਿਆ ਹੈ। ਪਾਣੀ ਦੇ ਭੰਡਰ ਬਰਬਾਦ ਹੋ ਚੁੱਕੇ ਹਨ। ਸਾਡਾ ਭੋਜਨ ਤਰ੍ਹਾਂ-ਤਰ੍ਹਾਂ ਦੇ ਪ੍ਰਦੂਸ਼ਣਾਂ ਨਾਲ ਪ੍ਰਭਾਵਿਤ ਹੋਣ ਕਰਕੇ ਸਿਹਤ ਦੇਣ ਦੀ ਬਜਾਏ ਨਿਤ ਨਵੀਆਂ ਬੀਮਾਰੀਆਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਜੇ ਹਾਲਾਤ ਇਸੇ ਤਰ੍ਹਾਂ ਹੀ ਵਿਗੜਦੇ ਰਹੇ ਤਾਂ  ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਐਸੀ ਦੁਨੀਆਂ ਛੱਡ ਕੇ ਜਾਵਾਂਗੇ ਕਿ ਜਿਸ ਵਿਚ ਉਹਨਾਂ ਲਈ ਨਾ ਪੌਸ਼ਟਿਕ ਭੋਜਨ ਮੁਹੱਈਆ ਹੋਵੇਗਾ, ਨਾ ਸਾਫ਼ ਪਾਣੀ, ਨਾ ਸਾਹ ਲੈਣ ਲਈ ਸ਼ੁੱਧ ਹਵਾ। ਇਹ ਬਹੁਤ ਹੀ ਹੈਰਾਨੀਜਨਕ ਘਟਨਾ ਹੈ ਕਿ ਹੁਣ ਵੀ ਜਦ ਕਿ ਤਬਾਹੀ ਦੇ ਲੱਛਣ ਪੂਰੀ ਤਰ੍ਹਾਂ ਉਭਰ ਕੇ ਸਾਹਮਣੇ ਆ ਗਏ ਹਨ। ਪੂੰਜੀਵਾਦੀ ਸਾਮਰਾਜ ਦੀਆਂ ਸਮਰਥਕ ਸ਼ਕਤੀਆਂ ਇਹਨਾਂ ਨੂੰ ਦੂਰ ਕਰਨ ਲਈ ਤਿਆਰ ਨਹੀਂ ਹਨ। ਇਹ ਲੋਭ ਤੇ ਲਾਲਚ ਦਾ ਸਿਖ਼ਰ ਹੈ ਕਿ ਸਾਡੇ ਸਮੇਂ ਦਾ ਅੱਤਿਆਚਾਰੀ ਤੇ ਲੁਟੇਰੀ ਪੂੰਜੀਵਾਦੀ ਜਮਾਤ ਇਨਸਾਨੀਅਤ ਦੀ ਤਬਾਹੀ ਦੀ ਕੀਮਤ ਤੇ ਆਪਣੇ ਵਪਾਰ ਦੀ ਤਰੱਕੀ ਚਾਹੁੰਦੀ ਹੈ। ਵਾਤਾਵਰਣ ਸੰਕਟ ਦੇ ਕਾਰਨ ਇਕ ਪਾਸੇ ਗਲੋਬਲ ਵਾਰਮਿੰਗ, ਮੌਸਮ 'ਚ ਬਦਲਾਅ, ਹਵਾ-ਪ੍ਰਦੂਸ਼ਣ ਤੇ ਪਾਣੀ ਪ੍ਰਦੂਸ਼ਣ ਵਰਗੇ ਸੰਕਟ ਪੈਦਾ ਹੋ ਰਹੇ ਹਨ ਤਾਂ ਦੂਜੇ ਪਾਸੇ ਕੁਦਰਤੀ ਸਾਧਨਾਂ 'ਚ ਬਹੁਤ ਕਮੀ ਹੁੰਦੀ ਜਾ ਰਹੀ ਹੈ। ਤੀਜੀ ਪਾਸੇ ਜੀਵ-ਜੰਤੂਆਂ ਤੇ ਪੇੜ-ਪੌਦਿਆਂ ਦੀਆਂ ਅਣਗਿਣਤ ਪ੍ਰਜਾਤੀਆਂ ਗਾਇਬ ਤੇ ਖ਼ਤਮ ਹੋ ਰਹੀਆਂ ਹਨ। ਇਹਨਾਂ ਸਮੱਸਿਆਵਾਂ ਦਾ ਦੂਰਗਾਮੀ ਨੁਕਸਾਨ ਤਾਂ ਪੂਰੀ ਦੁਨੀਆਂ ਦੀ ਗਰੀਬ ਜਨਤਾ ਨੂੰ ਹੈ।

**ਵਾਤਾਵਰਣ ਸੰਕਟ** :- ਕੁਦਰਤ 'ਚ ਮੌਜੂਦ ਵਾਤਾਵਰਣੀ ਸੰਤੁਲਨ ਦੇ ਵਿਗੜ ਜਾਣ ਦਾ ਨਾਂ ਹੈ। ਇਸ ਸੰਕਟ ਨੂੰ ਜਾਂ ਵਿਗਾੜ ਨੂੰ ਹੇਠ ਲਿਖੇ ਅਹਿਮ ਬਦਲਾਅ ਦੇ ਪ੍ਰਸੰਗ 'ਚ ਸਮਝਿਆ ਜਾ ਸਕਦਾ ਹੈ।

(1) ਮੌਸਮੀ ਤਬਦੀਲੀ (2) ਹਵਾ ਪ੍ਰਦੂਸ਼ਣ (3) ਓਜੋਨ 'ਚ ਸੁਰਾਖ (4) ਜਲ ਪ੍ਰਦੂਸ਼ਣ (5) ਜੈਵਿਕ-ਵਿਭਿੰਨਤਾ (6) ਊਰਜਾ ਤੇ ਕੁਦਰਤੀ ਸਾਧਨਾ ਦਾ ਸੰਕਟ

**ਮੌਸਮੀ ਤਬਦੀਲੀ** :- ਕੁਦਰਤ ਨੇ ਜ਼ਮੀਨ 'ਚ ਇਕ ਵਿਸ਼ੇਸ਼ ਪੱਧਰ 'ਤੇ ਤਾਪਮਾਨ ਕਾਇਮ ਰੱਖਣ ਲਈ ਕੁਦਰਤੀ ਤੌਰ 'ਤੇ ਇਕ ਵਿਵਸਥਾ ਕਰ ਰੱਖੀ ਹੈ। ਸੂਰਜ ਤੋਂ ਜ਼ਮੀਨ ਨੂੰ ਊਰਜਾ ਮਿਲਦੀ ਹੈ ਜਿਸ ਨਾਲ ਜ਼ਮੀਨ ਗਰਮ ਹੁੰਦੀ ਹੈ। ਉਸ ਊਰਜਾ ਦੇ ਇਕ ਹਿੱਸੇ ਨੂੰ ਜ਼ਮੀਨ ਵਾਪਸ ਮੋੜ ਦਿੰਦੀ ਹੈ। ਵਾਯੂ ਮੰਡਲ 'ਚ ਮੌਜੂਦ ਕੁਝ ਗੈਸਾਂ ਇਸ ਊਰਜਾ ਦੇ ਕੁਝ ਹਿੱਸੇ ਨੂੰ ਸੋਕ ਲੈਂਦੀਆਂ ਹਨ। ਇਹਨਾਂ ਗੈਸਾਂ ਨੂੰ ਗਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ। ਗੈਸਾਂ ਰਾਹੀਂ ਇਸ ਨੂੰ ਜ਼ਜ਼ਬ ਕਰਨ ਦੀ ਕ੍ਰਿਆ ਕਰਕੇ ਜ਼ਮੀਨ 'ਤੇ ਗਰਮੀ ਬਰਕਰਾਰ ਰਹਿੰਦੀ ਹੈ। ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟਰਸ

ਅਕਸਾਈਡ, ਹਾਈਡ੍ਰੋਫਲੋਰੋ ਕਾਰਬਨ, ਸਲਫਰ, ਹੈਕਸਾਫਲੋਰੋ ਅਕਸਾਈਡ ਤੇ ਜਲ ਵਾਸ਼ਪ (ਪਾਣੀ ਦੀ ਭਾਫ) ਕੁਝ ਮਹੱਤਵਪੂਰਨ ਗ੍ਰੀਨ ਹਾਊਸ ਗੈਸਾਂ ਹਨ। ਇਹਨਾਂ ਗ੍ਰੀਨ ਹਾਊਸ ਗੈਸਾਂ ਦਾ ਰਹਿਣਾ ਜ਼ਰੂਰੀ ਹੈ ਕਿਉਂਕਿ ਇਸ ਦੀ ਘਾਟ ਕਰਕੇ ਜ਼ਮੀਨ 'ਤੇ ਗਰਮੀ ਬਾਕੀ ਨਹੀਂ ਰਹਿ ਸਕਦੀ ਸੀ। ਜੇ ਕਾਰਬਨ ਡਾਈਆਕਸਾਈਡ ਵਾਯੂ ਮੰਡਲ 'ਚ ਨਾ ਹੁੰਦੀ ਤਾਂ ਜ਼ਮੀਨ 'ਤੇ ਤਾਪਮਾਨ ਡਿੱਗ ਕੇ 18 ਡਿਗਰੀ ਸੈਲਸੀਅਸ ਹੋ ਜਾਂਦਾ ਤੇ ਜ਼ਮੀਨ ਉਪਰ ਜੀਵਨ ਦਾ ਵਜੂਦ ਮੁਸ਼ਕਿਲ ਹੋ ਜਾਂਦਾ। ਇਹਨਾਂ ਗੈਸਾਂ ਦਾ ਸਹੀ ਅਨੁਪਾਤ 'ਚ ਹੋਣਾ ਬਹੁਤ ਜ਼ਰੂਰੀ ਹੈ। ਕੁਦਰਤ 'ਚ ਸੰਤੁਲਨ ਬਣਾਈ ਰੱਖਣ ਲਈ ਕੁਦਰਤੀ ਰੂਪ 'ਚ ਇਕ ਪ੍ਰਣਾਲੀ ਕਾਇਮ ਹੈ ਕਿ ਜੇ ਜੀਵ ਜੰਤੂ ਸਾਹ ਲੈਣ ਸਮੇਂ ਆਕਸੀਜਨ ਲੈ ਕੇ ਕਾਰਬਨ ਡਾਈਆਕਸਾਈਡ ਛੱਡਦੇ ਹਨ ਤਾਂ ਪੇੜ-ਪੌਦੇ ਇਸ ਦੇ ਉਲਟ ਕਾਰਬਨ ਡਾਈਆਕਸਾਈਡ ਲੈ ਕੇ ਆਕਸੀਜਨ ਛੱਡਦੇ ਹਨ। ਇਸ ਤਰ੍ਹਾਂ ਕੁਦਰਤ 'ਚ ਤਵਾਜਨ ਬਣਿਆ ਰਹਿੰਦਾ ਹੈ। ਪਰ ਪਿਛਲੇ 300 ਸਾਲਾਂ 'ਚ ਉਦਯੋਗ ਧੰਦਿਆਂ 'ਚ ਬੇਪਨਾਹ ਵਾਧਾ ਤੇ ਉੱਨਤੀ ਕਰਕੇ ਇਕ ਪਾਸੇ ਕਾਰਬਨ ਡਾਈਆਕਸਾਈਡ ਤੇ ਦੂਜੇ ਪਾਸੇ ਗ੍ਰੀਨ ਹਾਊਸ ਗੈਸਾਂ ਦਾ ਨਿਕਲਣਾ ਵਧ ਗਿਆ ਹੈ ਤੇ ਦੂਜੇ ਪਾਸੇ ਜੰਗਲਾਂ ਦੀ ਤੇਜ਼ੀ ਨਾਲ ਕਟਾਈ ਕਰਕੇ ਇਸ ਦੇ ਸੋਖਣ ਦਾ ਅਮਲ ਸੁਸਤ ਹੋ ਗਿਆ ਹੈ। ਵਾਯੂਮੰਡਲ 'ਚ ਇਕ ਵਾਰੀ ਕਾਰਬਨ ਤੇ ਗ੍ਰੀਨ ਹਾਊਸ ਗੈਸਾਂ ਦਾ ਅਨੁਪਾਤ ਵਧ ਜਾਵੇ ਤਾਂ ਸਦੀਆਂ ਤੱਕ ਇਹ ਗੈਸਾਂ ਵਾਯੂ ਮੰਡਲ 'ਚ ਬਾਕੀ ਰਹਿੰਦੀਆਂ ਹਨ। ਇਸ ਦੇ ਸਿੱਟੇ ਵਜੋਂ ਸੂਰਜ ਦੀ ਗਰਮੀ ਸੋਖਣ ਤੇ ਜ਼ਮੀਨ ਨੂੰ ਗਰਮ ਕਰਨ ਦਾ ਅਮਲ ਵੀ ਵਧ ਗਿਆ ਹੈ। ਜਿਵੇਂ ਕਿ ਕਿਹਾ ਗਿਆ ਹੈ ਜੇ ਕਾਰਬਨ ਡਾਈਆਕਸਾਈਡ ਜ਼ਮੀਨ ਤੇ ਨਾ ਹੁੰਦੀ ਤਾਂ ਜ਼ਮੀਨ ਦਾ ਔਸਤ ਤਾਪਮਾਨ-18$^{0}$c ਹੁੰਦਾ। ਵਾਯੂ ਮੰਡਲ 'ਚ ਇਸ ਗੈਸ ਦਾ ਕੁਦਰਤੀ ਅਨੁਪਾਤ 375 ਪੀ ਪੀ ਐਮ ਹੈ। ਇਸ ਕੁਦਰਤੀ ਅਨੁਪਾਤ ਦੇ ਸਿੱਟੇ ਵਜੋਂ ਜ਼ਮੀਨ ਦ ਔਸਤ ਕੁਦਰਤੀ ਤਾਪਮਾਨ 14$^{0}$c (ਡਿਗਰੀ ਸੈਲਸੀਅਸ) ਬਣਿਆ ਰਹਿੰਦਾ ਹੈ। ਅੰਨ੍ਹੇਵਾਹ ਉਦਯੋਗਿਕ ਸਰਗਰਮੀਆਂ, ਵਾਯੂ-ਪ੍ਰਦੂਸ਼ਣ, ਮੋਟਰ-ਗੱਡੀਆਂ ਦੀ ਬਹੁਲਤਾ ਅਤੇ ਜੰਗਲਾਂ ਆਦਿ ਦੀ ਕਟਾਈ ਦੀ ਵਜ੍ਹਾ ਕਰਕੇ ਇਹ ਅਨੁਪਾਤ ਸਲਾਨਾ 2.54 ਪੀ ਪੀ ਐਮ ਦੀ ਗਤੀ ਨਾਲ ਵਧ ਰਿਹਾ ਹੈ। ਅਠਾਰਵੀਂ ਸਦੀ ਦੇ ਵਿਚਕਾਰ ਤੋਂ ਹੁਣ ਤੱਕ ਕਾਰਬਨ ਡਾਈਆਕਸਾਈਡ ਦੇ ਅਨੁਪਾਤ 'ਚ 30% ਅਤੇ ਮੀਥੇਨ ਦੀ ਔਸਤ 'ਚ 148% ਵਾਧਾ ਹੋਇਆ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਇਸ ਰਫਤਾਰ ਨਾਲ 2100 ਈਸਵੀਂ ਤੱਕ ਕਾਰਬਨ ਡਾਈਆਕਸਾਈਡ ਦਾ ਅਨੁਪਾਤ 541 ਤੋਂ 970 ਪੀ ਪੀ ਐਮ ਤੱਕ ਹੋ ਸਕਦਾ ਹੈ। ਜ਼ਮੀਨ ਦੇ ਔਸਤ ਤਾਪਮਾਨ ਦਾ ਵਧਣਾ ਇਕ ਬਹੁਤ ਹੀ ਖਤਰਨਾਕ ਅਮਲ ਹੈ। ਇਸ ਦੇ ਸਿੱਟੇ ਵਜੋਂ ਅਜਿਹੇ ਚੱਕਰ ਪੈਦਾ ਹੋਣ ਦੀ ਸੰਭਾਵਨਾ ਹੈ ਜਿਸ ਨਾਲ ਹਾਲਾਤ ਬਦ ਤੋਂ ਬਦਤਰ ਹੁੰਦੀ ਜਾਵੇਗੀ ਅਤੇ ਜ਼ਿੰਦਗੀ ਦਾ ਵਜੂਦ ਮੁਸ਼ਕਿਲ ਹੋ ਜਾਵੇਗਾ। 1850 ਈਸਵੀਂ ਤੋਂ ਪਹਿਲਾਂ ਪਿਛਲੇ ਦੋ ਹਜ਼ਾਰ ਸਾਲਾਂ 'ਚ ਔਸਤਨ ਤਾਪਮਾਨ ਬਰਾਬਰ ਰਿਹਾ (ਕੁਝ ਖੇਤਰਾਂ 'ਚ ਹੋਏ ਆਰਥਕ ਵਾਧੇ ਨੂੰ ਛੱਡ ਕੇ) ਪਰ 1906 ਤੋਂ 2005 ਵਿਚਕਾਰ ਔਸਤ ਤਾਪਮਾਨ 'ਚ 0.74$^{0}$C ਦਾ ਵਾਧਾ ਹੋਇਆ। ਇਸ ਸਦੀ ਦੇ ਪਹਿਲੇ ਅੱਧ 'ਚ ਵਾਧੇ ਦੀ ਦਰ 0.07$^{0}$C ਪ੍ਰਤੀ ਦਹਾਕਾ ਸੀ ਜਦਕਿ ਉਤਰਾਅ ਦਰ 'ਚ ਦੁਗਣੀ ਹੋ ਕੇ 0.13$^{0}$C ਪ੍ਰਤੀ ਦਹਾਕਾ ਹੋ ਗਈ। ਤਾਪਮਾਨ ਵਧਣ ਦਾ ਸਿੱਧਾ-ਸਿੱਧ ਅਸਰ ਮੌਸਮ 'ਚ ਬਦਲਾਅ ਹੈ ਜਿਹੜਾ ਹੁਣ ਸਪਸ਼ਟ

ਤੌਰ ’ਤੇ ਮਹਿਸੂਸ ਕੀਤਾ ਜਾ ਰਿਹਾ ਹੈ। 1990 ਦਾ ਦਹਾਕਾ ਮਨੁੱਖੀ ਇਤਿਹਾਸ ’ਚ ਸਭ ਤੋਂ ਵੱਧ ਗਰਮ ਦਹਾਕਾ ਸੀ। 1998, 2002, 2003, 2004 ਤੇ 2005 ਮਨੁੱਖੀ ਇਤਿਹਾਸ ਦੇ ਸਭ ਤੋਂ ਗਰਮ ਸਾਲ ਸਨ। ਤਾਪਮਾਨ ਵਧਦਾ ਹੈ ਤਾਂ ਮੌਸਮਾਂ ਦਾ ਸੰਤੁਲਨ ਵਿਗੜ ਜਾਂਦਾ ਹੈ। ਗਰਮੀ ਵਧ ਹੋਣ ਲੱਗਦੀ ਹੈ। ਬਾਰਿਸ਼ ਸਮੇਂ ਕੈਫਿਅਤ ਤੇ ਬਰਸਨ ਦੀ ਸੰਖਿਆ ਬਦਲ ਜਾਂਦੀ ਹੈ। ਹੜ੍ਹ ਆਉਂਦਾ ਹੈ ਜਾਂ ਫਿਰ ਸੋਕਾ ਪੈਣ ਲਗਦਾ ਹੈ। ਬਰਫੀਲੇ ਪਹਾੜਾਂ ਦੀ ਬਰਫ ਪਿਘਲਨ ਲੱਗਦੀ ਹੈ। ਸਮੁੰਦਰ ਦੇ ਪਾਣੀ ਦਾ ਜਲਵਾਸ਼ਪ ਬਨਣ ਕਰਕੇ ਗ੍ਰੀਨ ਹਾਊਸ ਗੈਸਾਂ ਵਿਚ ਹੋਰ ਵੱਧ ਵਾਧਾ ਹੁੰਦਾ ਹੈ ਅਤੇ ਇਹ ਵਾਧਾ ਉਸ ਕੈਫੀਅਤ ਨੂੰ ਹੋਰ ਵੱਧ ਵਧਾਉਂਦਾ ਹੈ। ਇਸ ਤਰ੍ਹਾਂ ਇਕ ਅਜਿਹਾ ਵਿਨਾਸ਼ਕਾਰੀ ਅਮਲ ਸ਼ੁਰੂ ਹੋ ਜਾਂਦਾ ਹੈ ਜੋ ਖੁਦ ਪੈਦਾ ਹੁੰਦਾ ਹੈ ਤੇ ਖੁਦ ਨੂੰ ਵਧਾਉਂਦਾ ਜਾਂਦਾ ਹੈ। ਗਰਮੀ ਵਧਦੀ ਹੈ ਤਾਂ ਸਮੁੰਦਰਾਂ ਦਾ ਪਾਣੀ ਫੈਲਣ ਲਗਦਾ ਏ ਜਿਸ ਨਾਲ ਪਾਣੀ ਦਾ ਪੱਧਰ ਵਧਦਾ ਹੈ।

ਕੰਢੇ ਦੇ ਇਲਾਕਿਆਂ ’ਚ ਪਾਣੀ ਵੜ ਜਾਂਦਾ ਹੈ ਤੇ ਟਾਪੂ ਡੁੱਬ ਸਕਦੇ ਹਨ। ਮੌਸਮ ਦੇ ਇਸ ਬਦਲਾਅ ਨਾਲ ਜੀਵ-ਜੰਤੂ, ਬਨਸਪਤੀ (ਪੇੜ-ਪੌਂਦੇ) ਤੇ ਬੈਕਟੀਰੀਆ ਦੀਆਂ ਅਨੇਕਾਂ ਪ੍ਰਜਾਤੀਆਂ ਖ਼ਤਮ ਹੋ ਸਕਦੀਆਂ ਹਨ। ਇਸ ਸਮੇਂ 150 ਤੋਂ 200 ਪ੍ਰਜਾਤੀਆਂ ਹਰ ਰੋਜ਼ ਖ਼ਤਮ ਹੋ ਰਹੀਆਂ ਹਨ। ਕੁਦਰਤੀ ਤੌਰ ’ਤੇ ਵੱਖ-ਵੱਖ ਪ੍ਰਜਾਤੀਆਂ ਇਕ ਦੂਜੇ ਦਾ ਸੰਤੁਲਨ ਕਾਇਮ ਰੱਖਦੀਆਂ ਹਨ। ਇਸ ਦੀ ਇਕ ਸਪਸ਼ਟ ਉਦਾਹਰਣ ਸਮੁੰਦਰ ਦਾ ਲੂਣਾਪਣ ਤੇ ਤੇਜਾਬੀਅਤ ਹੈ। ਵਾਯੂ ਮੰਡਲ ’ਚ ਰਹਿ ਜਾਣ ਵਾਲੀਆਂ ਵਾਧੂ ਗੈਸਾਂ ਦਾ ਇਕ ਹਿੱਸਾ ਸਮੁੰਦਰ ਦਾ ਪਾਣੀ ਸੋਕ ਲੈਂਦਾ ਹੈ ਅਤੇ ਪਾਣੀ ਦੇ ਨਾਲ ਰਸਾਇਣਿਕ ਪ੍ਰਤੀਕ੍ਰਿਆ ਰਾਹੀਂ ਇਹ ਗੈਸਾਂ ਸਮੁੰਦਰ ਦੇ ਪਾਣੀ ਦੇ ਤੇਜ਼ਾਬ ਦੀ ਮਾਤਰਾ ਨੂੰ ਵਧਾਉਂਦੀਆਂ ਹਨ। ਵਧਦੀ ਹੋਈ ਤੇਜਾਬੀਅਤ ’ਚ ਬਹੁਤ ਸਾਰੇ ਜਲ ਜੀਵ ਤੇ ਵਨਸਪਤੀਆਂ ਜਿਉਂਦੀਆਂ ਨਹੀਂ ਰਹਿ ਸਕਦੀਆਂ ਤੇ ਇਸ ਤਰ੍ਹਾਂ ਉਹਨਾਂ ਦੀ ਪ੍ਰਜਾਤੀਆਂ ਖਤਮ ਹੋਣ ਲੱਗਦੀਆਂ ਹਨ। ਮਨੁੱਖੀ ਜੀਵਨ ’ਚ ਵੀ ਵੱਖ-ਵੱਖ ਬੈਕਟੀਰੀਆ ਦੀ ਬਹੁਤ ਅਹਿਮੀਅਤ ਹੁੰਦੀ ਹੈ। ਬਹੁਤ ਸਾਰੇ ਸਿਹਤਮੰਦ ਬੈਕਟੀਰੀਆ ਬੀਮਾਰੀਆਂ ਫੈਲਾਉਣ ਵਾਲੇ ਕੀਟਾਣੂਆਂ ਨੂੰ ਕਾਬੂ ’ਚ ਰੱਖਦੇ ਹਨ। ਕੁਝ ਬੀਮਾਰੀਆਂ ਦੇ ਬੈਕਟੀਰੀਆ ਵਧੇ ਹੋਏ ਤਾਪਮਾਨ ’ਚ ਵਧਦੇ ਫੁੱਲਦੇ ਹਨ। ਤਾਪਮਾਨ ਗੈਰ ਕੁਦਰਤੀ ਰੂਪ ’ਚ ਵਧਦਾ ਹੈ ਤਾਂ ਇਕ ਪਾਸੇ ਹਾਨੀਕਾਰਨ ਕੀਟਾਣੂ ਵਧਣ ਲੱਗਦੇ ਹਨ ਅਤੇ ਦੂਜੇ ਪਾਸੇ ਸਿਹਤਮੰਦ ਬੈਕਟੀਰੀਆ ਖਤਮ ਹੋਣ ਲੱਗਦੇ ਹਨ। ਸਿੱਟੇ ਵਜੋਂ ਵਿਸ਼ਵ ਪੱਧਰ ’ਤੇ ਲੋਕ ਸਿਹਤ ਸਬੰਧੀ ਸਮੱਸਿਆ, ਖੇਤੀ ਤੇ ਅਨਾਜ ਦੇ ਸੰਕਟ ਪੈਦਾ ਹੋਣ ਲੱਗਦੇ ਹਨ। ਇਹਨਾਂ ਜਲਵਾਯੂ ਤਬਦੀਲੀਆਂ ਦੀ ਸਭ ਤੋਂ ਚਿੰਤਾਜਨਕ ਵਿਸ਼ੇਸ਼ਤਾ ਉਸ ਦੀ ਲੜੀਬੱਧ ਪ੍ਰੀਕ੍ਰਿਆ ਹੈ। ਮੌਸਮ ਵਿਚ ਮਮੂਲੀ ਬਦਲਾਅ ਦੂਜੇ ਵੱਡੇ ਬਦਲਾਅ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਬਹੁਤ ਤੇਜ਼ੀ ਨਾਲ ਹਾਲਤ ਵਿਸਫੋਟਿਕ ਬਣ ਜਾਂਦੇ ਹਨ। ਤਾਪਮਾਨ ਦੇ ਵਧਣ ਨਾਲ ਸਮੁੰਦਰ ਦਾ ਪਾਣੀ ਗਰਮ ਹੁੰਦਾ ਹੈ। ਗਰਮ ਪਾਣੀ ਵੱਧ ਕਾਰਬਨ ਡਾਈਆਕਸਾਈਡ ਨਹੀਂ ਰੱਖ ਸਕਦਾ। ਉਹ ਉਸ ਨੂੰ ਬਾਹਰ ਕੱਢਦਾ ਹੈ ਜਿਸ ਨਾਲ ਵਾਯੂਮੰਡਲ ’ਚ ਕਾਰਬਨ ਡਾਈਆਕਸਾਈਡ ਵਧ ਜਾਂਦੀ ਹੈ। ਉਤਰੀ ਧਰੁਵ ਦੇ ਇਲਾਕੇ ’ਚ ਗਰਮੀ ਨਾਲ ਬਰਫ਼ ਪਿਘਲਣ ਲਗਦੀ ਹੈ। ਉਸ ਦੇ ਪਿਘਲਣ ਨਾਲ ਕਾਰਬਨ ਡਾਈਆਕਸਾਈਡ ਤੋਂ 50 ਗੁਣਾ ਵਧ ਗਰਮੀ ਪੈਦਾ ਕਾਰਨ ਵਾਲੀ ਗੈਸ ਮੀਥੇਨ ਨਿਕਲਦੀ ਹੈ। ਜਿਸ

ਨਾਲ ਵਾਯੂ ਮੰਡਲ ਹੋਰ ਵੱਧ ਗਰਮ ਹੁੰਦਾ ਹੈ ਅਤੇ ਬਰਫ਼ ਦੇ ਪਿਘਲਣ ਦੀ ਪ੍ਰਕ੍ਰਿਆ ਹੋਰ ਵੱਧ ਤੇਜ਼ ਹੋ ਜਾਂਦੀ ਹੈ। ਕਾਰਬਨ ਡਾਈਆਕਸਾਈਡ ਵਾਯੂ ਮੰਡਲ ਨੂੰ ਗਰਮ ਕਰਦੀ ਹੈ। ਜਿਸ ਨਾਲ ਪਾਣੀ ਭਾਫ ਬਣ ਕੇ ਵਾਯੂ ਮੰਡਲ 'ਚ ਮਿਲ ਜਾਂਦਾ ਹੈ। ਭਾਪ ਖੁਦ ਗ੍ਰੀਨ ਹਾਊਸ ਗੈਸ ਹੈ ਇਸ ਲਈ ਗਰਮੀ ਵਧਣ ਦਾ ਅਮਲ ਹੋਰ ਵੱਧ ਤੇਜ਼ ਹੋ ਜਾਂਦਾ ਹੈ। ਇਸ ਤਰ੍ਹਾਂ ਇਸ ਲੜੀਬੱਧ ਅਮਲ ਦੇ ਨਤੀਜੇ ਨਾਲ ਕਰਦੀ ਵੀ ਅਚਾਨਕ ਧਮਾਕਾ ਹੋ ਸਕਦਾ ਹੈ ਅਤੇ ਸਥਿਤੀ ਕਾਬੂ ਤੋਂ ਬਾਹਰ ਹੋ ਜਾਂਦੀ ਹੈ। ਵਿਗਿਆਨਕਾਂ ਦਾ ਵਿਚਾਰ ਹੈ ਕਿ ਮੌਸਮ ਤਬਦੀਲੀ ਦਾ ਅਮਲ ਇਕ ਅਜਿਹਾ ਅਮਲ ਹੈ ਜੋ ਸ਼ੁਰੂ ਸ਼ੁਰੂ 'ਚ ਮਹਿਸੂਸ ਨਹੀਂ ਹੁੰਦੀ ਪਰ ਤੇਜ਼ੀ ਨਾਲ ਵਧਦੀ ਜਾਂਦੀ ਹੈ ਅਤੇ ਅਚਾਨਕ ਧਮਾਕੇ ਨਾਲ ਖਤਰਨਾਕ ਬਣ ਸਕਦੀ ਹੈ। ਜੇ ਜ਼ਮੀਨ ਦੇ ਔਸਤ ਤਾਪਮਾਨ 'ਚ 5 ਡਿਗਰੀ ਸੈਲਸੀਅਸ ਦਾ ਵੀ ਵਾਧਾ ਹੁੰਦਾ ਹੈ ਤਾਂ ਜ਼ਮੀਨ ਤੋਂ ਜ਼ਿੰਦਗੀ ਦਾ ਅੰਤ ਹੋ ਜਾਵੇਗਾ। ਮੌਜੂਦਾ ਗਤੀ ਨਾਲ ਇਸ ਵਾਧੇ ਲਈ ਸਿਰਫ਼ 50 ਸਾਲ ਕਾਫੀ ਹਨ। ਕਾਰਬਨ ਡਾਈਆਕਾਸਾਈਡ ਦਾ ਅਨੁਪਾਤ ਜੇ ਇਕ ਫੀਸਦੀ ਹੋ ਜਾਵੇ ਤਾਂ ਜ਼ਮੀਨ ਦੀ ਸਤਾ ਦਾ ਤਾਪਮਾਨ 100 ਡਿਗਰੀ ਸੈਲਸੀਅਸ ਹੋ ਜਾਵੇਗਾ। ਯਾਨੀ ਉਹ ਤਾਪਮਾਨ ਜਿਥੇ ਪਾਣੀ ਉਬਲਦਾ ਹੈ। ਸਾਡੇ ਦੇਸ਼ 'ਚ ਵੀ ਮੌਸਮੀ ਤਬਦੀਲੀਆਂ ਦਾ ਅਸਰ ਸਾਫ ਮਹਿਸੂਸ ਹੋ ਰਿਹਾ ਹੈ। ਸਭ ਸ਼ਹਿਰਾਂ 'ਚ ਆਮ ਤਾਪਮਾਨ ਵਧ ਰਿਹਾ ਹੈ। 2050 ਤਕ ਸਾਡੇ ਦੇਸ਼ ਦੇ ਅਕਸਰ ਸ਼ਹਿਰਾਂ 'ਚ ਵਧ ਤੋਂ ਵੱਧ 4 ਵਧ ਸਕਦਾ ਹੈ। ਬਾਰਸ਼ ਦੇ ਦਿਨਾਂ 'ਚ ਆਉਣ ਵਾਲੇ ਸਾਲਾਂ 'ਚ 15 ਦਿਨਾਂ ਦੀ ਔਸਤ ਕਟੌਤੀ ਹੋ ਸਕਦੀ ਹੈ। ਹਿਮਾਲਿਆਂ ਦੇ ਗਲੇਸ਼ੀਅਰਾਂ ਦੀ ਬਰਫ ਪਿਘਲ ਕੇ ਪੂਰੇ ਉਤਰੀ ਤੇ ਪੂਰਬੀ ਭਾਰਤ 'ਚ ਲਗਾਤਾਰ ਹੜ੍ਹਾਂ ਦੀ ਸਥਿਤੀ ਪੈਦਾ ਕਰ ਸਕਦੀ ਹੈ ਤੇ ਮੌਸਮੀ ਤਬਦੀਲੀਆਂ ਦੇ ਨਤੀਜੇ 'ਚ ਦੇਸ਼ ਦੇ ਅਕਸਰ ਇਲਾਕਿਆਂ 'ਚ ਸਾਲ ਭਰ ਮਲੇਰੀਆ ਤੇ ਡੇਂਗੂ ਦੇ ਰੋਗਾਣੂਆਂ ਦੀ ਗਿਣਤੀ 'ਚ ਵਾਧਾ ਹੋ ਸਕਦਾ ਹੈ।

**ਹਵਾ ਪ੍ਰਦੂਸ਼ਣ** :- ਗ੍ਰੀਨ ਹਾਊਸ ਗੈਸਾਂ ਦੇ ਨਿਕਲਣ ਦੇ ਨਾਲ-ਨਾਲ ਪੂੰਜੀਵਾਦੀ ਸਾਮਰਾਜ ਵਲੋਂ ਭੋਗ-ਵਿਲਾਸਪੂਰਨ ਜੀਵਨ ਸ਼ੈਲੀ ਨੂੰ ਹੱਲਾਸ਼ੇਰੀ ਦੇਣ ਕਰਕੇ ਹੋਰ ਵੀ ਜ਼ਹਿਰੀਆਂ ਗੈਸਾਂ ਵਾਯੂਮੰਡਲ 'ਚ ਲਗਾਤਾਰ ਆਪਣਾ ਅਨੁਪਾਤ ਵਧਾ ਰਹੀਆਂ ਹਨ। ਇਹਨਾਂ 'ਚੋਂ ਕੁਝ ਮਹੱਤਵਪੂਰਨ ਗੈਸਾਂ ਦੇ ਨਾਂ 'ਤੇ ਉਹਨਾਂ ਤੋਂ ਪੈਦਾ ਹੋਣ ਵਾਲੀਆਂ **ਬੀਮਾਰੀਆਂ ਹੇਠ ਲਿਖੀਆਂ ਹਨ:-**

| ਪ੍ਰਦੂਸ਼ਣ | ਸ੍ਰੋਤ | ਬੀਮਾਰੀਆਂ |
|---|---|---|
| ਹਵਾ 'ਚ ਤੈਰਨ ਵਾਲੇ ਕਣ | ਉਦਯੋਗ ਕਰਕੇ<br>ਜਲਣ ਦੇ ਅਮਲ ਨਾਲ | ਫੈਫੜਿਆਂ ਦਾ ਕੈਂਸਰ, ਦਮਾ,<br>ਦਿਲ ਤੇ ਫੇਫੜਿਆਂ ਦੇ ਰੋਗ |
| ਨਾਈਟ੍ਰੋਜਨ ਅਕਸਾਈਡ | ਗੱਡੀਆਂ | ਫੇਫੜਿਆਂ ਅਤੇ ਸਾਹ ਦੇ ਰੋਗ |
| ਕਾਰਬਨ ਮੋਨੋਕਸਾਈਡ | ਕੋਲੇ ਤੇ ਤੇਲ ਦੇ | ਬ੍ਰੇਨ ਹੈਮਰੇਜ, ਆਕਸੀਜਨ |
| ਲੈਡ | ਜਲਣ ਦਾ ਅਮਲ ਗੱਡੀਆਂ | ਆਕਸੀਜਨ ਦੀ ਪੂਰਤੀ ਰੁਕ<br>ਜਾਣੀ ਸਰੀਰ ਦੇ ਹਰ ਅੰਗ<br>ਨੂੰ ਪ੍ਰਭਾਵਿਤ ਕਰਦਾ ਹੈ |
| ਹਾਈਡਰੋਕਾਰਬਨ | ਉਦਯੋਗ ਧੰਦੇ | ਉਲਟੀ ਤੇ ਕੈਂਸਰ ਆਦਿ |

ਵਾਯੂ ਮੰਡਲ 'ਚ ਤੈਰਨ ਵਾਲੇ ਕਣ ਮਿਆਰ ਤੋਂ ਵੱਧ ਨਹੀਂ ਹੋਣੇ ਚਾਹੀਦੇ ਉਕਤ ਪ੍ਰਦੂਸ਼ਣ ਦੇ ਨਾਲ ਹੋਰ ਵੀ ਕਈ ਜ਼ਹਿਰੀਲੇ ਅਤੇ ਕੈਂਸਰ ਪੈਦ ਕਰਨ ਵਾਲੇ ਪਦਾਰਥ ਸਾਡੇ ਵਾਯੂ ਮੰਡਲ 'ਚ ਮੌਜੂਦ ਹਨ।

**ਓਜੋਨ 'ਚ ਸੁਰਾਖ** :- ਕੁਦਰਤ ਨੇ ਜ਼ਮੀਨ ਦੇ ਚਾਰੇ ਪਾਸੇ ਓਜੋਨ ਗੈਸ ਦੀ ਇਕ ਤਹਿ ਪੈਦ ਕੀਤੀ ਹੈ। ਓਜੋਨ ਦੀ ਇਹ ਤਹਿ ਇਕ ਛਾਨਣੀ ਦਾ ਕੰਮ ਕਰਦੀ ਹੈ। ਸੂਰਜ ਤੋਂ ਰੋਸ਼ਨੀ ਤੇ ਗਰਮੀ ਨੂੰ ਜ਼ਮੀਨ ਤੇ ਆਉਣ ਦਿੰਦੀ ਹੈ। ਪਰ ਖਤਰਨਾਕ ਪੈਰਾਬੈਂਗਨੀ ਕਿਰਨਾਂ ਨੂੰ ਜੋ ਸੂਰਜ ਤੋਂ ਰੋਸ਼ਨੀ ਤੇ ਗਰਮੀ ਦੇ ਨਾਲ ਹੀ ਨਿਕਲਦੀਆਂ ਹਨ, ਰੋਕ ਦਿੰਦੀ ਹੈ। ਇਹ ਪੈਰਾਬੈਂਗਨੀ ਕਿਰਨਾਂ ਮਨੁੱਖ, ਜੀਵ-ਜੰਤੂਆਂ ਤੇ ਵਨਸਪਤੀਆਂ ਲਈ ਬਹੁਤ ਹੀ ਹਾਨੀਕਾਰਕ ਹੈ। ਮਨੁੱਖ ਦੀ ਚਮੜੀ ਦੇ ਸੈਲਾਂ ਨੂੰ ਇਹ ਕੈਂਸਰ ਕਰ ਦਿੰਦੀਆਂ ਹਨ। ਇਸ ਤੋਂ ਇਲਾਵਾ ਇਹ ਮਨੁੱਖਾਂ ਦੀ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਕਮਜ਼ੋਰ ਕਰਕੇ ਬਹੁਤ ਸਾਰੀਆਂ ਬੀਮਾਰੀਆਂ ਦਾ ਕਾਰਨ ਬਣਦੀਆਂ ਹਨ। ਪੈਰਾਬੈਂਗਨੀ ਕਿਰਨਾਂ ਨਾਲ ਮੋਤੀਆ ਦੀ ਸ਼ਿਕਾਇਤ ਵਧਣ ਦੇ ਮਾਮਲੇ ਵੀ ਨੋਟ ਕੀਤੇ ਗਏ ਹਨ। ਵਨਸਪਤੀਆਂ 'ਚ ਇਹ ਕਿਰਨਾਂ ਇਹਨਾਂ ਦੇ ਵਾਧੇ ਨੂੰ ਪ੍ਰਭਾਵਿਤ ਕਰਦੀ ਹੈ। ਚੌਲ ਤੇ ਦੂਜੇ ਅਨੇਕਾਂ ਪੌਦੇ ਨਾਈਟ੍ਰੋਜਨ ਦੀਆਂ ਲੋੜਾਂ ਇਕ ਵਿਸ਼ੇਸ਼ ਕਿਸਮ ਦੇ ਬੈਕਟੀਰੀਆ (ਸਾਈਨੋਬੈਕਟੀਰੀਆ) ਨਾਲ ਪੂਰੀ ਜੋ ਇਹਨਾਂ ਦੀ ਜੜ੍ਹਾਂ ਚਹੁੰਦਾ ਹੈ। ਪੈਰਾਬੈਂਗਨੀ ਕਿਰਨਾਂ ਇਸ ਬੈਕਟੀਰੀਆ ਨੂੰ ਖਤਮ ਕਰ ਦਿੰਦੀਆਂ ਹਨ, ਇਸ ਤਰ੍ਹਾਂ ਚਾਵਲ ਆਦਿ ਫਸਲਾਂ ਬੁਰੀ ਤਰ੍ਹਾਂ ਖਰਾਬ ਹੋ ਜਾਂਦੀਆਂ ਹਨ। ਗ੍ਰੀਨ ਹਾਊਸ ਗੈਸਾਂ ਤੇ ਖਾਸ ਕਰਕੇ ਏਅਰਕੰਡੀਸ਼ਨਰਾਂ ਤੇ ਰੈਫੀਰਜੇਟਰਾਂ ਤੋਂ ਨਿਕਲਣ ਵਾਲੀਆਂ ਫਲੋਰੋ ਕਾਰਬਨ ਗੈਸਾਂ ਓਜੋਨ ਨਾਲ ਪ੍ਰਤੀਕ੍ਰਿਆ ਕਰਕੇ ਉਸ 'ਚ ਸੁਰਾਖ ਬਣਾ ਦਿੰਦੀਆਂ ਹਨ। ਪਿਛਲੀਆਂ ਦੋ ਤਿੰਨ ਸਦੀਆਂ ਦੀਆਂ ਸਨਅਤੀ ਸਰਗਰਮੀਆਂ ਦੇ ਸਿੱਟੇ ਵਜੋਂ ਓਜੋਨ ਲਹਿਰ 'ਚ ਡੂੰਘਾ ਸੁਰਾਖ ਪੈਦਾ ਹੋ ਚੁੱਕਿਆ ਹੈ। 2006 'ਚ ਇਸ ਸੁਰਾਖ ਦੇ ਖੇਤਰਫਲ ਦਾ ਅਨੁਮਾਨ ਲਗਭਗ 29 ਮੀਲੀਅਨ ਵਰਗ ਕਿਲੋਮੀਟਰ ਲਾਇਆ ਗਿਆ ਹਸੀ। ਇਹ ਸੁਰਾਖ ਵਧਦਾ ਹੀ ਜਾ ਰਿਹਾ ਹੈ। ਇਸ ਸੁਰਾਖ ਦੇ ਨਾਲ ਪੂਰੀ ਓਜੋਨ ਲਹਿਰ ਵੀ ਬਾਰੀਕ ਹੁੰਦੀ ਜਾ ਰਹੀ ਹੈ। 70 ਦੇ ਦਹਾਕੇ ਤੋਂ ਓਜੋਨ ਦੇ ਘਣਤਵ 'ਚ 4 ਫੀਸਦੀ ਦੀ ਔਸਤ ਨਾਲ ਕਮੀ ਹੁੰਦੀ ਜਾ ਰਹੀ ਹੈ।

**ਜਲ ਪ੍ਰਦੂਸ਼ਣ** :- ਪਾਣੀ ਹਵਾ ਤੋਂ ਬਾਅਦ ਇਨਸਾਨ ਦੀ ਸਭ ਤੋਂ ਵੱਡੀ ਲੋੜ ਹੈ ਦੁਨੀਆਂ 'ਚ ਹਰ ਸਾਲ ਢਾਈ ਕਰੋੜ ਲੋਕ ਗੰਦੇ ਪਾਣੀ ਦੀ ਵਰਤੋਂ ਨਾਲ ਹੋਣ ਵਾਲੀਆਂ ਬੀਮਾਰੀਆਂ ਨਾਲ ਮਰਦੇ ਹਨ। 18 ਲੱਖ ਬੱਚੇ ਹਰ ਸਾਲ ਸਿਰਫ ਡਾਇਰੀਆ ਨਾਲ ਮਰਦੇ ਹਨ। ਪਾਣੀ ਨ ਾਲ ਹੋਣ ਵਾਲੀਆਂ ਬੀਮਾਰੀਆਂ ਕਾਰਨ ਦੁਨੀਆਂ 'ਚ ਬੱਚਿਆਂ ਦੇ 44.5 ਕਰੋੜ ਦਿਲ ਬਰਬਾਦ ਹੁੰਦੇ ਹਨ। ਜਿਹਨਾਂ 'ਚ ਉਹ ਸਕੂਲ ਨਹੀਂ ਜਾ ਸਕਦੇ। ਦੁਨੀਆਂ ਭਰ ਦੇ 20% ਗਰੀਬ ਲੋਕ 'ਚ ਸਿਰਫ਼ 20% ਉਹ ਸਕੂਲ ਨਹੀਂ ਜਾ ਸਕਦੇ। ਦੁਨੀਆਂ ਭਰ ਦੇ 20% ਗਰੀਬ ਲੋਕਾਂ 'ਚ ਸਿਰਫ 20%ਲੋਕਾਂ ਨੂੰ ਨਲਕੇ ਦੇ ਪਾਣੀ ਦੀ ਸਹੂਲਤ ਹਾਸਲ ਹੈ। ਕਿਸੇ ਸਮੇਂ ਵੀ ਵਿਕਾਸਸ਼ੀਲ ਦੇਸ਼ਾਂ 'ਚ ਅੱਧੀ ਤੋਂ ਵੱਧ ਅਬਾਦੀ ਪ੍ਰਦੂਸ਼ਿਤ ਪਾਣੀ ਜਨਿਤ ਕਿਸੇ ਵੀ ਰੋਗ ਨਾਲ ਗ੍ਰਸਿਤ ਰਹਿੰਦੇ ਹਨ। ਆਮ ਤੌਰ 'ਤੇ ਇਸ ਸਥਿਤੀ ਲਈ ਵਧਦੀ ਹੋਈ ਅਬਾਦੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਜਦਕਿ ਸਚਾਈ ਇਹ ਹੈ ਕਿ ਇਸ ਲਈ ਅਮੀਰ ਗਰੀਬ ਦਾ ਪ੍ਰਭਾਵ, ਵੱਡੀਆਂ

ਕੰਪਨੀਆਂ ਦੀ ਹਵਸ ਤੇ ਫਜ਼ੂਲ ਖਰਚੀ ਵਰਗੇ ਕਾਰਨ ਜ਼ਿੰਮੇਵਾਰ ਹਨ। ਵਿਕਸ਼ਤ ਦੇਸ਼ਾਂ ਨਲ ਸਬੰਧਤ ਦੁਨੀਆਂ ਦੇ 20% ਤੋਂ ਵੱਧ ਧਨੀ ਲੋਕ ਦੁਨੀਆਂ ਦੇ ਪਾਣੀ ਦਾ 85% ਵਰਤਦੇ ਹਨ। ਇਹ ਪਾਣੀ ਫਾਈਵ ਸਟਾਰ ਹੋਟਲਾਂ ਦੇ ਗੀਜ਼ਰਾਂ 'ਚ ਭਾਪ ਬਣ ਜਾਣ ਵਾਲੇ ਪਾਣੀ, ਸਵਿੰਮਿੰਗ ਪੂਲਾਂ, ਵਾਟਰ ਪਾਰਕਾਂ ਅਤੇ ਪਾਣੀ ਕਸਰਤ ਦੇ ਦੂਜੇ ਕੇਂਦਰਾਂ ਤੇ ਇਸ ਤਰ੍ਹਾਂ ਦੀਆਂ ਹੋਰ ਫਜ਼ੂਲ ਖਰਚੀਆਂ 'ਚ ਬਰਬਾਦ ਹੁੰਦਾ ਹੈ। ਪਾਣੀ ਦੇ ਨਿਜੀਕਰਨ ਕਰਕੇ ਵੱਡੀਆਂ-ਵੱਡੀਆਂ ਕੰਪਨੀਆਂ ਦਾ ਕਾਰੋਬਾਰ ਸਲਾਨਾ 200 ਮਿਲੀਅਨ ਡਾਲਰ ਤਕ ਪਹੁੰਚ ਚੁੱਕਿਆ ਹੈ ਜਦ ਕਿ ਦੁਨੀਆਂ ਦੀ ਅਬਾਦੀ ਦੇ ਸਿਰਫ 7 ਫੀਸਦੀ ਹਿੱਸੇ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ। ਸਾਡੇ ਦੇਸ਼ 'ਚ ਪਾਣੀ ਇਕ ਪੇਚੀਦਾ ਮਸਲਾ ਬਣਦਾ ਜਾ ਰਿਹਾ ਹੈ। 1947 'ਚ ਸਾਡੇ ਲਈ ਪ੍ਰਤੀ ਵਿਅਕਤੀ 6008 ਵਰਗ ਮੀਟਰ ਪਾਣੀ ਮੁਹਈਆ ਸੀ ਜੋ 1997 ਈ. 'ਚ ਘਟ ਕੇ ਸਿਰਫ 2226 ਵਰਗ ਮੀਟਰ ਰਹਿ ਗਿਆ। ਸਨਅਤੀ ਪ੍ਰਦੂਸ਼ਣਾਂ ਨਾਲ ਸਾਡੇ ਦੇਸ਼ ਦੀਆਂ ਅਕਸਰ ਨਦੀਆਂ ਬਹੁਤ ਖਰਾਬ ਹਾਲਤ 'ਚ ਹਨ। ਯਮੁਨਾ ਦੇ ਦਿੱਲੀ 'ਚ ਦਾਖਲ ਹੋਣ ਪਿੱਛੋਂ ਇਸ ਦੇ ਪਾਣੀ 'ਚ 170 ਕਰੋੜ ਲੀਟਰ ਗੰਦਾ ਪਾਣੀ ਹਰ ਰੋਜ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਲਗਭਗ 93100 ਕਲ-ਕਾਰਖਾਨਿਆਂ ਦਾ ਕਚਰਾ ਵੀ ਹਰ ਰੋਜ ਯਮੁਨਾ ਨਦੀ 'ਚ ਦਾਖਲ ਹੁੰਦਾ ਰਹਿੰਦਾ ਹੈ। ਯਮੁਨਾ ਨਦੀ ਦਾ (ਜਲ ਪ੍ਰਦੂਸ਼ਣ ਦਾ ਇਕ ਪੈਮਾਨਾ) 40 ਮਾਈਕ੍ਰੋਗ੍ਰਾਮ ਪ੍ਰਤੀ ਲਿਟਰ ਨੋਟ ਕੀਤਾ ਗਿਆ ਹੈ। ਜੋ 2005 'ਚ 59 ਮਾਈਕਰੋਗ੍ਰਾਮ ਪ੍ਰਤੀ ਲਿਟਰ ਅਤੇ 2006 'ਚ ਕਈ ਗੁਣਾ ਵਧ ਕੇ 144 ਮਾਈਕਰੋਗ੍ਰਾਮ ਪ੍ਰਤੀ ਲਿਟਰ ਹੋ ਗਿਆ। ਸਪਸ਼ਟ ਰਹੇ ਕਿ ਅਮਰੀਕਾ 'ਚ ਗਟਰ ਦੇ ਪਾਣੀ ਦਾ ਔਸਤ ਬੀ. ਓ. ਡੀ. 200 ਮਾਈਕਰੋਗ੍ਰਾਮ ਪ੍ਰਤੀ ਲਿਟਰ ਹੈ।

ਸਾਡੇ ਦੇਸ਼ 'ਚ ਜ਼ਮੀਨ ਦੀ ਸਤਹਿ 'ਤੇ ਪਾਏ ਜਾਣ ਵਾਲੇ ਪਾਣੀ ਦਾ 70 ਫੀਸਦੀ ਹਿੱਸੇ ਪ੍ਰਦੂਸ਼ਿਤ ਹੈ ਜਦ ਕਿ ਕਲਾਸ ਗਰੁੱਪ ਦੇ ਸ਼ਹਿਰਾਂ (ਮੁਕਾਬਲਤਨ ਛੋਟੇ ਸ਼ਹਿਰਾਂ) 'ਚ 95 ਫੀਸਦੀ ਪਾਣੀ ਪ੍ਰਦੂਸ਼ਿਤ ਹੈ। 50% ਤੋਂ ਵੱਧ ਉਦਯੋਗਾਂ ਵਲੋਂ ਨਿਰਧਾਰਿਤ ਮਾਪਦੰਡ ਤੋਂ ਵੱਧ ਪ੍ਰਦੂਸ਼ਿਤ ਪਦਾਰਥਾਂ ਨੂੰ ਪਾਣੀ 'ਚ ਵਹਾ ਦਿੱਤਾ ਜਾਂਦਾ ਹੈ।

**ਜੈਵ-ਵਿਭਿੰਨਤਾ ਨੂੰ ਹਾਨੀ** :- ਪੌਦਿਆਂ ਤੇ ਜੀਵ-ਜੰਤੂਆਂ ਦੀ ਹਰੇਕ ਪ੍ਰਜਾਤੀ ਦੇ ਜ਼ਿੰਮੇ ਇਸ ਦੁਨੀਆਂ ਨੂੰ ਚਲਾਉਣ ਲਈ ਕੋਈ ਨਾ ਕੋਈ ਮਹੱਤਵਪੂਰਨ ਕੰਮ ਸੌਂਪਿਆ ਗਿਆ ਹੈ। ਇਹਨਾਂ ਪ੍ਰਜਾਤੀਆਂ ਦਾ ਵਿਨਾਸ਼ ਦਰਅਸਲ ਇਹਨਾਂ ਦੇ ਜ਼ਿੰਮੇ ਕੀਤੇ ਗਏ ਕੰਮਾਂ ਦਾ ਰੁਕ ਜਾਣਾ ਹੁੰਦਾ ਹੈ। ਜਿਸ ਦੇ ਸਿੱਟੇ ਵਜੋਂ ਇਨਸਾਨ ਸਮੇਤ ਬ੍ਰਹਿਮੰਡ ਦੀ ਹਰ ਚੀਜ਼ ਮੁਸ਼ਕਿਲਾਂ ਦਾ ਸ਼ਿਕਾਰ ਹੁੰਦੀ ਹੈ। ਸਮੁੰਦਰਾਂ 'ਚ ਪਾਏ ਜਾਣ ਵਾਲੇ ਨੰਨੇ-ਮੁੰਨੇ ਪਲਵਕ ਵਾਯੂ ਮੰਡਲ 'ਚ ਮੌਜੂਦ ਕਾਰਬਨ ਡਾਈਆਕਸਾਈਡ ਦੇ ਸੰਤੁਲਨ ਨੂੰ ਬਣਾਈ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਮੁੰਦਰ ਦੇ ਤਾਪਮਾਨ ਦੇ ਵਧ ਜਾਣ ਨਾਲ ਇਹ ਨਸ਼ਟ ਹੋ ਜਾਂਦੇ ਹਨ। ਇਹਨਾਂ ਦੇ ਵਿਨਾਸ਼ ਨੂੰ ਵਾਯੂ ਮੰਡਲ 'ਚ ਗ੍ਰੀਨ ਹਾਊਸ ਗੈਸਾਂ ਦੇ ਅਨੁਪਾਤ ਅਤੇ ਤਾਪ ਨੂੰ ਵਧਾਉਣ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਚੂਹਿਆਂ ਨੂੰ ਖਾਣ ਵਾਲੇ ਸੱਪਾਂ ਅਤੇ ਮੱਛਰਾਂ ਦੇ ਆਂਡੇ ਖਾਣ ਵਾਲੇ ਡੱਡੂਆਂ ਬਿਨਾਂ ਇਲਸਾਨ ਦੀ ਜ਼ਿੰਦਗੀ ਦੁੱਭਰ ਹੈ। ਇਹ ਨਾ ਹੋਣ ਤਾਂ ਪਲੇਗ ਤੇ ਮਲੇਰੀਆ ਵਰਗੀਆਂ ਮਹਾਂਮਾਰੀਆਂ ਇਨਸਾਨ ਦਾ ਖਾਤਮਾ ਕਰ ਸਕਦੀਆਂ ਹਨ। ਕੁਝ ਪ੍ਰਜਾਤੀਆਂ ਦੇ ਕੰਮਾਂ ਨੂੰ ਅਸੀਂ ਜਾਣਦੇ ਹਾਂ। ਪਰ ਵਨਸਪਤੀਆਂ ਤੇ ਜੰਤੂਆਂ ਅਤੇ ਖਾਸ ਕਰਕੇ

ਨਜ਼ਰ ਨਾ ਆਉਣ ਵਾਲੇ ਬੈਕਟੀਰੀਆ ਦੀਆਂ ਕਰੋੜਾਂ ਕਿਸਮਾਂ ਸਾਡੀ ਜ਼ਿੰਦਗੀ ਦੀ ਰਾਖੀ ਤੇ ਸਾਡੀ ਹੋਂਦ ਲਈ ਖਾਮੋਸ਼ ਕੰਮ ਕਰ ਰਹੀਆਂ ਹਨ। ਉਹਨਾਂ ਦਾ ਸਾਨੂੰ ਪਤਾ ਨਹੀਂ ਹੈ। ਇਸ ਲਈ ਉਹਨਾਂ ਦਾ ਵਿਨਾਸ਼ ਸਾਡੇ ਲਈ ਕਿਹੜੀਆਂ-ਕਿਹੜੀਆਂ ਕਿਆਮਤਾਂ ਬਰਸਾ ਸਕਦਾ ਹੈ। ਇਸ ਦਾ ਅੰਦਾਜ਼ਾ ਵੀ ਅਸੀਂ ਨਹੀਂ ਲਾ ਸਕਦੇ। ਵਾਤਾਵਰਣ ਵਿਗਿਆਨੀਆਂ ਦਾ ਅਨੁਮਾਨ ਹੈ ਕਿ ਸਾਡੀ ਦੁਨੀਆਂ 'ਚੋਂ ਹਰ ਰੋਜ਼ 150-200 ਵਨਸਪਤੀਆਂ ਤੇ ਜੀਵ ਜੰਤੂਆਂ ਦੀਆਂ ਪ੍ਰਜਾਤੀਆਂ ਖਤਮ ਹੋ ਰਹੀਆਂ ਹਨ। ਇਕ ਵਾਰੀ ਇਕ ਪ੍ਰਜਾਤੀ ਖਤਮ ਹੁੰਦੀ ਹੈ ਤਾਂ ਹਮੇਸ਼ਾ ਲਈ ਖਤਮ ਹੋ ਜਾਂਦੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜਿਸ ਤੇਜ਼ੀ ਨਾਲ ਪ੍ਰਜਾਤੀਆਂ ਖਤਮ ਹੋ ਰਹੀਆਂ ਹਨ। ਵਿਸ਼ਵ ਦੇ ਇਤਿਹਾਸ 'ਚ ਉਹਨਾਂ ਦਾ ਸਿੱਟਾ ਸਿਰਫ ਡਾਇਨਾਸੋਰਾਂ ਦੇ ਖਾਤਮੇ ਦੇ ਦੌਰ 'ਚ ਮਿਲਦਾ ਹੈ। ਇਸ ਪਿੱਛੋਂ ਹਜ਼ਾਰਾਂ ਲੱਖਾਂ ਸਾਲਾਂ ਤੋਂ ਪ੍ਰਾਣੀਆਂ ਨੂੰ ਕੋਈ ਵੱਡਾ ਖ਼ਤਰਾ ਨਹੀਂ ਸੀ। ਹੁਣ ਫਿਰ ਤੇਜ਼ੀ ਨਾਲ ਪ੍ਰਾਣੀਆਂ ਦੇ ਖਤਮ ਹੋਣ ਦਾ ਅਮਲ ਸ਼ੁਰੂ ਹੋ ਗਿਆ ਹੈ। ਸਾਡੇ ਦੇਸ਼ 'ਚ ਜੋ ਸੰਸਾਰ ਪੱਧਰ 'ਤੇ ਜੈਵ-ਪ੍ਰਜਾਤੀਆਂ ਦਾ ਇਕ ਮਹੱਤਵਪੂਰਨ ਕੇਂਦਰ ਹੈ ਤੇਜ਼ੀ ਨਾਲ ਇਹ ਸੰਕਟ ਪੈਦਾ ਹੋ ਰਿਹਾ ਹੈ। ਇਥੇ ਪੌਦਿਆਂ ਦੀਆਂ 10% ਤੇ ਦੁੱਧ ਦੇਣ ਵਾਲੀਆਂ 20% ਪ੍ਰਜਾਤੀਆਂ ਦੀ ਹੋਂਦ ਤੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਚੀਤਾ, ਇਕ ਸਿੰਗ ਵਾਲਾ ਰਹਾਨਿਓ, ਗੁਲਾਬੀ ਸਿਰ ਵਾਲੀ ਬੱਤਖ ਪਹਾੜੀ ਤਿੱਤਰ, ਜੰਗਲੀ ਉੱਲੂ ਆਦਿ ਸਮੇਤ 23 ਤੋਂ ਵੱਧ ਪ੍ਰਜਾਤੀਆਂ ਖਤਮ ਹੋ ਚੁੱਕੀਆਂ ਹਨ। ਇਹਨਾਂ ਪ੍ਰਜਾਤੀਆਂ ਦੇ ਖਾਤਮੇ ਵਿਚ ਸਨਅਤੀਕਰਨ ਜੰਗਲਾਂ ਦੀ ਕਟਾਈ, ਸ਼ਿਕਾਰ, ਵਾਤਾਵਰਣ ਪ੍ਰਦੂਸ਼ਣ ਆਦਿ ਵਰਗੇ ਕਾਰਕਾਂ ਦੇ ਨਾਲ ਖੇਤੀ-ਬਾੜੀ ਆਦਿ ਦੇ ਤਰੀਕਿਆਂ 'ਚ ਵੀ ਪੂੰਜੀਵਾਦੀਆਂ ਵਲੋਂ ਲਿਆਂਦੀਆਂ ਤਬਦੀਲੀਆਂ ਜ਼ਿੰਮੇਵਾਰ ਹਨ। ਕਾਰਪੋਰੇਟ ਖੇਤੀ ਅਤੇ ਬੀਜ ਤੇ ਖਾਦ ਤਿਆਰ ਕਰਨ ਵਾਲੀਆਂ ਕੰਪਨੀਆਂ ਵੱਡੇ ਪੈਮਾਨੇ 'ਤੇ ਫਲਾਂ ਤੇ ਦੂਜੇ ਅਨਾਜਾਂ ਦੀ ਤਿਆਰੀ ਲਈ ਜੀਨ-ਸਬੰਧੀ ਤਬਦੀਲੀ ਕਰਦੀਆਂ ਹਨ। ਇਹਨਾਂ ਤਬਦੀਲੀਆਂ ਨਾਲ ਇਕ ਨਵੀਂ ਪ੍ਰਜਾਤੀ ਹੋਂਦ 'ਚ ਆਉਂਦੀ ਹੈ ਤੇ ਪੁਰਾਣੀਆਂ ਪ੍ਰਜਾਤੀਆਂ ਖਤਰੇ 'ਚ ਪੈ ਜਾਂਦੀਆਂ ਹਨ। ਭਾਰਤੀ ਕਿਸਾਨ, ਲਗਭਗ 60 ਹਜ਼ਾਰ ਕਿਸਮ ਦੇ ਚੌਲ (ਝੋਨਾ) ਬੀਜਦੇ ਰਹੇ ਹਨ। ਹੁਣ ਬੀਜਾਂ ਦੀਆਂ ਸੰਸਾਰ ਦੀਆਂ ਪੱਧਰੀ ਕੰਪਨੀਆਂ ਉਹਨਾਂ ਨੂੰ ਸਿਰਫ ਇਕ ਹੀ ਕਿਸਮ ਦੇ ਚੌਲ ਬੀਜਣ ਲਈ ਮਜ਼ਬੂਰ ਕਰ ਰਹੀਆਂ ਹਨ। ਫਲਾਂ ਦੀਆਂ ਵੱਖ-ਵੱਖ ਸਥਾਨਕ ਕਿਸਮਾਂ ਨਸ਼ਟ ਹੋ ਰਹੀਆਂ ਹਨ ਅਤੇ ਵਿਦੇਸ਼ੀ ਕਿਸਮਾਂ ਉਹਨਾਂ ਦੀ ਥਾਂ ਲੈ ਰਹੀਆਂ ਹਨ (ਜਿਵੇਂ ਅਮਰੀਕੀ ਸੇਬ) ਮੁਰਗੀਆਂ ਦੀਆਂ ਹਜ਼ਾਰਾਂ ਕਿਸਮਾਂ ਦੀ ਥਾਂ ਪੋਲਟਰੀ ਦੀ ਇਕ ਹੀ ਕਿਸਮ ਸਾਰੇ ਦੇਸ਼ 'ਚ ਆਮ ਹੋ ਗਈ ਹੈ। ਆਉਣ ਵਾਲੇ ਸਮੇਂ 'ਚ ਦੇਸੀ ਮੁਰਗੀਆਂ ਦੀਆਂ ਵੱਖ-ਵੱਖ ਕਿਸਮਾਂ ਖ਼ਤਮ ਹੋ ਸਕਦੀਆਂ ਹਨ। ਵਾਤਾਵਰਣ ਨਾਲ ਸਬੰਧਤ ਇਕ ਹੋਰ ਵੱਡੀ ਸਮੱਸਿਆ ਕੁਦਰਤੀ ਸਾਧਨਾਂ ਤੇ ਖਾਸ ਕਰਕੇ ਊਰਜਾ ਸੰਕਟ ਹੈ। ਲਿਵਿੰਗ ਪਲਾਨਿਟ ਦੀ ਰਿਪੋਰਟ ਅਨੁਸਾਰ ਇਨਸਾਨੀ ਅਬਾਦੀ ਜ਼ਮੀਨ ਦੀ ਸਮੱਰਥਾ ਤੋਂ ਤੀਹ ਗੁਣਾ ਵੱਧ ਸਾਧਨਾਂ ਦੀ ਵਰਤੋਂ ਕਰ ਰਹੀ ਹੈ। ਇਸ ਰਫਤਾਰ ਨਾਲ 2030 ਤੱਕ ਸਾਨੂੰ ਦੋ ਧਰਤੀਆਂ ਚਾਹੀਦੀਆਂ ਹਨ। ਅਮਰੀਕਾ ਕੁਲ ਤੇਲ ਦਾ 25% ਵਰਤੋਂ ਕਰਦਾ ਹੈ। ਵੱਡੀਆਂ ਸ਼ਕਤੀਆਂ ਪੂਰਬੀ ਮੱਧ ਏਸ਼ੀਆ ਦੇ ਦੇਸ਼ਾਂ 'ਤੇ ਦਬਾਅ ਪਾ ਕੇ ਵੱਧ ਤੋਂ ਵੱਧ ਤੇਲ ਕਢਵਾ ਰਿਹਾ ਹੈ।

# ਕੀ ਹੈ ਵਿਸ਼ਵੀ ਅਰਥਚਾਰੇ ਦੀ ਮੌਜੂਦਾ ਹਾਲਤ?

ਨਵੰਬਰ ਮਹੀਨੇ 'ਚ ਸਿਓਲ 'ਚ ਜਦ ਜੀ-20 ਦੇ ਨੇਤਾ ਵਿਸ਼ਵੀ ਅਰਥਚਾਰੇ ਸਬੰਧੀ ਸਿਖ਼ਰ ਸੰਮੇਲਨ ਲਈ ਇਕੱਠੇ ਹੋਏ ਤਾਂ ਉਹਨਾਂ ਵਿਚਕਾਰ ਤਣਾਅ ਸਪਸ਼ਟ ਸੀ। ਇਸ ਤਰ੍ਹਾਂ ਉਹਨਾਂ ਦੀ ਆਪਸੀ ਖਿਚੋਤਾਣ ਕਿਸੇ ਤੋਂ ਛੁਪੀ ਨਹੀਂ ਰਹੀ। ਉਹਨਾਂ ਵੱਲੋਂ ਜਾਰੀ ਆਖਰੀ ਐਲਾਨ ਵੱਖ-ਵੱਖ ਤਰ੍ਹਾਂ ਦੀਆਂ ਆਪਸੀ ਵਿਰੋਧੀ ਇੱਛਾਵਾਂ ਦਾ ਪੁਲੰਦਾ ਬਣ ਕੇ ਰਹਿ ਗਈ। ਜੀ-20 ਸਿਖਰ ਸੰਮੇਲਨ ਪਿੱਛੇ ਵਿਸ਼ਵੀ ਅਰਥਚਾਰੇ ਦੀ ਇਕ ਕੌੜੀ ਸਚਾਈ ਕੰਮ ਕਰ ਰਹੀ ਸੀ ਜੋ ਇਸ ਦੇ ਸਿੱਟੇ ਨੂੰ ਨਿਰਧਾਰਿਤ ਕਰ ਰਹੀ ਹੈ। ਇਹ ਕੌੜੀ ਸਚਾਈ ਸਰਮਾਏਦਾਰਾਂ ਜਮਾਤ ਦੀਆਂ ਸਾਰੀਆਂ ਖੁਸ਼ਫਹਿਮੀਆਂ ਨੂੰ ਤਹਿਸ਼-ਨਹਿਸ਼ ਕਰਕੇ ਉਹਨਾਂ ਨੂੰ ਲਗਾਤਾਰ ਹੋਰ ਵੱਧ ਪ੍ਰੇਸ਼ਾਨੀਆਂ 'ਚ ਧੱਕ ਰਹੀਆਂ ਹਨ। 2008 ਤੋਂ ਲੈ ਕੇ ਹੁਣ ਤੱਕ ਦੁਨੀਆਂ ਦੀ ਸਰਮਾਏਦਾਰ ਜਮਾਤ ਇਕ ਤਰ੍ਹਾਂ ਨਾਲ ਉਮੀਦ ਤੇ ਨਿਰਾਸ਼ਾ ਵਿਚਕਾਰ ਇਕ ਤਰ੍ਹਾਂ ਝੂਲਦੀ ਰਹੀ ਹੈ। ਕਦੇ ਉਸ ਨੂੰ ਲੱਗਦਾ ਹੈ ਕਿ 'ਚ ਫਸਣ ਲੱਗੀ ਹੈ। ਸਤੰਬਰ 2008 'ਚ ਦੁਨੀਆਂ ਦੀ ਸਰਮਾਏਦਾਰ ਜਮਾਤ ਖਾਸ ਕਰਕੇ ਸਾਮਰਾਜੀ ਪੂੰਜੀਪਤੀ ਜਮਾਤ ਨੂੰ ਆਪਣੀ ਦੁਨੀਆਂ ਡੁਬਦੀ ਲੱਗੀ ਜਦ ਸਮੁੱਚੀ ਵਿੱਤੀ ਵਿਵਸਥਾ ਢਹਿ ਢੇਰੀ ਹੋਣ ਕਿਨਾਰੇ ਪਹੁੰਚ ਗਈ ਸੀ ਤਦ ਯੂਰਪ ਤੇ ਅਮਰੀਕਾ ਦੀਆਂ ਸਰਕਾਰਾਂ ਵਲੋਂ ਬਹੁਤ ਵੱਡੇ ਪੈਮਾਨੇ ਦੀ ਦਖਲ ਅੰਦਾਜ਼ੀ ਰਾਹੀਂ ਵਿੱਤੀ ਵਿਵਸਥਾ ਨੂੰ ਬਚਾਇਆ ਜਾ ਸਕਿਆ। ਇਸ ਦਖਲ ਅੰਦਾਜ਼ੀ ਦੇ ਪੱਧਰ ਦੀ ਕਲਪਨਾ ਇਸ ਗੱਲ ਤੋਂ ਕੀਤੀ ਜਾ ਸਕਦੀ ਹੈ ਕਿ ਸਰਕਾਰਾਂ ਵੱਲੋਂ ਉਦੋਂ ਤੋਂ ਹੁਣ ਤੱਕ ਦਿੱਤੀ ਗਈ ਕੁਲ ਹੱਲਾਸ਼ੇਰੀ ਤੇ ਬੇਲਆਊਟ ਰਾਸ਼ੀ ਕਰੀਬ 20 ਅਰਬ ਡਾਲਰ ਬੈਠਦੀ ਹੈ। ਦੁਨੀਆਂ ਦੀ ਕੁਲ ਪੈਦਾਵਾਰ ਇਸ ਸਮੇਂ ਕਰੀਬ 60 ਹਜ਼ਾਰ ਅਰਬ ਡਾਲਰ, ਸੰਯੁਕਤ ਰਾਜ ਅਮਰੀਕਾ ਦੀ ਕੁਲ ਘਰੇਲੂ ਪੈਦਾਵਾਰ ਕਰੀਬ 1300 ਅਰਬ ਡਾਲਰ ਹੈ। ਸਤੰਬਰ-ਅਕਤੂਬਰ 2008 ਦੇ ਉਦੋਂ ਦੇ ਅੰਕੜੇ, ਉਸ ਦੀ ਉਮੀਦ ਨੂੰ ਬੈਸਾਖੀ ਮੁਹਈਆ ਕਰਦੇ ਨਜ਼ਰ ਆ ਰਹੇ ਸਨ। ਸਚਾਈ ਇਹ ਸੀ ਕਿ ਅਰਥਚਾਰੇ ਦੀ ਮੰਦੀ ਦੀ ਸ਼ੁਰੂਆਤ 2007 ਵਿਚ ਹੀ ਹੋ ਚੁੱਕੀ ਸੀ ਤੇ ਇਸੇ ਨੇ ਵਿੱਤੀ ਸੰਕਟ ਨੂੰ ਤੇਜ਼ ਕੀਤਾ। ਸਰਮਾਏਦਾਰ ਜਮਾਤ ਨੂੰ ਤਦ ਅਸਲੀਅਤ ਨੂੰ ਮੰਨਣਾ ਪਿਆ ਜਦ 2009 'ਚ ਤੇਜ਼ੀ ਨਾਲ ਪੈਦਾਵਾਰ ਡਿੱਗਣ ਲੱਗੀ। ਸਲਾਨਾ ਦਰਾਂ 'ਤੇ ਇਹ ਗਿਰਾਵਟ 10 ਫੀਸਦੀ ਤੱਕ ਪਹੁੰਚਣ ਲੱਗੀ। ਮਹਾਂਮੰਦੀ ਪੂੰਜੀਪਤੀ ਜਮਾਤ ਦੀਆਂ ਅੱਖਾਂ 'ਚ ਘੂਰਨ ਲੱਗੀ। ਪੂੰਜੀਪਤੀ ਜਮਾਤ ਦੇ ਹੋਸ਼ ਉੱਡ ਗਏ। ਉਹਨਾਂ ਦਾ ਥੋੜ੍ਹਾ ਸਾਹ 'ਚ ਸਾਹ ਉਦੋਂ ਆਇਆ ਜਦ ਉਹਨਾਂ ਵੇਖਿਆ ਕਿ 2009 ਦੇ ਉਤਰਾਅ 'ਚ ਅਰਥਚਾਰੇ 'ਚ ਗਿਰਾਵਟ ਦੀ ਦਰ ਘੱਟ ਹੋਣ ਲੱਗੀ ਹੈ ਅਤੇ 2010 ਦੇ ਪਹਿਲੇ ਅੱਧ 'ਚ ਉਸ ਨੇ ਮੁਕਤੀ ਦਾ ਸਾਹ ਲੈਣਾ ਸ਼ੁਰੂ ਕਰ ਦਿੱਤਾ ਜਦ ਸ਼ੁਰੂਆਤੀ ਦੋ ਤਿਮਾਹੀਆਂ 'ਚ ਅਰਥਚਾਰੇ 'ਚ ਕੁਝ ਵਾਧਾ ਹੁੰਦਾ ਦਿੱਸਿਆ। ਗਿਰਾਵਟ ਖਤਮ ਹੋ ਗਈ ਸੀ। ਵਾਧਾ ਦਰ ਨਕਰਾਤਮਕ ਤੋਂ ਘਨਾਤਮਕ ਹੋਣ ਲੱਗੀ। ਸਰਮਾਏਦਾਰ ਜਮਾਤ ਵੱਲੋਂ ਕਿਹਾ ਜਾਣ ਲੱਗਿਆ ਕਿ ਦੂਜੀ ਸੰਸਾਰ ਜੰਗ ਪਿੱਛੋਂ ਦੀ ਸਭ ਤੋਂ ਗੰਭੀਰ ਮੰਦੀ ਤੋਂ ਕੁਝ ਸਮੇਂ 'ਚ ਖਹਿੜਾ ਛੁੱਟ ਜਾਵੇਗਾ। ਪਰ 2010 ਦੇ ਅਗਸਤ-ਸਤੰਬਰ ਆਉਂਦੇ-ਆਉਂਦੇ ਇਕ ਵਾਰ ਫਿਰ ਚਿੰਤਾ ਦੇ ਬੱਦਲ ਮੰਡਰਾਉਣ ਲੱਗੇ। 'ਡਬਲ ਡਿੱਪ'

ਦੀ ਮੰਦੀ ਹੋਣ ਲੱਗੀ। ਇਹ ਸਪੱਸ਼ਟ ਹੋਣ ਲੱਗਿਆ ਕਿ ਸੰਕਟ ਖਤਮ ਹੋਣ ਵੱਲ ਵਧਣ ਦੀ ਬਜਾਏ ਉਵੇਂ ਹੀ ਬਣਿਆ ਹੋਇਆ ਹੈ। ਇਹੀ ਨਹੀਂ ਹੁਣ ਚਿੰਤਾਜਨਕ ਸਥਿਤੀ ’ਚ ਆਪਸ ’ਚ ਮਾਰਾ-ਮਾਰੀ ਵਧਣ ਲੱਗੀ ਹੈ। ਸਥਿਤੀ ਇਸ ਲਈ ਹੋਰ ਗੰਭੀਰ ਹੋਣ ਲੱਗੀ ਕਿ ਜਿਸ ਹੱਲਾਸ਼ੇਰੀ ਰਾਸ਼ੀ (ਕੁਲ ਕਰੀਬ 20 ਹਜ਼ਾਰ ਡਾਲਰ) ਦੇ ਭਰੋਸੇ ਗੰਭੀਰ ਮੰਦੀ (ਗ੍ਰੇਟ ਰਿਸੇਸ਼ਨ) ਤੋਂ ਨਿਕਲਣ ਦੀ ਉਮੀਦ ਕੀਤੀ ਜਾ ਰਹੀ ਸੀ ਉਸ ਨੂੰ ਹੋਰ ਵਧਾਉਣਾ ਮੁਸ਼ਕਿਲ ਹੋਣ ਲੱਗਿਆ ਸੀ। ਇਹੀ ਨਹੀਂ ਖੁਦ ਇਸ ਕਾਰਨ ਹੋਰ ਵੀ ਗੰਭੀਰ ਸੰਕਟ ਦਿਸਣ ਲੱਗਿਆ। ਯੂਰਪ ਦੇ ਕੁਝ ਕਮਜ਼ੋਰ ਦੇਸ਼ਾਂ (ਆਇਰਲੈਂਡ, ਸਪੇਨ, ਪੁਰਤਗਾਲ, ਗਰੀਸ, ਇਟਲੀ ਆਦਿ) ਦੀਆਂ ਸਰਕਾਰਾਂ ਦੇ ਦਿਵਾਲੀਆ ਹੋਣ ਦਾ ਖਤਰਾ ਮੰਡਰਾਉਣ ਲੱਗਾ। ਇਕ ਪਾਸੇ ਖ਼ੂਹ ਤੇ ਦੂਜੇ ਪਾਸੇ ਖਾਤਾ ਵਾਲੀ ਸਥਿਤੀ ਪੈਦਾ ਹੋ ਗਈ। ਸਰਕਾਰ ਵੱਲ ਹੱਲਾਸ਼ੇਰੀ ਰਾਸ਼ੀ ਜਾਰੀ ਰੱਖਣ ’ਤੇ ਉਹਨਾਂ ਦੇ ਦਿਵਾਲੀਏ ਹੋ ਜਾਣ ਦਾ ਖਤਰਾ ਸੀ ਤਾਂ ਉਸ ਨੂੰ ਰੋਕ ਦੇਣ ’ਤੇ ਮੰਦੀ ਦੇ ਡੂੰਘੇ ਹੋ ਜਾਣ ਦਾ। ਵਿਕਸ਼ਤ ਪੂੰਜੀਵਾਦੀ ਦੇਸ਼ਾਂ ਦੇ ਸੰਗਠਨ ਓ. ਈ. ਸੀ. ਡੀ. ਨੇ ਅਕਤੂਬਰ 2010 ’ਚ ਆਪਣੇ ਘਟਕਾਂ ਲਈ ਇਕ ਅੰਦਾਜ਼ਾ ਪੇਸ਼ ਕੀਤਾ। ਇਹਨਾਂ ਅੰਕੜਿਆਂ ’ਚ ਉਮੀਦ ਦੀ ਪੂਰੀ ਝਲਕ ਹੈ। 2009 ’ਚ ਤਿੱਖੀ ਗਿਰਾਵਟ ਪਿੱਛੋਂ 2010 ਅਤੇ ਉਸ ਪਿੱਛੋਂ ਵਾਧੇ ਦੀ ਉਮੀਦ ਕੀਤੀ ਜਾ ਰਹੀ ਹੈ। ਪਰ ਇਸ ’ਚ ਇਹ ਵੇਖਣ ਯੋਗ ਗੱਲ ਹੈ ਕਿ ਸਮੁੱਖਚੇ ਯੂਰੋ ਖੇਤਰ ਤੇ ਜਾਪਾਨ ਲਈ ਦੋ ਫੀਸਦੀ ਤੋਂ ਵੀ ਘਟ ਦੇ ਵਾਧੇ ਦੀ ਉਮੀਦ ਕੀਤੀ ਜਾ ਰਹੀ ਹੈ। ਸਥਿਤੀ ਦੀ ਗੰਭੀਰਤਾ ਨੂੰ ਓ. ਈ. ਸੀ. ਡੀ. ਬਦਲੇ ਸੰਯੁਕਤ ਰਾਸ਼ਟਰ ਸੰਘ ਵਲੋਂ ਜਾਰੀ ਅੰਕੜੇ ਵੱਧ ਤੀਖਣਤਾ ਨਾਲ ਪ੍ਰਦਰਸ਼ਿਤ ਕਰਦੇ ਹਨ। ਸੰਯੁਕਤ ਰਾਸ਼ਟਰ ਸੰਘ ਦੀ ਨਜ਼ਰ ’ਚ 2010 ਦਾ ਸਾਲ ਕੋਈ ਸੁਖ ਦਾ ਸਾਲ ਨਹੀਂ ਰਿਹਾ। ਇਸ ਸਾਲ ਜਾਂ ਤਾਂ ਵਾਧਾ ਹੋਇਆ ਨਹੀਂ ਜਾਂ ਬਹੁਤ ਘੱਟ ਹੋਇਆ। ਜਿਹਨਾਂ ਦੇਸ਼ਾਂ ਦੀਆਂ 2008 ਤੋਂ ਪਹਿਲਾਂ ‘ਉਭਰਦੀਆਂ ਅਰਥ ਵਿਵਸਥਾਵਾਂ’ ਕਹਿ ਕੇ ਖ਼ੂਬ ਤਾਰੀਫ ਕੀਤੀ ਜਾ ਰਹੀ ਸੀ ਉਹ ਵੀ 2009 ’ਚ ਸਭ ਤੋਂ ਬੁਰੀ ਹਾਲਤ ’ਚ ਪਹੁੰਚ ਗਈਆਂ ਅਤੇ 2010 ’ਚ ਉਹਨਾਂ ਦਾ ਭਵਿਖ ਸਭ ਤੋਂ ਵੱਧ ਹਨੇਰਾ ਹੈ। ਸਾਮਰਾਜੀਆਂ ਦੀ ਵਿੱਤ ਪੂੰਜੀ ਨੇ ਆਪਣਾ ਕਮਾਲ ਵਿਖਾਇਆ। ਉਸ ਨੂੰ ਉਹਨਾਂ ਨੂੰ ਫਰਸ਼ ਤੋਂ ਅਰਸ਼ ਤੱਕ ਉਠਾਇਆ ਤੇ ਫਿਰ ਵਾਪਸ ਫਰਸ਼ ’ਤੇ ਸੁੱਟ ਦਿੱਤਾ। ਉਹ ਕੇਲਟਿਕ ਜਾਂ ਬਾਲਟਿਕ ‘ਟਾਈਗਰ’ ਤੋਂ ਮਰਗਿਲੇ ਪਿੱਲੇ ’ਚ ਬਦਲ ਗਏ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਅਰਥਚਾਰੇ ’ਚ ਹੋਰ ਵੱਧ ਗਿਰਾਵਟ ਨੂੰ ਰੋਕਣ ਜਾਂ ਕਿਸੇ ਹੱਦ ਤੱਕ ਵਾਧਾ ਵਿਖਾਉਣ ਲਈ ਸਰਕਾਰਾਂ ਵਲੋਂ ਭਾਰੀ ਮਾਤਰਾ ’ਚ ਹੱਲਾਸ਼ੇਰੀ ਰਾਸ਼ੀ ਜ਼ਿੰਮੇਵਾਰ ਰਹੀ ਹੈ। ਪਰ ਇਸ ਨੇ ਸਰਕਾਰਾਂ ਦੇ ਵਿਤੀ ਘਾਟੇ ਨੂੰ ਆਕਾਸ਼ ਤੱਕ ਪਹੁੰਚਾ ਦਿੱਤਾ। OECD ਦੇ ਅੰਕੜੇ ਇਸ ਨੂੰ ਬਾਖ਼ੂਬੀ ਦਰਸਾਉਂਦੇ ਹਨ। ਸਰਕਾਰਾਂ ਦਾ ਵਿਤੀ ਘਾਟਾ ਇਕ ਝਟਕੇ ਨਾਲ ਲਗਭਗ 5 ਫੀਸਦੀ (ਕੁਲ ਘਰੇਲੂ ਪੈਦਾਵਾਰ) ਵਧ ਗਿਆ। ਇਹ ਘਾਟਾ 2010 ’ਚ ਵੀ ਘਟਿਆ ਨਹੀਂ ਅਤੇ 2011-12 ’ਚ ਅਰਥਚਾਰੇ ’ਚ ਸੁਧਾਰ ਦੀ ਉਮੀਦ ’ਚ ਹੀ ਇਸ ਦੇ ਘਟਣ ਦੀ ਭਵਿੱਖ ਬਾਣੀ ਕੀਤੀ ਜਾ ਰਹੀ ਹੈ। ਇਹ ਵਚਣ ਯੋਗ ਹੈ ਕਿ ਸਾਮਰਾਜੀ ਦੇਸ਼ ਤੇ ਉਹਨਾਂ ਦੀਆਂ ਕੌਮਾਂਤਰੀ ਵਿਤੀ ਸੰਸਥਾਵਾਂ (ਆਈ. ਐਮ. ਐਫ ਤੇ ਸੰਸਾਰ ਬੈਂਕ) ਇਸ ਲੰਮੇ ਸਮੇਂ ਤੋਂ ਸਰਕਾਰਾਂ ਦੇ ਵਿਤੀ ਘਾਟੇ ਨੂੰ ਘੱਟ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਹਨ। ਖਾਸ ਕਰਕੇ ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ

ਸਰਕਾਰਾਂ ਤੋਂ ਇਹ ਮੰਗ ਇਕ ਸ਼ਰਤ ਵਜੋਂ ਹੁੰਦੀ ਰਹੀ ਹੈ। ਇਸ ਮੰਗ ਦਾ ਸਿੱਧਾ ਜਿਹਾ ਮਤਲਬ ਸਰਕਾਰੀ ਖਰਚੇ ਨੂੰ ਘਟਾਉਣਾ ਤੇ ਅਰਥਚਾਰੇ 'ਚ ਰਾਜ ਦੀ ਦਖਲ ਅੰਦਾਜ਼ੀ ਨੂੰ ਘਟਾ ਕੇ ਨਿੱਜੀ ਪੂੰਜੀ ਨੂੰ ਛੋਟ ਦੇਣਾ ਸੀ। ਯੂਰਪੀ ਸੰਘ ਦੇ ਗਠਨ ਵਿਚ ਇਸ ਘਾਟੇ ਨੂੰ ਇਕ ਹੱਦ ਅੰਦਰ ਰੱਖਣ ਦੀ ਪ੍ਰਤਿਗਿਆ ਸੀ।

ਪਰ ਜਦ ਸਾਮਰਾਜੀਆਂ ਦਾ ਆਪਣੇ ਅਰਥਚਾਰੇ 'ਤੇ ਸੰਕਟ ਮੰਡਰਾਇਆ ਤਾਂ ਉਹ ਇਸ ਨੂੰ ਭੁੱਲ ਗਏ। ਉਹਨਾਂ ਨੇ ਭੁੱਲਣਾ ਹੀ ਸੀ। ਜੇ ਵਿੱਤ ਪੂੰਜੀ ਦੇ ਹਿੱਤ ਵਿਚ ਹੈ। ਉਸ ਦਾ ਮੁਨਾਫਾ ਵਧਾਉਣ ਲਈ ਇਹ ਜ਼ਰੂਰੀ ਸੀ ਕਿ ਸਰਕਾਰ ਦਾ ਵਿਤੀ ਘਾਟਾ ਘੱਟ ਕੀਤਾ ਜਾਵੇ ਤਾਂ ਉਸ ਦੇ ਹਿੱਤ ਵਿਚ ਇਹ ਸੀ ਕਿ ਸਰਕਾਰ ਖੁਲ ਕੇ ਪੈਸਾ ਲੁਟਾਉਣ ਅਤੇ ਆਪਣੇ ਵਿਤੀ ਘਾਟੇ ਦੀ ਚਿੰਤਾ ਨਾ ਕਰਨ ਅਤੇ ਸਰਕਾਰ ਨੇ ਕੀਤਾ ਵੀ ਇਹੀ। ਪਰ ਆਖਰ ਇਹ ਸਭ ਕਦੋਂ ਤੱਕ ਚਲਦਾ? ਸਰਕਾਰਾਂ ਕਦੋਂ ਤੱਕ ਆਪਣਾ ਘਟਾ ਵਧਾਉਂਦੀਆਂ ਰਹਿੰਦੀਆਂ? ਅਤੇ ਸਰਕਾਰਾਂ ਕਿਉਂਕਿ ਵਿਤੀ ਬਾਜ਼ਾਰ ਤੋਂ ਹੀ ਪੈਸਾ ਕਰਜਾ ਲੈ ਰਹੀਆਂ ਸਨ ਤਾਂ ਇਹ ਵਿਤ ਬਾਜ਼ਾਰ ਕਦੋਂ ਤੱਕ ਇਹਨਾਂ ਸਰਕਾਰਾਂ ਨੂੰ ਦਿਵਾਲੀਆ ਹੁੰਦੇ ਵੇਖਦਾ ਰਹਿੰਦਾ? ਇਸ ਸਾਰੇ ਕੁਝ ਦਾ ਅੰਤ ਹੋ ਗਿਆ। ਵਿਸ਼ਵੀ ਸੰਕਟ ਦੇ ਇਕ ਨਵੇਂ ਪੜਾਅ ਦੀ ਸ਼ੁਰੂਆਤ ਹੋ ਗਈ–ਸਰਕਾਰਾਂ ਦੇ ਦਿਵਾਲੀਆ ਹੋਣ ਵੱਧ ਵੱਧਣ ਦੀ। ਫਿਲਹਾਲ ਇਸ ਸੰਕਟ ਦਾ ਸਾਮਰਾਜੀਆਂ ਕੋਲ ਕੋਈ ਹੱਲ ਨਹੀਂ। ਜੇ ਇਹ ਵਿਤੀ ਘਾਟਾ ਘੱਟ ਕਰਦੇ ਹਨ ਤਾਂ ਅਰਥਚਾਰੇ ਨੂੰ ਤਿੱਖੀ ਮੰਦੀ ਵੱਲ ਧੱਕਦੇ ਹਨ ਅਤੇ ਜੇ ਉਹ ਅਰਥਚਾਰੇ ਨੂੰ ਮੰਦੀ 'ਚੋਂ ਉਭਾਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਸਰਕਾਰਾਂ ਨੂੰ ਦਿਵਾਲੀਆ ਕਰਦੇ ਹਨ। ਅਰਥਵਿਵਸਥਾ 'ਚ ਸਰਕਾਰੀ ਬਦਲੇ ਨਿਜੀ ਮੰਗ ਪੈਦਾ ਕਰਨਾ ਪੂੰਜੀਪਤੀ ਦੇ ਵਸ ਦਾ ਰੋਗ ਨਹੀਂ ਹੈ ਕਿਉਂਕਿ ਇਸ ਦਾ ਮਤਲਬ ਹੈ ਕਿ ਬੇਰੁਜ਼ਗਾਰ ਮਜ਼ਦੂਰਾਂ ਨੂੰ ਕੰਮ 'ਤੇ ਲਾਉਣਾ, ਆਮ ਤੌਰ 'ਤੇ ਮਜ਼ਦੂਰਾਂ ਦੀ ਹਾਲਤ ਨੂੰ ਸੁਧਾਰਨਾ। ਪਿਛਲੇ ਤਿੰਨ ਦਹਾਕਿਆਂ ਤੋਂ ਸਰਮਾਏਦਾਰ ਜਮਾਤ ਨੇ ਠੀਕ ਇਸ ਦਾ ਉਲਟਾ ਕੰਮ ਕੀਤਾ ਹੈ। ਅਸੀਂ ਇਸ ਸਮੱਸਿਆ ਤੋਂ ਅੱਖਾਂ ਬੰਦ ਕਰਕੇ ਦੁਨੀਆਂ ਦੇ ਪੂੰਜੀਪਤੀ ਤੇ ਉਹਨਾਂ ਦੀਆਂ ਸਰਕਾਰਾਂ ਵਪਾਰ ਘਾਟੇ 'ਤੇ ਆਪਣਾ ਧਿਆਨ ਕੇਂਦਰਿਤ ਕਰ ਰਹੀਆਂ ਹਨ। ਉਹਨਾਂ ਦੀ ਨਜ਼ਰ 'ਚ ਇਹ ਅਸੰਤੁਲਨ ਸਮੱਸਿਆ ਦੀ ਜੜ ਵਿਚ ਹੈ। ਇਹ ਅਸੰਤੁਲਨ ਇਕ ਦੇਸ਼ 'ਚ ਵਿਦੇਸ਼ੀ ਮੁਦਰਾ ਭੰਡਾਰ 'ਚ ਵਾਧੇ ਤੇ ਦੂਜੇ ਦੇਸ਼ਾਂ 'ਚ ਕਮੀ ਕਾਰਨ ਵੱਡੇ ਪੈਮਾਨੇ 'ਤੇ ਵਿਸ਼ਵੀ ਵਿਤੀ ਪ੍ਰਵਾਹ ਨੂੰ ਜਨਮ ਦੇ ਰਿਹਾ ਹੈ ਜੋ ਆਪਣੀ ਵਾਰੀ 'ਚ ਵਿਤੀ ਸੱਟੇਬਾਜ਼ੀ ਤੇ ਆਰਥਕ ਸੰਕਟ ਨੂੰ ਪੈਦਾ ਕਰ ਰਿਹਾ ਹੈ। ਵਾਪਰਕ ਘਾਟੇ ਨੂੰ OECD ਦੇ ਅੰਕੜੇ ਦਰਸਾਉਂਦੇ ਹਨ। ਜਾਪਾਨ ਤੇ ਚੀਨ ਦਾ ਚਾਲੂ ਖਾਤਾ ਘਾਟੇ ਦੇ ਬਰਾਬਰ ਹੋ ਜਾਂਦਾ ਹੈ। ਇਹੀ ਨਹੀਂ ਅੰਕੜਿਆਂ ਤੋਂ ਇਹ ਵੀ ਦਿਸਦਾ ਹੈ ਕਿ 2009 ਤੋਂ ਇਕੱਲੇ ਚੀਨ ਦਾ ਚਾਲੂ ਖਾਤਾ OECD ਦੇ ਸਾਰੇ ਦੇਸ਼ਾਂ ਦੇ ਕੁਲ ਘਾਟੇ ਤੋਂ ਵੱਡਾ ਹੈ। ਵਪਾਰ ਘਾਟੇ ਜਾਂ ਚਾਲੂ ਖਾਤੇ ਦੀ ਮੌਜੂਦਾ ਸਥਿਤੀ ਆਪਣੇ ਆਪ 'ਚ ਮੁੱਦਾ ਨਹੀਂ ਬਣਦਾ। ਅਸਲੀਅਤ ਇਹ ਹੈ ਕਿ ਅਮਰੀਕਾ, ਜਪਾਨ, ਤੇ ਚੀਨ ਦੀ ਮੌਜੂਦਾ ਸਥਿਤੀ ਕਈ ਸਾਲਾਂ ਤੋਂ ਬਣੀ ਹੋਈ ਹੈ। ਜੇ ਇਹ ਅੱਜ ਮੁੱਦਾ ਬਣ ਰਿਹਾ ਹੈ ਤਾਂ ਇਸ ਲਈ ਕਿ ਹਰ ਦੇਸ਼ ਦੂਜੇ ਦੀ ਕੀਮਤ 'ਤੇ ਆਪਣੇ ਲਈ ਕੁਝ ਹਾਸਲ ਕਰਨਾ ਚਾਹੁੰਦਾ ਹੈ। ਅਮਰੀਕੀ ਸਾਮਰਾਜੀ ਇਹ ਸੋਚਦੇ ਹਨ ਕਿ ਜੇ ਚੀਨ ਤੇ ਜਪਾਨ ਦੀ ਉਹਨਾਂ ਦੇ ਦੇਸ਼ 'ਚ ਬਰਾਮਦ ਘੱਟ ਹੋਵੇ ਤਾਂ ਘਰੇਲੂ ਪੈਦਾਵਾਰ 'ਚ

ਵਾਧੇ ਨਾਲ ਉਹਨਾਂ ਦੇ ਅਰਥਚਾਰੇ ਦੀ ਹਾਲਤ ਸੁਧਰੇਗੀ। ਇਸ ਲਈ ਉਹ ਚੀਨੀ ਸਰਕਾਰ ਤੇ ਦਬਾਅ ਪਾ ਰਹੇ ਹਨ ਕਿ ਉਹ ਚੀਨ ਮੁਦਰਾ ਦਾ ਮੁੱਲ ਡਾਲਰ ਦੇ ਮੁਕਾਬਲੇ ਵਧਾਵੇ। ਜਿਸ ਨਾਲ ਚੀਨੀ ਬਰਾਮਦ ਮਹਿੰਗੀ ਹੋਵੇ। ਇਹ ਸਾਰਾ ਕੁਝ 'ਮੁਦਰਾ ਜੰਗ' ਤੇ 'ਵਪਾਰ ਜੰਗ' ਵੱਲ ਲੈ ਜਾ ਰਿਹ ਹੈ। ਬਾਹਰੀ ਤੌਰ 'ਤੇ ਆਪਸੀ ਸਹਿਯੋਗ ਦੀ ਗੱਲਾਂ ਕਰਦਿਆਂ ਇਹ ਅੰਦਰੋਂ ਅੰਦਰੀ ਇਸ ਯੁੱਧ 'ਚ ਉਲਝ ਰਹੇ ਹਨ। ਅਰਥਚਾਰੇ 'ਚ ਸੁਧਾਰ ਦੇ ਦਾਅਵਿਆਂ ਦੀ ਅਸਲੀਅਤ ਉਦੋਂ ਖੁੱਲ੍ਹਦੀ ਹੈ ਜਦ ਅਸੀਂ ਰੁਜ਼ਗਾਰ ਦੇ ਅੰਕੜੇ ਵੇਖਦੇ ਹਾਂ। ਅੰਕੜੇ ਬੜੇ ਭਿਆਨਕ ਹਨ। ਪਰ ਜਿਵੇਂ ਕਿ ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਕਹਿੰਦੀ ਹੈ ਇਹ ਅੰਕੜੇ ਭਾਵੇਂ ਬੇਰੁਜ਼ਗਾਰੀ ਦੀ ਅਸਲੀ ਤਸਵੀਰ ਪੇਸ਼ ਨਹੀਂ ਕਰਦੇ, ਇਸ ਵਿਚ ਉਹ ਬੇਰੁਜ਼ਗਾਰ ਸ਼ਾਮਲ ਨਹੀਂ ਹਨ ਜੋ ਨਾ ਉਮੀਦ ਹੋ ਕੇ ਨੌਕਰੀ ਲਭਣਾ ਬੰਦ ਕਰ ਚੁੱਕੇ ਹਨ। ਉਹ ਬੇਰੁਜ਼ਗਾਰ ਵੀ ਇਹਨਾਂ 'ਚ ਸ਼ਾਮਲ ਨਹੀਂ ਹਨ ਜੋ ਮਜ਼ਬੂਰੀ ਵੱਸ ਕੱਚਾ ਪਿੱਲਾ ਕੰਮ ਕਦੇ ਕਦਾਈਂ ਕਰ ਰਹੇ ਹਨ। ਇਹਨਾਂ ਸਾਰਿਆਂ ਦਾ ਧਿਆਨ ਰੱਖਿਆ ਜਾਵੇ ਤਾਂ ਬੇਰੁਜ਼ਗਾਰੀ ਦੀਆਂ ਅਸਲੀ ਦਰਾਂ ਉਪਰੋਕਤ ਦਰਾਂ ਤੋਂ ਦੁੱਗਣੀਆਂ ਤੋਂ ਵੀ ਵੱਧ ਹੋਣਗੀਆਂ। ਵੈਸੇ ਗੈਰ ਰਵਾਇਤੀ ਤੌਰ 'ਤੇ ਆਇਰਲੈਂਡ 'ਚ ਬੇਰੁਜ਼ਗਾਰੀ ਦਰ 14 ਫੀਸਦੀ ਤੋਂ ਵੱਧ ਅਤੇ ਸਪੇਨ 'ਚ 18 ਫੀਸਦੀ ਤੋਂ ਵੱਧ ਹੈ। ਬੇਰੁਜ਼ਗਾਰੀ ਦੀ ਇਸ ਦਿਓਕਦ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਸਰਕਾਰਾਂ ਜਦ ਆਪਣਾ ਬਜਟ ਸੰਤੁਲਿਤ ਕਰਨ ਦੇ ਨਾਂ ਹੇਠ ਮਜ਼ਦੂਰਾਂ ਦੀ ਹਾਲਤ ਨੂੰ ਹੋਰ ਵੀ ਵਿਗਾੜ ਰਹੀਆਂ ਹਨ। ਸਰਕਾਰੀ ਖਰਚਿਆਂ 'ਚ ਕਟੌਤੀ ਤੋਂ ਲੈ ਕੇ ਸੇਵਾ ਮੁਕਤੀ ਦੀ ਉਮਰ ਵਧਾਉਣ ਤੱਕ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਯੂਰਪੀ ਦੇਸ਼ਾਂ 'ਚ ਕਿਰਤ ਨੂੰ ਲਚਕੀਲਾ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਲੁਟਾਈ ਗਈ 20 ਹਜ਼ਾਰ ਅਰਬ ਡਾਲਰ ਦੀ ਪੂੰਜੀ ਨੂੰ ਪੂੰਜੀਵਾਦੀ ਅਦਾਰੇ ਡਕਾਰ ਗਏ ਹਨ। ਹੁਣ ਉਹ ਸਰਕਾਰ 'ਤੇ ਦਬਾਅ ਬਣਾ ਰਹੇ ਹਨ ਕਿ ਉਹਨਾਂ ਨੂੰ ਮੁਨਾਫਾ ਮੁਹਈਆ ਕਰਾਉਣ ਲਈ ਸਰਕਾਰ ਮਜ਼ਦੂਰਾਂ ਨੂੰ ਹੋਰ ਜ਼ਿਆਦਾ ਨਿਚੋੜਣ। ਸੰਕਟ ਦੀ ਸ਼ੁਰੂਆਤ 'ਚ ਜਾਰਜ ਮੇਨਾਰਡ ਕੀਂਸ ਦੀ ਵਾਪਸੀ ਨੂੰ ਭੁਲਾ ਕੇ ਇਕ ਵਾਰੀ ਫਿਰ ਤੋਂ ਹਏਕ ਤੇ ਮਿਲਟਨ ਫ੍ਰੀਡਮੈਨ ਦੀ ਦੁਹਾਈ ਦੇ ਰਹੇ ਹਨ। ਪਰ ਪਹਿਲਾਂ ਤੋਂ ਹੀ ਆਰਥਕ ਸੰਕਟ ਦੀ ਭਿਅੰਕਰ ਮਾਰ ਝੱਲ ਰਹੇ ਮਜ਼ਦੂਰ ਹੁਣ ਹੋਰ ਵੱਧ ਸਹਿਣ ਲਈ ਤਿਆਰ ਨਹੀਂ ਹਨ। 2010 ਦੇ ਉਤਰਾਅ 'ਚ ਯੂਰਪ ਦੇ ਕਈ ਦੇਸ਼ਾਂ 'ਚ ਮਜ਼ਦੂਰਾਂ ਦੀਆਂ ਹੜਤਾਲਾਂ ਤੇ ਮੁਜਾਹਰਿਆਂ ਨੇ ਸਰਕਾਰਾਂ ਨੂੰ ਇਹ ਚੇਤੇ ਕਰਵਾਇਆ ਕਿ ਉਹਨਾਂ ਦੇ ਸਬਰ ਦਾ ਪਿਆਲਾ ਭਰ ਚੁੱਕਿਆ ਹੈ। ਪਰ ਪੂੰਜੀਪਤੀ ਜਮਾਤ ਆਪਣੀ ਵਿਵਸਥਾ ਦੇ ਤਰਕ ਦੇ ਸਾਹਮਣੇ ਲਾਚਾਰ ਹੈ। ਮੌਜੂਦਾ ਸੰਕਟ ਦੇ ਪਿਛਲੇ ਤਿੰਨ ਸਾਲਾਂ ਨੇ ਦਿਖਾਇਆ ਹੈ ਕਿ ਸਾਮਰਾਜ-ਪੂੰਜੀਵਾਦ ਦੇ ਮੌਜੂਦ ਅੰਤਰ ਵਿਰੋਧਾਂ ਦਾ ਅਤੇ ਉਸ ਨਾਲ ਪੈਦਾ ਹੋਣ ਵਾਲੇ ਸੰਕਟਾਂ ਦਾ ਸਰਮਾਏਦਾਰ ਜਮਾਤ ਕੋਲ ਹੱਲ ਨਹੀਂ ਹੈ। 'ਪੂੰਜੀਵਾਦ ਦਾ ਕੋਈ ਬਦਲ ਨਹੀਂ ਹੈ' ਦਾ ਉਸ ਦਾ ਨਾਹਰਾ ਹੁਣ ਉਸ ਦੀ ਜੁਬਾਨ ਤੋਂ ਗਾਇਬ ਹੈ। ਇਸਦੇ ਉਲਟ ਸਮਾਜਵਾਦ ਦਾ ਭੂਤ ਉਸ ਨੂੰ ਸਤਾਉਣ ਲੱਗਿਆ ਹੈ।

ਬਰਾਕ ਉਬਾਮਾ ਵਰਗੇ ਸਾਮਰਾਜੀਆਂ ਦੀ ਪੂੰਜੀਵਾਦੀ ਪ੍ਰਣਾਲੀ ਨੂੰ ਬਚਾਉਣ ਦੀਆਂ ਕੁਝ ਸਕਾਰਤਮਕ ਕਾਰਵਾਈਆਂ ਅਮਰੀਕਾ 'ਚ ਸਮਾਜਵਾਦ ਦਾ ਖੌਫ ਪੈਦਾ ਕਰਦੀਆਂ ਹਨ। ਫਰਾਂਸ 'ਚ ਸਰਕੋਜੀ ਹੋਰ ਵੱਧ ਦੱਖਣ ਪੰਥੀ ਰੁਖ ਅਪਣਾਉਣ ਲਈ

ਮਜ਼ਬੂਰ ਹੋ ਰਹੇ ਹਨ। ਪਰ ਇਹ ਸਾਰਾ ਕੁਝ ਪੂੰਜੀਵਾਦ ਨੂੰ ਲੰਮੇ ਸਮੇਂ ਤੱਕ ਨਹੀਂ ਬਚਾ ਸਕੇਗਾ। ਪੂੰਜੀਵਾਦ ਆਪਣੀ ਹੋਂਦ ਦੀ ਲੜਾਈ 'ਚ ਮਜ਼ਦੂਰ ਜਮਾਤ ਦੇ ਹੱਥੋਂ ਹਾਰ ਜਾਵੇਗਾ ਹੀ। ਇਸ ਸਿਰਫ ਵਕਤ ਦੀ ਹੀ ਗੱਲ ਹੈ।

# ਮਿਸ਼ਰ ਦੇ ਤਾਨਾਸ਼ਾਹ ਹੁਸਨੀ ਮੁਬਾਰਕ ਵਿਰੁੱਧ ਲੋਕ ਜੰਗ ਕਿਉਂ?

ਕਹਿਰਾ ਦੇ ਤਹਿਰੀਕ ਚੌਂਕ 'ਚ ਹੁਸਨੀ ਮੁਬਾਰਕ ਦੇ ਵਿਰੋਧੀਆਂ ਤੇ ਸਮਰੱਥਕਾਂ ਵਿਚਕਾਰ ਟੱਕਰ ਚਲ ਰਹੀ ਹੈ। ਰਾਸ਼ਟਰਪਤੀ ਨੇ ਟੈਲੀਵਿਜ਼ਨ 'ਤੇ ਆਪਣੇ ਭਾਸ਼ਣ 'ਚ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਸਤੰਬਰ 'ਚ ਅਹੁਦਾ ਛੱਡ ਦੇਣਗੇ ਪਰ ਲੋਕ ਇਸ ਨਾਲ ਸਹਿਮਤ ਨਹੀਂ ਹੋਏ। ਮੁਬਾਰਕ ਹਮਾਇਤੀਆਂ ਨੇ ਮੁਬਾਰਕ ਵਿਰੋਧੀਆਂ ਦੇ ਵਿਜ਼ੂਅਲ ਸ਼ਾਟ ਲੈਣ ਲਈ ਕੈਮਰਾਮੈਨ 'ਤੇ ਟੁੱਟ ਪਏ। ਉਹਨਾਂ ਨੇ ਇਸ ਟੀਮ 'ਤੇ ਇੱਕ 'ਅਰਬ ਚੈਨਲ' ਦੇ ਅੰਗ ਹੋਣ ਦੇ ਦੋਸ਼ ਲਾਏ। ਕੈਮਰਾਮੈਨ ਦੀ ਮਾਰਕੁੱਟ ਵੀ ਕੀਤੀ ਗਈ ਤੇ ਕੈਮਰੇ ਦੇ ਟ੍ਰਾਈਪਾਡ ਨੂੰ ਵੀ ਤੋੜ ਦਿੱਤਾ ਗਿਆ। ਉਹਨਾਂ ਨੇ ਟੇਪ ਵੀ ਕੱਢ ਲਈ ਤੇ ਮਸਲ ਦਿੱਤੀ। ਕੈਮਰਾਮੈਨ ਤਾਹਿਰ ਚੌਧਰੀ ਨੇ ਕਿਹਾ, "ਮੈਂ ਉਹਨਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੈਂ ਅਰਬੀ ਨਹੀਂ ਭਾਰਤੀ ਹਾਂ ਪਰ ਭੀੜ ਨੇ ਮੇਰੀ ਇਕ ਨਹੀਂ ਸੁਣੀ। ਹਮਲਾਵਰ ਉਦੋਂ ਹੀ ਰੁਕੇ ਜਦੋਂ ਉਹਨਾਂ ਨੂੰ ਪਾਸਪੋਰਟ ਵਿਖਾਏ ਗਏ। ਫੇਰ ਉਹਨਾਂ ਨੇ ਪੱਤਰਕਾਰਾਂ ਦੇ ਇਕ ਹੋਰ ਸਮੂਹ ਨੂੰ ਆਪਣਾ ਨਿਸ਼ਾਨਾ ਬਣਾਇਆ। "ਉਹਨਾਂ ਨੇ ਇਸ ਸੰਕਟ ਦੀ ਖਬਰ ਰਿਕਾਰਡ ਕਰ ਰਹੇ ਕਈ ਵਿਦੇਸ਼ੀ ਪੱਤਰਕਾਰਾਂ ਨਾਲ ਵੀ ਹੱਥੋ ਪਾਈ ਕੀਤੀ ਤੇ ਉਹਨਾਂ 'ਤੇ ਮੁਬਾਰਕ ਪ੍ਰਬੰਧ ਨੂੰ ਜਾਣ ਬੁੱਝ ਕੇ ਅਸਥਿਰ ਕਰਨ ਦਾ ਦੋਸ਼ ਲਾਇਆ। ਤੇਜ਼ ਠੰਡੀਆਂ ਹਵਾਵਾਂ ਤੇ 4 ਡਿਗਰੀ ਸੈਲਸੀਅਸ ਤਾਪਮਾਨ ਵਿਚਕਾਰ 'ਆਜ਼ਾਦੀ ਦੇ ਦੀਵਾਨੇ' ਜ਼ੋਰ ਦੇ ਰਹੇ ਹਨ ਕਿ ਜੇ ਫੌਜ ਦੇ ਹਥਿਆਰ ਅੱਗ ਵੀ ਉਗਲਣ ਤਾਂ ਵੀ ਉਹ ਤਬਦੀਲੀ ਦੀ ਜੰਗ ਜਾਰੀ ਰੱਖਣਗੇ, ਇਹ ਮਿਸ਼ਰ ਦਾ ਜੰਗ ਦਾ ਮੈਦਾਨ ਹੈ। ਇਹ ਪਹਿਲਾਂ ਪਹਿਲਾਂ ਮੌਕਾ ਹੈ ਕਿ ਜਦ ਲੋਕਾਂ ਨੇ ਏਨੀ ਵੱਡੀ ਗਿਣਤੀ 'ਚ ਇਕਮੁੱਠ ਹੋ ਕੇ ਹਕੂਮਤ ਨੂੰ ਚੁਣੌਤੀ ਦੇਣ ਦੀ ਹਿੰਮਤ ਵਿਖਾਈ ਹੋਵੇ। ਟਿਊਨੀਸ਼ੀਆ ਦੇ ਜੇਸਮੀਨ ਇਨਕਲਾਬ ਦਾ ਵਿਸਥਾਰ ਮਿਸ਼ਰ ਤੱਕ ਹੋ ਚੁੱਕਿਆ ਹੈ ਤੇ ਅਜ਼ਾਦੀ ਦੀ ਖੁਸ਼ਬੂ ਸਮੁੱਚੇ ਵਾਤਾਵਰਣ 'ਚ ਫੈਲ ਚੁੱਕੀ ਹੈ। ਜ਼ਹਿਰਾਂ ਦੀ ਨਾਮਵਰ ਏਨ ਸ਼ਾਮਸ ਯੂਨੀਵਰਸਿਟੀ 'ਚ ਦਰਸ਼ਨ ਸਾਸ਼ਤਰ ਨੋਫੈਸਰ ਡਾਕਟਰ ਨਸ਼ਵਾ ਸਾਲੇਹ ਕਹਿੰਦੇ ਹਨ, "ਇਸ ਵਾਰੀ ਅਸੀਂ ਅਜ਼ਾਦ ਹੋ ਜਾਵਾਂਗੇ, ਅੱਲ੍ਹਾ ਸਾਡੇ ਨਾਲ ਹੈ।" ਤਹਿਰੀਰ ਚੌਂਕ ਦੀਆਂ ਗੋਲਮੋਲ ਸੜਕਾਂ 'ਤੇ ਕਈ ਤੰਬੂ ਲੱਗ ਗਏ ਹਨ ਹਫਤੇ ਭਰ ਤੋਂ ਹਜ਼ਾਰਾਂ ਲੋਕ ਇੱਥੇ ਤੰਬੂ ਗੱਡੀ ਬੈਠੇ ਹਨ ਅਤੇ ਕਹਿ ਰਹੇ ਹਨ ਕਿ ਉਹ ਇੱਥੋਂ ਉਦੋਂ ਹੀ ਜਾਣਗੇ ਜਦੋਂ ਮੁਬਾਰਕ ਸੱਤਾ ਛੱਡਣਗੇ। 28 ਸਾਲਾ ਸਲਮਾ ਸਈਦ ਸਕੂਲੀ ਬੱਚਿਆਂ ਨੂੰ ਇੰਟਰੈਕਟਿਵ ਥੀਏਟਰ ਪੜ੍ਹਾਉਂਦੀ ਸਿਖਾਉਂਦੀ ਹੈ। ਉਹ ਕਹਿੰਦੀ ਹੈ "ਪਰ ਇਹ ਕੋਈ ਨਾਟਕ ਨਹੀਂ ਹੈ, ਇਹ ਸਾਡੀ ਜ਼ਿੰਦਗੀ ਤੇ ਮੌਤ ਦਾ ਸਵਾਲ ਏ। ਮੈਂ ਇੱਥੇ ਆਪਣੇ ਮਾਪਿਆਂ ਤੇ ਸਮੁੱਚੇ ਪਰਿਵਾਰ ਦੇ ਨਾਲ ਹਾਂ। ਸਾਡੇ ਸਾਰੇ ਗੁਆਂਢੀ ਇੱਥੇ ਤੰਬੂ ਗੱਡੀ ਬੈਠੇ ਹਨ।" ਇਹ ਇਸ ਅੰਦੋਲਨ ਦਾ ਸਭ ਤੋਂ ਵਲੱਖਣ ਪਹਿਲੂ ਹੈ। ਤਹਿਰੀਰ ਚੌਂਕ 'ਤੇ ਜੁੜੇ 20 ਲੱਖ ਮੁਜਾਹਰਾਕਾਰੀਆਂ ਨੇ ਬਗਾਵਤ ਕੀਤੀ। ਇਸ ਤਰ੍ਹਾਂ ਦੀ ਬਗਾਵਤ ਇਕ ਦਹਾਕਾ ਪਹਿਲਾਂ ਉਦੋਂ ਕਿਉਂ ਨਹੀਂ ਹੋਈ ਜਦ ਅਫਸਰਸ਼ਾਹੀ ਹਾਵੀ ਸੀ। ਇਹ

ਸਰੇ ਅਫਸਰ ਅੱਧਖੜ ਉਮਰ ਦੇ ਸਨ। ਅੱਜ 35 ਕਰੋੜ ਅਰਬ ਅਬਾਦੀ ਦਾ ਕਰੀਬ ਅੱਧਾ ਹਿੱਸਾ ਬੀਸੇਕ ਸਾਲ ਦਾ ਹੈ। ਇਸ ਲਈ 'ਯੂਥ ਪਲਾਜਾ' ਸੂਤਰ ਵਾਅਕ ਹੈ। ਪਹਿਲਾਂ ਹੀ ਘਟ ਚੁੱਕੇ ਰੁਜ਼ਗਾਰ ਦੇ ਬਾਜ਼ਾਰ 'ਚ 85 ਫੀਸਦੀ ਲੋਕਾਂ ਕੋਲ ਯੂਨੀਵਰਸਿਟੀ ਦੀਆਂ ਡਿਗਰੀਆਂ-ਡਿਪਲੋਮੇ ਹਨ, ਮਹਿੰਗਾਈ ਆਕਾਸ਼ ਛੂਹ ਰਹੀ ਹੈ। ਅਰਥਚਾਰੇ ਅਸਥਿਰ ਹੋ ਰਹੇ ਹਨ। ਅਰਬ ਜਗਤ ਦੇ ਇਸ ਗੁੱਸੇ ਨੂੰ ਸਮਝਣ ਲਈ 90 ਦੇ ਦਹਾਕੇ 'ਚ ਹਾਸਲ ਹੋਏ ਅਲਜੀਰੀਆਈ ਅਨੁਭਵ ਨੂੰ ਵੱਖ ਤੋਂ ਦੇਖਣ ਦੀ ਲੋੜ ਹੈ। ਮੈਨੂੰ ਇਸ ਦਾ ਕੁਝ ਅੰਦਾਜ਼ਾ ਹੈ ਮੇਰਾ ਮੰਨਣਾ ਹੈ ਕਿ ਅਲਜੀਰੀਆ ਦੇ ਮਾਮਲੇ 'ਚ ਮੁਬਾਰਕ ਉਕਾ ਹੀ ਇਮਾਨਦਾਰ ਨਹੀਂ ਸਨ ਕਿਉਂਕਿ ਉਹਨਾਂ ਨੇ 1991 'ਚ ਅਲਜੀਰੀਆਈ ਚੋਣ ਨਤੀਜਿਆਂ ਨੂੰ ਠਿਕਾਣੇ ਲਾਉਣ ਦੀ ਪੱਛਮੀ ਯੋਜਨਾ ਨੂੰ ਮਨਜੂਰੀ ਦਿੱਤੀ ਸੀ। 1991 ਦੀਆਂ ਅਲਜੀਰੀਆ ਦੀਆਂ ਪਹਿਲੀਆਂ ਸੰਸਦੀ ਚੋਣਾਂ 'ਚ ਇਸਲਾਮਿਕ ਸਾਲਵੇਸ਼ਨ ਫਰੰਟ (ਅਲ ਜਬਹਾ ਅਲ ਇਸਲਮੀਆ ਲਿਲ ਇਨਕਾਜ) ਦੋ ਤਿਹਾਈ ਬਹੁਮਤ ਨਾਲ ਜਿੱਤ ਗਿਆ ਸੀ। ਫੌਜ ਨੂੰ ਡਰ ਸੀ ਕਿ ਬਹੁਮਤ 'ਚ ਹੋਣ ਦੀ ਵਜ੍ਹਾ ਕਰਕੇ ਸਾਲਵੇਸ਼ਨ ਫਰੰਟ ਸੰਵਿਧਾਨ ਬਦਲ ਸਕਦਾ ਹੈ ਅਤੇ 'ਲੋਕਰਾਜੀ ਢੰਗ' ਨਾਲ ਇਸਲਾਮੀ ਹਕੂਮਤ ਲਾਗੂ ਕਰ ਸਕਦਾ ਹੈ। ਸਾਲਵੇਸ਼ਨ ਫਰੰਟ ਦਾ ਮਿਸ਼ਰ 'ਚ ਕਿਉਂਕਿ ਮੁਸਲਿਮ ਬਰਦਰਹੁੱਡ ਨਾਲ ਸਿੱਧਾ ਸਬੰਧ ਸੀ। ਲਿਹਾਜਾ ਅਲਜੀਰੀਆ 'ਚ ਇਸ ਲਮਵਾਦੀਆਂ ਦੇ ਉਭਰਨ ਦਾ ਅਸਰ ਖੁਦ-ਬਖੁਦ ਚਾਰੋਂ ਪਾਸੇ ਫੈਲ ਜਾਂਦਾ। ਅਜਿਹੇ 'ਚ ਹੈਰਾਨੀ ਨਹੀਂ ਕਿ ਮੁਬਾਰਕ ਨੇ ਲੋਕਰਾਜੀ ਸਿੱਟਿਆਂ ਨੂੰ ਖੂੰਝੇ ਲਾ ਕੇ ਅਲਜੀਰੀਆਈ ਫੌਜ ਨੂੰ ਹਿਮਾਇਤ ਦੇਣ ਦੇ ਅਮਰੀਕੀ ਤੇ ਯੂਰਪੀਆਈ ਫੈਸਲੇ 'ਤੇ ਮੋਹਰ ਲਾ ਦਿੱਤੀ। ਇਸ ਪਿੱਛੋਂ ਅਲਜੀਰੀਆ 'ਚ ਘਰੇਲੂ ਜੰਗ ਛਿੜ ਪਈ। ਕਲਪਨਾ ਕਰੋ ਕਿ ਇਸਲਾਮੀ ਸਰਕਾਰ ਦੀ ਥਾਂ ਭਿਅੰਕਰ ਤੇ ਦਮਨ ਕਾਰੀ ਘਰੇਲੂ ਜੰਗ ਨੂੰ ਤਰਜੀਹ ਦਿੱਤੀ। ਪੱਛਮੀ ਦੇਸ਼ (ਅਤੇ ਇਜ਼ਰਾਇਲ) ਇਕ ਮਾਮੂਲੀ ਹਕੀਕਤ ਸਮਝਣਾ ਪਸੰਦ ਨਹੀਂ ਕਰਦੇ। ਪੱਛਮ ਸਮਰਪਿਤ ਤਾਕਤ ਰਾਹੀਂ ਪੱਛਮੀ ਏਸ਼ੀਆਂ ਤੇ ਉਸ ਤੋਂ ਪਰੇ ਉਦਾਰਵਾਦ ਲਿਆਉਣ ਦੀ ਥਾਂ 'ਫੁੱਲ ਸਪੈਕਟ੍ਰਮ ਡਾਇਮੀਨੈਸ' (ਚਾਰੇ ਪਾਸੇ ਭਾਰੂ) ਦੇ ਪ੍ਰੋਜੈਕਟ 'ਤੇ ਅਮਲ ਸ਼ੁਰੂ ਕਰ ਦਿੱਤਾ ਅਤੇ ਚਾਰੋਂ ਖਾਨੇ ਚਿੱਤ ਹੋ ਗਏ। ਅਰਬ ਜਗਤ 'ਚ ਮੁਬਾਰਕ ਨਫਰਤ ਦੇ ਪਾਤਰ ਬਣ ਗਏ ਕਿਉਂਕਿ ਉਹ ਪੱਛਮੀ ਦੇਸ਼ਾਂ ਅਤੇ ਇਜ਼ਰਾਇਲ ਦੇ ਉਸ ਗਠਜੋੜ ਦਾ ਅਟੁੱਟ ਅੰਗ ਰਹੇ ਹਨ, ਜਿਸ ਨੇ ਆਪਣੇ ਦੂਜੇ ਗੁਨਾਹਾਂ ਤੋਂ ਇਲਾਵਾ ਫਿਲਸਤਾਨੀਆਂ 'ਤੇ ਅੱਤਿਆਚਾਰ ਕੀਤੇ। ਜੇ ਇਜ਼ਰਾਇਲ ਨੇ ਫਿਲਸਤਾਨੀਆਂ ਨਾਲ ਸਮਝੌਤਾ ਕਰ ਲਿਆ ਹੁੰਦਾ ਤਾਂ ਮੁਬਾਰਕ ਦੇ ਪੈਰਾਂ ਹੇਠੋਂ ਜ਼ਮੀਨ ਇਸ ਤਰ੍ਹਾਂ ਨਾ ਖਿਸਕਦੀ ਕਿ ਫਿਰ ਉਹ ਖੜ੍ਹੇ ਨਾ ਹੋ ਸਕਦੇ ਅਤੇ ਹੁਣ ਜਦ ਕਿ ਉਹ ਪਤਨ ਦੇ ਕੰਢੇ ਹਨ ਯੇਰੂਲਸਮ ਤੇ ਵਸ਼ਿੰਗਟਨ 'ਚ ਇਕ ਮੁੱਦੇ 'ਤੇ ਜਬਰਦਸਤੀ ਬੇਚੈਨੀ ਹੈ। ਉਹਨਾਂ ਦਾ ਵਾਰਸ ਕਿਹੋ ਜਿਹਾ ਹੋਊ? ਕੀ ਆਈ ਵੇਈ ਏ ਦੇ ਸਾਬਕਾ ਜਨਰਲ ਸਕੱਤਰ ਮੁਹੰਮਦ ਅਲਬਰਦੇਈ ਵਰਗਾ ਕੋਈ ਬੰਦਾ ਵਿਰੋਧੀ ਧਿਰ ਨੂੰ ਇਕ ਜੁੱਟ ਕਰੇਗਾ? (ਮਿਸ਼ਰ ਅਤੇ ਭਾਰਤ) 'ਚ ਅਮਰੀਕਾ ਦੇ ਸਾਬਕਾ ਰਾਜਦੂਤ ਫੈਂਰਕ ਵਿਜੋਰ ਕਹਿਰਾ 'ਚ ਹੋਰ ਸਵਾਲਾਂ ਤੋਂ ਇਲਾਵਾ ਇਹ ਵੀ ਪੁੱਛਣਗੇ ਰਾਸ਼ਟਰਪਤੀ ਓਬਾਮਾ ਨੇ ਉਹਨਾਂ ਨੂੰ 'ਵਿਸ਼ੇਸ਼ ਮਿਸ਼ਨ' 'ਤੇ ਅਜੇ ਮਿਸ਼ਰ ਦੀ ਰਾਜਧਾਨੀ 'ਚ ਤੈਨਾਤ ਕਰ ਰੱਖਿਆ ਹੈ। ਇਜ਼ਰਾਇਲੀ ਕੂਟਨੀਤੀ ਦੂਜੇ ਦਰਵਾਜ਼ੇ ਤੋਂ ਐਸਾ ਕੋਈ ਨਤੀਜਾ ਰੋਕਣ ਲਈ ਦਿਨ ਰਾਤ ਕੰਮ ਕਰ ਰਹੀ ਹੋਵੇਗੀ। ਜਿਸ 'ਚ ਮੁਸਲਿਮ ਭਾਈਚਾਰੇ ਨੂੰ

ਕੋਈ ਹੱਲਾਸ਼ੇਰੀ ਮਿਲੇ। ਪਰ ਇਹ ਵਿਡੰਬਨਾ ਹੈ ਕਿ ਬ੍ਰਦਰਹੁੱਡ ਦੀ ਭਾਗੀਦਾਰੀ ਬਿਨਾਂ ਮੁਬਾਰਕ ਦਾ ਕੋਈ ਬਦਲ ਸੰਭਵ ਨਹੀਂ। ਮੁਬਾਰਕ ਦੇ 30 ਸਾਲਾਂ ਦੇ ਜਬਰ-ਅੱਤਿਆਚਾਰ, ਪੁਲਸ ਜ਼ਿਆਦਤੀ, ਖਚਾਖਚ ਭਰੀ ਜੇਲ੍ਹ, ਜੀਵਨ ਦੇ ਹਰ ਪਹਿਲੂ 'ਚ 'ਮੁਖਬਿਰਾਤ (ਖੁਫੀਆ ਸੇਵਾ) ਦੀ ਘੁਸਪੈਂਠ ਕਰਕੇ ਮੁਸਲਿਮ ਬ੍ਰਦਰਹੁੱਡ ਪ੍ਰਤੀਕ੍ਰਿਆ ਸਵਰੂਪ ਏਨਾ ਪ੍ਰਭਾਵਸ਼ਾਲੀ ਹੋ ਗਿਆ ਹੈ ਕਿ ਮਿਸ਼ਰੀ ਮੁਜਾਹਰਿਆਂ ਤੋਂ ਉਸ ਨੂੰ ਇਹ ਮੌਕਾ ਮਿਲ ਗਿਆ ਹੈ ਜਿਸ ਦੀ ਉਸ ਨੂੰ ਉਡੀਕ ਸੀ। ਅਮਰੀਕੀਆਂ ਨੂੰ ਮੁਬਾਰਕ ਦੀ ਦਲੀਲ "ਜੇ ਮੈਂ ਗਿਆ ਤਾਂ ਉਹ ਆ ਜਾਣਗੇ।" ਅੱਜ ਖੋਖਲੀ ਹੋ ਗਈ ਹੈ। ਪੱਛਮ ਦਾ 2008 ਤੋਂ ਹੀ ਤੇਜ਼ੀ ਨਾਲ ਪਤਨ ਹੋ ਰਿਹਾ ਹੈ ਅਤੇ ਉਹ ਆਪਣੀਆਂ ਹੀ ਸਮੱਸਿਆਵਾਂ 'ਚ ਉਲਝਿਆ ਹੋਇਆ ਹੈ। ਸ਼ਾਇਦ ਉਸ ਨੇ ਅਰਬ ਜਗਤ ਵਿਚ ਬੁਨਿਆਦੀ ਬਦਲਾਅ ਵਲੋਂ ਮੂੰਹ ਫੇਰ ਲਿਆ ਹੈ। ਇਸ ਦੀ ਵਜ੍ਹਾ ਕਰਕੇ ਟਿਊਨਿਸ 'ਚ ਜੈਨ ਅਲਆਬਿਦੀਨ ਬੇਨ ਅਲੀ ਅਤੇ ਕਹਿਰਾ 'ਚ ਮੁਬਾਰਕ ਵਰਗੇ ਤਾਨਾਸ਼ਾਹ ਹੋ ਗਏ ਹਨ।

ਬੇਨ ਅਲੀ ਦੇ ਪਤਨ ਤੇ ਮੁਬਾਰਕ ਦੇ ਅਗਾਮੀ ਪਤਨ ਨਾਲ ਦੁਨੀਆ ਹੈਮਨ ਹੈ। ਇਜ਼ਰਾਇਲ ਦਾ ਮੂਡ ਖਰਾਬ ਹੈ। ਜ਼ਰਾ ਸ਼ਾਲੋਮ ਹਾਰਟਮੈਨ ਇੰਸਟੀਚਿਊਟ ਦੇ ਯੋਗੇਸੀ ਕਲੀਨ ਹਲੇਵੀ ਦੀ ਗੱਲ ਸੁਣੋ।" ਬਹੁਤ ਘੱਟ ਇਜ਼ਰਾਇਲੀਆਂ ਨੂੰ ਆਸ਼ਾ ਜਨਕ ਸਿੱਟੇ ਦਾ ਯਕੀਨ ਹੈ। ਇਸ ਦੀ ਥਾਂ ਨਿਰਾਸ਼ਾਜਨਕ ਧਾਰਨਾ ਇਹ ਹੈ ਕਿ ਕੁਝ ਹੀ ਸਮੇਂ ਵਿਚ ਮਿਸ਼ਰ ਦੀ ਅਸਲੀ ਵਿਰੋਧੀ ਧਿਰ, ਇਸ ਲਾਮਵਾਦੀ ਮੁਸਲਿਮ ਬਰਦਰਹੁੱਡ ਸਤਾ 'ਚ ਆ ਜਾਵੇਗਾ। ਇਜ਼ਰਾਇਲੀਆ ਨੂੰ ਡਰ ਹੈ ਕਿ ਹਿੰਸਾ ਜਾਂ ਹੌਲੀ-ਹੌਲੀ ਚੋਣਾਂ ਰਾਹੀਂ ਇਸਲਾਮਵਾਦੀਆਂ ਦਾ ਕੰਟਰੋਲ ਹੋ ਜਾਵੇਗਾ ਅਤੇ ਮਿਸ਼ਰ ਵੀ ਇਰਾਨ ਜਾਂ ਤੁਰਕਪੀ ਦੀ ਰਾਹ 'ਤੇ ਚਲਾ ਜਾਵੇਗਾ।"

ਇਹ ਸਹੀ ਡਰ ਹੈ ਪਰ ਜ਼ਰੂਰੀ ਨਹੀਂ ਕਿ ਹਾਲਾਤ ਅਜਿਹਾ ਹੀ ਮੋੜ ਲੈਣ। ਆਉਣ ਵਾਲੇ ਭਵਿੱਖ 'ਚ ਇਹ ਮਾਨਸਿਕਤਾ ਸਭ ਤੋਂ ਵੱਡਾ ਅੜਿੱਕਾ ਹੈ, ਜੋ ਇਸਲਾਮੀ' ਸ਼ਬਤ ਤੋਂ ਹੀ ਘਬਰਾ ਜਾਂਦਾ ਹੈ। ਸ਼ਿਮੋਨ ਪੇਰੇਂਜ ਅਨੁਸਾਰ, "ਦੇਖੋ ਅਸੀਂ ਇਹ ਇਲਾਕੇ 'ਚ ਆਪਣੇ ਅਰਬ ਗੁਆਂਢੀਆਂ ਦੇ ਨਾਲ ਰਹਿਣਾ ਹੈ। ਜੇ ਭਰੋਸਾ ਪੈਦਾ ਹੋਇਆ ਤਾਂ ਉਸ ਪਿੱਛੋਂ ਪਿਆਰ ਵੀ ਆਵੇਗਾ।" ਆਪਾਂ ਜੋ ਦੇਖ ਰਹੇ ਹਾਂ ਇਹ ਉਨਾ ਹੀ ਇਤਿਹਾਸਕ ਪਲ ਹੋ ਸਕਦਾ ਹੈ ਜਿਨ੍ਹਾਂ ਜਰਮਨੀ 'ਚ ਬਰਲਿਨ ਦੀ ਦੀਵਾਰ ਟੁੱਟਣਾ ਇਤਿਹਾਸਕ ਘੜੀ ਸੀ।

# ਕੌਣ ਲਵੇਗਾ ਗ਼ਰੀਬਾਂ ਦੀ ਸਾਰ?

ਪਿਛਲੇ ਦਿਨੀਂ ਲਖਸ਼ੀਨਗਰ ਦਿੱਲੀ 'ਚ ਪੰਜ ਮੰਜਿਲਾ ਇਮਾਰਤ ਦੇ ਡਿੱਗਣ ਨਾਲ 70 ਲੋਕ ਆਪਣੀ ਜਾਨ ਗੁਆ ਬੈਠੇ ਤੇ 100 ਤੋਂ ਵੱਧ ਲੋਕ ਅਜੇ ਵੀ ਠੀਕ ਨਹੀਂ ਹਨ। ਕਿਹਾ ਜਾਂਦਾ ਹੈ ਕਿ ਇਸ ਇਮਾਰਤ 'ਚ ਛੋਟੇ-ਛੋਟੇ 40-45 ਕਮਰੇ ਹਨ ਅਤੇ ਹਰ ਕਮਰੇ 'ਚ 10-15 ਲੋਕ ਰਹਿੰਦੇ ਸਨ। ਕੋਈ ਕਿਤੇ ਮਜ਼ਦੂਰੀ ਕਰਦਾ ਸੀ, ਕੋਈ ਸਬਜ਼ੀ ਵੇਚਦਾ ਸੀ, ਕੋਈ ਕਿਸੇ ਦੁਕਾਨ 'ਚ ਕੰਮ ਕਰਦਾ ਸੀ ਅਤੇ ਕਈ ਲੋਕ ਤਾਂ ਕੰਮ ਦੀ ਭਾਲ ਵਿਚ ਸਨ। ਇਹ ਵਿਚਾਰੇ ਆਪਣੇ ਘਰਾਂ ਤੋਂ 1000-1200 ਕਿਮੀ. ਦੂਰ ਆ ਕੇ ਕੰਮ ਸੌਂਕੀਆ ਨਹੀਂ ਕਰਦੇ ਹਨ ਬਲਕਿ ਉਹਨਾਂ ਦੀ ਇਹ ਮਜ਼ਬੂਰੀ ਸਰਕਾਰੀ ਨੀਤੀਆਂ ਦੀ ਦੇਣ ਹੈ। ਸਰਕਾਰੀ ਨੀਤੀਆਂ ਸ਼ਹਿਰ ਕੇਂਦਰਿਤ ਵਿਕਾਸ ਤੇ ਜ਼ੋਰ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਪਿੰਡਾਂ 'ਚ ਰੁਜ਼ਗਾਰ ਦੇ ਸਾਧਨ ਨਹੀਂ ਹਨ। ਕੁਝ ਹਨ ਤਾਂ ਉਹਨਾਂ ਨਾਲ ਸਿਰਫ 5 ਫੀਸਦੀ ਲੋਕਾਂ ਨੂੰ ਹੀ ਫਾਇਦਾ ਹੁੰਦਾ ਹੈ। ਬਾਕੀ 95 ਫੀਸਦੀ ਲੋਕ ਆਪਣੇ ਪਰਿਵਾਰ ਦਾ ਪਾਲਣ-ਪੋਸਣ ਕਰਨ ਲਈ ਸ਼ਹਿਰ ਵੱਲ ਪਲਾਇਨ ਕਰ ਰਹੇ ਹਨ। ਦੋ ਡੰਗ ਦੀ ਰੋਟੀ ਲਈ ਇਹ ਲੋਕ ਦਿੱਲੀ ਤੇ ਮੁੰਬਈ ਵਰਗੇ ਸ਼ਹਿਰਾਂ 'ਚ ਜਿਨ੍ਹਾਂ ਹਾਲਤਾਂ 'ਚ ਰਹਿੰਦੇ ਹਨ, ਉਹਨਾਂ ਦਾ ਵਰਣਨ ਕਰਨਾ ਮੁਸ਼ਕਿਲ ਹੈ। 6 ਗੁਣਾ 6 ਫੁੱਟ ਦੀਆਂ ਝੁੱਗੀਆਂ 'ਚ ਬਾਲ-ਬੱਚਿਆਂ ਸਮੇਤ ਰਹਿੰਦੇ ਹਨ। ਉਥੇ ਖਾਣਾ ਬਣਾਉਂਦੇ ਤੇ ਖਾਂਦੇ ਹਨ, ਨਹਾਉਂਦੇ ਹਨ। ਖੈਰ ਤੁਹਾਨੂੰ ਲੋਕਾਂ ਨੂੰ ਇਹ ਜਾਣ ਕੇ ਹੈਰਾਨੀ ਤਾਂ ਨਹੀਂ ਹੋਣੀ ਕਿ ਇਹ ਲੋਕ ਜਿੱਥੇ ਪੂਜਾ ਕਰਨ ਜਾਂਦੇ ਹਨ ਉਥੇ ਮਹਿੰਗੀਆਂ-ਮਹਿੰਗੀਆਂ ਟਾਇਲਾਂ ਲੱਗੀਆਂ ਹੁੰਦੀਆਂ ਹਨ, ਮੰਦਰਾਂ 'ਚ ਭਗਵਾਨ ਤੱਕ ਤਾਂ ਮਿੱਟੀ ਘੱਟਾ ਪਹੁੰਚਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਇਹ ਜਿੱਥੇ ਰਹਿੰਦੇ ਹਨ ਉਥੇ ਮਿੱਟੀ ਘੱਟਾ ਭਰਿਆ ਰਹਿੰਦਾ ਹੈ। ਦੇਸ਼ 'ਚ ਕਰੋੜਾਂ ਲੋਕਾਂ ਦੇ ਸਿਰ 'ਤੇ ਛੱਤ ਨਾ ਹੋਵੇ ਪਰ ਸਾਰੇ ਧਾਰਮਿਕ ਸਥਾਨ 'ਤੇ ਛੱਤ ਜ਼ਰੂਰ ਹੁੰਦੀ ਹੈ, ਕਿਉਂਕਿ ਉਸ ਵਿਚ ਭਗਵਾਨ ਰਹਿੰਦੇ ਹਨ। ਜਿੰਨਾਂ ਨੂੰ ਇਹ ਆਪਣੀ ਕਿਸਮਤ ਲਈ ਰਾਤ-ਦਿਨ ਕੋਸਿਆ ਕਰਦੇ ਹਨ। ਉਪਰੋਂ ਪੁਲਸ ਵਾਲੇ ਤੇ ਹੋਰ ਸਰਕਾਰੀ ਬਾਬੂ ਨਜਾਇਜ਼ ਝੁੱਗੀਆਂ ਦੇ ਬਹਾਨੇ ਮਜ਼ਦੂਰਾਂ 'ਤੇ ਰੋਹਬ ਮਾਰਦੇ ਹਨ। ਹਰ ਕਮਰੇ 'ਚ 6-10 ਲੋਕ ਰਹਿੰਦੇ ਹਨ ਜਿਸ ਨਾਲ ਹਰੇਕ 'ਤੇ ਕਿਰਾਏ ਦਾ ਬੋਝ ਘੱਟ ਪੈਂਦਾ ਹੈ ਕਿਉਂਕਿ ਮਜ਼ਦੂਰ ਪਾਈ-ਪਾਈ ਜੋੜ ਕੇ ਹਰ ਸਾਲ ਛੇ ਮਹੀਨੇ 'ਚ ਕੁਝ ਹਜ਼ਾਰ ਰੁਪਏ ਇਕੱਠੇ ਕਰ ਲੈਂਦੇ ਹਨ ਤੇ ਉਹਨਾਂ ਨੂੰ ਪਿੰਡ ਆਪਣੇ ਪਰਿਵਾਰਕ ਮੈਂਬਰਾਂ ਦੀ ਵਰਤੋਂ ਲਈ ਭੇਜਦੇ ਹਨ। ਇਹ ਕੁਝ ਵੱਧ ਕਮਾਉਣ ਲਈ ਕੋਹਲੂ ਦੇ ਬੈਲ ਵਾਂਗੂੰ ਕੰਮ ਕਰਦੇ ਹਨ, ਫਿਰ ਵੀ ਬੱਚਤ ਦੇ ਨਾਂ ਹੇਠ ਕੁਝ ਵੀ ਨਹੀਂ ਹੁੰਦਾ ਕਿਉਂਕਿ ਉਹਨਾਂ ਮਜ਼ਦੂਰਾਂ ਨੂੰ ਉਹਨਾਂ ਦੀ ਮਿਹਨਤ ਦਾ ਪੂਰਾ ਮੁੱਲ ਵੀ ਨਹੀਂ ਮਿਲਦਾ। ਅੱਜ ਦਿੱਲੀ 'ਚ ਹੈਲਪਰ ਦੇ 8 ਘੰਟੇ ਕੰਮ ਦੀ ਤਨਖਾਹ 5278 ਰੁਪਏ ਹੈ ਪਰ ਮਿਲਦਾ ਕਿੰਨਾ ਹੈ ਤੇ ਕਿੰਨਿਆਂ ਨੂੰ ਮਿਲਦਾ ਹੈ? ਕਿਤੇ 2500 ਜਾਂ ਵੱਧ ਤੋਂ ਵੱਧ 3500 ਰੁਪਏ ਤੱਕ। ਉਪਰੋਂ ਮਹਿੰਗਾਈ ਕਮਰ ਤੋੜਦੀ ਰਹਿੰਦੀ ਹੈ। ਰੋਜ਼ ਕੰਮ ਵੀ ਨਹੀਂ ਮਿਲਦਾ ਅਤੇ ਕਦੀ ਸਰੀਰ ਦਗਾ ਦੇ ਦਿੰਦਾ ਹੈ। ਇਹਨਾਂ ਹਾਲਤਾਂ 'ਚ ਭਲਾ ਮਜ਼ਦੂਰ ਲੋਕ ਆਪਣੇ ਬੱਚਿਆਂ ਦਾ ਪੇਟ ਕਿਵੇਂ ਭਰਦੇ ਹੋਣਗੇ, ਇਹ ਤਾਂ ਜ਼ਰੂਰ ਸਮਝਣ

ਵਾਲੀ ਗੱਲ ਹੈ। ਅਜੇ ਕੁਝ ਦਿਨ ਪਹਿਲਾਂ ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੱਸਿਆ ਕਿ ਗਰੀਬ ਵੱਧ ਖਾਣਾ ਖਾ ਰਹੇ ਹਨ। ਇਸ ਲਈ ਮਹਿੰਗਾਈ ਵੱਧ ਰਹੀ ਹੈ। ਸੁਣਿਐ ਤੁਸੀਂ ਸਾਰਿਆਂ ਨੇ। ਇਹ ਕਹਿਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਘੱਟੋ-ਘੱਟ ਇਕ ਵਾਰੀ ਤਾਂ ਮਜ਼ਦੂਰਾਂ ਦੇ ਘਰਾਂ ਵੱਲ ਝਾਤੀ ਮਾਰ ਲਈ ਹੁੰਦੀ। ਜਿਹਨਾਂ ਬੱਚਿਆਂ ਨੂੰ ਭੋਜਨ ਨਾ ਮਿਲਣ ਦੀ ਵਜ੍ਹਾ ਕਰਕੇ ਕੁਪੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹ ਆਉਂਦੇ ਕਿੱਥੋਂ ਹਨ? ਇਹ ਵੀ ਤਾਂ ਸਾਡੇ ਹੀ ਦੇਸ਼ ਦੇ ਬੱਚੇ ਹਨ ਜਿਹਨਾਂ ਦੇ ਮਰਨ ਪਿੱਛੋਂ ਵੀ ਉਹਨਾਂ ਦੀਆਂ ਖੁੱਲ੍ਹੀਆਂ ਅੱਖਾਂ ਰੋਟੀ ਦਾ ਇੰਤਜ਼ਾਰ ਕਰਦੀਆਂ ਰਹਿੰਦੀਆਂ ਹਨ।

ਜਿਵੇਂ ਮਾਨੋ ਉਹਨਾਂ ਨੂੰ ਲੱਗ ਰਿਹਾ ਹੋਵੇ ਕਿ ਉਹਨਾਂ ਦੀ ਮਾਂ ਜਾਂ ਬਾਬੂ ਜੀ ਆਉਣਗੇ ਤੇ ਕਹਿਣਗੇ-ਬੇਟਾ ਲਓ ਰੋਟੀ ਖਾ ਲਓ। ਸ਼ਾਇਦ ਉਸ ਦਰਦ ਦੀ ਮੱਧ ਵਰਗ ਕਲਪਨਾ ਵੀ ਨਹੀਂ ਕਰ ਸਕਦਾ, ਕਿਉਂਕਿ ਉਹ ਉਹਨਾਂ ਬਸਤੀਆਂ, ਉਹਨਾਂ ਘਰਾਂ ’ਚ ਨਹੀਂ ਰਹਿੰਦੇ ਜਿੱਥੇ ਹਰ ਰੋਜ਼ ਇਕ ਬੱਚਾ ਰੋਟੀ ਦੀ ਰਾਹ ਵੇਖਦਾ ਵੇਖਦਾ ਹਮੇਸ਼ਾ ਲਈ ਆਪਣੀ ਮਾਂ ਦੀ ਗੋਦ ’ਚ ਸੌਂ ਜਾਂਦਾ ਹੈ ਅਤੇ ਮਨਮੋਹਨ ਵਰਗੇ ਕਹਿੰਦੇ ਹਨ ਕਿ ਜ਼ਿਆਦਾ ਖਾਣ ਦੀ ਵਜ੍ਹਾ ਕਰਕੇ ਮਹਿੰਗਾਈ ਵੱਧ ਗਈ। ਪਰ ਇਹ ਕਦੀ ਵੀ ਇਹ ਨਹੀਂ ਕਹਿੰਦੇ ਕਿ ਉਹਨਾਂ ਦੇ ਬੱਚਿਆਂ ਦੇ ਜਨਮ ਦਿਨ ਪਾਰਟੀਆਂ ਜਾਂ ਬੁਢਾਪੇ ’ਚ ਵੀ ਆਪਣੀ ਸ਼ਾਦੀ ਦੀ ਵਰ੍ਹੇਗੰਢ ਮਨਾਉਣ ’ਚ ਜੋ ਲੱਖਾਂ ਰੁਪਏ ਪਾਣੀ ਵਾਂਗੂੰ ਵਹਾਏ ਜਾਂਦੇ ਹਨ। ਕਿੰਨੇ ਸਰਕਾਰੀ ਅਦਾਰਿਆਂ ’ਚ ਜਥੇਬੰਦ ਖੇਤਰ ’ਚ ਕੰਮ ਕਰਨ ਵਾਲਿਆਂ ਦੀ ਤਾਂ ਸਮੇਂ-ਸਮੇਂ ਸਿਰ ਦਿਹਾੜੀ ਵਧਾ ਦਿੱਤੀ ਜਾਂਦੀ ਹੈ ਫਿਰ ਇਹ ਲੋਕ ਸਾਲ ਡੇਢ ਸਾਲ ’ਚ ਤਨਖਾਹ ਵਧਾਉਣ ਲਈ ਹੜਤਾਲ ਕਰਦੇ ਹਨ। ਮੁਜਾਹਰੇ ਕਰਦੇ ਹਨ। ਸਰਕਾਰ ਇਹਨਾਂ ਦੀਆਂ ਗੱਲਾਂ ਨੂੰ ਸੁਣਦੀ ਵੀ ਹੈ ਤੇ ਉਸ ਉਪਰ ਫੈਸਲੇ ਵੀ ਕਰਦੀ ਹੈ ਪਰ ਮਜ਼ਦੂਰਾਂ ਦੀ ਸਾਰ ਜੇ ਕੋਈ ਲਈ ਵੀ ਜਾਂਦੀ ਹੈ ਤਾਂ ਉਹ ਊਠ ਦੇ ਮੂੰਹ ’ਚ ਜੀਰੇ ਦੇ ਬਰਾਬਰ ਹੁੰਦੀ ਹੈ। ਆਖਰ ਸਾਡੇ ਮਜ਼ਦੂਰਾਂ ਲਈ ਸਰਕਾਰ ਨੇ ਏਸੀ ਕੋਈ ਠੋਸ ਨੀਤੀ ਕਿਉਂ ਨਹੀਂ ਬਣਾਈ ਕਿ ਉਹਨਾਂ ਨੂੰ ਪੇਟ ਭਰਨ ਲਈ ਘਰ ਤੋਂ 1500 ਕਿਲੋਮੀਟਰ ਦੂਰ ਨਾ ਜਾਣਾ ਪਵੇ। ਜੇ ਮਜ਼ਦੂਰਾਂ ਨੂੰ ਉਹਨਾਂ ਦੇ ਸੂਬੇ ’ਚ ਹੀ ਰੁਜ਼ਗਾਰ ਮਿਲ ਜਾਵੇ ਤਾਂ ਉਹ ਦਿੱਲੀ ਤੇ ਮੁੰਬਈ ਦੀ ਸੜਿਆਂਦ ਭਰੀ ਹਵਾ ਤੇ ਜਰਜਰ ਮਕਾਨਾਂ ਜਾਂ ਝੁਗੀਆਂ ’ਚ ਰਹਿਣ ਲਈ ਨਹੀਂ ਆਉਣਗੇ।

ਪਰ ਸਵਾਲ ਇਹ ਹੈ ਕਿ ਅਜਿਹੀਆਂ ਨੀਤੀਆਂ ਬਣਾਊ ਕੌਣ? ਕਿਉਂਕਿ ਜਿਹਨਾਂ ’ਤੇ ਨੀਤੀਆਂ ਘੜਨ ਦੀ ਜ਼ਿੰਮੇਵਾਰੀ ਹੈ ਉਹਨਾਂ ਦੀਆਂ ਅੱਖਾਂ ਭਾਰਤ ਦੀ 80 ਫੀਸਦੀ ਮਿਹਨਤਕਸ਼ ਅਬਾਦੀ ’ਤੇ ਟਿਕਦੀਆਂ ਹੀ ਨਹੀਂ ਹਨ। ਉਹਨਾਂ ਦੀ ਅੱਖਾਂ ’ਚ ਵਿਦੇਸ਼ੀ ਚਕਾਚੌਂਧ ਛਾਈ ਰਹਿੰਦੀ ਹੈ। ਇਸ ਲਈ ਉਹ ਦਿੱਲੀ ਨੂੰ ਪੈਰਿਸ ਬਣਾਓਣ ਦਾ ਸੁਪਨਾ ਵੇਖਦੇ ਹਨ ਪਰ ਗਰੀਬਾਂ ਦੇ ਲਈ ਨਹੀਂ, ਅਮੀਰਜ਼ਾਦਿਆਂ ਲਈ ਜੇ ਇਹ ਨੀਤੀਆਂ ਨਾ ਬਦਲੀਆਂ ਗਈਆਂ ਤਾਂ ਆਮ ਆਦਮੀ ਇਸੇ ਤਰ੍ਹਾਂ ਭਟਕਦਾ ਰਹੇਗਾ, ਲੋਕ ਇਉਂ ਹੀ ਅਪਣੀ ਜਾਨ ਗੁਵਾਉਂਦੇ ਰਹਿਣਗੇ। ਇਸ ਲਈ ਜਲਦੀ ਤੋਂ ਜਲਦੀ ਮਿਹਨਤਕਸ਼ ਸੱਤਾ ਦੇ ਨਿਰਮਾਣ ਲਈ ਇਕਜੁਟ ਹੋਣ ਤਾਂ ਹੀ ਉਹਨਾਂ ਦੇ ਹਾਲਾਤ ਬਦਲਣਗੇ।

# ਵਾਤਾਵਰਣ ਸੰਕਟ ਤੇ ਦੁਨੀਆਂ ਦੀ ਗ਼ਰੀਬ ਜਨਤਾ

ਵਾਤਾਵਰਣ ਸੰਕਟ ਦਾ ਅਸਰ ਸਾਰਿਆਂ 'ਤੇ ਪੈਂਦਾ ਹੈ। ਪਰ ਗਰੀਬ ਲੋਕ ਇਸ ਨਾਲ ਵੱਧ ਪ੍ਰਭਾਵਿਤ ਹੁੰਦੇ ਹਨ। ਫਿਲਟਰ ਵਾਲੇ ਏਅਰਕੰਡੀਸ਼ਨਰਾਂ ਦਾ ਘਰਾਂ, ਦਫਤਰਾਂ, ਕਾਰਾਂ, ਸ਼ਾਪਿੰਗਮਾਲਾਂ ਆਦਿ 'ਚ ਵਰਤੋਂ ਆਮ ਹੋ ਗਈ ਹੈ। ਨਤੀਜਾ ਇਹ ਹੋਇਆ ਕਿ ਇਕ ਅਮੀਰ ਆਦਮੀ ਦਾ ਹਵਾ ਪ੍ਰਦੂਸ਼ਣ ਨਾਲ ਵਾਹ ਘੱਟ ਪੈਂਦਾ ਹੈ ਪਰ ਗਰੀਬ ਆਦਮੀ ਰੋਜ ਰਸੀਲੇ ਰਸਾਇਣਾਂ 'ਚ ਸਾਹ ਲੈਣ ਲਈ ਮਜ਼ਬੂਰ ਹੈ। ਰਾਤ ਦਿਨ ਏਅਰਕੰਡੀਸ਼ਨਰਾਂ 'ਚ ਰਹਿਣ ਵਾਲਿਆਂ ਨੂੰ ਅਸਮਾਨ ਨਾਲ ਗੱਲਾਂ ਕਰਦੇ ਤਾਪਮਾਨ ਦਾ ਪਤਾ ਘੱਟ ਹੀ ਲੱਗਦਾ ਹੈ। ਇਸ ਤਾਪਮਾਨ 'ਚ ਜਲਦੀ ਹੀ ਗਰੀਬ ਆਦਮੀ ਹੈ। ਅਮੀਰਾਂ ਲਈ ਵਿਲਾਸਤਾ ਦੀਆਂ ਵਸਤੂਆਂ ਤਿਆਰ ਕਰਨ ਵਾਲੀਆਂ ਕੰਪਨੀਆਂ ਜੋ ਕਚਰਾ ਆਦਿ ਪਾਣੀ 'ਚ ਸੁੱਟਦੀਆਂ ਹਨ, ਉਸ ਨੂੰ ਪੀਣਾ ਤੇ ਮਰ ਜਾਣਾ ਵੀ ਗਰੀਬ ਆਦਮੀ ਦੀ ਮਜ਼ਬੂਰੀ ਹੈ। ਖੇਤੀ ਉਪਰ ਸਭ ਤੋਂ ਜ਼ਿਆਦਾ ਪੇਂਡੂ ਤੇ ਗਰੀਬ ਲੋਕ ਨਿਰਭਰ ਹੁੰਦੇ ਹਨ। ਅਕਾਲ ਤੇ ਸੋਕੇ ਦੀਆਂ ਇਹਨਾਂ ਹਾਲਤਾਂ ਨੇ ਸਿਰਫ ਮਹਾਂਰਾਸ਼ਟਰ ਦੇ ਵਿਦਰਭ ਇਲਾਕੇ 'ਚ ਹੀ ਸਰਕਾਰੀ ਅੰਕੜਿਆਂ ਮੁਤਾਬਕ ਦੋ ਹਜ਼ਾਰਾਂ ਕਿਸਾਨਾਂ ਦੀਆਂ ਜਾਨਾਂ ਲਈਆਂ ਹਨ। ਸੋਕਾ ਅਤੇ ਅਕਾਲ ਮਹਿੰਗਾਈ ਪੈਦਾ ਕਰਦੇ ਹਨ। ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤ ਆਕਾਸ਼ ਨਾਲ ਗੱਲਾਂ ਕਰਨ ਲੱਗਦੀਆਂ ਹਨ ਅਤੇ ਗਰੀਬ ਲੋਕ ਭੁੱਖੇ ਰਹਿਣ ਤੇ ਭੁੱਖੇ ਮਰਨ ਲਈ ਮਜ਼ਬੂਰ ਹੁੰਦੇ ਹਨ। ਜੀਵਾਂ ਦੀਆਂ ਅਨੇਕਾਂ ਪ੍ਰਜਾਤੀਆਂ ਦੇ ਅਲੋਪ ਹੋਣ ਦਾ ਨੁਕਸਾਨ ਵੀ ਗਰੀਬ ਕਿਸਾਨਾਂ ਨੂੰ ਹੀ ਉਠਾਉਣਾ ਪੈਂਦਾ ਹੈ। ਦੇਸੀ ਮੁਰਗੇ ਖਤਮ ਹੋ ਗਏ ਤਾਂ ਗਰੀਬ ਆਦਮੀ ਆਪਣੇ ਘਰੇ ਚਾਰ ਮੁਰਗੀਆਂ ਪਾਲ ਕੇ ਆਂਡੇ ਨਹੀਂ ਵੇਚ ਸਕਦਾ ਹੈ ਕਿਉਂਕਿ ਉਸ ਦਾ ਮੁਰਗੀ ਤੇ ਆਂਡੇ ਦਾ ਕਾਰੋਬਾਰ ਪੋਲਟਰੀ ਫਾਰਮ ਦੇ ਅਮੀਰ ਮਾਲਕਾਂ ਦੇ ਕਬਜ਼ੇ 'ਚ ਚਲਾ ਜਾਂਦਾ ਹੈ। ਜੇ ਕੁਦਰਤੀ ਤੌਰ 'ਤੇ ਮਿਲਣ ਵਾਲੇ ਚੌਲ ਤੇ ਝੋਨੇ ਦੀਆਂ ਵੱਖ-ਵੱਖ ਕਿਸਮਾਂ ਖਤਮ ਹੋ ਜਾਂਦੀਆਂ ਹਨ ਤਾਂ ਉਹ ਆਪਣੇ ਘਰ 'ਚ ਮੁਫਤ ਹੀ ਆਪਣੇ ਘਰ ਵਿਚ ਬੀਜ਼ ਬੀਜ ਕੇ ਝੋਨਾ ਨਹੀਂ ਉਗਾ ਸਕਦਾ। ਸਿਰਫ ਧਨੀ ਕਿਸਾਨ ਹੀ ਬਹੁਕੌਮੀ ਕੰਪਨੀਆਂ ਦੇ ਮਹਿੰਗੇ ਬੀਜ (ਜੋ ਸਿਰਫ ਇਕ ਫਸਲ ਲਈ ਹੀ ਕੰਮ ਕਰਦੇ ਹਨ ਅਤੇ ਉਹਨਾਂ ਲਈ ਵਿਸ਼ੇਸ਼ ਕਿਸਮ ਦੀ ਮਹਿੰਗੀ ਖਾਦ ਰਾਹੀਂ ਹੀ ਉਗਦੇ ਹਨ) ਖਰੀਦ ਕੇ ਚੌਲ ਉਗਾਉਂਦਾ ਹੈ। ਇਸ ਤਰ੍ਹਾਂ ਵਾਤਾਵਰਣ ਸੰਕਟ ਦੁਨੀਆਂ ਭਰ ਦੇ ਗਰੀਬ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੰਦਾ ਹੈ। ਜੰਗਲ ਤੇ ਪਹਾੜ ਅਤੇ ਉਥੋਂ ਦਾ ਵਾਤਾਵਰਣ ਆਦਿਵਾਸੀਆਂ ਜਨਜਾਤੀਆਂ ਲਈ ਬੜਾ ਮਹੱਤਵ ਰੱਖਦਾ ਹੈ। ਉਹਨਾਂ ਦਾ ਰਹਿਣ ਸਹਿਣ ਅਤੇ ਰੁਜ਼ਗਾਰ ਸਦੀਆਂ ਤੋਂ ਉਸ ਨਾਲ ਜੁੜਿਆ ਹੋਇਆ ਹੈ। ਤਰੱਕੀ ਦੇ ਨਾਂ ਹੇਠ ਜੰਗਲ ਵੀਰਾਨ ਹੁੰਦੇ ਹਨ ਤੇ ਗਰੀਬਾਂ ਦੀ ਦੁਨੀਆਂ ਵੀ ਉਜੜ ਜਾਂਦੀ ਹੈ। ਇਸ ਹਾਲਾਤ ਦਾ ਮੁੱਖ ਕਾਰਨ ਵੱਧ ਤੋਂ ਵੱਧ ਹਾਸਲ ਕਰਨ ਤੇ ਸਮੇਟਨ ਦੀ ਹਵਸ਼ ਹੈ। ਪੂੰਜੀਵਾਦੀ ਪ੍ਰਬੰਧ ਇਸ ਹਵਸ਼ ਨੂੰ ਹੱਲਾਸ਼ੇਰੀ ਦਿੰਦਾ ਹੈ। ਵੱਡੀਆਂ ਕੰਪਨੀਆਂ ਵੱਧ ਤੋਂ ਵੱਧ ਲਾਭ ਕਮਾਉਣ ਦੇ ਲਾਲਚ 'ਚ ਆਪਣੀ ਪੈਦਾਵਾਰ ਨੂੰ ਵਧਾਉਣਾ ਚਾਹੁੰਦੀਆਂ ਹਨ। ਇਸ ਲਈ ਉਹ ਇਸ਼ਤਿਹਾਰਬਾਜ਼ੀ, ਬਾਜ਼ਾਰਾਂ ਦੀ ਚਕਾਚੌਂਧ, ਭੋਗ-ਵਿਲਾਸਤਾ, ਲਾਲਚ ਤੇ ਲੋਭ ਨੂੰ

ਉਤਸ਼ਾਹਿਤ ਕਰਨ ਵਾਲੇ ਤਰੀਕਿਆਂ ਤੇ ਦੂਜੇ ਸਾਧਨਾਂ ਨੂੰ ਅਪਣਾ ਕੇ ਲੋਕਾਂ ਅੰਦਰ ਵੱਧ ਤੋਂ ਵੱਧ ਫਜ਼ੂਲ ਖਰਚੀ ਦੇ ਰੁਝਾਣ ਨੂੰ ਪ੍ਰਵਾਨ ਚੜਾਉਂਦੀਆਂ ਹਨ। ਨਤੀਜਾ ਇਹ ਹੁੰਦਾ ਹੈ ਕਿ ਲੋਕ ਆਪਣੀਆਂ ਜ਼ਰੂਰੀ ਕੀਮਤਾਂ ਤੋਂ ਕਿਤੇ ਵੱਧ ਖਰਚ ਕਰਨ ਲੱਗਦੇ ਹਨ। ਇਹਨਾਂ ਖਰਚਿਆਂ ਦੇ ਸਿੱਟੇ ਵਜੋਂ ਅਤੇ ਕੰਪਨੀਆਂ ਵਲੋਂ ਹੱਦ ਤੋਂ ਵੱਧ ਪੈਦਾਵਾਰ ਦੇ ਸਿੱਟੇ ਵਜੋਂ ਊਰਜਾ, ਪਾਣੀ ਤੇ ਦੂਜੇ ਕੁਦਰਤੀ ਸਾਧਨਾਂ ਦੀ ਬਰਬਾਦੀ ਹੁੰਦੀ ਹੈ। ਜੰਗਲ ਕੱਟਦੇ ਹਨ ਅਤੇ ਜਲ ਤੇ ਜਲਵਾਯੂ 'ਚ ਜ਼ਹਿਰਲੀਆਂ ਗੈਸਾਂ ਤੇ ਪ੍ਰਦੂਸ਼ਣ ਫੈਲਾਉਣ ਵਾਲੇ ਹੋਰ ਪਦਾਰਥ ਮਿਲਣ ਲੱਗਦੇ ਹਨ। ਇਸ ਤਰ੍ਹਾਂ ਇਹ ਹਵਸ਼ ਪੂਰੀ ਦੁਨੀਆਂ ਦੇ ਇਨਸਾਨਾਂ ਲਈ ਵਿਨਾਸ਼ ਦਾ ਕਾਰਨ ਬਣ ਰਹੀ ਹੈ। 300 ਹਾਰਸ ਪਾਵਰ ਦੀ ਇਕ ਕਾਰ ਮਿਸਾਲ ਵਜੋਂ ਮਰਸਡੀਜ਼ bhp 272 ਉਨੀ ਹੀ ਕਾਰਬਨ ਡਾਈਆਕਸਾਈਡ ਛੱਡਦੀ ਹੈ। ਜਿੰਨੀ 300 ਘੋੜਿਆਂ ਦੀ ਇਕ ਫੌਜ ਛੱਡਦੀ ਹੈ। ਮੋਟਰ ਤੇ ਗੈਸ ਉਦਯੋਗ, ਇਸ਼ਤਿਹਾਰਾਂ ਦੀ ਚਕਾਚੌਂਧ ਤੇ ਨਵੀਂ ਜੀਵਨ-ਸ਼ੈਲੀ ਦੇ ਗਲੈਮਰ ਨਾਲ ਲੋਕਾਂ ਨੂੰ ਇਸ ਗੱਲ ਲਈ ਤਿਆਰ ਕਰਦੀ ਹੈ ਕਿ ਘਰ ਦਾ ਹਰ ਮੈਂਬਰ ਕਾਰ ਵਰਤੋਂ ਕਰੇ ਤੇ ਉਹ ਵੀ ਵੱਧ ਹਾਰਸਪਾਵਰ ਵਾਲੀ ਮਹਿੰਗੀ ਕਾਰ। ਇਕ ਗੈਲਨ (ਲਗਭਗ 375 ਲਿਟਰ) ਗੈਸ ਲਾਈਨ ਦੀ ਵਰਤੋਂ ਨਾਲ ਜੋ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ ਉਸ ਨੂੰ ਸੋਖਣ ਲਈ ਇਕ ਬਹੁਤ ਵੱਡੇ ਦਰੱਖਤ ਨੂੰ ਇਕ ਸਾਲ ਲੱਗਦਾ ਹੈ। ਪਹਿਲੇ ਕਿਉਂਕਿ ਭੋਗਵਿਲਾਸ ਦੇ ਇਹ ਸਾਧਨ ਬਹੁਤ ਘੱਟ ਸਨ ਤੇ ਬਹੁਤੇ ਤਾਂ ਸਨ ਵੀ ਨਹੀਂ, ਇਸ ਲਈ ਕੁਦਰਤ ਦਾ ਸੰਤੁਲਨ ਬਣਿਆ ਰਹਿੰਦਾ ਸੀ। ਜੇ ਘਰ ਦਾ ਹਰ ਮੈਂਬਰ ਕਾਰ ਲੈ ਕੇ ਨਿਕਲੇਗਾ, ਗੱਡੀਆਂ ਦੀ ਭਰਮਾਰ ਹੋ ਗਈ, ਰੈਫਰੀਜੇਸ਼ਨ ਤੇ ਏਅਰ ਕੰਡੀਸ਼ਨਿੰਗ ਨੂੰ ਜ਼ਿੰਦਗੀ ਦੀਆਂ ਲੋੜਾਂ 'ਚ ਸ਼ਾਮਲ ਕਰ ਲਿਆ ਗਿਆ ਅਤੇ ਕੁਦਰਤੀ ਸਾਧਨਾਂ ਨੂੰ ਬੇਦਰਦੀ ਨਾਲ ਫੂਕਿਆ ਜਾਣ ਲੱਗਿਆ ਤਾਂ ਵਾਤਾਵਰਣ ਸੰਕਟ ਪੈਦਾ ਹੋਣਾ ਕੁਦਰਤੀ ਹੀ ਸੀ। ਇਸ ਲਈ ਵਾਤਾਵਰਣ ਸੰਕਟ ਲਈ ਧਨੀ ਦੇਸ਼ ਤੇ ਉਥੋਂ ਦੇ ਅਮੀਰ ਨਿਵਾਸੀ ਜ਼ਿੰਮੇਵਾਰ ਹਨ। ਇਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਗਰੀਬ ਲੋਕ ਇਸ ਸੰਕਟ ਲਈ ਬਿਲਕੁਲ ਹੀ ਜ਼ਿੰਮੇਵਾਰ ਨਹੀਂ ਹਨ ਬਲਕਿ ਇਸ ਲਈ ਉਹ ਲੋਕ ਜ਼ਿੰਮੇਵਾਰ ਹਨ ਜੋ ਆਪਣੀਆਂ ਲੋੜਾਂ ਤੋਂ ਕਿਤੇ ਵੱਧ ਸਾਧਨ ਤੇ ਊਰਜਾ ਦੀ ਵਰਤੋਂ ਕਰਦੇ ਹਨ। ਦੁਨੀਆਂ ਦੇ 20% ਗਰੀਬ ਲੋਕ ਸਿਰਫ਼ 4% ਊਰਜਾ ਦੀ ਵਰਤੋਂ ਕਰਦੇ ਹਨ। ਦੁਨੀਆਂ ਭਰ 'ਚ ਜਿੰਨੀਆਂ ਗੱਡੀਆਂ ਹਨ ਉਹਨਾਂ ਦੇ 87% ਹਿੱਸੇ ਦੀ ਵਰਤੋਂ ਸਿਰਫ 20 ਫੀਸਦੀ ਸਭ ਤੋਂ ਧਨੀ ਲੋਕ ਕਰਦੇ ਹਨ। ਗਰੀਬ 20% ਲੋਕ ਸਿਰਫ ਇਕ ਫੀਸਦੀ ਗੱਡੀਆਂ ਦੀ ਵਰਤੋਂ ਕਰਦੇ ਹਨ। ਅਮਰੀਕਾ 'ਚ ਜਿੰਨੇ ਡਰਾਈਵਿੰਗ ਲਾਇਸੰਸ ਹਨ ਉਹਨਾਂ 'ਚੋਂ ਬਹੁਤੇ ਕਾਰਾਂ ਦੇ ਹਨ। ਇਸ ਦਾ ਮਤਲਬ ਇਹ ਹੈ ਕਿ ਹਰੇਕ ਬੰਦਾ ਇਕ ਤੋਂ ਵੱਧ ਕਾਰਾਂ ਦੀ ਵਰਤੋਂ ਕਰਦਾ ਹੈ। ਅਮਰੀਕਾ 'ਚ ਗੱਡੀਆਂ ਦੀ ਕੁਲ ਗਿਣਤੀ ਲਗਭਗ 25 ਕਰੋੜ ਹੈ, ਜੋ ਉਥੋਂ ਦੀ ਅਬਾਦੀ ਤੋਂ ਕੁਝ ਹੀ ਘੱਟ ਹੈ ਭਾਵ 1000 ਆਦਮੀ ਪਿੱਛੇ 765 ਗੱਡੀਆਂ ਹਨ। ਜਦ ਕਿ ਭਾਰਤ 'ਚ 1000 ਆਦਮੀ ਪਿੱਛੇ 12 ਗੱਡੀਆਂ ਹਨ ਅਤੇ ਇਥੋਪੀਆ, ਨਜ਼ੀਰੀਆ, ਮਾਲੀ ਆਦਿ 'ਚ ਇਕ ਹਜ਼ਾਰ ਵਿਅਕਤੀਆਂ ਪਿੱਛੇ ਸਿਰਫ ਇਕ ਗੱਡੀ ਹੈ। ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਔਸਤਨ ਇਕ ਵਿਅਕਤੀ ਕਿਸੇ ਗਰੀਬ ਦੇਸ਼ ਦੇ ਇਕ ਨਾਗਰਿਕ ਦੀ ਤੁਲਨਾ 'ਚ ਦੁਨੀਆਂ ਦੀ ਜਲਵਾਯੂ ਨੂੰ 100 ਗੁਣਾ ਵੱਧ ਨੁਕਸਾਨ ਪਹੁੰਚਾਉਂਦਾ ਹੈ। ਜੇ ਪੂਰੀ ਦੁਨੀਆਂ ਦੇ ਲੋਕ ਇਕ

ਔਸਤ ਅਮਰੀਕੀ ਬਰਾਬਰ ਆਪਣਾ ਜੀਵਨ ਪੱਧਰ ਬਣਾ ਲੈਣ ਤਾਂ ਸਾਨੂੰ ਇਹ ਜ਼ਮੀਨ ਤੇ 22 ਮਿਲੀਅਨ ਇਨਸਾਨਾਂ (ਮੌਜੂਦਾ ਅਬਾਦੀ ਦਾ 4 ਗੁਣਾ) ਕਾਫੀ ਹੋਵੇਗੀ। ਹੱਦ ਤੋਂ ਵੱਧ ਖਰਚ ਸੰਬੰਧੀ ਦੇ ਰੁਝਾਣ ਨੇ ਖਪਤਕਾਰਾਂ ਅੰਦਰ ਸਾਧਨਾਂ ਤੇ ਵਸਤੂਆਂ ਦੀ ਖਪਤ ਸੰਬੰਧੀ ਬੇਦਰਦੀ ਪੈਦਾ ਕਰ ਦਿੱਤੀ ਹੈ। ਜਿੰਨਾ ਖਰਚ ਹੁੰਦਾ ਹੈ, ਉਨਾਂ ਬਰਬਾਦ ਵੀ ਹੁੰਦਾ ਹੈ। ਫਾਈਵ ਸਟਾਰ ਹੋਟਲਾਂ ਦੇ ਬਾਥਰੂਮ 'ਚ ਲੱਗੇ ਗੀਜ਼ਰ (ਜੋ 24 ਘੰਟੇ ਬਿਨਾਂ ਕਾਰਨ ਪਾਣੀ ਗਰਮ ਕਰਦੇ ਰਹਿੰਦੇ ਹਨ) 'ਚ ਜੋ ਪਾਣੀ ਭਾਫ ਬਣ ਕੇ ਬਰਬਾਦ ਹੁੰਦਾ ਹੈ ਜੇ ਸਿਰਫ ਉਸ ਨੂੰ ਇਕੱਠਾ ਕੀਤਾ ਜਾਵੇ ਤਾਂ ਦੁਨੀਆਂ ਦੇ ਕਈ ਗਰੀਬ ਪਰਿਵਾਰਾਂ ਨੂੰ ਸਾਫ ਪਾਣੀ ਮਿਲ ਸਕਦਾ ਹੈ।

ਅਮਰੀਕਾ ਤੇ ਦੂਸਰੇ ਵਿਕਸਤ ਦੇਸ਼ ਇਕ ਤਿਹਾਈ ਤੋਂ ਵੱਧ ਖਾਣ ਵਾਲੀਆਂ ਚੀਜ਼ਾਂ ਸੁੱਟ ਦਿੰਦੇ ਹਨ। ਅਮਰੀਕਾ 'ਚ ਜੋ ਕਚਰਾ ਸਾਲ ਭਰ ਜਮ੍ਹਾਂ ਹੋ ਜਾਂਦਾ ਹੈ ਉਸ ਨੂੰ ਜੇ ਟਰੱਕਾਂ 'ਚ ਲੱਦ ਦਿੱਤਾ ਜਾਵੇ ਤਾਂ ਉਹਨਾਂ ਟਰੱਕਾਂ ਦੀ 145000 ਮੀਲ ਲੰਬੀ (ਜ਼ਮੀਨ ਤੋਂ ਚੰਨ ਦੀ ਦੂਰੀ ਦਾ ਅੱਧਾ) ਕਤਾਰ ਬਣ ਜਾਵੇਗੀ। ਅਮਰੀਕਾ 'ਚ ਪੈਕ ਕੀਤੇ ਜਿੰਨੇ ਖਾਣ ਵਾਲੇ ਪਦਾਰਥ ਤਿਆਰ ਹੁੰਦੇ ਹਨ ਉਸ ਦਾ 27 ਫੀਸਦੀ ਕਦੀ ਵਰਤੋਂ 'ਚ ਹੀ ਨਹੀਂ ਆਉਂਦਾ। ਇਹ ਫੈਕਟਰੀਆਂ, ਦੁਕਾਨਾਂ ਜਾਂ ਘਰਾਂ ਦੇ ਫਰਿਜਾਂ 'ਚ ਪੈਕ ਕੀਤੀ ਹਾਲਤ 'ਚ ਹੀ ਕੂੜੇ ਕਚਰੇ ਦਾ ਹਿੱਸਾ ਬਣ ਜਾਂਦੇ ਹਨ। ਇਨ੍ਹਾਂ ਤੱਥਾਂ ਤੋਂ ਇਹ ਗੱਲ ਸਾਫ ਹੁੰਦੀ ਹੈ ਕਿ ਵਾਤਾਵਰਣ ਸੰਕਟ ਦਾ ਮੂਲ ਕਾਰਨ ਲੋੜ ਤੋਂ ਵੱਧ ਖਰਚ ਕਰਨਾ, ਭੋਗ ਵਿਲਾਸਤਾ ਤੇ ਫਜ਼ੂਲ ਖਰਚੀ ਦਾ ਰੁਝਾਣ ਹੈ। ਪੂੰਜੀਵਾਦੀ ਸਾਮਰਾਜ ਵਪਾਰਕ ਤੇ ਸਨਅਤੀ ਕੰਪਨੀਆਂ ਨੂੰ ਵੱਧ ਤੋਂ ਵੱਧ ਫਾਇਦਾ ਪਹੁੰਚਾਉਣ ਲਈ ਇਸ਼ਤਿਹਾਰਾਂ ਰਾਹੀਂ ਇਸ ਫਜ਼ੂਲ ਖਰਚੀ ਦਾ ਰੁਝਾਣ ਪੈਦਾ ਕਰਦਾ ਹੈ। ਫਜ਼ੂਲ ਖਰਚੀ ਦਾ ਬੇਲਗਾਮ ਰੁਝਾਣ ਪੈਦਾ ਕਰਕੇ ਇਹ ਕੰਪਨੀਆਂ ਅੰਨ੍ਹੇਵਾਹ ਸਨਅਤੀ ਕਰਨ ਕਰਦੀਆਂ ਹਨ। ਅਤੇ ਵੱਡੀ ਮਾਤਰਾ 'ਚ ਗ੍ਰੀਨ ਹਾਊਸ ਗੈਸਾਂ ਕੱਢਦੀਆਂ ਹਨ। ਅਮਰੀਕਾ ਨੇ ਗ੍ਰੀਨ ਹਾਊਸ ਗੈਸਾਂ ਦਾ ਨਿਕਲਣਾ ਹੁਣ ਤੱਕ ਦੁਨੀਆਂ ਦੇ ਦੂਜੇ ਦੇਸ਼ਾਂ ਦੇ ਮੁਕਾਬਲੇ 'ਚ ਸਭ ਤੋਂ ਵੱਧ ਕੀਤਾ ਹੈ। ਜਦ ਕਿ ਉਥੋਂ ਦੀ ਅਬਾਦੀ ਦਾ ਸਿਰਫ 5 ਫੀਸਦੀ ਹੈ। ਕਈ ਰਿਪੋਰਟਾਂ 'ਚ ਇਹ ਗੱਲ ਪੂਰੀ ਤਰ੍ਹਾਂ ਸਪਸ਼ਟਤਾ ਨਾਲ ਸਾਹਮਣੇ ਆ ਚੁੱਕੀ ਹੈ ਕਿ ਅਮਰੀਕਾ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਮਸਲਨ ਵਰਲਡ ਰਿਸੋਰਸਿਸ ਇੰਸਟੀਚੂਟ ਦੀ ਰਿਪੋਰਟ ਮੁਤਾਬਕ 1950 ਤੋਂ ਅਮਰੀਕਾ ਹੁਣ ਤੱਕ 50.7 ਬਿਲੀਅਨ ਟਨ ਕਾਰਬਨ ਵਾਯੂਮੰਡਲ 'ਚ ਛੱਡ ਚੁੱਕਾ ਹੈ। ਜਦ ਕਿ ਚੀਨ ਨੇ (ਅਮਰੀਕਾ ਤੋਂ 4.6 ਗੁਣਾ ਵੱਧ ਅਬਾਦੀ ਹੋਣ ਦੇ ਬਾਵਜੂਦ) 15.7 ਮਿਲੀਅਨ ਟਨ ਅਤੇ ਭਾਰਤ (ਅਮਰੀਕਾ ਤੋਂ 3.5 ਗੁਣਾ ਅਬਾਦੀ) ਨੇ ਸਿਰਫ਼ 4.2 ਬਿਲੀਅਨ ਟਨ ਕਾਰਬਨ ਦਾ ਰਸਾਅ ਕੀਤਾ ਹੈ। ਕ੍ਰਿਸਚੀਅਨ ਏਡ ਦੀ ਰਿਪੋਰਟ ਅਨੁਸਾਰ ਵਿਕਸ਼ਤ ਦੇਸ਼ਾਂ ਨੇ ਗਰੀਬ ਦੇਸ਼ਾਂ ਨੂੰ ਵਾਤਾਵਰਣ ਦੇ ਮੈਦਾਨ 'ਚ ਜੋ ਨੁਕਸਾਨ ਪਹੁੰਚਾਇਆ ਹੈ ਉਸ ਦੀ ਘੱਟ ਤੋਂ ਘੱਟ ਕੀਮਤ ਉਹਨਾਂ ਨੂੰ 400 ਬਿਲੀਅਨ ਡਾਲਰ ਅਦਾ ਕਰਨੀ ਹੋਵੇਗੀ ਜੋ ਗਰੀਬ ਦੇਸ਼ਾਂ ਦੇ ਕੁਲ ਕਰਜ਼ਿਆਂ ਦਾ ਤਿੰਨ ਗੁਣਾ ਹੈ।

ਊਰਜਾ ਸੰਕਟ-ਯਕੀਨ ਭੰਡਾਰ ਭਾਵ ਉਹ ਭੰਡਾਰ ਜਿੱਥੇ ਤੇਲ ਦੀ ਉਪਲੱਭਤਾ ਯਕੀਨੀ ਹੈ ਤੇ ਜਿੱਥੋਂ ਤੇਲ ਕੱਢਣਾ ਮੌਜੂਦਾ ਟੈਂਕਨੋਲੋਜੀ ਰਾਹੀਂ ਸੰਭਵ ਹੈ। ਆਗਾਮੀ 30 ਸਾਲ ਚਲ ਸਕਦੇ ਹਨ। ਇਹਨਾਂ ਅੰਕੜਿਆਂ 'ਤੇ ਵੀ ਕੁਝ ਵਿਗਿਆਨੀ ਸ਼ੱਕ

ਪ੍ਰਗਟ ਕਰਦੇ ਹਨ ਕਿ ਤੇਲ ਕੰਪਨੀਆਂ ਤੇਲ ਸਟੋਰ ਕਰਨ ਬਾਰੇ ਝੂਠ ਬੋਲਣ ਦੀਆਂ ਆਦੀ ਹੋ ਚੁੱਕੀਆਂ ਹਨ। ਮਿਸਾਲ ਵਜੋਂ 'ਸਾਊਦੀ ਅਮਮਕੋ ਕੰਪਨੀ' ਦੇ ਮੀਤ ਪ੍ਰਧਾਨ ਕਹਿੰਦੇ ਹਨ ਕਿ ਤੇਲ ਦੇ ਜੋ ਭੰਡਾਰ ਹਨ ਉਹ ਸਿਰਫ ਸਾਧਨ ਹਨ। ਇਸ ਸਮੇਂ ਨਾ ਤਾਂ ਉਨ੍ਹਾਂ ਤੱਕ ਪਹੁੰਚਣਾ ਸੰਭਵ ਹੈ ਤੇ ਨਾ ਹੀ ਉਨ੍ਹਾਂ 'ਚੋਂ ਤੇਲ ਕੱਢਣਾ। 2004 ਈਸਵੀ ਦੇ ਸ਼ੁਰੂ 'ਚ ਤੇਲ ਕੰਪਨੀ "ਇਰਸ਼ੈਲ" ਨੇ ਮੰਨ ਕੇ ਹੈਰਾਨ ਕਰ ਦਿੱਤਾ ਕਿ ਉਸ ਦੇ ਤੇਲ ਅਤੇ ਗੈਸ ਦੇ ਹਜ਼ਾਰਾਂ ਭੰਡਾਰਾਂ ਵਿਚੋਂ ਇਕ ਚੌਥਾਈ ਮੌਜੂਦ ਨਹੀਂ ਹੈ। ਉਸ ਨੇ ਝੂਠ ਬੋਲਿਆ ਸੀ, ਇਸ ਤਰ੍ਹਾਂ ਟੈਕਸਾਂਸ ਦਿੱਤੀ ਕੰਪਨੀ 'ਅਲਪਾਸੋ' ਨੇ ਆਪਣੇ ਭੰਡਾਰ ਦੇ ਐਲਾਨ ਨੂੰ ਬਦਲਿਆ ਅਤੇ 43 ਫੀਸਦੀ ਕਮੀ ਕਰ ਦਿੱਤੀ। ਅਰਥਾਤ ਉਸ ਨੇ ਆਪਣਾ ਭੰਡਾਰ 43% ਵੱਧ ਵਿਖਾਇਆ ਸੀ।

# ਜੀ-20 ਸੰਮੇਲਨ ਕਿੰਨਾ ਕੁ ਸਾਰਥਕ ਰਿਹਾ?

ਕੇਨੇਡਾ ਦੀ ਆਰਥਕ ਰਾਜਧਾਨੀ ਕਹੇ ਜਾਣ ਵਾਲੇ ਸ਼ਹਿਰ ਟਰਾਂਟੋ ਵਿੱਚ 26-27 ਜੂਨ ਨੂੰ ਜੀ-20 ਦੇਸ਼ਾਂ ਦਾ ਸਿਖ਼ਰ ਸੰਮੇਲਨ ਹਾਕਮਾਂ ਦੇ ਆਪਸੀ ਵਿਰੋਧਾਂ 'ਤੇ ਲਿੱਪਾ ਪੋਚੀ ਅਤੇ ਖਾੜਕੂ ਮੁਜਾਹਰਾਕਾਰੀਆਂ ਦੇ ਪੁਲਸ ਦੀਆਂ ਗੱਡੀਆਂ ਨੂੰ ਅੱਗ ਦੇ ਹਵਾਲੇ ਕਰਨ ਦੌਰਾਨ ਖ਼ਤਮ ਹੋ ਗਿਆ। ਹਾਕਮਾਂ ਦਰਮਿਆਨ ਅੰਤਰ ਵਿਰੋਧਤਾਈਆਂ ਕਿੰਨੀਆਂ ਤਿੱਖੀਆਂ ਸਨ, ਇਸ ਦਾ ਅੰਦਾਜ਼ਾ ਇਸ ਇਕ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਕ ਸਰਬ ਪ੍ਰਵਾਨਿਤ ਮਸ਼ੌਦੇ ਨੂੰ ਤਿਆਰ ਕਰਨ 'ਚ ਕਰੀਬ 45 ਘੰਟੇ ਦਾ ਸਮਾਂ ਲੱਗਿਆ। ਝੂਠੀਆਂ ਉਮੀਦਾਂ ਦਾ ਅੰਬਾਰ ਖੜ੍ਹੇ ਕਰਦੇ ਹੋਇਆਂ ਐਲਾਨ ਕੀਤਾ ਗਿਆ "ਵਿਸ਼ਵੀ ਅਰਥਚਾਰਾ ਉਮੀਦ ਤੋਂ ਕਿਤੇ ਵੱਧ ਤੇਜ ਰਫਤਾਰ ਨਾਲ ਵਾਪਸ ਪਟੜੀ 'ਤੇ ਆ ਰਿਹਾ ਹੈ। ਪਰ ਕੁਝ ਦੇਸ਼ਾਂ 'ਚ ਬੇਰੁਜ਼ਗਾਰੀ ਵਧਣ ਅਤੇ ਦੂਜੇ ਅਸੰਤੁਲਨਾ ਦੀ ਵਜਾਹ ਕਰਕੇ ਫਿਰ ਦਿੱਕਤ ਹੋ ਸਕਦੀ ਹੈ।" ਇਸ ਸੰਮੇਲਨ ਦਾ ਆਯੋਜਨ ਤਾਂ ਇਸ ਗੱਲ ਦੇ ਮੱਦੇ ਨਜ਼ਰ ਹੋਇਆ ਸੀ ਕਿ ਵਿਸ਼ਵੀ ਅਰਥਚਾਰੇ ਨੂੰ ਮੰਦੀ 'ਚੋ ਉਭਾਰਨ ਲਈ ਸਾਂਝੀ ਰਣਨੀਤੀ ਦੁਨੀਆ ਦੇ ਮੁੱਖ ਦੇਸ਼ ਬਣਾਉਣਗੇ ਪਰ ਅੰਤ 'ਚ ਤਹਿ ਕੀਤਾ ਗਿਆ ਕਿ 'ਹਰ ਦੇਸ਼ ਆਪਣਾ ਰਾਹ ਖੁਦ ਤਹਿ ਕਰੇ।' 'ਆਪਣੇ ਦੇਸ਼ ਦੀਆਂ ਨੀਤੀਆਂ ਦਿਸ਼ਾ ਤੇ ਰਫਤਾਰ ਆਪਣੇ ਆਪ ਤਹਿ ਕਰੇ' ਇਹ ਗੱਲ ਆਪਣੇ ਆਪ ਇਹ ਗੱਲ ਦਰਸਾ ਦਿੰਦੀ ਹੈ ਕਿ ਇਸ ਸੰਮੇਲਨ 'ਚ 'ਹਰ ਕੋਈ ਆਪਣੀ ਡਫਲੀ ਆਪਣਾ ਰਾਗ ਬਜਾ ਰਿਹਾ ਸੀ' ਅਮਰੀਕਾ, ਬ੍ਰਿਟੇਨ, ਫਰਾਂਸ, ਜਰਮਨੀ, ਜਪਾਨ ਵਰਗੇ ਮੁੱਖ ਸਾਮਰਾਜੀ ਦੇਸ਼ਾਂ ਦੇ ਆਪਸੀ ਵਿਰੋਧ ਇਸ ਗੱਲ 'ਤੇ ਖੁੱਲ੍ਹ ਕੇ ਸਾਹਮਣੇ ਆਏ ਕਿ ਕੀ ਮੌਜੂਦਾ ਸੰਕਟ ਲਈ ਬੈਂਕਾਂ ਨੂੰ ਜਿਮੇਵਾਰ ਠਹਿਰਾਉਂਦਿਆਂ ਉਹਨਾਂ 'ਤੇ ਵਿਸ਼ਵ ਟੈਕਸ ਲਾਇਆ ਜਾਵੇ ਕਿ ਨਹੀਂ। ਬ੍ਰਿਟੇਨ ਦਾ ਕਹਿਣਾ ਸੀ ਕਿ "ਬੈਂਕਾਂ ਨੇ ਇਸ ਸੰਕਟ ਨੂੰ ਸ਼ੁਰੂ ਕੀਤਾ ਹੈ, ਇਸ ਲਈ ਜਰੂਰੀ ਹੈ ਕਿ ਉਹ ਇਸ ਦੀ ਪੂਰਤੀ ਵੀ ਕਰਨ।" ਬੈਂਕਾਂ 'ਤੇ 'ਗਲੋਬਲ ਟੈਕਸ' ਲਾਉਣ ਦੀ ਹਮਾਇਤ ਯੂਰਪ ਦੇ ਹੋਰ ਦੇਸ਼ ਜਰਮਨੀ, ਫਰਾਂਸ ਵੀ ਕਰ ਰਹੇ ਸਨ। ਅਮਰੀਕਾ ਇਕ ਅਜਿਹਾ ਟੈਕਸ ਆਪਣੇ ਬੈਂਕਾਂ 'ਤੇ ਇਸ ਸਾਲ ਦੇ ਜਨਵਰੀ ਮਹੀਨੇ ਤੋਂ ਪਹਿਲਾਂ ਹੀ ਲਾ ਚੁੱਕਿਆ ਸੀ। ਇਸ ਪ੍ਰਸਤਾਵ ਦਾ ਵਿਰੋਧ ਕਨੇਡਾ, ਜਪਾਨ, ਬ੍ਰਾਜ਼ੀਲ, ਆਸਟ੍ਰੇਲੀਆ, ਚੀਨ, ਭਾਰਤ, ਰੂਸ ਆਦਿ ਦੇਸ਼ਾਂ ਨੇ ਇਹ ਕਹਿਕੇ ਕੀਤਾ ਕਿ ਉਹਨਾਂ ਨੇ ਇਸ ਸੰਕਟ ਦੌਰਾਨ ਬੈਂਕਾਂ ਨੂੰ ਕੋਈ ਆਰਥਕ ਪੈਕੇਜ ਬੇਲ ਆਊਟ ਨਹੀਂ ਦਿੱਤਾ ਸੀ। ਦੂਜਾ ਮਹੱਤਵਪੂਰਨ ਮਸਲਾ ਜੋ ਰੇੜ੍ਹਕੇ ਦਾ ਕੇਂਦਰ ਬਣਿਆ ਰਿਹਾ ਸੀ ਕਿ ਆਰਥਕ ਪੈਕੇਜ ਨੂੰ ਕਦੋਂ ਤੇ ਕਿਵੇਂ ਵਾਪਸ ਲਿਆ ਜਾਵੇ। ਅਸਲ 'ਚ ਇਹੀ ਅੱਜ ਦੀ ਸਾਮਰਾਜੀ ਦੁਨੀਆਂ ਦਾ ਮੁੱਖ ਸੱਦਾ ਹੈ। ਆਰਥਕ ਪੈਕੇਜ ਦੇਣ ਦੇ ਕਾਰਨ ਯੂਰਪ ਸਮੇਤ ਦੁਨੀਆਂ ਦੀਆਂ ਕਈ ਸਰਕਾਰਾਂ ਡੂੰਘੇ ਸੰਕਟ 'ਚ ਫਸ ਚੁੱਕੀਆਂ ਹਨ ਅਤੇ ਉਹਨਾਂ ਦਾ ਸੰਕਟ ਇਕ ਵੱਡੇ ਸੰਕਟ ਵਜੋਂ ਮੂੰਹ ਅੱਡੀ ਖੜ੍ਹਾ ਹੈ। ਗ੍ਰੀਸ, ਆਇਰਲੈਂਡ, ਸਪੇਨ, ਪੁਰਤਗਾਲ, ਇਟਲੀ ਦਾ ਬਜਟ ਘਾਟਾ ਉਥੇ ਪਹੁੰਚ ਚੁੱਕਿਆ ਹੈ ਜਿਥੇ ਉਹ ਗੰਭੀਰ ਸੰਕਟ ਨੂੰ ਹੋਰ ਗੰਭੀਰ ਬਣਾ ਸਕਦਾ ਹੈ। ਬਜਟ ਘਾਟਾ ਕੁਲ ਪੈਦਾਵਾਰ ਦੇ ਦਸ ਫੀਸਦੀ ਤੋਂ ਵੀ ਉਪਰ ਹੋ ਜਾਣ ਕਰਕੇ ਇਹਨਾਂ ਦੇਸ਼ਾਂ ਦਾ

ਸੰਕਟ ਪਹਿਲੇ ਯੂਰਪੀ ਮਹਾਂਦੀਪ ਦਾ ਸੰਕਟ ਅੱਜ ਜੀ-20 ਦੇਸ਼ਾਂ ਦੀ ਡੂੰਘੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਇਸ ਮਾਮਲੇ 'ਚ ਜੋ ਕੁਝ ਤਹਿ ਹੋਇਆ ਉਸ ਨੂੰ ਹੀ ਇਸ ਸੰਮੇਲਨ ਦੀ ਸਫਲਤਾ ਵਜੋਂ ਪ੍ਰਚਾਰਿਆ ਗਿਆ। ਤਹਿ ਕੀਤਾ ਗਿਆ ਕਿ 2013 ਤਕ ਜੀ-20 ਦੇ ਦੇਸ਼ ਆਪਣੇ ਬਜਟ ਘਾਟੇ ਨੂੰ ਮੌਜੂਦਾ ਪੱਧਰ ਦੇ ਅੱਧੇ ਤੱਕ ਲੈ ਆਉਣਗੇ ਅਤੇ 2016 ਤਕ ਬਜਟ ਘਾਟੇ ਨੂੰ ਖਤਮ ਕਰਕੇ ਸੰਤੁਲਿਤ ਬਜਟ ਦੀ ਸਥਿਤੀ ਵਿਚ ਲੈ ਆਉਣਗੇ। ਅਸਲ 'ਚ ਇਹ ਇਕ ਅਜਿਹਾ ਟੀਚਾ ਹੈ ਜਿਸ ਨੂੰ ਹਾਸਲ ਕਰਨ ਦੇ ਚੱਕਰ ਵਿੱਚ ਸਰਕਾਰਾਂ ਪਹਿਲਾਂ ਹੀ ਟੈਕਸ ਵਧਾਉਦੀਆਂ ਜਾ ਰਹੀਆਂ ਹਨ। ਸਮਾਜਕ ਸੁੱਰਖਿਆ 'ਤੇ ਖਰਚ ਕੀਤੇ ਜਾਣ ਵਾਲੇ ਧਨ ਨੂੰ ਘਟਾ ਰਹੀਆਂ ਹਨ। ਮਜ਼ਦੂਰਾਂ-ਮੁਲਾਜ਼ਮਾਂ ਨੂੰ ਮਿਲਣ ਵਾਲੀ ਰਾਹਤ ਤੇ ਸਿਖਿਆ-ਸਿਹਤ 'ਤੇ ਮਿਲਣ ਵਾਲੀ ਸਬਸਿਡੀ ਨੂੰ ਖਤਮ ਕਰ ਰਹੀਆਂ ਹਨ। ਇਸ ਕਾਰਨ ਸਮਾਜਕ ਰੋਹ ਵਧਦਾ ਜਾ ਰਿਹਾ ਹੈ। ਬੇਰੁਜ਼ਗਾਰੀ ਜੋ ਕਿ ਪਹਿਲਾਂ ਹੀ ਵਾਧੂ ਹੈ, ਹੋਰ ਵਧ ਰਹੀ ਹੈ। ਗ੍ਰੀਸ ਦਾ ਸੰਕਟ ਇਸ ਦੀ ਮਿਸਾਲ ਹੈ। ਇਸ ਤਰਾਂ ਨਾਲ ਸਾਰੇ ਪੂੰਜੀਵਾਦੀ ਦੇਸ਼ਾਂ ਦੀਆਂ ਸਰਕਾਰਾਂ ਤੇ ਉਹਨਾਂ ਦੇ ਨੇਤਾਵਾਂ ਸਾਹਮਣੇ 'ਅੱਗੇ ਖੂਹ, ਪਿੱਛੇ ਖਾਤਾ' ਦੀ ਸਥਿਤੀ ਹੈ। ਜੀ-20 ਦੇ ਉਪਰੋਕਿਤ 2013 ਅਤੇ 2016 ਦੇ 'ਸੰਕਲਪ' 'ਤੇ ਟਿੱਪਣੀ ਕਰਦਿਆਂ ਕੌਮਾਂਤਰੀ ਮੁਦਰਾ ਕੋਸ਼ ਦੇ ਮੁਖੀ ਨੇ ਵਿਅੰਗ ਕਸਿਆ ਕਿ ਉਹ 'ਕਥਨੀ ਨਹੀਂ ਕਰਨੀ 'ਤੇ' ਇਸ ਨੂੰ ਹੁੰਦਾ ਵੇਖਣਾ ਚਾਹੁੰਦੇ ਹਨ। ਉਹਨਾਂ ਦਾ ਇਹ ਵੀ ਇਤਰਾਜ ਸੀ ਕਿ ਬਜਟ ਘਾਟਾ ਅੱਧਾ ਕਰਨ ਦੀ ਗੱਲ ਕਹਿ ਕੇ ਇਸ ਸੰਕਟ ਦੀ ਗੰਭੀਰਤਾ ਨੂੰ ਸਰਲ ਕਰ ਦਿੱਤਾ ਗਿਆ ਹੈ। ਇਸ ਤਰਾਂ ਲਾਗੂ ਕਰਵਾਉਣ ਵਾਲਿਆਂ ਤੋਂ ਲੈ ਕੇ ਲਾਗੂ ਕਰਨ ਵਾਲਿਆਂ ਤੱਕ ਸਭ ਸ਼ੱਕ ਦੇ ਸ਼ਿਕਾਰ ਹਨ। ਅਮਰੀਕਾ ਨੇ ਇਸ ਸੰਮੇਲਨ ਵਿੱਚ ਦੁਨੀਆਂ ਦੇ ਹੋਰ ਦੇਸ਼ਾਂ ਨੂੰ ਧਮਕਾਉਣਾ ਜਾਰੀ ਰੱਖਿਆ। ਬਰਾਕ ਓਬਾਮਾ ਨੇ ਕਿਹਾ ਕਿ ਦੁਨੀਆਂ ਦੇ ਦੇਸ਼ ਸਿਰਫ ਅਮਰੀਕਾ ਨੂੰ ਬਰਾਮਦ ਦੇ ਭਰੋਸੇ ਨਾ ਰਹਿਣ ਬਲਕਿ ਘਰੇਲੂ ਮੰਗ ਨੂੰ ਵੀ ਉਤਸ਼ਾਹਿਤ ਕਰਨ। ਬਰਾਕ ਓਬਾਮਾ ਦੀ ਇਸ ਧਮਕੀ ਦਾ ਸਿੱਧਾ ਮਤਲਬ ਸੀ ਕਿ ਅਮਰੀਕਾ ਨੂੰ ਬਰਾਮਦ ਅਮਰੀਕਾ ਦੀਆਂ ਸ਼ਰਤਾਂ 'ਤੇ ਹੋਵੇਗੀ। ਕੁਲ ਮਿਲਾ ਕੇ ਇਹ ਸੰਮੇਲਨ ਪੂੰਜੀਵਾਦੀ (ਸਾਮਰਾਜੀ) ਦੁਨੀਆਂ ਦੇ ਵਧਦੇ ਸੰਕਟ ਕਾਰਨ ਬੁਲਾਇਆ ਗਿਆ ਅਤੇ ਕਿਸੇ ਆਮ ਸਹਿਮਤੀ 'ਤੇ ਪਹੁੰਚੇ ਬਗੈਰ ਇਸ ਦਾ ਖਤਮ ਹੋਣਾ ਇਕ ਹੀ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਲੁਟੇਰਿਆਂ ਦਾ ਇਕੱਠੇ ਹੋਣਾ ਅਤੇ ਚਲਣਾ ਅਸੰਭਵ ਹੈ। ਜਿਥੋਂ ਤਕ ਇਸ ਸੰਮੇਲਨ ਦਾ ਸਿੱਟਾ ਮੇਹਨਤਕਸ਼ਾਂ ਲਈ ਨਿਕਲਣਾ ਹੈ ਕਿ ਉਸ ਦਾ ਜੀਵਨ ਹੋਰ ਡੂੰਘੇ ਸੰਕਟ ਵਿੱਚ ਫਸੇਗਾ। ਲੁਟੇਰਿਆਂ 'ਚ ਇਸ ਗੱਲ ਦੀ ਏਕਤਾ ਹੈ ਕਿ ਲੋਕਾਂ 'ਤੇ ਹੋਰ ਟੈਕਸ ਲਾਏ ਜਾਣ, ਸਬਸਿਡੀ ਖਤਮ ਕੀਤੀ ਜਾਵੇ, ਸਮਾਜਕ ਸੁਰਖਿਆ 'ਤੇ ਖਰਚ ਕੀਤੇ ਜਾਣ ਵਾਲੇ ਪੈਸੇ 'ਚੋਂ ਕਿਵੇਂ ਨਾ ਕਿਵੇਂ ਕਟੌਤੀ ਕੀਤੀ ਜਾਵੇ। ਕੁਲ ਮਿਲਾ ਕੇ ਪੂੰਜੀਪਤੀ ਜਮਾਤ ਦਾ ਸੰਕਟ ਮਜ਼ਦੂਰਾਂ-ਕਿਸਾਨਾਂ-ਮੇਹਨਤਕਸਾਂ ਦੇ ਮੋਢਿਆਂ 'ਤੇ ਸੁੱਟਿਆ ਜਾਵੇ। ਉਹਨਾਂ ਨੂੰ ਹੋਰ ਵਧ ਨਚੋੜਿਆ ਜਾਵੇ। ਇਸ ਗੱਲ ਦੀ ਪੁਸਟੀ ਸੰਮੇਲਨ 'ਚ ਦੋ ਰੂਪਾਂ 'ਚ ਹੋਈ। ਪਹਿਲੀ ਭਾਰਤ 'ਚ ਇਸ ਸੰਮੇਲਨ ਤੋਂ ਇਕ-ਦੋ ਦਿਨ ਪਹਿਲਾਂ ਪੈਟਰੋਲ ਦੀਆਂ ਕੀਮਤਾਂ ਨੂੰ ਸਰਕਾਰੀ ਕੰਟਰੋਲ ਤੋਂ ਬਾਹਰ ਕਰਨ ਅਤੇ ਪੈਟ੍ਰੋਲੀਅਮ ਵਸਤਾਂ 'ਤੇ ਘੱਟ ਕੀਤੀ ਗਈ ਸਬੀਸਡੀ ਦੀ ਹਾਕਮ

ਜਮਾਤ ਵਲੋਂ ਤਰੀਫ ਕੀਤੀ ਗਈ। ਇਸ ਬਜਟ ਘਾਟੇ ਨੂੰ ਘੱਟ ਕਰਨ ਦੇ ਕਦਮ ਵਜੋਂ ਸਲਾਹਿਆ ਗਿਆ। ਦੂਜੀ ਫਰਾਂਸ ਦੇ ਪ੍ਰਧਾਨ ਮੰਤਰੀ ਇਸ ਸੰਮੇਲਨ 'ਚ ਐਲਾਨ ਕੀਤਾ ਕਿ ਉਹ ਆਪਣੇ ਬਜਟ ਘਾਟੇ ਨੂੰ ਘੱਟ ਕਰਨ ਦਾ ਟੀਚਾ 8 ਫੀਸਦੀ ਤੋਂ 6 ਫੀਸਦੀ ਕਰਦੇ ਹਨ। ਇਸ ਕਾਰਨ ਉਹਨਾਂ ਦਾ ਭਾਵੀ 2011 ਦਾ ਬਜਟ "ਤੀਹ ਸਾਲਾਂ 'ਚ ਸਭ ਤੋਂ ਸਖਤ ਬਜਟ ਹੋਵੇਗਾ" ਯਾਨੀ ਭਾਰਤ ਹੋਵੇ ਜਾਂ ਫਰਾਂਸ ਹਰ ਥਾਂ ਮਜ਼ਦੂਰਾਂ-ਕਿਸਾਨਾਂ-ਮੁਲਾਜਮਾਂ ਨੂੰ ਪੂੰਜੀਪਤੀਆਂ ਨੂੰ ਦਿੱਤੇ ਗਏ ਆਰਥਕ ਪੈਕੇਜ ਦੀ ਪੂਰਤੀ ਆਪਣੇ ਖੂਨ-ਪਸੀਨੇ ਨਾਲ ਕਰਨੀ ਪਵੇਗੀ। ਪ੍ਰਜੀਵੀ ਪੂੰਜੀਪਤੀ ਵਰਗ ਦੀ ਹਕੂਮਤ ਕਿਸੇ ਟੈਕਸ ਸੰਕਟ 'ਚ ਨਾ ਫਸੇ ਇਸ ਦੀ ਕੀਮਤ ਮੇਹਨਤਕਸ਼ ਜਮਾਤ ਨੂੰ ਚੁਕਾਉਣੀ ਪਵੇਗੀ।

# ਹਥਿਆਰ ਬੰਦ ਫੋਰਸ ਸਪੈਸ਼ਲ ਪਾਵਰ ਐਕਟ ਹੈ ਕੀ?

ਹਥਿਆਰ ਬੰਦ ਫੋਰਸ ਵਿਸੇਸ਼ ਅਧਿਕਾਰ ਕਨੂੰਨ (ਆਰਡਮ ਫੋਰਸਿਸ ਸਪੈਸ਼ਲ ਪਾਵਰ ਐਕਟ- AFSPA) ਸੱਤਾ ਦੇ ਗਲਹਿਰਿਆਂ 'ਚ ਇਸ ਵਕਤ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪ੍ਰਧਾਨ ਮੰਤਰੀ ਨੇ ਆਪਣਾ ਚੋਣਾਵੀ ਵਾਅਦਾ ਪੂਰਾ ਕਰਨਾ ਹੈ ਕਿ ਉਹ ਇਸ ਕਨੂੰਨ ਨੂੰ ਮਾਨਵੀ ਬਣਾਉਣਗੇ। ਇਸ ਕਾਲੇ ਕਨੂੰਨ ਨੂੰ ਅਖੌਤੀ ਤੌਰ 'ਤੇ ਮਾਨਵੀ ਬਣਾਉਣ ਦਾ ਭਾਰਤੀ ਫੌਜ ਤਿੱਖਾ ਵਿਰੋਧ ਕਰ ਰਹੀ ਹੈ। ਭਾਰਤੀ ਸੈਨਾ ਮੁਖੀ ਵੀ. ਕੇ. ਸਿੰਘ ਨੇ ਇਸ ਵਿਰੋਧ ਨੂੰ ਵਿਸ਼ੇਸ਼ ਤੌਰ 'ਤੇ ਅਵਾਜ਼ ਦਿੱਤੀ ਹੈ। ਉਹ ਜੰਮੂ ਤੇ ਕਸ਼ਮੀਰ ਵਿੱਚ ਇਸ ਕਨੂੰਨ ਨੂੰ ਵਾਪਸ ਲੈਣ ਜਾਂ ਹਲਕਾ ਬਣਾਉਣ ਦਾ ਤਿੱਖਾ ਵਿਰੋਧ ਕਰ ਰਹੇ ਹਨ। ਉਹ ਅਜਿਹਾ ਕਰਨ ਨੂੰ 'ਤੰਗਨਜ਼ਰ ਰਾਜਸੀ ਸੁਆਰਥ' ਦਾ ਨਾਂ ਦੇ ਰਹੇ ਹਨ। ਜਾਹਿਰ ਜਿਹੀ ਗੱਲ ਹੈ। ਭਾਰਤੀ ਫੌਜ ਮੁਖੀ ਆਪਣੇ ਅਸੀਮਤ ਅਧਿਕਾਰਾਂ ਨੂੰ ਕਿਸੇ ਵੀ ਕੀਮਤ 'ਤੇ ਗੁਆਉਣਾ ਨਹੀਂ ਚਾਹੁੰਦੇ ਅਤੇ ਉਸ ਤੋਂ ਵੱਡੀ ਗੱਲ ਉਹਨਾਂ ਦੀ ਇਸ ਕਾਲੇ ਕਨੂੰਨ ਰਾਹੀਂ ਪੀੜਤ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਹੈ। ਵੀ. ਕੇ. ਸਿੰਘ ਨੇ ਇਸ 'ਦ੍ਰਿੜਤਾ' ਦੇ ਉਲਟ ਭਾਰਤ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਜੰਮੂ ਤੇ ਕਸ਼ਮੀਰ ਦੇ ਮੁੱਖ ਮੰਤਰੀ ਇਸ ਨੂੰ 'ਲਚਕੀਲਾ', 'ਮਾਨਵੀ', 'ਨਾਗਰਿਕ ਪ੍ਰਸ਼ਾਸ਼ਨ ਪ੍ਰਤੀ ਜੁਆਬਦੇਹੀ' ਆਦਿ ਬਣਾ ਕੇ ਪੀੜਤ ਲੋਕਾਂ ਨੂੰ ਉਹੋ ਜਿਹਾ ਹੀ ਧੋਖਾ ਕਰਨਾ ਚਾਹੁੰਦੇ ਹਨ। ਜਿਹੋ ਜਿਹਾ ਪੋਟਾ ਨੂੰ ਹਟਾ ਕੇ ਗੈਰ ਕਨੂੰਨੀ ਸਰਗਰਮੀਆਂ ਕਨੂੰਨ 'ਚ ਸੋਧ ਕਰਕੇ ਉਸ ਨੂੰ ਹੋਰ ਕਠੋਰ ਬਣਾ ਕੇ ਕੀਤਾ ਗਿਆ ਸੀ। ਵੀ ਕੇ ਸਿੰਘ ਇਸ ਤਰਾਂ ਦੇ ਬਦਲਾਅ ਜਾਂ ਕਿਸੇ ਵੀ ਕਿਸਮ ਦੇ 'ਕਾਸਮੈਟਕ ਸੁਧਾਰ' ਦੇ ਵੀ ਹੱਕ ਵਿੱਚ ਨਹੀਂ ਹੈ। ਮਨਮੋਹਨ ਸਿੰਘ, ਸੋਨੀਆ ਗਾਂਧੀ ਇਸ ਕਨੂੰਨ ਨੂੰ ਲਿਸ਼ਕਾ ਕੇ ਜਨਤਾ ਨੂੰ ਸੰਤੁਸ਼ਟ ਕਰਨਾ ਚਾਹੁੰਦੇ ਹਨ। ਕਸ਼ਮੀਰ, ਮਣੀਪੁਰ, ਅਸਾਮ ਦੇ ਲੋਕਾਂ ਦੇ ਇਸ ਕਾਲੇ ਕਨੂੰਨ ਵਿਰੁੱਧ ਬਣੇ ਰੋਹ ਨੂੰ ਠੰਢਾ ਕਰਨਾ ਚਾਹੁੰਦੇ ਹਨ। ਇਸ ਕਨੂੰਨ ਨੇ ਭਾਰਤੀ ਫੌਜ ਅਤੇ ਅਰਧ ਫੌਜੀ ਬਲਾਂ ਦੇ ਹੱਥ ਅਜਿਹੀਆਂ ਸ਼ਕਤੀਆਂ ਦੇ ਰੱਖੀਆਂ ਹੈ। ਜਿਸ ਰਾਹੀਂ ਉਹ ਬੇਰਹਿਮੀ ਤੇ ਅੱਤਿਆਚਾਰਾਂ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਪਿਛੋਂ ਵੀ ਕਿਸੇ ਪ੍ਰਤੀ ਜੁਆਬਦੇਹੀ ਨਹੀਂ ਹੈ। ਉਹ ਕਸ਼ਮੀਰ, ਮਿਜ਼ੋਰਮ, ਮਣੀਪੁਰ, ਅਸਮ ਆਦਿ ਰਾਜਾਂ ਵਿੱਚ ਦਹਾਕਿਆਂ ਤੋਂ ਮਨਮਾਨੀ ਕਰ ਰਹੇ ਹਨ। ਕਤਲ, ਬਲਾਤਕਾਰ ਵਰਗੇ ਭਿਅੰਕਰ ਅਪਰਾਧਾਂ ਨੂੰ ਕਰਨ ਤੋਂ ਪਿਛੋਂ ਵੀ ਇਹਨਾਂ ਸੁਰਖਿਆ ਬਲਾਂ ਨੂੰ ਕਿਸ ਨੂੰ ਕੋਈ ਜੁਆਬ ਨਹੀਂ ਦੇਣਾ ਪੈਂਦਾ। ਨਾ ਤਾਂ ਭਾਰਤ ਦੀਆਂ ਛੋਟੀਆਂ ਵੱਡੀਆਂ ਅਦਾਲਤਾਂ, ਨਾ ਹੀ ਸਥਾਨਕ ਪ੍ਰਸਾਸਨ ਅਤੇ ਰਾਜ ਸਰਕਾਰ ਨੂੰ। ਹਜ਼ਾਰ ਆਦਮੀਆਂ ਨੂੰ ਹੁਣ ਤਕ ਭਾਰਤੀ ਫੌਜ ਕਸ਼ਮੀਰ ਤੇ ਉੱਤਰ ਪੂਰਬੀ ਰਾਜਾਂ ਵਿੱਚ ਪਿਛਲੇ ਦਹਾਕਿਆਂ ਤੋਂ ਕਤਲ ਕਰ ਚੁੱਕੀ ਹੈ। ਆਏ ਦਿਨ ਸੁਰਖਿਆ ਬਲਾਂ ਦੇ ਇਹਨਾਂ ਜ਼ੁਲਮਾਂ ਖਿਲਾਫ ਲੋਕ ਸੜਕਾਂ 'ਤੇ ਉਤਰਦੇ ਰਹਿੰਦੇ ਹਨ। ਸੁਪਰੀਮ ਕੋਰਟ, ਕੇਂਦਰ ਸਰਕਾਰ ਤੇ ਮਨੁੱਖੀ ਅਧਿਕਾਰ ਕਮਿਸ਼ਨ ਕਿਸੇ ਦੇ ਵੀ ਵਿਰੋਧ ਦੇ ਬਾਵਜੂਦ ਕੰਨ 'ਤੇ ਜੂੰ ਨਹੀਂ ਸਰਕਦੀ। ਇਰੋਮਾ ਸ਼ਰਮੀਲਾ ਅਹਿੰਸਕ ਸੰਘਰਸ਼ ਗਾਂਧੀ ਦੀ ਫੋਟੋ ਹਰ ਨੋਟ 'ਤੇ ਛਾਪਣ ਵਾਲੀ ਸਰਕਾਰ ਨੂੰ ਪ੍ਰਭਾਵਿਤ ਨਹੀਂ ਕਰ ਰਿਹਾ ਹੈ। ਕਸ਼ਮੀਰ 'ਚ ਨੌਜਵਾਨਾਂ ਦੀਆਂ

ਅਜਿਹੀਆਂ ਕਬਰਾਂ ਥਾਂ ਥਾਂ ਬਿਖਰੀਆਂ ਪਈਆਂ ਹਨ। ਜਿਹਨਾਂ ਦੇ ਕਤਲ ਭਾਰਤੀ ਫੌਜ ਨੇ ਕਦੋਂ, ਕਿਵੇਂ ਤੇ ਕਿਉਂ ਕੀਤੀਆਂ, ਕੋਈ ਨਹੀਂ ਜਾਣਦਾ। ਹਥਿਆਰਬੰਦ ਫੋਰਸ ਵਿਸੇਸ਼ ਅਧਿਕਾਰ ਕਨੂੰਨ ਰਾਹੀਂ ਮਿਲੇ ਅਧਿਕਾਰਾਂ ਭਾਰਤੀ ਫੌਜ ਦੇ ਬੇਰਹਿਮੀ ਬਸਤੀਵਾਦੀ ਦੌਰ ਦੀ ਬ੍ਰਿਟਿਸ਼ ਫੌਜ ਨੂੰ ਵੀ ਪਿਛੇ ਛੱਡ ਦਿੱਤਾ ਹੈ। ਜ਼ਲ੍ਹਿਆਂ ਵਾਲਾ ਬਾਗ ਵਰਗੇ ਹੱਤਿਆ ਕਾਂਡ ਤੇ ਜਰਨਲ ਡਾਇਰ ਵਰਗੀ ਬੇਰਹਿਮੀ ਦੀਆਂ ਦਰਜਨਾਂ ਮਿਸਾਲਾਂ ਭਾਰਤੀ ਫੌਜ ਨੇ ਪਿਛਲੇ ਦਹਾਕਿਆਂ ਵਿੱਚ ਕਸ਼ਮੀਰ ਤੇ ਉੱਤਰ ਪੂਰਬੀ ਰਾਜਾਂ 'ਚ ਕਾਇਮ ਕਰ ਦਿੱਤੀ ਹੈ। ਇਹ ਕਾਲਾ ਕਨੂੰਨ ਪੂਰੀ ਤਰਾਂ ਖ਼ਤਮ ਹੋਣਾ ਚਾਹੀਦਾ ਹੈ। ਇਸ 'ਚ ਸੁਧਾਰ ਜਾਂ ਇਸ ਦਾ ਨਾਂ ਬਦਲਣ ਨਾਲ ਕੋਈ ਫਰਕ ਨਹੀਂ ਪੈਣਾ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਦੀ ਇਸ ਕਾਰਵਾਈ ਦਾ ਤਿਖਾ ਵਿਰੋਧ ਹੋਣਾ ਚਾਹੀਦੈ।

ਸੰਵਿਧਾਨ 'ਚ ਲਿਖੇ ਮੂਲ ਅਧਿਕਾਰਾਂ ਨੂੰ ਨਸ਼ਟ ਕਰਨ ਵਾਲਾ ਇਹ ਕਨੂੰਨ ਗੈਰ-ਸੰਵਿਧਾਨਕ ਹੋਣ ਦੇ ਨਾਲ-ਨਾਲ ਸੰਸਾਰਕ ਪੱਧਰ ਤੇ ਮੰਨ ਗਏ ਮਨੁੱਖੀ ਅਧਿਕਾਰਾਂ ਦੀ ਵੀ ਘੋਰ ਉਲੰਘਣਾ ਹੈ। ਭਾਰਤੀ ਫੌਜ ਦੇ ਮੁਖੀ ਤੋਂ ਨਹੀਂ ਇਹਨਾਂ ਸੂਬਿਆਂ ਦੇ ਲੋਕਾਂ ਤੋਂ ਪੁੱਛਣ ਦੀ ਨੈਤਿਕ ਜੁਰਤ ਕਰਨੀ ਚਾਹੀਦੀ ਹੈ ਕਿ ਇਸ ਕਨੂੰਨ ਦਾ ਕੀ ਕੀਤਾ ਜਾਣਾ ਚਾਹੀਦਾ ਹੈ। ਸਚਾਈ ਤਾਂ ਇਹੀ ਹੈ ਕਿ ਭਾਰਤ ਸਰਕਾਰ ਭਾਰਤੀ ਫੌਜ ਦੇ ਮੁੱਖੀ ਵਾਗੂੰ ਇਸ ਕਨੂੰਨ ਨੂੰ ਜਿਉਂ ਦਾ ਤਿਉਂ ਬਣਾ ਕੇ ਰੱਖਣਾ ਚਾਹੀਦਾ ਹੈ ਅਤੇ ਜਿਸ ਦਿਸ਼ਾ 'ਚ ਭਾਰਤ ਦੀ ਹਾਕਮ ਜਮਾਤ ਵਧ ਰਹੀ ਹੈ, ਉਸ ਨੂੰ ਅਜਿਹੇ ਕਾਲੇ ਕਨੂੰਨਾ ਦੀ ਲੋੜ ਪਹਿਲਾਂ ਨਾਲੋਂ ਵੀ ਵੱਧ ਮਹਿਸੂਸ ਹੋ ਰਹੀ ਹੈ। ਲਾਠੀ-ਡੰਡਾ, ਜੇਹਲ-ਗੋਲੀ ਇਹੀ ਕੁਝ ਹੀ ਭਾਰਤ ਦੀ ਹਾਕਮ ਜਮਾਤ ਪਾਸ ਮੇਹਨਤਕਸ਼ ਲੋਕਾਂ ਨੂੰ ਦੇਣ ਲਈ ਹੈ। ਜਾਹਿਰ ਹੈ ਕਿ ਇਸ ਦਾ ਜੁਆਬ ਲੋਕ ਵੈਸੇ ਹੀ ਦੇ ਸਕਦੇ ਹਨ। ਜਿਵੇਂ ਕਸ਼ਮੀਰ ਆਦਿ ਸੂਬਿਆਂ 'ਚ ਘੱਟ ਜਾਂ ਵੱਧ ਰੂਪ 'ਚ ਦੇ ਰਹੀ ਹੈ। ਦੇਰ ਸਵੇਰ ਭਾਰਤੀ ਹਾਕਮ ਇਸ ਹਸ਼ਰ ਨੂੰ ਪ੍ਰਾਪਤ ਹੋਣਗੇ ਜਿਹੜਾ ਹਸ਼ਰ ਬ੍ਰਿਟਿਸ਼ ਸਾਮਰਾਜੀਆਂ ਦਾ ਹੋਇਆ ਸੀ।

# ਪੈਟ੍ਰੋਲੀਅਮ ਪਦਾਰਥਾਂ ਦੇ ਮੁੱਲਾਂ 'ਚ ਵਾਧਾ ਗਲਤ ਕਿਵੇਂ?

ਕੇਂਦਰ ਸਰਕਾਰ ਨੇ ਇਸ ਸਾਲ 'ਚ ਤੀਜੀ ਵਾਰੀ ਪੈਟ੍ਰੋਲੀਅਮ ਪਦਾਰਥਾਂ ਦੀਆਂ ਕੀਮਤਾਂ 'ਚ ਭਾਰੀ ਵਾਧਾ ਕੀਤਾ ਹੈ। ਇਸ ਮਹਿੰਗਾਈ ਦੀ ਨਵੀਂ ਕਿਸ਼ਤ ਨਾਲ ਮਹਿੰਗਾਈ ਕਾਰਨ ਝੁਕੀ ਗਰੀਬਾਂ ਦੀ ਕਮਰ 'ਚ ਇਕ ਲੱਤ ਹੋਰ ਮਾਰ ਦਿੱਤੀ ਗਈ ਹੈ। ਪੈਟ੍ਰੋਲ 'ਚ 3.50, ਡੀਜ਼ਲ 'ਚ 2, ਮਿੱਟੀ ਦੇ ਤੇਲ 'ਚ ਤਿੰਨ ਅਤੇ ਰਸੋਈ ਗੈਸ ਦੇ ਸਿਲੰਡਰ 'ਚ 35 ਰੁਪਏ ਦਾ ਭਾਰੀ ਵਾਧਾ। ਇਸ ਨਾਲ ਮਹਿੰਗਾਈ ਹੋਰ ਵਧੇਗੀ। ਬਸਾਂ, ਰੇਲਗੱਡੀ, ਖਾਣ ਪੀਣ, ਢੋਆ-ਢੁਆਈ ਆਦਿ ਸਭ ਚੀਜਾਂ 'ਤੇ ਇਸ ਦਾ ਅਸਰ ਵਿਖਾਈ ਦੇਵੇਗਾ। ਸਰਕਾਰ ਵਲੋਂ ਵਧਾਈਆਂ ਇਹਨਾਂ ਕੀਮਤਾਂ ਵਿੱਚ ਇਕ ਖਾਸ ਗੱਲ ਹੈ ਜੋ ਹੁਣ ਤੱਕ ਦੇ ਮੁੱਲ ਵਾਧਿਆਂ ਦੇ ਇੱਕ ਪੜਾਅ ਦਾ ਪੂਰਾ ਹੋਣ ਦਾ ਸੂਚਕ ਹੈ। ਇਹ ਖਾਸ ਗੱਲ ਹੈ ਪੈਟ੍ਰੋਲੀਅਮ ਕੀਮਤਾਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਨ ਦਾ ਫੈਸਲਾ, ਇਕ ਮਹੱਤਵਪੂਰਨ ਨੀਤੀਗਤ ਫੈਸਲਾ ਹੈ। ਇਸ ਫੈਸਲੇ ਦੇ ਤਹਿਤ ਦੇਸ਼ 'ਚ ਪੈਟ੍ਰੋਲ ਦੀ ਕੀ ਕੀਮਤ ਰੱਖੀ ਜਾਵੇ, ਕੀ ਨਾ ਰੱਖੀ ਜਾਵੇ, ਇਸ ਦਾ ਫੈਸਲਾ ਹੁਣ ਸਰਕਾਰ ਨਹੀਂ ਕਰੇਗੀ। ਹੁਣ ਇਸ ਦਾ ਫੈਸਲਾ ਮੁਨਾਫਾਖੋਰ ਤੇਲ ਕੰਪਨੀਆਂ ਕਰਨਗੀਆਂ। ਇਸ ਫੈਸਲੇ ਪਿਛੋਂ ਕੰਪਨੀਆਂ ਪਹਿਲਾਂ ਪੈਟਰੋਲ ਬਾਅਦ 'ਚ ਹੋਰ ਪਦਾਰਥਾਂ ਦੇ ਰੇਟਾਂ ਦਾ ਨਿਰਧਾਰਣ ਕੌਮਾਂਤਰੀ ਪੱਧਰ 'ਤੇ ਕੱਚੇ ਮਾਲ ਦੀਆਂ ਕੀਮਤਾਂ ਦੇ ਘਟਣ-ਵਧਣ ਨਾਲ ਤਹਿ ਕਰਨਗੀਆਂ। ਅਸਲ 'ਚ ਇਹ ਕੰਪਨੀਆਂ ਮੁੱਲ ਤਹਿ ਕਰਨ ਦਾ ਅਮਲ ਆਪਣੇ ਮੁਨਾਫੇ ਨੂੰ ਧਿਆਨ 'ਚ ਰੱਖ ਕੇ ਕਰਨਗੀਆਂ ਅਤੇ ਇਹਨਾਂ ਅਖੌਤੀ ਜਨਤਕ ਖੇਤਰ (ਪਬਲਿਕ ਸੈਕਟਰ) ਦੀਆਂ ਕੰਪਨੀਆਂ ਦੇ ਧਿਆਨ 'ਚ ਕਦੀ ਵੀ ਜਨਤਾ (ਪਬਲਿਕ) ਨਹੀਂ ਰਹੀ ਹੈ। 'ਪਬਲਿਕ' ਸੈਕਟਰ ਦਾ ਕੰਮ ਪੂੰਜੀਪਤੀਆਂ ਦੀ ਸੇਵਾ ਕਰਨਾ ਪਹਿਲਾਂ ਵੀ ਸੀ ਅਤੇ ਹੁਣ ਉਹ ਸ਼ਰੇਆਮ ਬੇਸ਼ਰਮ ਹੋ ਕੇ ਕਰਨਗੀਆਂ। ਤੇਲ ਕੰਪਨੀਆਂ ਆਪਣੇ ਘਾਟੇ ਦਾ ਰੋਣਾ ਰੋਂਦਿਆਂ ਸਰਕਾਰ ਤੋਂ ਕੀਮਤਾਂ ਵਧਾਉਣ ਤੇ ਰੇਟਾਂ ਨੂੰ ਤਹਿ ਕਰਨ 'ਚ ਸਰਕਾਰੀ ਕੰਟਰੋਲ ਖਤਮ ਕਰਨ ਦੀਆਂ ਗੱਲਾਂ ਕਰਦੀਆਂ ਰਹੀਆਂ ਹਨ। ਸਰਕਾਰ ਜਨਤਾ ਅਤੇ ਹੋਰ ਦਬਾਅ ਨੂੰ ਧਿਆਨ 'ਚ ਰੱਖਦਿਆਂ ਹੌਲੀ-ਹੌਲੀ ਕਦਮ ਸਾਰੀ ਕੰਟਰੋਲ ਮੁਕਤ ਵੱਲ ਵਧਾ ਰਹੀ ਸੀ। ਸਰਕਾਰ ਨੇ ਇਸ ਦੀ ਸ਼ੁਰੂਆਤ ਪੈਟਰੋਲ ਤੋਂ ਕੀਤੀ ਹੈ। ਅਜੇ ਡੀਜ਼ਲ, ਰਸੋਈ ਗੈਸ, ਮਿੱਟੀ ਦੇ ਤੇਲ ਦੀ ਵਾਰੀ ਹੈ। ਉਹਨਾਂ ਨੂੰ ਵੀ ਸਰਕਾਰੀ ਕੰਟਰੋਲ ਤੋਂ ਅਜ਼ਾਦ ਕਰਕੇ ਬਾਜ਼ਾਰ ਦੀਆਂ ਸ਼ਕਤੀਆਂ ਦੇ ਹਵਾਲੇ ਕਰਕੇ ਸਰਕਾਰੀ-ਗੈਰ ਸਰਕਾਰੀ ਕੰਪਨੀਆਂ ਨੂੰ ਲੁੱਟ ਦੀ ਖੁੱਲ੍ਹੀ ਛੋਟ ਦੇਣਾ ਚਾਹੁੰਦੀ ਹੈ। ਤੇਲ ਖੇਤਰ 'ਚ ਸਰਗਰਮ ਨਿਜੀ ਕੰਪਨੀਆਂ ਦਾ ਦਬਾਅ ਸਰਕਾਰੀ ਖੇਤਰ ਦੀਆਂ ਕੰਪਨੀਆਂ ਤੋਂ ਵੱਧ ਇਸ ਗੱਲ ਕਰਕੇ ਸੀ ਕਿ 'ਬਾਜ਼ਾਰ ਦੀਆਂ ਸ਼ਕਤੀਆਂ' ਨੂੰ ਹੀ ਤੇਲ ਦੇ ਭਾਅ ਤਹਿ ਕਰਨ ਦੇਣੇ ਚਾਹੀਦੇ ਹਨ। ਸਰਕਾਰ ਵਲੋਂ ਪੈਟਰੋਲੀਅਮ ਪਦਾਰਥਾਂ ਦੇ ਰੇਟਾਂ ਨੂੰ ਸਰਕਾਰੀ ਕੰਟਰੋਲ ਤੋਂ ਆਜ਼ਾਦ ਕਰਨ ਦਾ ਮਤਲਬ ਅਰਥਚਾਰੇ 'ਚ ਸਰਕਾਰੀ ਦਖ਼ਲ ਅੰਦਾਜ਼ੀ ਨੂੰ ਘੱਟ ਤੋਂ ਘੱਟ ਕਰਨਾ ਹੈ। ਸਹੀ ਤੌਰ 'ਤੇ ਕਹੀਏ

ਤਾਂ ਤੇਲ ਕੰਪਨੀਆਂ ਨੂੰ ਲੋਕਾਂ ਨੂੰ ਖੁਲ੍ਹੇਆਮ ਬੇਤਹਾਸ਼ਾ ਲੁੱਟ 'ਚ ਸਰਕਾਰੀ ਅੜਿੱਕਾ ਖਤਮ ਕਰਨਾ ਹੈ। ਇਸ ਲੁੱਟ ਨੂੰ ਪਹਿਲਾਂ ਸਰਕਾਰ ਕੰਟਰੋਲ ਦੇ ਤਰੀਕੇ ਨਾਲ ਕਰਵਾਉਂਦੀ ਸੀ। ਹੁਣ ਲੁੱਟ ਬੇਲਗਾਮ ਹੋਵੇਗੀ। ਸਰਕਾਰ ਨੇ ਇਸ ਫੈਸਲੇ ਨਾਲ ਜਿਥੇ ਇਕ ਪਾਸੇ ਮੇਹਨਤਕਸ਼ ਲੋਕਾਂ ਦੇ ਚਿਹਰਿਆਂ 'ਤੇ ਉਦਾਸੀ ਤੇ ਗੁੱਸਾ ਝਲਕਦਾ ਹੈ, ਉਥੇ ਦੂਜੇ ਪਾਸੇ ਤੇਲ ਕੰਪਨੀਆਂ, ਸ਼ੇਅਰ ਬਾਜ਼ਾਰ 'ਚ ਉਤਸ਼ਾਹ (ਸ਼ੇਅਰ ਮਾਰਕਿਟ 10 ਫੀਸਦੀ ਤੋਂ ਵੱਧ ਵਧੀ) ਤੇ ਖੁਸ਼ੀ ਦਾ ਮਹੌਲ ਹੈ। ਇਸ ਮੁੱਲ ਵਾਧੇ ਦੀਆਂ ਸਿਫਾਰਸਾਂ ਕਰਨ ਵਾਲੀ ਸੰਮਤੀ ਦੇ ਮੁਖੀ ਕਰੀਟ ਪਾਰੇਖ ਦਾ ਚਿਹਰਾ ਵੀ ਖਿੜ ਗਿਆ ਹੈ। ਇਸ ਖਿੜੇ ਹੋਏ ਚਿਹਰੇ ਦੇ ਮੂੰਹ ਤੋਂ ਬਸ ਇਕ ਹੀ ਗੱਲ ਨਿਕਲ ਰਹੀ ਹੈ - ਮੁਨਾਫਾ ਹੀ ਮੁਨਾਫਾ। ਇਸ ਲਈ ਤੇਲ ਕੰਪਨੀਆਂ ਹੁਣ ਮੰਗ ਕਰ ਰਹੀਆਂ ਹਨ ਕਿ ਡੀਜ਼ਲ ਨੂੰ ਵੀ ਹੁਣ ਸਰਕਾਰੀ ਕੰਟਰੋਲ ਤੋਂ ਆਜ਼ਾਦ ਕੀਤਾ ਜਾਵੇ। ਜੋ ਕਿ ਪਾਰੇਖ ਦੀਆਂ ਸਿਫਾਰਸ਼ 'ਚ ਵੀ ਸਪਸ਼ਟ ਦਰਜ ਹੈ। ਸਰਕਾਰ ਨੇ ਇਸ ਮੁੱਲ ਵਾਧੇ ਨੂੰ ਮਜ਼ਬੂਰੀ ਦਾ ਨਾਂ ਦਿੱਤਾ ਤਾਂ ਲਗਭਗ ਸਾਰੀਆਂ ਹੀ ਵਿਰੋਧੀ ਅਤੇ ਸਰਕਾਰ ਨੂੰ ਹਮਾਇਤ ਦੇਣ ਵਾਲੀਆਂ ਪਾਰਟੀਆਂ ਨੇ ਇਸ ਮੁੱਲ ਵਾਧੇ ਨੂੰ ਨਜਾਇਜ਼ ਤੇ ਗਲਤ ਕਰਾਰ ਦਿੰਦਿਆਂ ਬਿਆਨ ਜਾਰੀ ਕੀਤੇ। ਸਭ ਨੇ ਦੋ-ਦੋ ਮਗਰਮੱਛ ਵਾਲੇ ਹੰਝੂ ਮੁੱਲ ਵਾਧੇ 'ਤੇ ਸੁੱਟ ਦਿੱਤੇ। ਇਸ ਤੋਂ ਵੱਧ ਇਹਨਾਂ ਫਰਜੀ ਲੋਕ-ਨੁਮਾਇੰਦਿਆਂ ਤੋਂ ਉਮੀਦ ਕਰਨੀ ਵੀ ਬੇਮਾਨੀ ਹੋਵੇਗੀ। ਜੇ ਇਹ ਗਰੀਬਾਂ ਦੇ ਸੱਚੇ ਹਮਦਰਦ ਹੁੰਦੇ, ਇਸ ਮੁੱਲ ਵਾਧੇ ਦੇ ਸੱਚੇ ਵਿਰੋਧੀ ਹੁੰਦੇ ਤਾਂ ਇਨੀ ਵੱਡੀ ਵਿਰੋਧੀ ਧਿਰ (ਹਾਕਮ ਧਿਰ ਦੇ ਅੰਦਰਲੀ ਵਿਰੋਧੀ ਧਿਰ) ਸਰਕਾਰ ਨੂੰ ਇਸ ਜਨ ਵਿਰੋਧੀ ਫੈਸਲਾ ਲੈਣ ਤੋਂ ਲਾਜਮੀ ਹੀ ਰੋਕ ਦਿੰਦਾ।

ਪੈਟਰੋਲੀਅਮ ਪਦਾਰਥਾਂ ਨੂੰ ਪੂਰੀ ਤਰਾਂ ਬਾਜ਼ਾਰ ਦੀਆਂ ਸ਼ਕਤੀਆਂ ਦੇ ਹਵਾਲੇ ਕਰਨਾ, ਸਭ ਪਾਰਟੀਆਂ ਇਸ ਵਾਧੇ ਨਾਲ ਨੀਤੀਗਤ ਤੌਰ 'ਤੇ ਸਹਿਮਤ ਹਨ। ਇਸ ਲਈ ਦੇਸ਼ ਦੀਆਂ ਸਾਰੀਆਂ ਛੋਟੀਆਂ-ਵੱਡੀਆਂ ਪਾਰਲੀਮਾਨੀ ਪਾਰਟੀਆਂ ਰਸਮੀ ਵਿਰੋਧ ਕਰਦਿਆਂ ਮਜ਼ਬੂਰੀ ਵੱਸ ਇਸ ਅਮਲ ਦੇ ਨਾਲ ਖੜ੍ਹੀਆਂ ਹਨ। ਪੈਟਰੋਲੀਅਮ ਪਦਾਰਥਾਂ 'ਚ ਮੁੱਲ ਵਾਧਾ ਕਰਦਿਆਂ ਸਰਕਾਰ ਬਚਕਾਨਾ ਦਲੀਲਾਂ ਦੇ ਕੇ ਲੋਕਾਂ ਨੂੰ ਮੂਰਖ ਬਣਾਉਣ ਦਾ ਕੰਮ ਕਰ ਰਹੀ ਹੈ। ਸਰਕਾਰ ਦਲੀਲ ਦੇ ਰਹੀ ਹੈ ਕਿ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੇ ਰੇਟ ਬਹੁਤ ਵੱਧ ਗਏ ਹਨ। ਜਿਸ ਕਾਰਨ ਕੰਪਨੀਆਂ ਨੂੰ ਭਾਰੀ ਘਾਟਾ ਪੈ ਰਿਹਾ ਹੈ। ਸਰਕਾਰ ਨੂੰ ਬਹੁਤ ਜਿਆਦਾ ਸਬਸਿਡੀ ਦੇਣੀ ਪੈ ਰਹੀ ਹੈ। ਜਿਸ ਕਾਰਨ ਰਾਜਕੋਸ਼ ਘਾਟਾ ਬਹੁਤ ਵੱਧ ਗਿਆ ਹੈ। ਇਹਨਾਂ ਸਾਰੇ ਕਾਰਨਾਂ ਕਰਕੇ ਕੋਈ ਹੋਰ ਚਾਰਾ ਹੀ ਨਹੀਂ ਰਹਿ ਗਿਆ। ਸਰਕਾਰ ਦੀਆਂ ਦਲੀਲਾਂ ਤੱਥਾਂ 'ਤੇ ਵਿਹਾਰਕ ਪੱਖੋਂ ਥੋਥੀਆਂ, ਹਾਸੋਹੀਣੀਆਂ ਤੇ ਬੇਵਕੂਫ ਬਣਾਉਣ ਵਾਲੀਆਂ ਹਨ। ਵਿਹਾਰਕ ਨਜ਼ਰੀਏ ਤੋਂ ਵੇਖੀਏ ਤਾਂ ਜਦ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀ ਕੀਮਤ ਵਧਦੀ ਹੈ ਤਾਂ ਮੁੱਲ ਵਧਾ ਦਿੱਤੇ ਜਾਂਦੇ ਹਨ ਅਤੇ ਜਦ ਕੀਮਤਾਂ ਘੱਟ ਹੁੰਦੀਆਂ ਹਨ ਤਾਂ ਘਰੇਲੂ ਬਾਜ਼ਾਰ 'ਚ ਕੀਮਤਾਂ ਘੱਟ ਨਹੀਂ ਕੀਤੀਆਂ ਜਾਂਦੀਆਂ। ਜਿਸ ਘਾਟੇ ਦਾ ਰੋਣਾ ਤੇਲ ਕੰਪਨੀਆਂ ਤੇ ਸਰਕਾਰ ਰੋ ਰਹੀ ਹੈ ਉਹ ਘਾਟਾ ਮੁਨਾਫੇ 'ਚ ਥੋੜੀ ਬਹੁਤ ਕਮੀ ਨੂੰ ਘਾਟਾ ਕਿਹਾ ਜਾ ਰਿਹਾ ਹੈ। ਇਸ 'ਘਾਟੇ' ਦੇ ਬਾਵਜੂਦ ਤੇਲ ਕੰਪਨੀਆਂ ਅਜੇ ਵੀ ਬੇਹਿਸਾਬ ਮੁਨਾਫਾ ਕਮਾ ਰਹੀਆਂ ਹਨ। ਓ. ਐਨ. ਜੀ. ਸੀ. (ONGC) ਓ ਆਈ ਐਲ (OIL) ਤੇ ਗੇਲ ਦਾ 2007-08 'ਚ ਮੁਨਾਫਾ ਕ੍ਰਮਵਾਰ (ਕਰੋੜਾਂ ਵਿੱਚ)

16702, 1789 ਅਤੇ 2601 ਸੀ। ਉਹੀ ਇਹਨਾਂ ਦਾ 2008-09 ’ਚ ਮੁਨਾਫਾ 16126, 2162 ਅਤੇ 2804 ਸੀ। ਉਪਰੋਕਿਤ ਅੰਕੜਿਆਂ ਤੋਂ ਸਪਸ਼ਟ ਹੈ ਕਿ ਤੇਲ ਖਤਰੇ ਦੀਆਂ ਇਹਨਾਂ ਵੱਡੀਆਂ ਕੰਪਨੀਆਂ ਵਿਚੋਂ ਕੁਝ ਦਾ ਮੁਨਾਫਾ ਨਾ ਮਾਤਰ ਹੀ ਘਟਿਆ, ਕਈ ਕੰਪਨੀਆਂ ਦੇ ਮੁਨਾਫੇ ਵਿਚ ਤਾਂ ਵਾਧਾ ਵੀ ਹੋਇਆ ਹੈ। ਇਹਨਾਂ ਸਰਕਾਰੀ ਅੰਕੜਿਆਂ ਦੇ ਬਾਵਜੂਦ ਸਰਕਾਰ ਤੇ ਇਹ ਕੰਪਨੀਆਂ ਘਾਟੇ ਦਾ ਰੋਣਾ ਰੋਂਦੀਆਂ ਹਨ। ਇਹ ਮੁਨਾਫੇ ’ਚ ਕਮੀ ਨੂੰ ਘਾਟਾ ਕਹਿ ਕੇ ਪ੍ਰਚਾਰ ਕਰਕੇ ਮੁੱਲਾਂ ਦੇ ਵਾਧੇ ਦਾ ਬਹਾਨਾ ਬਣਾਉਂਦੀਆਂ ਹਨ। ਦੇਸ਼ ਦੀਆਂ ਸਭ ਛੋਟੀਆਂ ਵੱਡੀਆਂ ਪਾਰਟੀਆਂ ਦੇਸ਼ੀ-ਵਿਦੇਸ਼ੀ ਕੰਪਨੀਆਂ ਦੇ ਮੁਨਾਫੇ ਕਿਵੇਂ ਵੱਧ ਤੋਂ ਵੱਧ ਵਧਣ ਇਸੇ ਕੋਸ਼ਿਸ਼ ’ਚ ਹਰ ਵਕਤ ਲੱਗੀਆਂ ਰਹਿੰਦੀਆਂ ਹਨ। ਇਸ ਲਈ ਵਾਕਿਆ ਹੀ ਇਹਨਾਂ ਕੋਲ ਮੁਨਾਫੇ ਲਈ ਕੀਮਤਾਂ ਵਧਾਉਣ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਹੈ। ਦੇਸ਼ ਦੇ ਗਰੀਬ-ਮੇਹਨਤਕਸ਼ ਲੋਕਾਂ ਕੋਲ ਮਹਿੰਗਾਈ ਖਤਮ ਕਰਨ ਲਈ ਇਸ ਪੂਰੇ ਨਿਜ਼ਾਮ ਨੂੰ ਤਹਿਸ ਨਹਿਸ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ ਹੈ। ਦੂਜੀ ਗੱਲ ਵੀ ਏਨੀ ਹੀ ਸੱਚ ਹੈ ਜਿੰਨੀ ਕਿ ਪਹਿਲੀ।

# ਨਵੀਆਂ ਆਰਥਕ ਨੀਤੀਆਂ ਅਤੇ ਪੋਸਕੋ ਕਿਵੇਂ ਗਲਤ?

ਉੜੀਸਾ ਦੇ ਜਗਤ ਸਿੰਘ ਪੁਰਾ ਜਿਲੇ ਦੇ ਦੱਖਣੀ ਕੋਰੀਆ ਦੀ ਕੰਪਨੀ ਪੀ ਯੂ ਐਸ ਸੀ ਓ (ਪੋਹਾਂਗ ਸਟੀਲ ਕੰਪਨੀ ਲਿਮ-ਪੋਲਕੋ) ਖਿਲਾਫ ਉਥੋਂ ਦੇ ਆਦੀਵਾਸੀ ਲੋਕਾਂ ਦੀ ਬਗਾਵਤ ਲਗਾਤਾਰ ਜੋਰ ਫੜਦੀ ਜਾ ਰਹੀ ਹੈ। 15 ਮਈ ਨੂੰ ਪਲਸ ਨੇ ਸ਼ਾਂਤੀ ਪੂਰਵਕ ਮੁਜਾਹਰਾ ਕਰ ਰਹੇ ਲੋਕਾਂ 'ਤੇ ਜਮ ਕੇ ਲਾਠੀਚਾਰਜ ਕੀਤਾ। ਜਿਨਾਂ 'ਚ ਜ਼ਿਆਦਾਤਰ ਅੱਧਖੜ ਔਰਤਾਂ ਤੇ ਬੱਚੇ ਸ਼ਾਮਲ ਸਨ ਅਤੇ ਉਹਨਾਂ ਦੇ ਤੰਬੂਆਂ ਨੂੰ ਅੱਗ ਲਾ ਦਿੱਤੀ ਅਤੇ ਭਾਰਤੀ ਪੁਲਸ ਇਕ ਵਾਰ ਫਿਰ ਪੂੰਜੀਪਤੀਆਂ ਦੇ ਇਸ਼ਾਰਿਆਂ 'ਤੇ ਨੱਚਦੀ ਨਜ਼ਰ ਆਈ। ਸੰਨ 1991 'ਚ ਜਾਰੀ ਕੀਤੀਆਂ ਨਵੀਆਂ ਆਰਥਕ ਨੀਤੀਆਂ ਦੇ ਨਾਲ ਪੂਰੇ ਦੇਸ਼ ਦੀ ਮਜ਼ਦੂਰ-ਮੇਹਨਤਕਸ਼ ਜਨਤਾ ਦੀ ਕਿਸਮਤ ਤਹਿ ਹੋ ਗਈ ਕਿ ਦੇਸ਼ 'ਚ 'ਵਿਕਾਸ' 'ਚ ਉਹਨਾਂ ਨੂੰ ਰੋੜਾ ਨਹੀਂ ਬਣਨ ਦਿੱਤਾ ਜਾਵੇਗਾ। ਜੇ ਉਹ ਰਾਹ 'ਚ ਆਉਣਗੇ ਤਾਂ ਉਹਨਾਂ ਨੂੰ ਕਿਸੇ ਵੀ ਕੀਮਤ 'ਤੇ ਹਟਾਇਆ ਜਾਵੇਗਾ। 'ਅਜ਼ਾਦੀ' ਦੇ ਬਾਅਦ ਤੋਂ ਵੱਡੇ ਵੱਡੇ ਬੰਨਾਂ ਦਾ ਬਣਨਾ ਹੋਵੇ ਜਾਂ ਖਾਨਾਂ ਤੋਂ ਖਣਿਜ ਕੱਢਣ ਦਾ ਮਾਮਲਾ ਹੋਵੇ, ਵੱਡੀਆਂ-ਵੱਡੀਆਂ ਫੈਕਟਰੀਆਂ (ਨਿਜੀ ਜਾਂ ਸਰਕਾਰੀ) ਹੋਣ, ਹਮੇਸ਼ਾਂ ਇਸ ਵਿਕਾਸ ਦੀ ਕੀਮਤ ਗਰੀਬ ਲੋਕ ਹੀ ਚਕਾਉਂਦੇ ਰਹੇ ਹਨ ਅਤੇ 1991 ਤੋਂ ਬਾਅਦ ਤੋਂ ਤਾਂ ਇਹ ਅਮਲ ਹੋਰ ਵੀ ਤੇਜ ਹੋ ਗਿਆ ਹੈ। ਉੜੀਸਾ ਦੇ ਕਲਿੰਗਰ ਨਗਰ ਦੇ ਜਗਤ ਸਿੰਘ ਪੁਰਾ ਵਿੱਚ ਅੱਜ ਜੋ ਹੋ ਰਿਹਾ ਹੈ ਉਹ ਸਰਕਾਰ ਦੀਆਂ ਇਿਹਨਾਂ ਨੀਤੀਆਂ ਦਾ ਹੀ ਹਿੱਸਾ ਹੈ। 5 ਦਸੰਬਰ 2004 ਨੂੰ ਉੜੀਸਾ ਟੀ. ਵੀ. ਨਿਊਜ ਨੂੰ ਦਿੱਤੇ ਗਏ ਆਪਣੇ ਇਕ ਭਾਸ਼ਣ ਦੌਰਾਨ ਨਵੀਨ ਪਟਨਾਇਕ ਜੋ ਉੜੀਸਾ ਦੇ ਮੁੱਖ ਮੰਤਰੀ ਹਨ, ਨੇ ਕਿਹਾ ਸੀ ਕਿਸੇ ਨੂੰ ਵੀ ਮੈਂ ਕਹਿੰਦਾ ਹਾਂ, ਕਿਸੇ ਨੂੰ ਵੀ ਉੜੀਸਾ ਦੇ ਸਨਅਤੀਕਰਨ ਦੇ ਰਸਤੇ ਵਿਚ ਨਹੀਂ ਆਉਣ ਦਿੱਤਾ ਜਾਵੇਗਾ ਅਤੇ ਅੱਜ ਉਹ ਆਪਣੀ ਗੱਲ 'ਤੇ ਬਜਿਦ ਹਨ। ਉਹਨਾਂ ਦਾ ਪ੍ਰਸ਼ਾਸ਼ਨ ਉਹਨਾਂ ਦੇ ਕਹੇ ਹੋਏ ਸ਼ਬਦਾਂ ਨੂੰ ਸਹੀ ਸਾਬਤ ਕਰਨ ਲਈ ਔਰਤਾਂ ਅਤੇ ਬੱਚਿਆਂ ਨੂੰ ਮਾਰਿਆ ਕੁੱਟਿਆ ਜਾ ਰਿਹਾ ਹੈ। ਇਸ ਤਰਾਂ ਨਿਰਦੋਸ਼ ਲੋਕਾਂ ਦੇ ਖ਼ੂਨ ਨਾਲ ਹੱਥ ਰੰਗੇ ਜਾ ਰਹੇ ਹਨ। ਦਰਅਸਲ ਉੜੀਸਾ ਇਕ ਅਜਿਹਾ ਸੂਬਾ ਹੈ ਜੋ ਖਣਿਜ ਪਦਾਰਥਾਂ ਮੈਗਨੀਜ਼, ਲੋਹਾ, ਕੋਲਾ, ਨਿਕਿਲ, ਯੁਰੇਨੀਅਮ, ਅਲੂਮੀਨੀਅਮ ਆਦਿ ਨਾਲ ਭਰਿਆ ਪਿਆ ਹੈ। ਨਾਲ ਹੀ ਇਹ ਸਭ ਤੋਂ ਗਰੀਬ ਰਾਜਾਂ ਵਿਚੋਂ ਹੈ। ਇਥੋਂ ਅਕਸਰ ਭੁੱਖ ਨਾਲ ਲੋਕਾਂ ਦੇ ਮਰਨ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਇਹੀ ਦੋਨੋਂ ਚੀਜ਼ਾਂ ਖੁਦਾਈ ਕਰਨ ਵਾਲੀਆਂ ਕੰਪਨੀਆਂ ਨੂੰ ਉੜੀਸਾ ਦੀ ਤਰਫ ਰੁਖ ਕਰਨ ਨੂੰ ਲਲਚਾਉਂਦੀਆਂ ਹਨ। ਇਕ ਤਾਂ ਖਣਿਜ ਪਦਾਰਥ ਅਤੇ ਦੂਜਾ ਸਸਤੀ ਮਜ਼ਦੂਰੀ (ਕਿਉਂਕਿ ਭੁੱਖੇ ਨੰਗੇ ਲੋਕਾਂ ਨੂੰ ਤੁਸੀਂ ਘੱਟ ਮਜ਼ਦੂਰੀ ਕਰਨ ਨੂੰ ਤਿਆਰ ਕਰ ਸਕਦੇ ਹੋ) ਉੜੀਸਾ ਸਰਕਾਰ ਲਗਭਗ 4 ਲੱਖ ਕਰੋੜ ਦੇ ਸਮਝੌਤੇ 2007 ਤਕ ਕਰ ਚੁੱਕੀ ਹੈ। ਜਿਸ ਵਿਚ ਇਕ ਕੰਪਨੀ ਪੋਸਕੋ ਹੈ ਜਿਸ ਦੇ ਨਾਲ ਉਹਨਾਂ ਨੇ 52000 ਕਰੋੜ ਦਾ ਸਟੀਲ ਪਲਾਂਟ ਲਾਉਣ ਦਾ ਸਮਝੌਤਾ ਕੀਤਾ ਹੋਇਆ ਹੈ। ਇਹ ਸਮਝੌਤਾ 2005 'ਚ ਹੋਇਆ ਸੀ। ਇਹ ਉਸ ਸਮੇਂ ਤਕ ਦਾ ਸਭ ਤੋਂ ਵੱਡਾ ਵਿਦੇਸ਼ੀ ਸਮਝੌਤਾ (ਵਿਦੇਸ਼ੀ ਨਿਵੇਸ਼) ਸੀ

ਅਤੇ ਅੱਜ ਉਸ ਕੰਪਨੀ ਨੂੰ ਉੜੀਸਾ ਸਰਕਾਰ ਜਮੀਨ ਦਿਵਾਉਣ ਲਈ ਸਾਲਾਂ ਤੋਂ ਰਹਿ ਰਹੇ ਲੋਕਾਂ ਨੂੰ ਜਬਰਦਸਤੀ ਉਥੋਂ ਉਜਾੜ ਰਹੀ ਹੈ। ਪਰ ਲੋਕ 'ਪੋਸਕੋ ਪ੍ਰਤੀਰੋਧ ਸੰਘਰਸ਼ ਸੰਮਤੀ' ਬਣਾ ਕੇ ਆਪਣਾ ਵਿਰੋਧ ਪ੍ਰਗਟ ਕਰ ਰਹੀ ਹੈ। ਅਜਿਹਾ ਬਿਲਕੁਲ ਵੀ ਨਹੀਂ ਹੈ ਕਿ ਉਥੋਂ ਦੇ ਲੋਕ ਇਹਨਾਂ ਫੈਕਟਰੀਆਂ ਨੂੰ ਲਾਉਣ ਦਾ ਸ਼ੁਰੂ ਤੋਂ ਵਿਰੋਧ ਕਰਦੀਆ ਰਹੀ ਹੈ। ਸ਼ੁਰੂਆਤ ਵਿੱਚ ਜਦ 1992-93 ਵਿੱਚ ਇਹਨਾਂ ਕੰਪਨੀਆਂ ਲਈ ਜਮੀਨ ਹਥਿਆਉਣ ਦਾ ਕੰਮ ਸਰਕਾਰ ਨੇ ਸ਼ੁਰੂ ਕੀਤਾ ਤਾਂ ਲੋਕਾਂ ਨੇ ਬਿਨਾ ਸੰਘਰਸ਼ ਆਪਣੀ ਜਮੀਨ ਦੇ ਦਿੱਤੀ ਕਿਉਂਕਿ ਉਦੋਂ ਉਹਨਾਂ ਨੂੰ ਦੱਸਿਆ ਗਿਆ ਸੀ ਕਿ ਉਹਨਾਂ ਨੂੰ ਜਮੀਨ ਦੇ ਮੁਆਵਜੇ ਤੋਂ ਇਲਾਵਾ ਰਹਿਣ ਲਈ 1/10 ਏਕੜ ਜਮੀਨ ਮੁਫਤ ਤੇ ਫੈਕਟਰੀ 'ਚ ਇਕ ਪ੍ਰੀਵਾਰਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇਗੀ। ਪਰ ਪਿਛੋਂ ਜਦ ਇਹਨਾਂ ਫਰਜ਼ੀ ਦਾਅਵਿਆਂ ਦੀ ਪੋਲ ਖੁੱਲ੍ਹੀ ਤਾਂ ਲੋਕਾਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਦੀ ਆਪਣੀ ਸਰਕਾਰ ਨੇ ਉਹਨਾਂ ਨੂੰ ਠੱਗ ਲਿਆ ਹੈ। ਜਿਸ ਜਮੀਨ ਨੂੰ ਉਹਨਾਂ ਨੇ ਬਹੁਤ ਘੱਟ ਰੇਟ (20 ਤੋਂ 30 ਹਜ਼ਾਰ ਰੁਪਏ ਪ੍ਰਤੀ ਏਕੜ) ਦੇ ਹਿਸਾਬ ਨਾਲ ਖਰੀਦਿਆ ਸੀ, ਉਸ ਨੂੰ ਇਹਨਾਂ ਕੰਪਨੀਆਂ ਨੂੰ ਤਿੰਨ ਤੋ ਪੰਜ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦੇ ਰਹੀ ਹੈ ਅਤੇ ਨੌਕਰੀ ਦੇਣ ਦੀ ਗੱਲ ਵੀ ਕੰਪਨੀ ਪ੍ਰਬੰਧਕ ਆਪਣੇ ਹਿਸਾਬ ਨਾਲ ਤਹਿ ਕਰਨਗੇ। ਇਕ ਤਾਂ ਆਪਣੀਆਂ ਜ਼ਮੀਨਾਂ ਤੋਂ ਉਜਾੜਾ ਅਤੇ ਦੂਜੇ ਪਾਸੇ ਰੋਟੀ ਰੋਜ਼ੀ ਦੀ ਕੋਈ ਗਰੰਟੀ ਨਾ ਹੋਣ ਕਰਕੇ ਲੋਕ ਇਹਨਾਂ ਪ੍ਰੋਜੈਕਟ ਵਿਰੁੱਧ ਹੁੰਦੇ ਗਏ। ਇਹਨਾਂ ਪ੍ਰੋਜੈਕਟਾਂ ਕਾਰਨ ਉਥੋਂ ਦੇ ਵਾਤਾਵਰਣ 'ਤੇ ਬੁਰਾ ਅਸਰ ਪੈਣਾ ਤਹਿ ਸੀ ਜਿਸ ਕਾਰਨ ਉਥੋਂ ਦੀਆਂ ਨਦੀਆਂ ਸੁੱਕ ਜਾਣਗੀਆਂ ਤੇ ਜੰਗਲਾਂ ਵਿੱਚ ਰਹਿਣ ਵਾਲੇ ਜਾਨਵਰਾਂ ਦੇ ਨਾਲ-ਨਾਲ ਇਹਨਾਂ ਨਦੀਆਂ ਦੇ ਕਿਨਾਰੇ ਰਹਿ ਰਹੀ ਅਬਾਦੀ ਲਈ ਪਾਣੀ ਦਾ ਭਿਆਨਕ ਸੰਕਟ ਖੜ੍ਹਾ ਹੋ ਜਾਵੇਗਾ। ਸਭ ਤੋਂ ਮਜ਼ੇ ਦੀ ਗੱਲ ਇਹ ਹੈ ਕਿ ਇਹਨਾਂ ਜਮੀਨ ਨੂੰ ਹਥਿਆਉਣ ਲਈ 1894 (ਸ਼ੋਧਿਤ 1984) ਦੇ ਭੂਮੀ ਇਕ ਵਾਇਰ ਦੇ ਕਨੂੰਨ ਦਾ ਸਹਾਰਾ ਲਿਆ ਜਾ ਰਿਹਾ ਹੈ। ਜਿਸ ਅਨੁਸਾਰ ਕੋਈ ਵੀ ਜਮੀਨ ਦਾ ਮਾਲਕ ਸਰਕਾਰ ਨੂੰ ਜਮੀਨ ਦੇਣ ਤੋਂ ਨਾਂਹ ਨਹੀਂ ਕਰ ਸਕਦਾ, ਜੇ ਸਰਕਾਰ ਉਸ ਨੂੰ ਲੋਕਾਂ ਦੇ ਭਲੇ ਲਈ ਲੈ ਰਹੀ ਹੈ। ਜੇ ਮਾਮਲਾ ਜਮੀਨ ਦੀ ਕੀਮਤ 'ਤੇ ਅੜਿਆ ਹੋਵੇ ਤਾਂ ਜਮੀਨ ਦਾ ਮਾਲਕ ਅਦਾਲਤ ਦਾ ਸਹਾਰਾ ਲੈ ਸਕਦਾ ਹੈ ਅਤੇ ਅਦਾਲਤ ਜੋ ਰੇਟ ਤਹਿ ਕਰੇ ਉਸ ਰੇਟ 'ਤੇ ਜਮੀਨ ਦੇ ਮਾਲਕ ਨੂੰ ਜਮੀਨ ਦੇਣੀ ਪਵੇਗੀ ਅਤੇ ਇਥੇ ਆਪ ਸਾਫ ਵੇਖਦੇ ਹਾਂ ਕਿ ਜਿਸ ਜਮੀਨ ਨੂੰ ਸਰਕਾਰ ਲੋਕਾਂ ਦੀ ਭਲਾਈ ਲਈ ਹਥਿਆ ਰਹੀ ਹੈ, ਉਹ ਉਸ ਜਮੀਨ ਨੂੰ ਸਰਮਾਏਦਾਰਾਂ ਨੂੰ ਵੇਚ ਰਹੀ ਹੈ। ਅੱਜ ਜਗਤ ਸਿੰਘ ਪੁਰਾ 'ਚ ਜੋ ਹੋ ਰਿਹਾ ਹੈ ਉਹ ਕੁਲ ਮਿਲਾ ਕੇ ਉੜੀਸਾ ਵਿੱਚ ਹੋ ਰਿਹਾ ਹੈ। ਉੜੀਸਾ 'ਚ ਸਿਰਫ ਪੋਸਕੋ (ਦੱਖਣੀ ਕੋਰੀਆ ਦੀ ਇਕ ਕੰਪਨੀ) ਹੀ ਨਹੀਂ ਬਲਕਿ ਅਮਰੀਕਾ, ਕਨੇਡਾ, ਬ੍ਰਿਟੇਨ, ਆਸਟਰੇਲੀਆ ਦੀਆਂ ਵਿਸ਼ਾਲ ਦਿਉਕੱਦ ਖਣਿਜ ਕੰਪਨੀਆਂ ਉੜੀਸਾ ਦੇ ਮਾਲ ਖਜ਼ਾਨਿਆਂ ਨੂੰ ਲੁੱਟਣ ਲਈ ਕਦਮ ਰੱਖ ਚੁੱਕੀਆਂ ਹਨ। ਇਹਨਾਂ ਕੰਪਨੀਆਂ ਦਾ ਦਿਉ ਕੱਦ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਦੋ ਕੰਪਨੀਆਂ ਐਂਗਲੋ ਅਮਰੀਕਾ ਅਤੇ ਰਿਓ-ਟਿੰਟੋ ਸੰਸਾਰ ਦੇ 18 ਫੀਸਦੀ ਧਾਤੂ ਸਾਧਨਾ ਦੀ ਆਪਸ 'ਚ ਵੰਡ ਕਰ ਲੈਂਦੀਆਂ ਹਨ।

ਹੋਰ ਖਾਸ ਗੱਲ ਇਹ ਹੈ ਕਿ ਇਹ ਕੰਪਨੀਆਂ ਅਜਿਹਾ ਆਪਣੇ ਦੇਸ਼ ਦੇ

ਸਾਧਨਾ ਨੂੰ ਨਹੀਂ ਬਲਕਿ ਤੀਜੀ ਦੁਨੀਆਂ ਦੇ ਗਰੀਬ ਦੇਸ਼ਾਂ ਦੇ ਖਣਿਜ ਭੰਡਾਰਾਂ ਨੂੰ ਲੁੱਟ ਕੇ ਅਜਿਹਾ ਕਰ ਰਹੀਆਂ ਹਨ। (ਅਮਰੀਕਾ 'ਚ ਅਲੂਮੀਨੀਅਮ ਦੀ ਕੋਈ ਖਾਣ ਨਾ ਹੋਣ ਦੇ ਬਾਵਜੂਦ ਸਭ ਤੋਂ ਵੱਧ 53 ਕਿਲੋ ਅਲੂਮੀਨੀਅਮ ਪ੍ਰਤੀ ਵਿਅਕਤੀ ਇਕ ਸਾਲ 'ਚ ਵਰਤਿਆ ਜਾਂਦਾ ਹੈ) ਅਤੇ ਨਾਲ ਹੀ ਨਾਲ ਉਥੋਂ ਦੇ ਕੁਦਰਤੀ ਵਾਤਾਵਰਣ ਨੂੰ ਗੰਭੀਰ ਨੁਕਸਾਨ ਪਹੁੰਚਾ ਕੇ ਉਥੋਂ ਦੇ ਲੋਕਾਂ ਦੇ ਭਵਿੱਖ ਨੂੰ ਸੰਕਟ 'ਚ ਧੱਕ ਰਹੀਆਂ ਹਨ। (ਜਪਾਨ ਨੇ ਤਾਂ ਆਪਣੇ ਇਥੇ 12 ਲੱਖ ਟਨ ਅਲੂਮੀਨੀਅਮ ਦੀ ਪੈਦਾਵਾਰ ਘਟਾ ਕੇ 14000 ਟਨ ਕਰ ਦਿੱਤੀ ਹੈ ਅਤੇ 90 ਫੀਸਦੀ ਅਲੂਮੀਨੀਅਮ ਦੀ ਇਹ ਦਰਾਮਦ ਕਰ ਰਿਹਾ ਹੈ ਤਾਂ ਕਿ ਆਪਣੇ ਉਥੇ ਵਾਤਾਵਰਣ ਨੂੰ ਘਟੋ ਘੱਟ ਨੁਕਸਾਨ ਹੋਵੇ) ਇਹ ਅਜਿਹੇ ਕੁਝ ਕਾਰਣ ਹਨ ਜਿਹਨਾਂ ਕਰਕੇ ਪੋਸਕੋ ਵਰਗੀਆਂ ਕੰਪਨੀਆਂ ਤੀਜੀ ਦੁਨੀਆਂ ਦੇ ਕੁਦਰਤੀ ਸਾਧਨਾਂ ਨੂੰ ਲੁੱਟਣ ਲਈ ਲਲਸਾ ਰਹੀਆਂ ਹਨ। ਪਰ ਅਜਿਹਾ ਉਹ ਬਿਨਾ ਕਿਸੇ ਰੋਕ ਟੋਕ ਦੇ ਨਹੀਂ ਕਰ ਸਕਦੀਆਂ ਇਕ ਹੱਦ ਤਕ ਉਹਨਾਂ ਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਜਿਵੇਂ ਕਿ ਸਿੰਗੂਰ 'ਤੇ ਨੰਦੀ ਗ੍ਰਾਮ ਦੇ ਲੋਕਾਂ ਨੇ ਟਾਟਾ ਤੇ ਸਲੀਮ ਵਰਗੇ ਪੂੰਜੀਪਤੀਆਂ ਖਿਲਾਫ ਸੰਘਰਸ਼ ਕੀਤਾ ਹੈ। ਉਹੋ ਜਿਹਾ ਹੀ ਜਗਤ ਸਿੰਘਪੁਰ 'ਚ ਵੇਖਣ ਨੂੰ ਮਿਲ ਰਿਹਾ ਹੈ। ਇਸ ਸੰਘਰਸ਼ ਦਾ ਫੈਸਲਾ ਅਜੇ ਭਵਿੱਖ 'ਚ ਹੋਣਾ ਹੈ ਪਰ ਲੋਕਾਂ ਦੀ ਕੋਈ ਵੀ ਲੜਾਈ ਜਾਂ ਬਲੀਦਾਨ ਕਦੇ ਵਿਅਰਥ ਨਹੀਂ ਜਾਂਦਾ ਹੈ।

# ਕੀ ਹੋਵੇ ਹੱਲ ਕਸ਼ਮੀਰ ਦੀ ਸਮੱਸਿਆ ਦਾ?

ਪਿਛਲੇ ਕੁਝ ਮਹਨਿਆਂ ਤੋਂ ਜੋ ਮੁੱਦਾ ਦੇਸ਼ ਦੇ ਹਰ ਸ਼ਹਿਰੀ ਦੇ ਦਿਲੋ-ਦਿਮਾਗ 'ਤੇ ਛਾਇਆ ਹੋਇਆ ਹੈ। ਉਹ ਹੈ ਕਸ਼ਮੀਰ ਦਾ ਮੁੱਦਾ। ਜੁਲਾਈ 'ਚ ਇਕ ਨੌਜਵਾਨ ਤੁਫੈਲ-ਮੱਟੂ ਦੀ ਫੌਜ ਵਲੋਂ ਕੀਤੀ ਹੱਤਿਆ ਪਿਛੋਂ ਅਜੇ ਤਕ ਕਸ਼ਮੀਰ 'ਚ ਲੋਕ ਸੜਕਾਂ 'ਤੇ ਹਨ। ਪ੍ਰਧਾਨ ਮੰਤਰੀ ਤੋਂ ਲੈ ਕੇ ਰਾਸ਼ਟਰਪਤੀ ਤਕ ਇਸ ਗੱਲ 'ਤੇ ਅਫਸੋਸ ਜਾਹਰ ਕਰ ਰਹੇ ਹਨ ਕਿ ਕਸ਼ਮੀਰ ਦੀਆਂ ਸੜਕਾਂ 'ਤੇ ਜੋ ਭੀੜ ਹਥਿਆਰ ਦਸਤਿਆਂ 'ਤੇ ਪਥਰਾਅ ਕਰ ਰਹੀ ਹੈ, ਉਹ ਕੋਈ ਦਹਿਸ਼ਤਗਰਦਾਂ ਦੀ ਭੀੜ ਨਹੀਂ ਹੈ। ਉਹ ਵੀ ਇਹ ਮੰਨਣ ਲਈ ਮਜ਼ਬੂਰ ਹੋਏ ਹਨ ਕਿ ਇਹ ਆਮ ਲੋਕ ਹਨ ਜਿਸ 'ਚ ਬੱਚੇ, ਕਿਸ਼ੋਰ, ਨੌਜਵਾਨਾਂ ਦੇ ਨਾਲ ਨਾਲ ਔਰਤਾਂ ਤਕ ਸ਼ਾਮਲ ਹਨ। ਜੁਲਾਈ ਤੋਂ ਲੈ ਕੇ ਹੁਣ ਤਕ ਇਨ੍ਹਾਂ ਮੁਜਾਹਰਿਆਂ 'ਤੇ ਫੌਜਾਂ ਵਲੋਂ ਗੋਲੀ ਚਲਾਏ ਜਾਣ ਕਰਕੇ ਕਰੀਬ 80 ਲੋਕ ਮਾਰੇ ਜਾ ਚੁੱਕੇ ਹਨ। ਕਸ਼ਮੀਰੀ ਲੋਕਾਂ ਦਾ ਇਕ ਵਿਚਾਰਣਯੋਗ ਹਿੱਸਾ ਸੈਅਦ ਅਲੀ ਸ਼ਾਹ ਗਿਲਾਨੀ ਮਸਰਤ ਆਲਮ ਅਤੇ ਆਸਿਆ ਅੰਦ੍ਰਾਬੀ ਵਰਗੇ ਇਸਲਾਮਿਕ ਵੱਖਵਾਦੀ ਨੇਤਾਵਾਂ ਦੀਆਂ ਅਪੀਲਾਂ 'ਤੇ ਚੱਲ ਰਿਹਾ ਹੈ ਜੋ ਵੱਖਵਾਦੀ ਅਜੇ 2009 ਦੇ ਪਹਿਲਾਂ ਤਕ ਪਿਛੇ ਧੱਕ ਦਿੱਤੇ ਗਏ ਲੱਗਦੇ ਸਨ। ਉਹ ਇਕ ਵਾਰੀ ਫਿਰ ਮੰਚ 'ਤੇ ਹਨ ਅਤੇ ਮਾਮਲੇ ਕਾਫੀ ਕੁਝ ਉਹਨਾਂ ਦੇ ਇਸ਼ਾਰਿਆਂ 'ਤੇ ਚਲ ਰਹੇ ਹਨ। ਖਾਂਦਾ ਪੀਂਦਾ ਭਾਰਤੀ ਮੱਧ ਵਰਗ ਆਪਣੇ "ਰਾਸ਼ਟਰਵਾਦ" ਅਤੇ ਖਪਤ 'ਚ ਸਰਾਬੋਰ ਹੋਵੇ ਭਾਰਤੀ ਸਰਕਾਰ ਨੂੰ ਲਾਹਣਤਾਂ ਪਾ ਰਿਹਾ ਹੈ। ਕਿ ਉਹ ਕਸ਼ਮੀਰ ਦੇ ਵੱਖਵਾਦੀਆਂ ਨਾਲ ਨਰਮੀ ਨਾਲ ਪੇਸ਼ ਆ ਰਹੀ ਹੈ। ਉਹਨਾਂ ਨੂੰ ਲੱਗ ਰਿਹਾ ਹੈ ਕਿ ਉਸ ਦੇ 'ਭਾਰਤ ਦਾ ਤਾਜ' ਖੁਸਣ ਵਾਲਾ ਹੈ ਅਤੇ ਸਰਕਾਰ ਦੀ ਨਰਮੀ ਕਾਰਨ ਕਿਤੇ ਸਾਨੂੰ ਕਸ਼ਮੀਰ ਤੋਂ ਹੱਥ ਨਾ ਧੋਣੇ ਪੈ ਜਾਣ। ਇਹ ਉਹ ਵਰਗ ਹੈ ਜੋ ਕਸ਼ਮੀਰ 'ਚ ਦਹਾਕਿਆਂ ਤੋਂ ਮੌਜੂਦ ਹਾਲਾਤ ਬਾਰੇ ਕੁਝ ਨਹੀਂ ਜਾਣਦਾ। ਕਸ਼ਮੀਰ ਦਾ ਮਤਲਬ ਉਹਨਾਂ ਲਈ ਕਸ਼ਮੀਰ ਦੇ ਲੋਕ ਨਹੀਂ ਹਨ ਬਲਕਿ ਇਕ ਨਕਸ਼ਾ ਹੈ ਜੋ ਭਾਰਤ ਦੇ ਨਕਸ਼ੇ ਅੰਦਰ ਹੋਣਾ ਚਾਹੀਦਾ ਹੈ। ਉਸ ਨੂੰ ਪਤਾ ਨਹੀਂ ਹੈ ਕਿ ਇਕ ਫੌਜੀ ਹਕੂਮਤ ਦੇ ਤਹਿਤ ਰਹਿਣ ਦਾ ਕੀ ਅਰਥ ਹੁੰਦਾ ਹੈ। ਉਸ ਨੂੰ ਪਤਾ ਨਹੀਂ ਹੈ ਕਿ ਕਸ਼ਮੀਰ 'ਚ ਪਿਛਲੇ ਡੇਢ ਦਹਾਕਿਆਂ 'ਚ ਹਥਿਆਰਬੰਦ ਦਸਤਿਆਂ ਵਲੋਂ 60,000 ਕਸ਼ਮੀਰੀ ਆਪਣੀ ਜਾਨ ਤੋਂ ਹੱਥ ਧੋ ਬੈਠੇ ਹਨ ਅਤੇ 7000 ਲਾਪਤਾ ਹਨ। ਪਿਛੇ ਜਿਹੇ ਹੀ ਸਾਰੀਆਂ ਸਮੂਹਕ ਕਬਰਾਂ ਬਰਬਾਦ ਹੋਈਆਂ ਹਨ। ਜੋ ਇਨ੍ਹਾਂ ਲਾਪਤਾ ਲੋਕਾਂ ਦਾ ਸੁਰਾਗ ਹੋ ਸਕਦੀਆਂ ਹਨ। ਉਹਨਾਂ ਨੂੰ ਨਹੀਂ ਪਤਾ ਕਿ ਇਸ ਦੀ ਕੋਈ ਗਿਣਤੀ ਨਹੀਂ ਕਿ ਕਿੰਨੀਆਂ ਔਰਤਾਂ ਦਾ ਅਗਵਾਅ ਤੇ ਬਲਾਤਕਾਰ ਕੀਤਾ ਜਾ ਚੁੱਕਿਆ ਹੈ ਅਤੇ ਕਿੰਨੇ ਮਾਸੂਮ ਅਪਾਹਜ਼ ਹੋ ਚੁੱਕੇ ਹਨ। ਉਹਨਾਂ ਨੂੰ ਇਸ ਤੋਂ ਕੋਈ ਮਤਲਬ ਵੀ ਨਹੀਂ ਹੈ। ਉਹਨਾਂ ਨੂੰ ਨਹੀਂ ਪਤਾ ਕਿ ਮੌਤਾਂ ਉਸ ਦੌਰ 'ਚ ਨਹੀਂ ਹੋਈਆਂ ਹਨ ਜਦ ਘਾਟੀ ਹਥਿਆਰਬੰਦ ਅੱਤਵਾਦ ਦਾ ਸੇਕ ਝੱਲ ਰਹੀ ਸੀ। 2003 ਤੋਂ ਲੈ ਕੇ ਹੁਣ ਤਕ ਦੇ ਦੌਰ 'ਚ ਇਹ ਸਭ ਕੁਝ ਹੋਇਆ ਹੈ। ਜਿਸ ਦੌਰ ਦੇ ਸਰਕਾਰੀ ਅੰਕੜੇ ਵੀ ਦੱਸਦੇ ਹਨ ਕਿ ਘੁਸਪੈਠ ਨੂੰ ਖਤਮ ਕੀਤਾ ਜਾ ਚੁੱਕਿਆ ਹੈ ਅਤੇ ਘਾਟੀ 'ਚ ਕੁਲ ਮਿਲਾ ਕੇ 1000 ਅੱਤਵਾਦੀ ਵੀ ਨਹੀਂ

ਹਨ ਪਰ ਅੱਤਵਾਦ ਦਾ ਇਹ ਦੌਰ ਖਤਮ ਹੋਣ ਪਿਛੋਂ ਵੀ ਘਾਟੀ 'ਚ ਅੱਜ 7 ਲੱਖ ਹਕਿਆਰਬੰਦ ਫੋਰਸ ਦੇ ਸਿਪਾਹੀ ਮੌਜੂਦ ਹਨ। ਉਥੇ ਖੁਫੀਆ ਏਜੰਸੀਆਂ ਇਸ ਤਰਾਂ ਦੇ ਕੰਮ ਕਰਦੀਆਂ ਹਨ, ਜਿਵੇਂ ਉਹ ਕਿਸੇ ਦੁਸ਼ਮਣ ਦੇਸ਼ ਅੰਦਰ ਕੰਮ ਕਰ ਰਹੀਆਂ ਹੋਣ। ਸੜਕਾਂ 'ਤੇ ਘੁਮਣ ਤੋਂ ਡਰਾ ਦੇਣ ਵਾਲੀ ਫੌਜ ਦੀ ਮੌਜੂਦਗੀ ਨੂੰ ਤੁਸੀਂ ਵੇਖ ਸਕਦੇ ਹੋ। ਕਿਤੇ ਫੌਜੀ ਹਕੂਮਤ ਬਾਰੇ ਸੁਨਣ ਅਤੇ ਉਸ ਦੇ ਤਹਿਤ ਰਹਿਣ 'ਚ ਜਮੀਨ-ਅਸਮਾਨ ਦਾ ਫਰਕ ਹੁੰਦਾ ਹੈ। ਫੌਜ ਦੀ ਇਸ ਬੇਲੋੜੀ ਮੌਜੂਦਗੀ ਨੂੰ ਕਸ਼ਮੀਰ ਦੇ ਲੋਕ ਭਾਰਤ ਵਲੋਂ ਕਬਜਾ ਮੰਨਦੇ ਹਨ। ਇਹੀ ਕਾਰਨ ਹੈ ਕਿ ਅੱਜ ਜੋ ਕਸ਼ਮੀਰ ਵਿੱਚ ਚਲ ਰਿਹਾ ਹੈ ਉਸ ਦੇ ਨਿਸ਼ਾਨੇ 'ਤੇ ਹਰ ਉਹ ਚੀਜ ਹੈ ਜੋ ਉਹ ਭਾਰਤੀ ਮੌਜੂਦਗੀ ਦਾ ਪ੍ਰਤੀਕ ਹੈ। ਚਾਹੇ ਉਹ ਸਕੂਲ ਹੋਵੇ, ਸਰਕਾਰੀ ਦਫਤਰ ਹੋਵੇ, ਫੋਜੀ ਛਾਉਣੀ ਹੋਵੇ, ਥਾਣਾ ਜਾਂ ਕੋਈ ਹੋਰ ਸਰਕਾਰੀ ਇਮਾਰਤ। ਕਸ਼ਮੀਰ ਦੀ ਸਮੱਸਿਆ ਦਾ ਹੱਲ ਹਰ ਅਖਬਾਰ ਦੇ ਵੱਡੇ ਲੇਖਕ ਸੁਝਾ ਰਹੇ ਹਨ। ਕੋਈ ਕੁਝ ਬੋਲ ਰਿਹਾ ਤੇ ਕੋਈ ਕੁਝ। ਹਰ ਕਿਸੇ ਕੋਲ ਹੱਲ ਮੌਜੂਦ ਹੈ ਪਰ ਇਸ ਪੂਰੀ ਸਮਸਿਆ ਨੂੰ ਸਮਝਣ ਲਈ ਸਾਨੂੰ ਕੁਝ ਗੱਲਾਂ ਨੂੰ ਅੱਛੀ ਤਰਾਂ ਸਮਝਣਾ ਪਵੇਗਾ ਅਤੇ ਇਸ ਦੇ ਲਈ ਇਕ ਸੰਖੇਪ ਨਜ਼ਰ ਸਾਨੂੰ ਇਤਿਹਾਸ 'ਤੇ ਮਾਰਨੀ ਪੈਣੀ ਹੈ। ਇਸ ਤੋਂ ਬਿਨਾਂ ਕਸ਼ਮੀਰ ਮਸਲੇ ਦੇ ਹੱਲ ਦੀ ਗੱਲ ਕਰਨੀ ਬੇਮਾਨੀ ਹੈ। ਕਸ਼ਮੀਰ ਦਾ ਭਾਰਤ 'ਚ ਰਲੇਵਾਂ ਕੁਝ ਵਿਸ਼ੇਸ਼ ਹਾਲਤਾਂ 'ਚ ਹੋਇਆ ਸੀ। ਭਾਰਤ ਦੀ ਵੰਡ ਫਿਰਕੂ ਅਧਾਰ 'ਤੇ ਕੀਤੀ ਗਈ ਸੀ। ਕਸ਼ਮੀਰ ਇਕ ਮੁਸਲਮਾਨ ਬਹੁਗਿਣਤੀ ਰਾਜ ਸੀ ਪਰ ਉਥੋਂ ਦੀ ਹਕੂਮਤ ਹਿਕ ਹਿੰਦੂ ਰਾਜੇ ਦੇ ਹੱਥ ਵਿੱਚ ਸੀ। ਕਸ਼ਮੀਰ ਇਤਿਹਾਸਕ ਤੌਰ 'ਤੇ ਕਾਫੀ ਹੱਦ ਤੱਕ ਅਜ਼ਾਦ ਰਿਹਾ ਸੀ। ਕਸ਼ਮੀਰ ਦੀ ਜਨਤਾ 'ਚ ਜਿਸ ਨੇਤਾ ਦੀ ਉਸ ਸਮੇਂ ਮਜ਼ਬੂਤ ਪਕੜ ਸੀ ਉਹ ਸਨ ਸ਼ੇਖ ਅਬਦੁੱਲਾ। ਸ਼ੇਖ ਅਬਦੁੱਲਾ ਫਿਰਕੂ ਅਧਾਰ 'ਤੇ ਪਾਕਿਸਤਾਨ 'ਚ ਸ਼ਾਮਲ ਹੋਣ ਸਬੰਧੀ ਸ਼ੱਕੀ ਸਨ ਅਤੇ ਇਕ ਇਸਲਾਮਿਕ ਸਿਧਾਂਤਾਂ 'ਤੇ ਬਣੇ ਦੇਸ਼ 'ਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ। 'ਅਜ਼ਾਦੀ' ਤੋਂ ਤੁਰੰਤ ਪਿਛੋਂ ਪਾਕਿਸਤਾਨ ਵਲੋਂ ਹਮਾਇਤ ਪ੍ਰਾਪਤ ਕਬਾਇਲੀ ਹਮਲੇ ਨਾਲ ਸ਼ੇਖ ਅਬਦੁੱਲਾ ਪਾਕਿਸਤਾਨ 'ਚ ਸ਼ਾਮਲ ਹੋਣ ਦੇ ਵਿਚਾਰ ਦੇ ਵਿਰੋਧੀ ਹੋ ਗਏ। ਪਰ ਭਾਰਤੀ ਸੰਘ 'ਚ ਸ਼ਾਮਲ ਹੋਣ ਸਬੰਧੀ ਉਸ ਦੇ ਆਪਣੇ ਸ਼ੰਕੇ ਸਨ। ਕਸ਼ਮੀਰੀ ਲੋਕ ਬਿਨਾਂ ਸ਼ਰਤ ਭਾਰਤੀ ਸੰਘ 'ਚ ਸ਼ਾਮਲ ਹੋਣ ਸਬੰਧੀ ਵੀ ਸਸ਼ੋਪੰਜ ਵਿੱਚ ਸਨ ਅਤੇ ਆਪਣੀ ਵੱਖ ਕੌਮੀ ਪਹਿਚਾਣ ਸਬੰਧੀ ਸੁਚੇਤ ਸਨ। ਕਾਫੀ ਵਿਚਾਰ ਵਟਾਂਦਰੇ ਪਿਛੋਂ ਕਸ਼ਮੀਰ ਨੇ ਸ਼ਰਤਾਂ ਤਹਿਤ ਭਾਰਤੀ ਸੰਘ 'ਚ ਸ਼ਾਮਲ ਹੋਣਾ ਮੰਨ ਲਿਆ। ਕਸ਼ਮੀਰ ਇਸ ਸ਼ਰਤ 'ਤੇ ਭਾਰਤੀ ਸੰਘ 'ਚ ਸ਼ਾਮਲ ਹੋਇਆ ਕਿ ਵਿਦੇਸ਼ੀ ਮਾਮਲਿਆਂ, ਸੁਰੱਖਿਆ ਤੇ ਮੁਦਰਾ ਚਲਨ ਤੋਂ ਇਲਾਵਾ ਭਾਰਤੀ ਰਾਜ ਕਸ਼ਮੀਰ ਦੇ ਮਾਮਲਿਆਂ ਦੀ ਆਜ਼ਾਦੀ ਨੂੰ ਬਰਕਰਾਰ ਰੱਖੇਗਾ। ਇਸ ਲਈ ਭਾਰਤੀ ਸੰਵਿਧਾਨ 'ਚ ਧਾਰਾ 370 ਸ਼ਾਮਲ ਕੀਤੀ ਗਈ। ਇਹ ਇਸ ਗੱਲ ਦੀ ਵਿਵਸਥਾ ਕਰਦੀ ਸੀ ਕਿ ਕਸ਼ਮੀਰ ਦਾ ਮੁੱਖ ਮੰਤਰੀ ਪ੍ਰਧਾਨ ਮੰਤਰੀ ਅਖਵਾਏਗਾ ਅਤੇ ਰਾਜਪਾਲ ਗਵਰਨਰ ਕਸ਼ਮੀਰ ਦੇ ਅੰਦਰੂਨੀ ਮਾਮਲਿਆਂ 'ਚ ਕਸ਼ਮੀਰ ਦੀ ਸਰਕਾਰ ਨੂੰ ਅਜ਼ਾਦੀ ਮੁਹਈਆ ਕੀਤੀ ਜਾਵੇਗੀ। ਇਸ ਤਰਾਂ ਨਾਲ ਭਾਰਤੀ ਸੰਵਿਧਾਨ ਦੇ ਦਾਇਰੇ ਅੰਦਰ ਕਸ਼ਮੀਰ ਦੀ ਇਕ ਅਜ਼ਾਦ ਸੂਬੇ ਵਜੋਂ ਹੋਂਦ ਮੰਨੀ ਗਈ ਸੀ। ਪਰ ਨਹਿਰੂ ਨੂੰ ਇਹ ਸੰਘੀਅਤਾ ਦਾ ਇਹ ਢਾਂਚਾ ਮੰਜੂਰ ਨਹੀਂ ਸੀ। ਭਾਰਤ ਤੇ ਪਾਕਿਸਤਾਨ ਦੀ ਵੰਡ 'ਚ ਅਕਸਰ ਸਾਰੀ ਜਿੰਮੇਵਾਰੀ ਜਿਨਹਾ ਦੇ ਸਿਰ ਮੜ ਦਿੱਤੀ

ਜਾਂਦੀ ਹੈ। ਪਰ ਘੱਟ ਹੀ ਲੋਕ ਇਹ ਜਾਣਦੇ ਹਨ ਕਿ ਕ੍ਰਿਪਸ ਮਿਸ਼ਨ ਪਿਛੋਂ ਜਿਨਹਾ ਨੇ ਵੱਖ ਪਾਕਿਸਤਾਨ ਦੀ ਮੰਗ ਛੱਡਣ ਦਾ ਪ੍ਰਸਤਾਵ ਨਹਿਰੂ ਸਾਹਮਣੇ ਰਖਦਿਆਂ ਕਿਹਾ ਸੀ ਕਿ ਇਕ ਅਜਿਹੇ ਭਾਰਤੀ ਸੰਘ 'ਚ ਰਹਿਣਾ ਉਹਨਾਂ ਨੂੰ ਮੰਜੂਰ ਹੈ। ਜਿਸ 'ਚ ਮੁਸਲਿਮ ਬਹੁਗਿਣਤੀ ਰਾਜਾਂ ਨੂੰ ਮੁਕਾਬਲਤਨ ਅਜਾਦੀ ਹੋਵੇ। ਪਰ ਇਕ ਮਜ਼ਬੂਤ ਕੇਂਦਰੀ ਰਾਜ ਮਸ਼ੀਨਰੀ ਦੇ ਪੱਖ 'ਚ ਖੜ੍ਹੇ ਨਹਿਰੂ ਨੇ ਇਸ ਸੁਝਾਅ ਨੂੰ ਨਾ ਮੰਜੂਰ ਕਰ ਦਿੱਤਾ। ਇਸ ਮੁੱਦੇ 'ਤੇ ਨਹਿਰੂ ਦੀ ਗਾਂਧੀ ਦੇ ਨਾਲ ਵੀ ਅਸਹਿਮਤੀ ਸੀ। ਪਟੇਲ ਤੇ ਨਹਿਰੂ ਹਰ ਕੀਮਤ 'ਤੇ ਇਕ ਮਜ਼ਬੂਤ ਕੇਂਦਰ ਚਾਹੁੰਦੇ ਸਨ। ਚਾਹੇ ਇਸ ਲਈ ਵੰਡ ਦਾ ਸੰਤਾਪ ਹੀ ਕਿਉਂ ਨਾ ਝਲਣਾ ਪਵੇ। ਕਸ਼ਮੀਰ ਦੇ ਸ਼ਾਮਲ ਹੋਣ ਪਿਛੋਂ ਕਸ਼ਮੀਰ ਜਨਤਾ ਦੀ ਰਾਇਸ਼ੁਮਾਰੀ ਦਾ ਵੀ ਵਾਅਦਾ ਲੋਕਾ ਨਾਲ ਕੀਤਾ ਗਿਆ ਸੀ। ਜਿਸਨੂੰ ਕਦੀ ਨਿਭਾਇਆ ਨਹੀਂ ਗਿਆ। ਇਸ ਦੇ ਲਈ ਨਹਿਰੂ ਦਾ ਤਰਕ ਇਹ ਸੀ ਕਿ ਸੰਯੁਕਤ ਰਾਸ਼ਟਰ ਵਲੋਂ 1947-48 'ਚ ਪਾਕਿਸਤਾਨੀ-ਹਮਾਇਤ ਪ੍ਰਾਪਤ ਹਮਲੇ ਪਿਛੋਂ ਇਹ ਤਹਿ ਕੀਤਾ ਗਿਆ ਸੀ ਕਿ ਪਾਕਿਸਤਾਨ ਕਸ਼ਮੀਰ ਦੇ ਉਤਰ ਪੱਛਮੀ ਹਿੱਸੇ ਤੋਂ ਆਪਣੀਆਂ ਫੌਜਾਂ ਵਾਪਸ ਬੁਲਾ ਲਵੇਗਾ ਅਤੇ ਉਸ ਪਿਛੋਂ ਰਾਇਸ਼ੁਮਾਰੀ ਕਰਵਾਈ ਜਾਵੇਗੀ। ਪਾਕਿਸਤਾਨੀ ਹਾਕਮਾਂ ਨੇ ਆਪਣਾ ਕਬਜਾ ਛੱਡਿਆ ਨਹੀਂ ਅਤੇ ਇਸ ਦੇ ਕਾਰਣ ਰਾਇਸ਼ੁਮਾਰੀ ਕਰਾਉਣ ਤੋਂ ਭਾਰਤੀ ਹਾਕਮਾਂ ਨੇ ਨਾਂਹ ਕਰ ਦਿੱਤੀ ਪਰ ਭਾਰਤ ਤੇ ਪਾਕਿਸਤਾਨ ਦੀਆਂ ਖੇਤਰੀ ਲਾਲਸਾਵਾਂ 'ਚ ਪਿਸ ਗਏ ਕਸ਼ਮੀਰ ਦੇ ਲੋਕ। 1953 'ਚ ਨਹਿਰੂ ਨੇ ਸ਼ੇਖ ਅਬਦੁੱਲਾ ਦੀ ਚੁਣੀ ਸਰਕਾਰ ਨੂੰ ਬਰਖਾਸਤ ਕਰ ਦਿੱਤਾ ਤੇ ਸ਼ੇਖ ਅਬਦੁੱਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕਸ਼ਮੀਰ 'ਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਸ਼ੇਖ ਅਬਦੁੱਲਾ ਵਿਚਦੀ ਬਾਹਰ ਆਏ ਪਰ ਰਾਇਸ਼ੁਵਾਰੀ ਨੂੰ ਲੈ ਕੇ ਉਹਨਾਂ ਦਾ ਮੁਕਾਬਲਤਨ ਨਰਮ ਪੱਖ ਹੁਣ ਵੀ ਨਹਿਰੂ ਨੂੰ ਮੰਜੂਰ ਨਹੀਂ ਸੀ। ਕੁਝ ਸਮੇਂ ਪਿਛੋਂ ਉਹਨਾਂ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। 1964 'ਚ ਸ਼ੇਖ ਅਬਦੁੱਲਾ ਜਦ ਰਿਹਾ ਹੋਏ ਤਦ ਤਕ ਉਹ ਕਸ਼ਮੀਰ 'ਚ ਰਾਇਸ਼ੁਮਾਰੀ ਤੇ ਉਸ ਦੀ ਖੁਦ ਮੁਖਤਿਆਰੀ ਸਬੰਧੀ ਸਮਝੌਤਾ ਵਾਦੀ ਹੋ ਚੁੱਕੇ ਸਨ। 1970 ਦਾ ਦਹਾਕਾ ਆਉਂਦੇ ਆਉਂਦੇ ਧਾਰਾ 370 ਦਾ ਕੋਈ ਅਰਥ ਨਹੀਂ ਰਹਿ ਗਿਆ ਸੀ। ਭਾਰਤੀ ਹਾਕਮ ਜਮਾਤ ਦੀ ਇਸ ਅਸੁਰਖਿਆ ਭਾਵਨਾ ਨੇ ਕਿ ਜੇ ਕਸ਼ਮੀਰ ਦੀ ਜਨਤਾ ਨੂੰ ਖੁੱਲ੍ਹਾ ਹੱਥ ਦਿੱਤਾ ਗਿਆ ਤਾਂ ਉਹ ਪਾਕਿਸਤਾਨ 'ਚ ਸ਼ਾਮਲ ਹੋ ਸਕਦੀ ਹੈ। ਕਦੀ ਵੀ ਕਸ਼ਮੀਰ ਦੇ ਲੋਕਾਂ ਨੂੰ ਭਾਰਤ 'ਚ ਆਪਣੀ ਰਾਸ਼ਟਰੀ ਹੋਂਦ ਦੇ ਨਾਲ ਸ਼ਾਮਲ ਨਹੀਂ ਹੋਣ ਦਿੱਤਾ ਗਿਆ। ਕਸ਼ਮੀਰ ਦੇ ਲੋਕ ਆਪਣੀ ਇੱਛਾ ਨਾਲ ਅਜ਼ਾਦ ਹੋਂਦ ਦੀ ਸੂਰਤ ਨਾਲ ਭਾਰਤ ਸੰਘ 'ਚ ਸ਼ਾਮਲ ਹੋਏ ਸੀ। ਅਜਿਹੇ 'ਚ ਭਾਰਤੀ ਸਟੇਟ ਵਲੋਂ ਉਹਨਾਂ ਨਾਲ ਅਜਿਹੇ ਵਿਹਾਰ ਨੂੰ ਕਸ਼ਮੀਰੀ ਲੋਕਾਂ ਨੇ ਇਕ ਧੋਖੇ ਤੇ ਵਿਸ਼ਵਾਸਘਾਤ ਵਜੋਂ ਲਿਆ। ਇਹ ਕਾਰਨ ਹੈ ਕਿ ਅਜ ਫਾਰੂਕ ਅਬਦੁੱਲਾ ਵਰਗੇ ਸਮਝੌਤਾ ਪ੍ਰਸਤ ਵੀ 1953 ਤਕ ਦੀ ਸਥਿਤੀ ਨੂੰ ਬਲਾਹ ਕਰਨ ਦੀ ਮੰਗ ਕਰ ਰਹੇ ਹਨ। ਜੇ ਉਹ ਇਸ ਤੋਂ ਅੱਗੇ ਨਾ ਵੀ ਵਧਣ ਕਿਉਂਕਿ ਏਨੀ ਮੰਗ ਕੀਤੇ ਬਗੈਰ ਉਹ ਕਸ਼ਮੀਰੀ ਲੋਕਾਂ 'ਚ ਆਪਣਾ ਹਰ ਕਿਸਮ ਦਾ ਅਧਾਰ ਗੁਆ ਬੈਠਣਗੇ। ਪਹਿਲਾਂ ਹੀ ਕਸ਼ਮੀਰੀ ਜਨਤਾ ਦਾ ਇਕ ਵਿਚਾਰਯੋਗ ਹਿੱਸਾ ਉਹਨਾਂ ਨੂੰ ਗੁਲਾਮ ਬਖਸ਼ੀ ਵਰਗਾ ਗਦਾਰ ਮੰਨਣ ਲੱਗਿਆ ਹੈ। ਗੁਲਾਬ ਬਖਸ਼ੀ ਨੂੰ ਮੁਹੰਮਦ ਸ਼ੇਖ ਅਬਦੁੱਲਾ ਦੇ ਹਟਾਏ ਜਾਣ ਪਿਛੋਂ ਮੁੱਖ ਮੰਤਰੀ ਬਣਾਇਆ ਗਿਆ ਸੀ

ਅਤੇ ਉਹ ਪੂਰੀ ਤਰਾਂ ਭਾਰਤੀ ਰਾਜ ਦੀ ਕੱਠਪੁਤਲੀ ਵਜੋ ਕੰਮ ਕਰਦਾ ਸੀ। ਇਸ ਇਤਿਹਾਸਕ ਵਿਸ਼ਵਾਸਘਾਤ ਨੇ ਕਸ਼ਮੀਰ ਲੋਕਾਂ 'ਚ ਅਲਗਾਅ ਦੀ ਭਾਵਨਾ ਨੂੰ ਹੋਰ ਵਧਾਇਆ ਰਾਇਸ਼ੁਮਾਰੀ ਤੇ ਖੁਦ ਮੁੱਖ ਤਿਆਰੀ ਦੀ ਮੰਗ ਸਬੰਧੀ ਵੱਖ ਵੱਖ ਸਮੇਂ 'ਤੇ ਵੱਖ ਵੱਖ ਸੰਗਠਨਾਂ ਨੇ ਕਸ਼ਮੀਰੀ ਲੋਕਾਂ ਵਿਚਕਾਰ ਕੰਮ ਕੀਤਾ ਤੇ ਉਹਨਾਂ ਨੂੰ ਜਥੇਬੰਦ ਕੀਤਾ। ਇਸ ਪ੍ਰਕਾਰ ਦੀਆਂ ਸਰਗਰਮੀਆਂ ਜਿਸ ਰਫਤਾਰ ਨਾਲ ਵਧੀਆ ਉਸ ਰਫਤਾਰ ਨਾਲ ਭਾਰਤੀ ਰਾਜ ਦਾ ਕਿਰਦਾਰ ਵੱਧ ਤੋਂ ਵੱਧ ਦਮਨਕਾਰੀ ਹੁੰਦਾ ਗਿਆ। ਹਥਿਆਰਬੰਦ ਫੋਰਸ ਵਿਸ਼ੇਸ਼ ਅਧਿਕਾਰ ਕਨੂੰਨ ਲਾਗੂ ਹੋਣ ਪਿਛੋਂ ਕਸ਼ਮੀਰ 'ਚ ਇਕ ਫੌਜੀ ਹਕੂਮਤ ਵਰਗੀ ਸਥਿਤੀ ਬਣ ਗਈ। ਇਸ ਪੂਰੇ ਦੌਰ 'ਚ ਪਾਕਿਸਤਾਨ ਵਲੋਂ ਕਸ਼ਮੀਰ ਨੂੰ ਦਹਿਸ਼ਤਗਰਦੀ ਨੂੰ ਸਹਿ ਦੇਣ ਤੇ ਧਾਰਮਕ ਕੱਟੜ ਪੰਥੀ ਦਹਿਸ਼ਤਗਰਦੀ ਨੂੰ ਹੱਲਸ਼ੇਰੀ ਦਾ ਅਮਲ ਜਾਰੀ ਰਿਹਾ। 1980 ਦੇ ਦਹਾਕੇ ਤੋਂ ਕਸ਼ਮੀਰ 'ਚ ਅੱਤਵਾਦ ਇਕ ਵੱਡੀ ਪ੍ਰੀਘਟਨਾ ਵਜੋਂ ਹੋਂਦ 'ਚ ਆ ਚੁੱਕਿਆ ਸੀ। ਇਸ ਦਹਾਕੇ ਦਾ ਉਤਰਾਅ ਅੱਤਵਾਦ ਦੀ ਭਿਅੰਕਰਤਾ ਦਾ ਸਿਖਰ ਸੀ। 1989 ਤੋਂ 1991–92 ਵਿਚਕਾਰ ਹੀ ਹਜ਼ਾਰਾਂ ਕਸ਼ਮੀਰੀਆਂ ਨੂੰ ਅੱਤਵਾਦ ਤੇ ਭਾਰਤ ਰਾਜ ਵਿਚਾਲੇ ਟਕਰਾਅ ਦੀ ਕੀਮਤ ਚਕਾਉਣੀ ਪਈ। ਧਾਰਮਕ ਕੱਟੜ ਪੰਥੀ ਅੱਤਵਾਦ ਦਾ ਕਸ਼ਮੀਰ ਦੇ ਲੋਕਾਂ ਦੇ ਇਕ ਹਿੱਸੇ 'ਚ ਅਧਾਰ ਵੀ ਤਿਆਰ ਹੋਇਆ। ਫੌਜ ਵਲੋਂ ਅਣਕਿਆਸਿਆਂ ਦਮਨ, ਹੱਤਿਆ, ਬਲਾਤਕਾਰ ਤੇ ਅਗਵਾਅ ਦੀ ਪ੍ਰਤੀਕ੍ਰਿਆ ਵਜੋਂ ਕਸ਼ਮੀਰੀ ਘਰਾਂ ਦੇ ਨੌਜਵਾਨ ਅੱਤਵਾਦ ਦੇ ਰਾਹ ਪੈਣ ਲੱਗੇ। ਭਾਰਤੀ ਰਾਜ ਵਲੋਂ ਕੀਤੇ ਗਏ ਧੋਖੇ ਤੇ ਉਸ ਪਿਛੋਂ ਕਸ਼ਮੀਰ ਲੋਕਾਂ ਦੇ ਭਿਅੰਕਰ ਦਮਨ ਨਾਲ ਮਿਲ ਕੇ ਕਸ਼ਮੀਰ ਜਨਤਾ ਦੇ ਨਖੇੜੇ ਨੂੰ ਨਵੀਆਂ ਹੱਦਾਂ ਤਕ ਵਧਾ ਦਿੱਤਾ ਗਿਆ ਸੀ। ਅਜ਼ਾਦੀ ਜਾਂ ਫਿਰ ਪਾਕਿਸਤਾਨ 'ਚ ਸ਼ਾਮਲ ਹੋ ਜਾਣ ਵਾਲੇ ਅਲਗਾਅਵਾਦੀ ਸਮੂਹਾਂ ਦੀ ਕਸ਼ਮੀਰੀ ਲੋਕਾਂ ਦਰਮਿਆਨ ਜਬਰਦਸਤ ਪਕੜ ਬਣ ਚੁੱਕੀ ਸੀ। ਪਰ ਇਸ ਗੱਲ ਦੀ ਸਚਾਈ ਇਹ ਹੈ ਕਿ ਇਸ ਦੇ ਲਈ ਕਾਫੀ ਹੱਦ ਤਕ ਭਾਰਤੀ ਰਾਜ ਦਾ ਵਿਸ਼ਵਾਸਘਾਤ ਅਤੇ ਫੌਜੀ ਜਬਰ ਜੁੰਮੇਵਾਰ ਸੀ। ਨਿਸ਼ਚਤ ਤੌਰ 'ਤੇ ਇਸ 'ਚ ਸਹਾਇਕ ਯੋਗਦਾਨ ਪਾਕਿਸਤਾਨ ਵਲੋਂ ਅੱਤਵਾਦੀ ਤੇ ਧਾਰਮਿਕ ਕੱਟੜ ਪੰਥੀ ਸਰਗਰਮੀਆਂ ਨੂੰ ਹੱਲਾਸ਼ੇਰੀ ਦੇਣਾ ਵੀ ਸੀ। ਇਕ ਪਾਸੇ ਮਹੱਤਵਪੂਰਨ ਕਾਰਨ ਇਹ ਸੀ ਕਿ 1970 ਦੇ ਦਹਾਕੇ 'ਚ ਜਨਸੰਘ ਤੇ ਉਸ ਪਿਛੋਂ ਸੰਘ ਹਮਾਇਤ ਹਾਸਲ ਜੰਮੂ ਪ੍ਰਜਾ ਪ੍ਰੀਸ਼ਦ ਦੀਆਂ ਫਿਰਕੂ ਸਰਗਰਮੀਆਂ ਨੇ ਵੀ ਹਿੰਦੂਆਂ ਮੁਸਲਮਾਨਾਂ ਵਿਚਕਾਰ 1930 ਦੇ ਦਹਾਕੇ ਤੋਂ ਤਣਾਅ ਦੀ ਸਥਿਤੀ ਬਣਨ ਲੱਗੀ ਸੀ। ਇਸ ਲਈ ਇਸਲਾਮਿਕ ਕੱਟੜ ਪੰਥ ਤੇ ਸੰਘ ਦੀਆਂ ਸਰਗਰਮੀਆਂ ਦੋਨੋ ਹੀ ਜਿੰਮੇਵਾਰ ਸਨ। 1989 ਤੋਂ ਭਾਰਤੀ ਰਾਜ ਨੇ ਕਸ਼ਮੀਰ ਘਾਟੀ ਵਿਚ ਅੱਤਵਾਦ ਵਿਰੁੱਧ ਵੱਡੇ ਪੈਮਾਨੇ 'ਤੇ ਫੌਜੀ ਮੁਹਿੰਮ ਸ਼ੁਰੂ ਕੀਤੀ ਅਤੇ ਆਪਣੀ ਫੌਜੀ ਸ਼ਕਤੀ ਦੇ ਬਲਬੂਤੇ 'ਤੇ 1993 ਆਉਂਦੇ–ਆਉਂਦੇ ਸਮੂਹਾਂ ਨੂੰ ਕਾਫੀ ਹੱਦ ਤਕ ਕੁਚਲ ਦਿੱਤਾ। ਦੱਸਣ ਦੀ ਲੋੜ ਨਹੀਂ ਹੈ ਕਿ ਇਹ ਉਹ ਸਮਾਂ ਸੀ ਜਿਸ ਦੌਰਾਨ ਅੱਤਵਾਦ ਨੂੰ ਕੁਚਲਣ ਦੇ ਨਾਂ ਹੇਠ ਕਸ਼ਮੀਰੀ ਲੋਕਾਂ ਦਾ ਵੀ ਫੌਜ ਨੇ ਭਿਅੰਕਰ ਦਮਨ ਤੇ ਲੁਟ ਖਸੁਟ ਕੀਤੀ। 1993 'ਚ ਭਾਰਤ ਸਰਕਾਰ ਨੇ ਦਾਅਵਾ ਕੀਤਾ ਕਿ ਕਸ਼ਮੀਰ ਘਾਟੀ ਵਿਚ ਅੱਤਵਾਦ ਤੇ ਪਾਕਿਸਤਾਨ ਤੋਂ ਘੁਸਪੈਂਠ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਹੁਣ ਘਾਟੀ 'ਚ ਇਕ ਅਨੁਮਾਨ ਅਨੁਸਾਰ ਸਿਰਫ 600 ਤੋਂ 1000 ਹਥਿਆਰਬੰਦ ਦਹਿਸ਼ਤਗਰਦ ਮੌਜੂਦ ਹਨ।

ਪਰ ਅੱਤਵਾਦ ਨੂੰ ਕੁਚਲਣ ਲਈ ਜਿਸ ਜਬਰਦਸਤ ਫੌਜੀ ਮੌਜੂਦਗੀ ਨੂੰ ਸਹੀ ਠਹਿਰਾਇਆ ਜਾਂਦਾ ਰਿਹਾ ਸੀ, ਉਹ ਇਸ ਪਿਛੋਂ ਵੀ ਮੌਜੂਦ ਰਹੀ। ਹਥਿਆਰਬੰਦ ਫੋਰਸ ਵਿਸ਼ੇਸ਼ ਅਧਿਕਾਰ ਐਕਟ ਵੀ ਉਵੇਂ ਜਿਵੇਂ ਹੀ ਰਿਹਾ ਤੇ ਫੌਜ ਵਲੋਂ ਇਸ ਦੀ ਗੈਰ ਮਨੁੱਖੀ ਵਰਤੋਂ ਵੀ ਜਾਰੀ ਰਹੀ।

ਕਸ਼ਮੀਰ ਦੇ ਲੋਕਾਂ ਨੇ 1980 ਦੇ ਦਹਾਕੇ ਤੋਂ ਲੈ ਕੇ 1990 ਦੇ ਦਹਾਕੇ ਦੇ ਪਹਿਲੇ ਅੱਧ ਤਕ ਜੋ ਝੱਲਿਆ ਸੀ, ਉਸ ਤੋਂ ਪਿੱਛੋਂ ਦੇ ਦਸ ਸਾਲ ਇਕ ਮੁਕਾਬਲਤਨ ਚੁੱਪ ਦਾ ਦੌਰ ਰਿਹਾ ਪਰ ਇਸ ਦਾ ਅਰਥ ਇਹ ਨਹੀਂ ਸੀ ਕਿ ਕਸ਼ਮੀਰੀ ਲੋਕਾਂ ਦੀਆਂ ਉਮੰਗਾਂ ਤੇ ਆਸ਼ਾਵਾਂ ਖ਼ਤਮ ਹੋ ਚੁੱਕੀਆਂ ਸਨ। ਭਾਰਤੀ ਫੌਜੀ ਤਾਕਤ ਸਾਹਮਣੇ ਅੱਤਵਾਦ ਜਾਂ ਹਥਿਆਰਬੰਦ ਸੰਘਰਸ਼ ਟਿਕ ਨਹੀਂ ਸਕਦਾ ਸੀ। ਇਹ ਸਾਬਤ ਹੋ ਚੁਕਿਆ ਸੀ। ਕਸ਼ਮੀਰੀ ਲੋਕਾਂ ਦੇ ਜ਼ਿਆਦਾਤਰ ਵੱਖਵਾਦੀ ਦਲਾਂ ਨੂੰ ਨਖੇੜਿਆ ਜਾਂ ਖਤਮ ਕੀਤਾ ਜਾ ਚੁੱਕਿਆ ਸੀ। ਜੇ. ਕੇ. ਐਲ. ਐਫ. ਦੀ ਤਾਕਤ ਕਾਫੀ ਘੱਟ ਗਈ ਸੀ ਅਤੇ ਯਾ ਮੀਨ ਮਲਕ ਵਰਗੇ ਨੇਤਾ ਜਬਰ ਝੱਲਣ ਪਿੱਛੋਂ ਨਰਮ ਪੈ ਚੁੱਕੇ ਸਨ। ਪਰ ਡੇਢ ਦਹਾਕੇ ਪਿਛੋਂ ਭਾਰਤੀ ਹਾਕਮਾਂ ਦੀ ਇਹ ਖੁਸ਼ਫਹਿਮੀ ਦੂਰ ਹੋ ਚੁੱਕੀ ਸੀ ਕਿ ਕਸ਼ਮੀਰ ਮਸਲੇ ਦਾ ਹੱਲ ਉਹਨਾਂ ਨੇ ਫੌਜੀ ਤਾਕਤ ਨਾਲ ਕਰ ਦਿੱਤਾ ਹੈ। ਨਵੀਂ ਸ਼ਤਾਬਦੀ ਦੇ ਪਹਿਲੇ ਦਹਾਕੇ ਦੇ ਅੱਧ ਤੋਂ ਇਕ ਵਾਰ ਕਸ਼ਮੀਰ ’ਚ ਉਥਲ-ਪੁਥਲ ਸ਼ੁਰੂ ਹੋ ਚੁੱਕੀ ਸੀ। ਹੁਰੀਅਤ ਕਾਨਫਰੰਸ ਦੇ ਨੇਤਾ ਸਈਅਦ ਅਲੀ ਸ਼ਾਹ ਗਿਲਾਨੀ ਦੀ ਅਗਵਾਈ ’ਚ ਤਰੀਕ-ਏ-ਹੁਰੀਅਤ ਦਾ ਅੰਦੋਲਨ ਸ਼ੁਰੂ ਹੋ ਚੁੱਕਿਆ ਸੀ। ਪਰ ਇਸ ਵਾਰੀ ਅੰਦੋਲਨ ਦਾ ਰੂਪ ਬਿਲਕੁਲ ਵੱਖਰਾ ਸੀ। ਕਸ਼ਮੀਰੀ ਲੋਕਾਂ ਵਿਚ ਫੌਜੀ ਜਬਰ ਤੇ ਅਤਿਆਚਾਰ ਖਿਲਾਫ ਜੋ ਭਿਅੰਕਰ ਰੋਸ ਸੁਲਗ ਰਿਹਾ ਸੀ ਉਸ ਨੂੰ ਇਕ ਰਾਹ ਮਿਲ ਗਿਆ ਸੀ। ਨਿਸ਼ਚਤ ਤੌਰ ’ਤੇ ਗਿਲਾਨੀ ਇਕ ਇਸਲਾਮੀ ਕੱਟੜਪੰਥੀ ਨੇਤਾ ਹਨ ਅਤੇ ਕਈ ਲੋਕ ਇਹ ਵੀ ਦੋਸ਼ ਲਾਉਂਦੇ ਹਨ ਕਿ ਅਜਾਦੀ ਜਾਂ ਖੁਦ ਮੁਖਤਿਆਰੀ ਦੀ ਮੰਗ ਪਿੱਛੇ ਉਹਨਾਂ ਦੀ ਅਸਲੀ ਮੰਸ਼ਾ ਪਾਕਿਸਤਾਨ ’ਚ ਸ਼ਾਮਲ ਹੋਣ ਦੀ ਹੈ। ਗਿਲਾਨੀ ਦੇ ਨਵੇਂ ਸਿਪਾਹਸਲਾਰ ਮਸਰਤ ਆਲਮ ਤੇ ਆਸਿਆ ਅੰਦਰਾਬੀ ਨੇ ਜਿਸ ਕਿਸਮ ਦੀਆਂ ਸਰਗਰਮੀਆਂ ਨੂੰ ਅੰਜ਼ਾਮ ਦਿੱਤਾ ਉਸ ਨਾਲ ਇਹ ਸ਼ਕ ਹੋਰ ਪੁਖਤਾ ਹੋ ਗਿਆ। ਮਸਰਤ ਆਲਮ ਅਤੇ ਖਾਸ ਤੌਰ ’ਤੇ ਅਸਿਆ ਅੰਦਰਾਬੀ ਇਕ ਇਸਲਾਮੀ ਕਸ਼ਮੀਰੀ ਰਾਜ ਬਣਾਉਣ ਦੇ ਹੱਕ ਵਿੱਚ ਹਨ। ਗਿਲਾਨੀ ਨੇ ਭਾਰਤੀ ਰਾਜ ਨਾਲ ਗੱਲਬਾਤ ਦੀ ਟੇਬਲ ’ਤੇ ਵੀ ਬੈਠਣਾ ਹੁੰਦਾ ਹੈ। ਇਸ ਲਈ ਉਹ ਆਪਣੀ ਇਸਲਾਮੀ ਕੱਟੜਪੰਥੀ ਨੂੰ ਵਿਖਾਉਂਦੇ ਹੋਇਆਂ ਵੀ ਅਜ਼ਾਦੀ ਦੀ ਗੱਲ ਤੁਲਨਾਤਮਕ ਤੌਰ ’ਤੇ ਬਚਾ-ਬਚਾ ਕੇ ਕਰਦੇ ਹਨ। ਪਰ ਅਸਿਆ ਅੰਦਰਾਬੀ ਨੇ ਗਿਲਾਨੀ ਦੀ ਅਗਵਾਈ ’ਚ ਆਪਣਾ ਰਾਜਸੀ ਕੈਰੀਅਰ ਸ਼ੁਰੂ ਹੀ ਕੱਟੜ ਪੰਥੀ ਸਰਗਰਮੀਆਂ ਤੋਂ ਕੀਤਾ ਹੈ। ਸਭ ਤੋਂ ਪਹਿਲਾਂ ਅੰਦਰਾਬੀ ਨੇ ਬੁਰਕਾ ਪਹਿਨਣ ਨੂੰ ਠੋਸਣ ਤੇ ਬਿਊਟੀ ਪਾਰਲਰਾਂ ਤੇ ਹਮਲਿਆਂ ਨਾਲ ਸ਼ੁਰੂਆਤ ਕੀਤੀ। ਇਸ ਪਿਛੋਂ ਉਹਨਾਂ ਨੇ ਉਸ ਹਰ ਚੀਜ਼ ’ਤੇ ਹਮਲਾ ਕੀਤਾ ਜੋ ਅਧੁਨਿਕਤਾ ਦੀ ਨੁਮਾਇੰਦਗੀ ਕਰਦੀ ਸੀ। ਮਸਰਤ ਆਲਮ ਨੇ ਵੀ ਆਪਣੇ ਇਸਲਾਮੀ ਕੱਟੜਪੰਥੀ ‘ਕ੍ਰੇਡੇਂਸ਼ਅਲਸ’ ਨੂੰ ਖੁੱਲ੍ਹ ਕੇ ਪੇਸ਼ ਕੀਤਾ। ਪਰ ਨਾਲ-ਨਾਲ ਇਹਨਾਂ ਲੋਕਾਂ ਨੇ ਭਾਰਤੀ ਫੌਜ ਵਲੋਂ ਕੀਤੇ ਜਾ ਰਹੇ ਜੁਲਮਾਂ ’ਤੇ ਦੱਬ ਕੇ ਹੱਲਾ ਬੋਲਿਆ ਤੇ ਲੋਕਾਂ ਨੂੰ ਇਸ ਵਿਰੁੱਧ ਲਾਮਬੰਦ ਤੇ ਜਥੇਬੰਦ ਕਰਨਾ ਸ਼ੁਰੂ ਕੀਤਾ। ਇਸ ਸਮੇਂ ਹੋਰ

ਕੋਈ ਅਜਿਹੀ ਤਾਕਤ ਮੌਜੂਦ ਨਹੀਂ ਸੀ ਜੋ ਇਸ ਰੇਡੀਕਲ ਤੇਵਰ ਤੇ ਹਿੰਮਤ ਦੇ ਭਾਰਤੀ ਫੌਜ ਦੇ ਜਬਰ ਖਿਲਾਫ ਆਵਾਜ਼ ਉਠਾ ਰਹੀ ਹੋਵੇ। ਸਿੱਟੇ ਵਜੋਂ ਤਹਿਰੀਕ ਅੰਦੋਲਨ ਦੇ ਪੱਖ ’ਚ ਲੋਕਾਂ ਨੇ ਆਪਣੀ ਹਮਾਇਤ ਜਤਾਉਣੀ ਸ਼ੁਰੂ ਕਰ ਦਿੱਤੀ। 2004-05 ਦੇ ਆਉਂਦੇ ਆਉਂਦੇ ਇਸ ਅੰਦੋਲਨ ਨੇ ਕਸ਼ਮੀਰ ਘਾਟੀ ’ਚ ਡੂੰਘਾਈ ਤਕ ਆਪਣੀਆਂ ਜੜ੍ਹਾਂ ਜਮਾ ਲਈਆਂ ਸਨ। ਇਸ ਦਾ ਪਹਿਲਾ ਵੱਡਾ ਪ੍ਰਮਾਣ ਮਿਲਿਆ 2009 ’ਚ ਅਮਰਨਾਥ ਯਾਤਰਾ ਲਈ ਭੂਮੀ ਹਥਿਆਉਣ ਦੇ ਖਿਲਾਫ ਹੋਏ ਸੰਘਰਸ਼ ਦੌਰਾਨ। ਇਸ ਸੰਘਰਸ਼ ’ਚ ਕਾਫੀ ਸਮੇਂ ਪਿਛੋਂ ‘ਭਾਰਤ ਵਾਪਸ ਜਾਓ’ ਦੇ ਨਾਹਰੇ ਦੱਬ ਕੇ ਲੱਗੇ। ਪਰ ਇਸ ਵਾਰੀ ਇਸ ਰੋਸ ਵਿਰੁੱਧ ਖੁਲ ਕੇ ਫੌਜੀ ਤਾਕਤ ਦੀ ਵਰਤੋਂ ਸੰਭਵ ਨਹੀਂ ਸੀ। ਕਿਉਂਕਿ ਮੋੜਵੇਂ ਵਿਰੋਧ ਦਾ ਰੂਪ ਸਿਵਸ ਸੀ। ਵੱਧ ਤੋਂ ਵੱਧ ਪਥਰਾਅ ਕੀਤੇ ਗਏ ਪਰ ਕਿਤੇ ਵੀ ਇਕਵੀ ਕਾਰਤੂਸ ਨਹੀਂ ਦਾਗਿਆ ਗਿਆ। ਇਹ ਨਵਾਂ ਵਿਰੋਧ ਸ਼ਕਤੀਸ਼ਾਲੀ ਸੀ ਅਤੇ ਬਿਨਾ ਕਾਰਨ ਨਹੀਂ ਸੀ। ਕਾਰਨ ਇਹ ਸੀ ਕਿ ਇਸ ਅੰਦੋਲਨ ਦੀਆਂ ਕਤਾਰਾਂ ਵਿਚ ਸੜਕਾਂ ’ਤੇ ਤੁਸੀਂ ਜਿਹਨਾਂ ਚੇਹਰਿਆਂ ਨੂੰ ਵੇਖ ਸਕਦੇ ਸੀ। ਉਹ ਕੋਈ ਲਕਸ਼ਰ-ਏ-ਤੋਇਬਾ ਜਾਂ ਹਿਜਬੁਲ ਮੁਜਾਹਿਦੀਨ ਦੇ ਦਹਿਸ਼ਤਗਰਦ ਨਹੀਂ ਸਨ ਜੋ ਏ ਕੇ-47 ਨਾਲ ਲੈੱਸ ਹੋਣ। ਇਸ ’ਚ ਸਕੂਲੀ ਬੱਚੇ, ਖਾਸ ਕਰਕੇ ਬੇਰੁਜ਼ਗਾਰ ਨੌਜਵਾਨ, ਬਾਲਗ ਤੇ ਅਧਖੜ ਉਮਰ ਦੀਆਂ ਔਰਤਾਂ ਅਤੇ ਆਮ ਲੋਕ ਸਨ ਜੋ ਭਾਰਤੀ ਫੌਜ ਦੇ ਜਬਰ ਤੇ ਲੁੱਟ ਘਸੁੱਟ ਖਿਲਾਫ ਆਪਣੀ ਨਫਰਤ ਕਾਰਨ ਸੜਕਾਂ ’ਤੇ ਉੱਤਰੇ ਸਨ। ਇਹ ਭਾਰਤੀ ਹਕੂਮਤ ਲਈ ਖਾਸ ਤੌਰ ’ਤੇ ਕਾਫੀ ਸ਼ਰਮਿੰਦਗੀ ਭਰਿਆ ਸੀ ਕਿਉਂਕਿ ਅਜੇ ਕੁਝ ਸਮਾਂ ਪਹਿਲਾਂ ਹੀ ਕਰੀਬ 10 ਲੱਖ ਹਥਿਆਰਬੰਦ ਦਸਤਿਆਂ ਦੀ ਹਾਜਰੀ ’ਚ ਕਸ਼ਮੀਰ ’ਚ ਚੋਣਾਂ ਕਰਵਾਈਆਂ ਗਈਆਂ ਸਨ ਅਤੇ ਕਸ਼ਮੀਰ ਵਿਚ ਬਿਨਾਂ ਹੋਂਦ ਵਾਲੀਆਂ ਪਾਰਟੀਆਂ ਜਿਵੇਂ ਸਪਾ, ਰਾਜਗ, ਬਸਪਾ ਆਦਿ ਤੋਂ ਵੀ ਪੇਪਰ ਦਾਖਿਲ ਕਰਵਾ ਕੇ 60 ਫੀਸਦੀ ਵੋਟਾਂ ਕਰਾਉਣ ’ਚ ਸਫਲਤਾ ਹਾਸਲ ਕੀਤੀ ਗਈ ਸੀ ਅਤੇ ਖਾਂਦਾ-ਪੀਂਦਾ ‘ਦੇਸ਼ ਭਗਤ’ ਭਾਰਤੀ ਮੱਧ ਵਰਗ ਇਸ ਤੋਂ ਕਾਫੀ ਖੁਸ਼ ਹੋਇਆ ਸੀ ਅਤੇ ਉਸ ਨੂੰ ਲੱਗਿਆ ਸੀ ਕਿ ਕਸ਼ਮੀਰ ਮਸਲੇ ਦਾ ਹੱਲ ਲੱਗਭਗ ਹੋ ਹੀ ਗਿਆ। ਪਰ 2009 ’ਚ ਅਮਰਨਾਥ ਯਾਤਰਾ ਵਿਵਾਦ ਤੇ ਉਸ ਪਿੱਛੋਂ ਛੋਪਿਆਂ ’ਚ ਦੋ ਔਰਤਾਂ ਦਾ ਹਥਿਆਰਬੰਦ ਦਸਤਿਆਂ ਵਲੋਂ ਬਲਾਤਕਾਰ, ਤੇ ਕਤਲ, ਮਾਛਿਲ ਫਰਜੀ ਮੁਕਾਬਲੇ ’ਚ ਕਸ਼ਮੀਰੀ ਨੌਜਵਾਨਾਂ ਦੀ ਹੱਤਿਆ ਅਤੇ ਫਿਰ ਜੁਲਾਈ 2010 ’ਚ ਤੁਫੈਲ ਮੱਟੂ ਦੀ ਫੌਜੀ ਗੋਲੀ ਨਾਲ ਹੱਤਿਆ ਪਿਛੋਂ ਕਸ਼ਮੀਰੀ ਲੋਕ ਜਿਸ ਤਰਾਂ ਸੜਕਾਂ ’ਤੇ ਹਨ, ਉਸ ਨਾਲ ਅਜਿਹੇ ਸਾਰੇ ਵਹਿਮਾਂ ਨਿਕਲ ਗਏ ਹਨ। ਸਪਸ਼ਟ ਹੈ ਕਿ ਇਸ ਵਾਰੀ ਕਸ਼ਮੀਰ ਦਾ ਉਭਾਰ ਜਾਂ ਲੋਕ ਬਗਾਵਤ ਦਾ ਰੂਪ (ਇੰਤਫਾਦਾ) ਲੈ ਕੇ ਸਾਹਮਣੇ ਆਇਆ ਹੈ। ਜੇ ਇਹ ਭਾਰਤੀ ਫੌਜ ਤੋਂ ਜਿੱਤ ਨਹੀਂ ਸਕਿਆ ਤਾਂ ਭਾਰਤੀ ਫੌਜ ਦਾ ਜਬਰ ਵੀ ਇਸ ਨੂੰ ਹਰਾ ਨਹੀਂ ਸਕਦਾ ਹੈ। ਇਹੀ ਕਾਰਨ ਹੈ ਕਿ ਫੌਜੀ ਹੱਲ ਦੀ ਬਜਾਏ ਕਿਸੇ ਰਾਜਸੀ ਹੱਲ ਜਾਂ ਇਸ ਹੱਲ ’ਚ ਪਾਕਿਸਤਾਨ ਨੂੰ ਵੀ ਸ਼ਾਮਲ ਕਰਨ ਦੀ ਗੱਲ ਮਨਮੋਹਨ ਸਿੰਘ ਕਰ ਰਹੇ ਹਨ। ਇਹ ਕਾਫੀ ਸਮੇਂ ਪਿਛੋਂ ਹੈ ਕਿ ਕਿਸੇ ਭਾਰਤੀ ਪ੍ਰਧਾਨ ਮੰਤਰੀ ਨੇ ਖੁੱਲ੍ਹੇ ਤੌਰ ’ਤੇ ਕਸ਼ਮੀਰ ਮੁੱਦੇ ਦੇ ਹੱਲ ਲਈ ਪਾਕਿਸਤਾਨ ਦੀ ਸਮੂਲੀਅਤ ਦਾ ਸੱਦਾ ਦਿੱਤਾ ਹੈ। ਗਿਲਾਨੀ ਦੀਆਂ ਸਾਰੀਆਂ ਗੱਲਾਂ ਨੂੰ ਮੰਨਣ ਲਈ ਭਾਰਤੀ ਹਾਕਮ ਜਮਾਤ ਉੱਕਾ ਹੀ ਤਿਆਰ ਨਹੀਂ ਹੈ। ਕਿਉਂਕਿ ਉਸ ਨੂੰ ਡਰ ਹੈ ਕਿ

ਕਸ਼ਮੀਰ ਤੇ ਸਿਕੰਜਾ ਢਿੱਲਾ ਕਰਦਿਆਂ ਹੀ ਉਹ ਪਾਕਿਸਤਾਨ ਕੋਲ ਚਲਾ ਜਾਵੇਗਾ। ਪਰ ਹੁਣੇ ਦਿੱਤੇ ਗਏ ਰਾਜਸੀ ਪੈਕੇਜ ਵਿੱਚ ਭਾਰਤੀ ਹਾਕਮਾਂ ਨੇ ਕੁਝ ਗੱਲਾਂ ਮੰਨੀਆਂ ਹਨ। ਗ੍ਰਿਫਤਾਰ ਲੋਕਾਂ ਨੂੰ ਛੱਡਣ ਦੀ ਗੱਲ ਕੀਤੀ ਗਈ ਹੈ ਅਤੇ ਨਾਲ ਹੀ ਸਰਬ ਪਾਰਟੀ ਪ੍ਰਤੀਨਿਧੀ ਵਫਦ ਕਸ਼ਮੀਰ ਭੇਜਿਆ। ਪਰ ਹਥਿਆਰਬੰਦ ਫੋਰਸਾਂ ਖਾਸ ਕਰਕੇ ਐਕਟ ਅਤੇ ਡਿਸਟਰਬਡ ਏਰੀਆਜ ਐਕਟ ਨੂੰ ਹਟਾਉਣ ’ਤੇ ਹਾਕਮ ਜਮਾਤ ਦੋ-ਫਾੜ ਹੋ ਗਈ ਹੈ। ਭਾਜਪਾ ਹਮੇਸ਼ਾਂ ਵਾਂਗੂੰ ਇਸ ਦੇ ਬਿਲਕੁਲ ਖਿਲਾਫ ਹੈ ਅਤੇ ਆਪਣੀ ਪਿਛਾਖੜੀ ਫਾਸ਼ੀਵਾਦੀ ਲਾਈਨ ਅਨੁਸਾਰ ਉਹ ਕਸ਼ਮੀਰ ਨੂੰ ਹਮੇਸ਼ਾਂ ਦੀ ਤਰ੍ਹਾਂ ਗੋਡਿਆਂ ਹੇਠ ਰੱਖਣ ਦਾ ਪੱਖੀ ਹੈ। ਕਾਂਗਰਸ ’ਚ ਇਸ ਸੁਆਲ ਸਬੰਧੀ ਅਸੰਜਮ ਦੀ ਸਥਿਤੀ ਹੈ। ਇਕ ਹਿੱਸਾ ਇਸ ਨੂੰ ਹਟਾਉਣ ’ਤੇ ਵਿਚਾਰ ਕਰਨ ਦੀ ਗੱਲ ਕਰ ਰਿਹਾ ਹੈ। ਦੂਜਾ ਇਸ ਵਿਚ ਸੋਧ ਦੀ ਤੇ ਤੀਜਾ ਪੂਰੀ ਤਰਾਂ ਪਿਛਾਖੜੀ ਰੁੱਖ ਦੀ ਹਮਾਇਤ ਕਰ ਰਿਹਾ ਹੈ। ਸੰਸਦੀ ਖੱਬੇ ਵਿਸ਼ੇਸ਼ ਅਧਿਕਾਰ ਨੂੰ ਹਟਾਉਣ ਦੀ ਜੁਬਾਨੀ ਹਮਾਇਤ ਕਰਦੇ ਹਨ। ਪਰ ਇਸ ਦਾ ਕੋਈ ਵਿਸ਼ੇਸ਼ ਅਰਥ ਨਹੀਂ ਹੈ। ਫਿਲਹਾਲ ਭਾਰਤੀ ਹਾਕਮ ਜਮਾਤਾਂ ਦੀ ਹਾਲਤ ਕਸ਼ਮੀਰ ਨੂੰ ਥਕਾ ਦੇਣ ਦੀ ਹੈ। ਆਪਣੇ ਜਾਬਰ ਰੁੱਖ ਵਿੱਚ ਉਹ ਕੋਈ ਜ਼ਿਕਰਯੋਗ ਕਮੀ ਨਹੀਂ ਲਿਆ ਰਿਹਾ ਹੈ। ਪਰ ਮਿੱਠੀਆਂ ਗੱਲਾਂ ਦਾ ਪ੍ਰਸ਼ਾਦ ਜ਼ਰੂਰ ਵਰਤਾਅ ਰਿਹਾ ਹੈ। ਨਾਲ ਹੀ ਕੁਝ ਮੋੜਵੇਂ ਕਦਮ ਉਠਾ ਰਿਹਾ ਹੈ। ਇਕ ਵਾਰ ਕਸ਼ਮੀਰ ਦੇ ਸਥਿਰ ਹੋਣ ’ਤੇ ਹਾਕਮ ਜਮਾਤ ਵਿਸ਼ੇਸ਼ ਅਧਿਕਾਰ ਕਨੂੰਨ ’ਚ ਸੋਧ ’ਤੇ ਵਿਚਾਰ ਵਾਕਿਆ ਹੀ ਕਰ ਸਕਦਾ ਹੈ। ਪਰ ਇਸ ਦਾ ਅਰਥ ਕਸ਼ਮੀਰ ਸਮਸਿਆ ਦਾ ਹੱਲ ਕਦੀ ਨਹੀਂ ਹੋ ਸਕਦਾ। ਕਸ਼ਮੀਰ ਦੇ ਲੋਕ ਸੜਕਾਂ ’ਤੇ ਕੁਝ ਕੁਝ ਫਰਕ ਦੇ ਪਿਛੋਂ ਉਤਰਦੀ ਰਹੀ ਹੈ ਅਤੇ ਰਹੇਗੀ। ਫੌਜੀ ਜਬਰ ਦਾ ਖੁਲਾਸਾ ਕਸ਼ਮੀਰ ਵਿਚ ਮੌਜੂਦਾ ਢਾਂਚੇ ਅੰਦਰ ਕਰ ਸਕਣਾ ਭਾਰਤੀ ਹਾਕਮ ਜਮਾਤ ਦੀ ਕਿਸੇ ਵੀ ਪਾਰਟੀ ਲਈ ਸੰਭਵ ਨਹੀਂ ਹੈ। ਜੋ ਪਾਰਟੀ ਖੁਦ ਮੁਖਤਿਆਰੀ ਤੇ ਰਾਇ-ਸ਼ੁਮਾਰੀ ਦੀ ਗੱਲ ਮੰਨੇਗੀ ਉਹ ਪੂੰਜੀਵਾਦੀ ਰਾਜਨੀਤੀ ਦੇ ਦਾਇਰੇ ਅੰਦਰ ਆਪਣੀ ਹੀ ਕਬਰ ਪੁੱਟੇਗੀ। ਕਸ਼ਮੀਰੀ ਲੋਕਾਂ ਦੀਆਂ ਜੋ ਮੂਲ-ਮੰਗਾਂ ਹਨ ਯਾਨੀ ਖੁਦ-ਮੁਖਤਿਆਰੀ ਤੇ ਆਤਮ ਨਿਰਣੇ ਦਾ ਹੱਕ। ਉਹ ਫੌਜੀ ਜਬਰ ਨਾਲ ਕਦੀ ਖਤਮ ਨਹੀਂ ਹੁੰਦਾ। ਪੂੰਜੀਵਾਦੀ ਪ੍ਰਬੰਧ ਦੇ ਦਾਇਰੇ ਦੇ ਅੰਦਰ ਇਹ ਮੰਗਾਂ ਕਦੀ ਮੰਨੀਆਂ ਨਹੀਂ ਜਾਣਗੀਆਂ ਅਤੇ ਕਦੀ ਫੌਜੀ ਜਬਰ ਤੇ ਕਦੀ ਲੋਕਾਂ ਨੂੰ ਸੜਕਾਂ ’ਤੇ ਧੱਕਾ ਦੇਣ ਦੀ ਰਣਨੀਤੀ ’ਤੇ ਕਦੀ ਇਹਨਾਂ ਦੋਨਾਂ ਰਣਨੀਤੀਆਂ ਦੇ ਮਿਸ਼ਰਣ ਨਾਲ ਭਾਰਤੀ ਹਾਕਮ ਜਮਾਤ ਕਸ਼ਮੀਰ ’ਤੇ ਆਪਣੇ ਅਧਿਕਾਰ ਨੂੰ ਕੁੱਲ ਮਿਲਾ ਕੇ ਇਸ ਰੂਪ ’ਚ ਕਾਇਮ ਰੱਖੇਗੀ।

ਇਹ ਵੀ ਸੱਚ ਹੈ ਕਿ ਗਿਲਾਨੀ, ਮਸਰਤ ਤੇ ਅੰਦਰਾਬੀ ਵਰਗੇ ਧਾਰਮਕ ਕੱਟੜ ਪੰਥੀਆਂ ਦੀ ਕਸ਼ਮੀਰ ਦੀ ਅਜਾਦੀ ਦੀ ਮੰਗ ਦੀ ਗੂੰਜ ਪੂਰੇ ਕਸ਼ਮੀਰ ’ਚ ਨਹੀਂ ਹੈ। ਇਥੋਂ ਤਕ ਕਿ ਕਸ਼ਮੀਰ ਘਾਟੀ ’ਚ ਵੀ ਲੋਕਾਂ ਦਾ ਇਕ ਵਿਚਾਰਣਯੋਗ ਹਿੱਸਾ ਉਹਨਾਂ ਦੇ ਨਾਲ ਸਿਰਫ ਇਸ ਲਈ ਕਿਉਂਕਿ ਭਾਰਤੀ ਰਾਜ ਦੇ ਦਮਨ ਦਾ ਕਾਰਗਰ ਵਿਰੋਧ ਕਰਨ ਵਾਲੀ ਅਤੇ ਕੋਈ ਸਮਰਥ ਤਾਕਤ ਨਹੀਂ ਹੈ। ਜਿਸ ਸਮੇਂ ਜੇ. ਕੇ. ਐਲ. ਐਫ. ਮੌਜੂਦ ਸੀ। ਲੋਕਾਂ ਦੀ ਇਸ ਨੂੰ ਜਬਰਦਸ਼ਤ ਹਮਾਇਤ ਹਾਸਲ ਸੀ ਅਤੇ ਜੇ. ਕੇ. ਐਲ. ਐਫ. ਨੂੰ ਇਕ ਸੇਕੂਲਰ ਵਿਸ਼ਵਾਸ ਵਾਲੀ ਜਥੇਬੰਦੀ ਮੰਨਿਆ ਜਾਂਦਾ ਸੀ। ਅੱਜ ਗਿਲਾਨੀ ਦੀ ਅਪੀਲ ਇਸ ਗੱਲ ਵਿਚ ਹੈ ਕਿ ਉਹੀ ਭਾਰਤੀ ਰਾਜ ਦੇ ਜਬਰ

ਦਾ ਵਿਰੋਧ ਕਾਰਗਰ ਢੰਗ ਨਾਲ ਕਰਨ ਵਾਲੇ ਨੇਤਾ ਹਨ। ਗਿਲਾਨੀ ਦੀ ਮੰਗ ਦਾ ਲੇਹ-ਲਦਾਖ ਦੇ ਬੋਧੀਆਂ, ਕਾਰਗਿਲ ਦੇ ਸ਼ਿਆ ਮੁਸਲਮਾਨਾ ਅਤੇ ਜੰਮੂ ਦੇ ਸਿੱਖ ਤੇ ਹਿੰਦੂਆਂ 'ਚ ਕੋਈ ਹਮਾਇਤ ਨਹੀਂ ਹੈ। ਹਾਲਾਂਕਿ ਗਿਲਾਨੀ ਤੇ ਮਸਰਤ ਆਲਮ ਦੋਨੋ ਹੀ ਬੋਲਦੇ ਹਨ ਕਿ ਉਹਨਾਂ ਦੇ ਆਜ਼ਾਦ ਕਸ਼ਮੀਰ 'ਚ ਹਿੰਦੂਆਂ ਤੇ ਬੋਧੀਆਂ ਅਤੇ ਨਾਲ ਹੀ ਸ਼ਿਆ ਮੁਸਲਮਾਨਾ ਨੂੰ ਆਪਣੇ ਤਰੀਕੇ ਨਾਲ ਪੂਜਾ ਤੇ ਜੀਵਨ ਦੀ ਪੂਰੀ ਅਜਾਦੀ ਹੋਵੇਗੀ ਤੇ ਉਹਨਾਂ ਦਾ ਇਸਲਾਮ ਇਹਨਾਂ ਫਿਰਕਿਆਂ ਲਈ ਵੀ ਕਲਿਆਣਕਾਰੀ ਹੋਵੇਗਾ। ਪਰ ਇਸ 'ਤੇ ਕੋਈ ਭਰੋਸਾ ਨਹੀਂ ਕਰਦਾ। ਖਾਸ ਕਰਕੇ ਜਦ ਉਹਨਾਂ ਦੀ ਜਥੇਬੰਦੀ ਦੀਆਂ ਆਸਿਆ ਅੰਦ੍ਰਾਬੀ ਇਸਲਾਮਿਕ ਕੱਟੜ ਪੰਥੀ ਦਹਿਸ਼ਤ ਫੈਲਾਉਣ ਦੀ ਸਰਗਰਮੀਆਂ ਵਿੱਚ ਸ਼ਾਮਲ ਹੋਣ। ਇਸ ਲਈ ਇਕ ਗੱਲ ਤਾਂ ਸਾਫ ਹੈ ਕਿ ਅਜਾਦੀ ਦੀ ਮੰਗ ਦਾ ਕੋਈ ਭਵਿੱਖ ਨਹੀਂ ਹੈ। ਆਤਮ ਨਿਰਣੇ ਦੀ ਅਧਿਕਾਰ ਮੌਜੂਦਾ ਹਾਲਤ 'ਚ ਮਿਲਿਆ ਵੀ ਹੈ ਤੇ ਕਸ਼ਮੀਰ ਆਜ਼ਾਦ ਵੀ ਹੋ ਜਾਂਦਾ ਹੈ ਤਾਂ ਵੀ ਉਹ ਪਾਕਿਸਤਾਨ ਜਾਂ ਭਾਰਤ ਦੀ 'ਸੈਟੇਲਾਈਟ ਸਟੇਟ' ਵੀ ਹੋ ਜਾਂਦਾ ਹੈ ਅਤੇ ਇਹ ਸੰਭਵ ਵੀ ਨਹੀਂ ਹੈ।

ਫਿਰ ਆਖਰ ਕਸ਼ਮੀਰ ਸਮੱਸਿਆ ਦਾ ਹੱਲ ਹੈ ਕੀ? ਇਹ ਇਕ ਗੁੰਝਲਦਾਰ ਸੁਆਲ ਹੈ। ਕਸ਼ਮੀਰ ਸਮੱਸਿਆ ਦਾ ਹੱਲ ਅਤੇ ਨਾ ਸਿਰਫ ਕਸ਼ਮੀਰ ਸਮੱਸਿਆ ਦਾ ਬਲਕਿ ਭਾਰਤੀ ਸੰਘ 'ਚ ਕੌਮੀਅਤ ਦੇ ਸੁਆਲ ਜਿੱਥੇ-ਜਿੱਥੇ ਮੌਜੂਦ ਹਨ, ਉਹਨਾਂ ਦਾ ਹੱਲ ਸਮਾਜਵਾਦੀ ਰਾਜ ਦੇ ਤਹਿਤ ਹੀ ਹੋ ਸਕਦਾ ਹੈ। ਜੋ ਇਹਨਾਂ ਇਲਾਕਿਆਂ ਨੂੰ ਨਿਖੜ ਕੇ ਜਬਰ ਦੇ ਸ਼ਿਕੰਜੇ 'ਚ ਨਾ ਰੱਖੇ। ਅੱਜ ਤੋਂ ਹੀ ਇਹਨਾ ਕੌਮੀਅਤਾਂ ਦੇ ਮੇਹਨਤਕਸ਼ ਲੋਕਾਂ ਤੇ ਨੌਜਵਾਨਾ ਦਰਮਿਆਨ ਜਮਹੂਰੀ-ਇਨਕਲਾਬੀ ਲੋਕਾਂ ਨੂੰ ਕੰਮ ਕਰਨਾ ਚਾਹੀਦਾ ਹੈ ਤੇ ਉਹਨਾਂ ਨੂੰ ਰਾਜਸੀ ਤੌਰ 'ਤੇ ਸੁਚੇਤ ਕਰਦਿਆਂ ਪੂਰੀ ਵਿਵਸਥਾ ਦੀ ਤਬਦੀਲੀ ਦੀ ਲੜਾਈ ਦਾ ਇਕ ਅੰਗ ਬਣਾਉਣਾ ਪੈਣਾ ਹੈ। ਆਤਮ ਨਿਰਣੇ ਦਾ ਅਧਿਕਾਰ ਤਾਂ ਹੀ ਮਿਲ ਸਕਦਾ ਹੈ ਜੇ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਦੀ ਹਕੂਮਤ ਨੂੰ ਮੁਢੋਂ ਖਤਮ ਕੀਤਾ ਜਾਵੇ ਅਤੇ ਮੇਹਨਤਕਸਾਂ ਦੀ ਸੱਤਾ ਦੀ ਸਥਾਪਤੀ ਕੀਤੀ ਜਾਵੇ ਜਿਸ ਵਿੱਚ ਪੈਦਾਵਾਰ, ਰਾਜ-ਕਾਜ ਤੇ ਸਮਾਜ ਦੇ ਢਾਂਚੇ 'ਤੇ ਪੈਦਾ ਕਰਨ ਵਾਲਿਆਂ ਦਾ ਹੱਕ ਹੋਵੇ। ਇਨਕਲਾਬੀ ਸੰਘਰਸ਼ ਦੌਰਾਨ ਇਹਨਾਂ ਸੂਬਿਆਂ ਦੇ ਲੋਕਾਂ ਦਾ ਸਾਥ ਤੇ ਸ਼ਮੂਲੀਅਤ ਦੀ ਇਹਨਾਂ ਪੀੜਤ ਕੌਮੀਅਤਾਂ ਨੂੰ ਆਤਮ ਨਿਰਣੇ ਤੇ ਆਪਣਾ ਭਵਿੱਖ ਆਪ ਤਹਿ ਕਰਨ, ਆਪਣੀ ਹੋਂਦ ਦੇ ਆਪ ਮਾਲਕ ਬਨਣ ਦਾ ਹੱਕ ਮਿਲੇ। ਇਸ ਸੰਘਰਸ਼ ਦੇ ਅਮਲ ਦੌਰਾਨ ਹੀ ਇਕ ਰਾਜਸੀ ਰਲੇਵਾਂ ਵੀ ਹੋ ਜਾਵੇਗਾ। ਜੋ ਉਹਨਾਂ ਨੂੰ ਇਕ ਅਜਿਹੇ ਰਾਜ 'ਚ ਆਪਣੀ ਕੌਮੀ ਪਹਿਚਾਣ ਦੇ ਨਾਲ ਕਾਇਮ ਰੱਖਣ ਦੀ ਸੰਭਾਵਨਾ ਰੱਖਦਾ ਹੈ। ਜੋ ਰਾਜਸੀ, ਆਰਥਕ, ਕੌਮੀ ਤੇ ਸਭਿਆਚਾਰਕ ਲੁੱਟ-ਘਸੁੱਟ ਤੇ ਜਬਰ ਉਪਰ ਅਧਾਰਿਤ ਨਾ ਹੋਵੇ। ਇਸ ਲਈ ਕੌਮੀਅਤਾਂ ਦੇ ਸੰਘਰਸ਼ ਦਾ ਵੱਖਰਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ ਹੈ। ਦੱਬੀਆਂ ਕੁਚਲੀਆਂ ਕੌਮਾਂ ਦੇ ਸੰਘਰਸ਼ ਨੂੰ ਜੇ ਮੁਕਾਮ ਤਕ ਪਹੁੰਚਾਉਣਾ ਹੈ ਤਾਂ ਉਹਨਾ ਨੂੰ ਸਾਮਰਾਜ ਵਿਰੋਧੀ-ਜਾਗੀਰਦਾਰ ਵਿਰੋਧੀ ਇਨਕਲਾਬੀ ਸੰਘਰਸ਼ ਨਾਲ ਜੁੜਨਾ ਪਵੇਗਾ। ਪਿੱਛੇ 64 ਸਾਲਾਂ ਦਾ ਸਾਡੇ ਦੇਸ਼ ਦਾ ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਜਿਹੇ ਸੰਘਰਸ਼ ਜੇ ਹਾਰਦੇ ਨਹੀਂ ਤਾਂ ਜਿੱਤ ਵੀ ਨਹੀਂ ਸਕਦੇ। ਆਤਮ ਨਿਰਣੇ ਦਾ ਅਧਿਕਾਰ

ਸਮਾਜਵਾਦ ਹੀ ਦੇ ਸਕਦਾ ਹੈ, ਪੂੰਜੀਵਾਦ ਜਾਂ ਸੰਘਰਸ਼ ਨਹੀਂ ਦੇ ਸਕਦਾ। ਇਸ ਲਈ ਅਜਿਹੀਆਂ ਕੌਮੀਅਤਾਂ ਦੇ ਸੰਘਰਸ਼ ਦੇ ਏਜੰਡਾ 'ਚ ਨਵ-ਜਮਹੂਰੀ ਤੇ (ਫਿਰ ਸਮਾਜਵਾਦੀ) ਰਾਜ ਸਥਾਪਤ ਕਰਨ ਦਾ ਸੁਆਲ ਵੀ ਲਿਆਉਣਾ ਪਵੇਗਾ।

# ਜੀ-20 ਦੇਸ਼ਾਂ ਦੀ ਸਿਓਲ ਮੀਟਿੰਗ- ਪਰਨਾਲਾ ਉਥੇ ਦਾ ਉਥੇ

ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ’ਚ ਜੀ-20 ਦੇਸ਼ਾਂ ਦੀ 11-12 ਨੰਵਬਰ ਦੀ ਦੋ-ਦਿਨਾ ਮੀਟਿੰਗ ਬਿਨਾ ਕਿਸੇ ਸਾਰਥਕ ਨਤੀਜੇ ਦੇ ਖਤਮ ਹੋ ਗਈ। ਅਮਰੀਕਾ ਤੇ ਚੀਨ ਵਿਚਾਲੇ ਮੁਦਰਾ ਜੰਗ (ਕਰੰਸੀ ਵਾਰ) ’ਚ ਕਿਸੇ ਕਿਸਮ ਦਾ ਸਮਝੌਤਾ ਨਹੀਂ ਹੋ ਸਕਿਆ। ਅਮਰੀਕਾ ਚੀਨ ਤੋਂ 20 ਦੇਸ਼ ਦੇ ਇਕੱਠ ’ਚ ਵੀ ਆਪਣੀ ਗੱਲ ਨਹੀਂ ਮਨਾ ਸਕਿਆ। ਇਹ ਜੀ-20 ਦੇਸ਼ਾਂ ਦੀ ਪੰਜਵੀਂ ਸ਼ਿਖਰ ਬੈਠਕ ਸੀ। 1999 ’ਚ ਸਥਾਪਤ ਕੀਤੇ ਗਏ ਇਸ ਸਮੂਹ ਵਿੱਚ ਯੂਰਪੀ ਯੂਨੀਅਨ ਨੂੰ ਮਿਲਾ ਕੇ 19 ਦੇਸ਼ ਹੋਰ ਹਨ। 2008 ਵਿੱਚ ਅਮਰੀਕਾ ਸਮੇਤ ਹੋਰ ਪ੍ਰਭਾਵਸ਼ਾਲੀ ਦੇਸ਼ਾਂ ਨੇ ਇਸ ਨੂੰ ਜੀ-20 ਦਾ ਬਦਲ ਦੱਸਿਆ ਸੀ। ਜੀ-20 ਦੇ ਦੇਸ਼ਾਂ ’ਚ ਅਮਰੀਕਾ, ਕਨੇਡਾ, ਯੂ. ਕੇ, ਫ੍ਰਾਂਸ, ਜਪਾਨ, ਰੂਸ, ਜਰਮਨੀ, ਆਸਟ੍ਰੇਲੀਆ, ਅਰਜਨਟੀਨਾ, ਬ੍ਰਾਜ਼ੀਲ, ਚੀਨ, ਭਾਰਤ, ਇੰਡੋਨੇਸ਼ੀਆ, ਮੈਕਸੀਕੋ, ਸਾਊਦੀ ਅਰਬ, ਦੱਖਣੀ ਕੋਰੀਆ, ਇਟਲੀ, ਤੁਰਕੀ, ਦੱਖਣੀ ਅਫਰੀਕਾ ਤੇ ਯੂਰਪੀ ਯੂਨੀਅਨ ਸ਼ਾਮਲ ਸਨ। ਇਸ ਤੋਂ ਇਲਾਵਾ ਆਈ. ਐਮ. ਐਫ. ਵਰਗੀਆਂ ਸੰਸਥਾਵਾਂ ਇਸ ਦੀਆਂ ਸੰਸਥਾਗਤ ਮੈਂਬਰ ਹਨ। ਇਸ ਤਰਾਂ ਨਾਲ ਜੀ-20 ਦੁਨੀਆਂ ਦਾ ਇੱਕ ਪ੍ਰਭਾਵਸ਼ਾਲੀ ਮੰਚ ਬਣ ਜਾਂਦਾ ਹੈ। ਪੂਰੀ ਦੁਨੀਆਂ ਦੇ ਜ਼ਿਆਦਾਤਰ ਅਰਥਚਾਰੇ ਨੂੰ ਸਮੇਟਨ ਵਾਲਾ ਇਹ ਸਮੂਹ ਪੂੰਜੀਵਾਦੀ (ਸਾਮਰਾਜੀ) ਦੁਨੀਆਂ ਨੂੰ ਪਿਛਲੇ ਦੋ ਸਾਲਾਂ ਤੋਂ ਮੰਦੀ ਨੂੰ ਬਾਹਰ ਕੱਢਣ ਲਈ ਤਰ੍ਹਾਂ-ਤਰ੍ਹਾਂ ਦੀਆਂ ਮਸ਼ਕਾ ਕਰ ਰਿਹਾ ਹੈ। ਪਰ ਇਸ ’ਚ ਸਭ ਤੋਂ ਵੱਡੇ ਰੋੜੇ ਖੁਦ ਇਹ ਦੇਸ਼ ਅਤੇ ਇਹਨਾਂ ਦੇ ਏਕਾਧਿਕਾਰ ਘਰਾਣੇ ਤੇ ਵਿਤੀ ਸੰਸਥਾਵਾਂ ਹਨ। ਯੂਰਪ ਦੇ ਦੇਸ਼ ਇਕ ਤੋਂ ਬਾਅਦ ਇਕ ਆਰਥਕ ਸੰਕਟ ਤੋਂ ਡੂੰਘੇ ਸਮਾਜਕ ਸੰਕਟ ਵੱਲ ਵਧਦੇ ਜਾ ਰਹੇ ਹਨ। ਸਪੇਨ, ਗ੍ਰੀਸ, ਪੁਰਤਗਾਲ, ਆਇਰਲੈਂਡ ਵਰਗੇ ਦੇਸ਼ਾਂ ਦੇ ਰਾਹ ’ਤੇ ਫ੍ਰਾਂਸ ਅਤੇ ਬ੍ਰਿਟੇਨ ਵੀ ਦਿਸ ਰਹੇ ਹਨ। ਇਹਨਾਂ ਸਾਰੇ ਦੇਸ਼ਾਂ ਵਿੱਚ ਮਜ਼ਦੂਰਾਂ-ਕਰਮਚਾਰੀਆਂ ਦੇ ਨਾਲ ਵਿਦਿਆਰਥੀ-ਨੌਜਵਾਨ ਵੀ ਸੜਕਾਂ ਤੇ ਉਤਰ ਰਹੇ ਹਨ।

ਕਹਿਣ ਨੂੰ ਇਸ ਸਿਖ਼ਰ ਬੈਠਕ ਦੇ ਅੰਤ ਵਿਚ ਇਕ ਐਲਾਨਨਾਮਾ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਕਿ “ਅਸੀਂ ਅਰਥਚਾਰਿਆਂ ਦੀ ਅਸਲੀ ਸਥਿਤੀ ਨੂੰ ਚਾਲੂ ਰੱਖਣ ਵਾਲੀਹ ਬਾਜ਼ਾਰ ਅਧਾਰਤ ਵੰਡ ਦਰ ਪ੍ਰਣਾਲੀ ਵੱਲ ਅੱਗੇ ਵਧਣ ਤੇ ਇਸ ਨੂੰ ਵੱਧ ਲਚਕੀਲਾ ਬਣਾਉਣ ’ਤੇ ਜੋਰ ਦਿਆਂਗੇ। ਇਸ ਦੇ ਨਾਲ ਹੀ ਦੂਜੇ ਦੇਸਾਂ ਦੇ ਨਾਲ ਦੌੜ ਲਾਉਂਦਿਆਂ ਮੁਦਰਾ ਦੀ ਮੁੱਲ ਘਟਾਈ ਤੋਂ ਦੂਰ ਰਹਾਂਗੇ।” ਪਰ ਹਰ ਕੋਈ ਜਾਣਦਾ ਹੈ ਕਿ ਇਹ ਗੱਲ ਸਿਰਫ ਕਹਿਣ ਦੀ ਹੈ। ਅਸਲ ਵਿੱਚ ਹਰ ਦੇਸ਼ ਦੂਜੇ ਦੇਸ਼ ਨੂੰ ਠਿੱਬੀ ਲਾ ਕੇ ਬਜ਼ਾਰ ਤੇ ਕੁਦਰਤੀ ਸੋਮਿਆਂ ਨੂੰ ਹੜੱਪਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗਾ। ਲੁਟੇਰਿਆਂ ’ਚ ਏਕਤਾ ਕਾਇਮ ਰਹੂ? ਆਖਰ ਤਾਂ ਲੁੱਟ ਦੇ ਮਾਲ ਸਬੰਧੀ ਝਗੜਾ ਹੋ ਹੀ ਜਾਵੇਗਾ। ਜੋੜ-ਤੋੜ ਕਰਨ ਨੂੰ ਅਯੋਜਿਤ ਇਹ ਸਿਖ਼ਰ ਬੈਠਕ ਨਾ ਤਾਂ ਕਿਸੇ ਕਲੇਸ਼ ਨੂੰ ਹੱਲ ਕਰ ਸਕਦੀ ਸੀ ਤੇ ਨਾ ਹੀ ਉਸ ਨੇ

ਕੀਤਾ।

ਚੀਨ ਦੀ ਮੁਦਰਾ ਦੀ ਕਦਰ ਘਟਾਈ ’ਤੇ ਅਮਰੀਕਾ ਦੇ ਜ਼ੋਰ ’ਤੇ ਚੀਨ ਨੇ ਖੁਲ੍ਹੇਆਮ ਇਹ ਕਹਿ ਦਿੱਤਾ “ਜੇ ਤੁਸੀਂ ਆਪ ਬੀਮਾਰ ਹੋ ਤਾਂ ਦੂਜਿਆਂ ਨੂੰ ਦਵਾਈ ਖਾਣ ਲਈ ਨਹੀਂ ਕਹਿ ਸਕਦੇ” ਅਮਰੀਕਾ ਨੂੰ ਕੱਲ ਤਕ ਆਪਣੀ ਮੁੱਦਰਾ ਦੇ ਭਾਰੂ ਹੋਣ ਦਾ ਜੋ ਲਾਭ ਮਿਲ ਰਿਹਾ ਸੀ ਉਹ ਅੱਜ ਨਹੀਂ ਮਿਲ ਰਿਹਾ ਹੈ। ਚੀਨ ਦਾ ਸਸਤਾ ਮਾਲ ਅਮਰੀਕਾ ਸਮੇਤ ਯੂਰਪ ਦੇ ਹੋਰ ਦੇਸ਼ਾਂ ਲਈ ਇਕ ਚਣੌਤੀ ਵਜੋਂ ਸਾਹਮਣੇ ਆਇਆ ਹੈ। ਇਸ ਤੋਂ ਇਲਾਵਾ ਖੁਦ ਅਮਰੀਕਾ ਰਿਜ਼ਰਵ ਨੀਤੀਆਂ ’ਤੇ ਚੱਲ ਰਿਹਾ ਹੈ ਪਰ ਹੋਰ ਦੇਸ਼ਾਂ ਤੋਂ ਚਾਹੁੰਦਾ ਹੈ ਕਿ ਉਹ ਆਪਣੇ ਅਰਥਚਾਰੇ ਨੂੰ ਅਮਰੀਕਾ ਲਈ ਪੂਰੇ ਤੌਰ ’ਤੇ ਖੋਹਲ ਦੇਣ। ਵੈਸੇ ਦੁਨੀਆਂ ਦੇ ਇਹਨਾਂ ਹਾਕਮਾ ਦੀ ਨੀਂਦ ਬੁਰੀ ਤਰਾਂ ਉਖੜੀ ਹੋਈ ਹੈ। ਇਸ ਲਈ ਇਹ ਸਾਲ ਭਰ ’ਚ ਦੋ-ਦੋ ਵਾਰੀ ਮੀਟਿੰਗਾਂ ਕਰ ਰਹੇ ਹਨ। ਇਸ ਦੇ ਨਾਲ ਖਬਰਾਂ ਇਹੀ ਆ ਰਹੀਆਂ ਹਨ ਕਿ ਅਰਥਚਾਰੇ ਮੰਦੇ ਤੋਂ ਉਭਰਨ ਦੀ ਬਜਾਏ ਅਤੇ ਗੰਭੀਰ ਮੰਦੀ ’ਚ ਫਸ ਸਕਦੀਆਂ ਹਨ। ਇਸ ਨੂੰ ‘ਡਬਲਡਿਪ ਰਿਸੇਸ਼ਨ’ ਦਾ ਨਾ ਦਿੱਤਾ ਜਾ ਰਿਹਾ ਹੈ। ਪੂੰਜੀਵਾਦੀ-ਸਾਮਰਾਜੀ ਦੁਨੀਆਂ ’ਚ ਮੱਚੀ ਉਥਲ ਪੁੱਥਲ ਇਹਨਾਂ ਸਾਰੇ ਹਾਕਮਾਂ ਨੂੰ ਬੇਚੈਨ ਕਰ ਰਹੀ ਹੈ। ਉੱਭਰੀਆਂ ਹੋਈਆਂ ਅਰਥ-ਵਿਵਸਥਾਵਾਂ ਮੰਦੀ ਨਾਲ ਜੂਝ ਰਹੀਆਂ ਹਨ ਅਤੇ ਫਿਲਹਾਲ ਉੱਭਰੀਆਂ ਅਰਥ-ਵਿਵਸਥਾਵਾਂ ਆਪਣੇ ਆਪ ਨੂੰ ਇੰਜਣ ਸਮਝ ਰਹੀਆਂ ਹਨ। ਇਸ ਬੈਠਕ ’ਚ ਗੱਲ ਹੋ ਰਹੀ ਸੀ ਕਿ ਤਰੱਕੀ ਨੂੰ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਜਿਸ ਦਾ ਇਕੋ ਇਕ ਅਰਥ ਸੀ ਕਿ ਸਾਮਰਾਜੀ ਦੇਸ਼ਾਂ ’ਚ ਆਏ ਸੰਕਟ ਦਾ ਬੋਝ ਭਾਰਤ, ਬ੍ਰਾਜ਼ੀਲ, ਇੰਡੋਨੇਸ਼ੀਆ, ਮੈਕਸਿਕੋ ਵਰਗੇ ਦੇਸ਼ ਚੁੱਕਣ।

# ਹੁਣ ਰਾਸ਼ਟਰਵਾਦ ਦਾ ਅੰਤ ਕਿਵੇਂ?

ਇਹ ਸੱਚੀ ਮੁੱਚੀ ਮਜ਼ੇਦਾਰ ਸੀ ਜਦ ਅਮਰੀਕੀ ਸਾਮਰਾਜ ਦੇ ਨੁਮਾਇੰਦੇ ਬਰਾਕ ਓਬਾਮਾ ਨੇ ਭਾਰਤੀ ਸੰਸਦ 'ਚ ਆਪਣੇ ਭਾਸ਼ਣ ਦੇ ਅੰਤ 'ਚ "ਜੈ ਹਿੰਦ" ਕਿਹਾ। ਭਾਰਤ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਬਰਾਕ ਓਬਾਮਾ ਦਾ ਹਰ ਸੰਸਦ ਮੈਂਬਰ ਨੇ ਇਸ ਸਬੰਧੀ ਸੁਆਗਤ ਕੀਤਾ ਗਿਆ ਤੇ ਉਹ ਗਦਗਦ ਹੋ ਉਠੇ। ਸਾਰੇ ਜਜ਼ਬਾਤੀ ਤਰੀਕੇ ਨਾਲ ਤਾੜੀਆਂ ਮਾਰਨ ਲੱਗੇ। ਅਜਿਹਾ ਹੀ ਮਜੇਦਾਰ ਦ੍ਰਿਸ਼ ਓਬਾਮਾ ਦੀ ਪਤਨੀ ਨੇ ਉਸ ਸਮੇਂ ਪੈਦਾ ਕੀਤਾ। ਜਦ ਉਹ 'ਰੰਗ ਦੇ ਬਸੰਤੀ' ਗੀਤ ਤੇ ਥਿਰਕ ਰਹੀ ਸੀ। ਬਸੰਤੀ ਰੰਗ ਹੁਣ ਬਲੀਦਾਨ ਦਾ ਪ੍ਰਤੀਕ ਨਹੀਂ ਰਹਿ ਗਿਆ ਹੈ। ਹੁਣ ਇਹ ਉਲਾਸ ਨਾਲ ਭਰੀ ਚੀਕ ਬਣ ਗਿਆ। ਕੀ ਇਹ ਗੱਲ ਮਾਮੂਲੀ ਹੈ ਜਾਂ ਇਹਨਾਂ ਦਾ ਕੋਈ ਡੂੰਘਾ ਅਰਥ ਵੀ ਹੈ। ਬਰਾਕ ਓਬਾਮਾ ਦਾ "ਜੈ ਹਿੰਦ" ਕਹਿਣਾ ਸਿਰਫ ਮੇਜਬਾਨਾ ਨੂੰ ਖੁਸ਼ ਕਰਨ ਦੀ ਕਵਾਇਤ ਨਹੀਂ ਹੈ ਬਲਕਿ ਇਹ ਦਸਦਾ ਹੈ ਕਿ ਹੁਣ ਮੇਜਬਾਨ ਤੇ ਮਹਿਮਾਨ ਦੋਨੋ ਹੀ ਇਕ ਸੁਰ ਨਾਲ "ਜੈ ਹਿੰਦ" ਕਹਿ ਸਕਦੇ ਹਨ। ਯਾਨੀ "ਜੈ ਹਿੰਦ" ਦਾ ਨਾਹਰਾ ਜਿਹਨਾਂ ਖਿਲਾਫ ਲੱਗਦਾ ਸੀ ਉਹ ਹੁਣ ਖੁਦ ਹੀ ਇਸ ਨਾਹਰੇ ਨੂੰ ਲਾ ਸਕਦੇ ਹਨ ਜਾਂ ਇਉਂ ਜਾਵੇ ਕਿ ਇਹ ਨਾਹਰਾ ਹੁਣ ਆਪਣੀ ਆਤਮ ਗੁਆ ਚੁਕਿਆ ਹੈ। ਇਹ ਅਜਿਹਾ ਜੈ ਘੋਸ਼ ਨਹੀਂ ਰਿਹਾ ਕਿ ਹੁਣ ਸਾਮਰਾਜਵਾਦ ਦੀ ਰੂਹ ਇਸ ਨਾਲ ਕੰਬ ਜਾਵੇ। ਇਹ ਇਕ ਖੋਖਲਾ ਫਿਕਰ ਹੈ। ਜੁਮਲਾ ਹੈ ਜਿਸਨੂੰ ਕੋਈ ਵੀ ਦੁਹਰਾ ਸਕਦਾ ਹੈ, ਲਾ ਸਕਦਾ ਹੈ, ਲੁਟੇਰਾ ਵੀ ਤੇ ਲੁਟਿਆ ਜਾਣ ਵਾਲਾ ਵੀ। ਬਰਾਕ ਓਬਾਮਾ ਦਾ ਜੈ ਹਿੰਦ ਕਹਿਣਾ ਇਸ ਗੱਲ ਦਾ ਪਰਿਵਾਚਕ ਹੈ ਕਿ ਜਦ ਭਾਰਤ ਦੀ ਹਾਕਮ ਜਮਾਤ ਲਈ ਸਾਮਰਾਜਵਾਦ ਦੇ ਵਿਰੋਧ ਜਾਂ ਰਾਸ਼ਟਰਵਾਦ ਦਾ ਕੋਈ ਅਰਥ ਨਹੀਂ ਰਹਿ ਗਿਆ ਹੈ। ਉਹ ਸਾਮਰਾਜ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਹੈ। ਇਹ ਗੱਲ ਯੂਰਪ ਦੇ ਸਾਮਰਾਜੀ ਦੇਸ਼ਾਂ ਦੀ ਜਾਂ ਯੂਰਪ ਆਦਿ 'ਤੇ ਵੀ ਲਾਗੂ ਹੁੰਦੀ ਹੈ। ਬਹੁਤ ਸਮਾਂ ਪਹਿਲਾਂ ਕਿਹਾ ਗਿਆ ਸੀ ਕਿ ਪੂੰਜੀਪਤੀ ਜਮਾਤ ਦਾ ਰਾਸ਼ਟਰਵਾਦ ਮੰਡੀ 'ਚ ਨਿਲਾਮ ਹੋ ਗਿਆ। ਹੁਣ ਭਾਰਤ ਦੀ ਦਲਾਲ ਸਰਮਾਏਦਾਰੀ ਹਾਕਮ ਜਮਾਤ ਨੂੰ ਰਾਸ਼ਟਰਵਾਦ ਦਾ ਬੁਖਾਰ ਤਾਂ ਹੀ ਚੜ੍ਹੇਗਾ, ਜਦ ਉਸ ਦੀ ਮੰਡੀ ਨੂੰ ਖਤਰਾ ਹੋਵੇਗਾ ਜਾਂ ਜਿਸ ਮੰਡੀ 'ਚ ਉਸ ਨੇ ਆਪਣੇ ਰਾਸ਼ਟਰਵਾਦ ਨੂੰ ਨਿਲਾਮ ਕੀਤਾ ਹੈ। ਉਥੇ ਉਸ ਦੀ ਬੋਲੀ ਡਿੱਗ ਪਵੇਗੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਇਮਾਨਦਾਰੀ ਦੇ ਬਿਨਾ ਸ਼ੱਕ ਤਾਰੀਫ ਕਰਨੀ ਪਵੇਗੀ ਕਿ ਉਹਨਾਂ ਨੇ ਮੰਡੀ ਦੀ ਭਾਸ਼ਾ ਨੂੰ ਬਾਖੂਬੀ ਢੰਗ ਨਾਲ ਪੜ੍ਹਿਆ ਅਤੇ ਭਾਰਤ ਦੀ ਹਾਕਮ ਜਮਾਤ ਨੂੰ ਨਹਿਰੂ-ਇੰਦਰਾ ਦੀ ਸਮੇਂ-ਸਮੇਂ ਸਿਰ ਸਾਮਰਾਜ ਦੇ ਵਿਰੁੱਧ ਕੀਤੀ ਜਾਂਦੀ ਤਿਗੜਮਬਾਜੀ ਤੋਂ ਨਿਜਾਤ ਦਵਾ ਦਿੱਤੀ। ਵੈਸੇ ਨਹਿਰੂ-ਇੰਦਰਾ ਦੇ ਸਮਾਜਵਾਦ ਵਿਰੋਧ 'ਚ ਉਸ ਵਕਤ ਦੀ ਭਾਰਤ ਦੀ ਪੂੰਜੀਪਤੀ ਜਮਾਤ ਦੀਆਂ ਲੋੜਾਂ-ਉਮੀਦਾਂ ਸੁਰ ਮਿਲਾਉਂਦੀਆਂ ਸਨ। ਜਿਵੇਂ ਅੱਜ ਮਨਮੋਹਨ ਸਿੰਘ ਦੀਆਂ ਕਵਾਇਤਾਂ 'ਚ ਮਿਲਾਉਂਦੀਆਂ ਹਨ। ਰਾਸ਼ਟਰਵਾਦ 'ਚ ਦੋ ਹੀ ਗੱਲਾਂ ਮੂਲ ਰੂਪ ਵਿਚ ਸ਼ਾਮਲ ਹੁੰਦੀਆਂ ਹਨ। ਪਹਿਲਾਂ ਜਾਗੀਰਦਾਰੀ ਦਾ ਵਿਰੋਧ ਤੇ ਦੂਜਾ ਸਾਮਰਾਜਵਾਦ ਦਾ ਵਿਰੋਧ। ਭਾਰਤ ਦੀ ਹਾਕਮ ਜਮਾਤ ਨੇ ਇਹਨਾਂ ਖਿਲਾਫ ਕਦੀ ਫੈਸਲਾਕੁੰਨ ਸੰਘਰਸ਼

ਨਹੀਂ ਕੀਤਾ। ਹਮੇਸ਼ਾਂ ਹੀ ਉਹਨਾਂ ਦਾ ਰੁਖ ਇਹਨਾਂ ਪ੍ਰਤੀ ਦਲਾਲੀ ਵਾਲਾ ਰਿਹਾ, ਸਮਝੌਤਾਵਾਦੀ ਰਿਹਾ। ਭਾਰਤੀ ਹਾਕਮ ਜਮਾਤ ਦਾ ਨੁਮਾਇੰਦਾ ਗਾਂਧੀ ਸੀ। ਰਾਜਿਆਂ ਰਜਵਾੜਿਆਂ ਸੇਠਾਂ ਮਹਾਜਨਾਂ ਸਭ ਨੂੰ ਗਾਂਧੀ ਜੀ ਦਾ ਅਸ਼ੀਰਵਾਦ ਹਾਸਲ ਸੀ। 'ਅਜਾਦੀ' ਪਿਛੋਂ ਨਹਿਰੂ ਨੇ ਜਾਗੀਰਦਾਰਾਂ-ਜਿੰਮੀਦਾਰਾਂ ਨੂੰ ਇਸ ਗੱਲ ਦਾ ਪੂਰਾ ਮੌਕਾ ਦਿੱਤਾ ਕਿ ਭਾਰਤ ਦੇ ਪੂੰਜੀਵਾਦ ਦੇ ਅਨੁਕੂਲ ਆਪਣੇ ਆਪ ਨੂੰ ਢਾਲਣਾ। ਲੰਮੇ ਸਮੇਂ ਤਕ ਪ੍ਰੀਵੀ ਪਰਸ ਦੇਣਾ ਇਹਨਾਂ ਦਾ ਢੰਗ ਸੀ। ਜ਼ਮੀਨੀ ਸੁਧਾਰਾਂ ਨੂੰ ਠੀਕ ਢੰਗ ਨਾਲ ਲਾਗੂ ਨਾ ਕਰਨਾ ਇਹਨਾਂ ਦਾ ਦੂਜਾ ਢੰਗ ਸੀ। ਕੁਲ ਮਿਲਾ ਕੇ ਜਾਗੀਰਦਾਰੀ ਖਿਲਾਫ ਭਾਰਤ ਦੀ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਨੇ ਹਦ ਦਰਜੇ ਦੀ ਅਧੀਨਗੀ ਦਾ ਰੁਖ ਅਪਣਾ ਲਿਆ। ਪੂੰਜੀ ਦੀ ਤਾਕਤ ਮੂਹਰੇ ਵੈਸੇ ਵੀ ਜਾਗੀਰਦਾਰੀ ਕਿੰਨਾ ਚਿਰ ਟਿਕਦੀ। ਭਾਰਤ ਦੀ ਦਲਾਲ ਸਰਮਾਏਦਾਰੀ ਨੇ ਭਾਰਤੀ ਜਾਗੀਰਦਾਰੀ ਨੂੰ ਆਤਮਸ਼ਾਂਤ ਕਰ ਲਿਆ। ਇਸ ਤਰਾਂ ਨਾਲ ਜਾਗੀਰਦਾਰੀ ਵਿਰੋਧੀ ਜੋ ਕਾਰਜ ਭਾਰਤ ਦੇ ਪੂੰਜੀਪਤੀ ਵਰਗ ਨੇ ਨਿਪਟਾਉਣੇ ਸਨ, ਨਹੀਂ ਨਿਪਟਾਏ।

ਇਸ ਤਰ੍ਹਾਂ ਅਪ ਨਿਵੇਸ਼ ਦੇ ਅਮਲ ਨਾਲ ਉਸ ਨੇ ਸੱਤਾ ਸੰਭਾਲਣ ਦੇ ਦਿਨ ਤੋਂ ਲੈ ਕੇ ਸੱਠ ਦੇ ਦਹਾਕੇ ਦੇ ਸ਼ੁਰੂ ਤਕ ਭਾਰਤੀ ਦਲਾਲ ਸਰਮਾਏਦਾਰੀ ਨੇ ਆਪਣੇ ਸਾਰੇ ਕੰਮ ਨਿਪਟਾ ਲਏ। ਰਾਜਸੀ ਅਜਾਦੀ ਲਈ ਉਸ ਨੇ ਜਿੰਨੀ ਕੁਸ਼ਤੀ ਕਰਨੀ ਸੀ; ਉਸ ਨੇ ਨਵੀਆਂ ਆਰਥਕ ਨੀਤੀਆਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਕਰਨੀ ਸੀ। ਹੁਣ ਤਾਂ ਜੋ ਬਚਿਆ ਉਹ ਸੀ ਹਿਚਕਚਾਹਟ, ਡਰ, ਆਤਮ ਵਿਸ਼ਵਾਸ ਦੀ ਘਾਟ, ਸਮਝੌਤਾ ਵਾਦੀ ਨੀਤੀ 'ਚ ਕਿੰਨੀ ਦਲਾਲੀ ਮਿਲੇਗੀ ਦਾ ਹਿਸਾਬ ਕਿਤਾਬ ਸਾਮਰਾਜੀ ਤਾਕਤ ਦੀ ਹੈਸੀਅਤ ਦਾ ਸਹੀ ਸਹੀ ਮੁਲਅੰਕਣ। ਜਿਵੇਂ ਜਿਵੇਂ ਭਾਰਤ ਦੀ ਹਾਕਮ ਜਮਾਤ ਸਮੀਕਰਣਾਂ ਨੂੰ ਸਲਝਾਉਂਦੀ ਗਈ ਤਿਵੇਂ ਤਿਵੇਂ ਸਾਮਰਾਜ ਵਿਰੋਧੀ ਜੁਮਲੇ ਤੋਂ ਆਪਣੇ ਆਪ ਨੂੰ ਮੁਕਤ ਕਰਦੀ ਗਈ। ਹੁਣ ਸਾਮਰਾਜਵਾਦ ਦੇ ਨਕਲੀ ਵਿਰੋਧ ਦਾ ਵੀ ਮਤਲਬ ਨਹੀਂ ਰਹਿ ਗਿਆ। ਹੁਣ ਜੀ-8 ਦੀਆਂ ਬੈਠਕਾਂ 'ਚ ਬੁਲਾਇਆ ਜਾਣ ਲੱਗਿਆ। ਹੁਣ ਉਹ ਸੁਰਖਿਆ ਪ੍ਰੀਸ਼ਦ ਦੀ ਸਥਾਈ ਮੈਂਬਰਸ਼ਿਪ ਦਾ ਦਾਅਵੇਦਾਰ ਸੀ। ਹੁਣ ਉਹ ਅਜਿਹਾ ਦੇਸ਼ ਸੀ ਜਿਸ ਦੀ ਫੌਜ ਸਭ ਤੋਂ ਵੱਧ ਜੰਗੀ ਮਸ਼ਕਾਂ ਅਮਰੀਕੀ ਸਾਮਰਾਜ ਦੀਆਂ ਫੌਜਾਂ ਨਾਲ ਕਰਦੀ ਸੀ।

ਹੁਣ ਅਜਿਹਾ ਦੇਸ਼ ਸੀ ਜਿਥੋਂ ਦਾ ਬਾਜ਼ਾਰ ਦੁਨੀਆਂ ਦੇ ਸਾਰੇ ਸਾਮਰਾਜੀਆਂ ਲਈ ਖੁੱਲ੍ਹਾ ਸੀ। ਹੁਣ ਉਸ ਦੀਆਂ ਦੇਸੀ ਕੰਪਨੀਆਂ ਵੀ ਯੂਰਪ 'ਚ ਸਾਂਝ ਭਿਆਲੀ ਕਰ ਰਹੀਆਂ ਸਨ। ਹੁਣ ਉਸ ਦਾ ਨਾਹਰਾ ਅਜਾਦ ਵਪਾਰ ਸੀ। ਓਬਾਮਾ ਨੇ ਜਦ ਭਾਰਤੀ ਸੰਸਦ 'ਚ ਕਿਹਾ ਕਿ ਭਾਰਤ ਉਭਰਦੀ ਹੋਈ ਸ਼ਕਤੀ ਨਹੀਂ ਬਲਕਿ ਇਕ ਉਭਰ ਚੁਕੀ ਤਾਕਤਵਾਰ ਸ਼ਕਤੀ ਹੈ। ਤਦ ਇਸਨੂੰ ਅਮਰੀਕੀ ਸਾਮਰਾਜਵਾਦ ਦੇ ਰਾਜਸੀ-ਕੂਟਨੀਤਕ ਦਾਅ ਤੋਂ ਵੱਧ ਇਕ ਪ੍ਰਵਾਨਗੀ ਵਜੋਂ ਲਿਆ ਗਿਆ। ਇਹੀ ਤਾਂ ਉਹੀ ਸੁਣਨਾ ਚਾਹੁੰਦਾ ਸੀ। ਇਸ ਦੇ ਲਈ ਤਾਂ ਉਸ ਦੇ ਕੰਨ ਤਰਸੇ ਨਹੀਂ ਸਨ। ਇਹੀ ਤਾਂ ਉਸ ਦੀ ਅਭਿਲਾਸਾ ਸੀ। ਬਰਾਕ ਓਬਾਮਾ ਦੇ ਇਹ ਕਹਿੰਦਿਆਂ ਹੀ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਧੰਨ ਧੰਨ ਹੋ ਗਈ। ਮਹਾਤਮਾ ਗਾਂਧੀ, ਨਹਿਰੂ, ਵਿਵੇਕਾਨੰਦ, ਅੰਬੇਦਕਰ, ਦੀ ਚਰਚਾ ਓਬਾਮਾ ਦੇ ਮੂੰਹੋ ਸੁਣ ਕੇ ਪਾਰਲੀਮੈਂਟ 'ਚ ਸਭ ਅਸ਼ ਅਸ਼ ਕਰ ਉਠੇ। ਭਾਜਪਾਈ ਪਾਕਿਸਤਾਨ ਬਾਰੇ ਜੋ ਕਹਿਣਾ ਚਾਹੁੰਦੇ ਸਨ ਉਹ

ਓਬਾਮਾ ਨੇ ਕਹਿ ਦਿੱਤਾ। ਭਾਰਤ ’ਚ ਦੇਸ਼ ਭਗਤੀ (ਰਾਸ਼ਟਰਵਾਦ) ਹੁਣ ਆਪਣੀ ਪ੍ਰਗਤੀਸ਼ੀਲਤਾ ਗੁਆ ਚੁਕਿਆ ਹੈ ਅਤੇ ਹੁਣ ਇਕ ਪਿਛਾਖੜੀ ਵਿਚਾਰ ਬਣਦਾ ਜਾ ਰਿਹਾ ਹੈ। ਇਹ ਜਾਂ ਤਾਂ ਆਪਣੇ ਅੰਦਰ ਫਾਂਸੀਵਾਦ ਨੂੰ ਸਮੋਹੀ ਬੈਠਾ ਹੈ ਜਾਂ ਫਿਰ ਰਾਮਦੇਵ ਵਰਗੇ ਲਾਲਸੀਆਂ ਦਾ ਆਪਣਾ ਰਾਜਸੀ ਕੈਰੀਅਰ ਬਣਾਉਣ ਦਾ ਇਕ ਘ੍ਰਿਣਿਤ ਏਜੰਡਾ। ਰਾਸ਼ਟਰਵਾਦ ਦੇ ਨਾਂ ’ਤੇ ਅੱਜ ਜਾਂ ਤਾਂ ਮੁਸਲਮਾਨਾਂ ਇਸਾਈਆਂ ਦਾ ਕਤਲੇਆਮ ਕੀਤਾ ਜਾਂਦਾ ਹੈ ਜਾਂ ਫਿਰ ਕਸ਼ਮੀਰ, ਆਸਾਮ, ਮਣੀਪੁਰ ਆਦਿ ਥਾਵਾਂ ’ਤੇ ਨਿਰਦੋਸ਼ ਲੋਕਾਂ ਦਾ ਖ਼ੂਨ ਵਹਾਇਆ ਜਾਂਦਾ ਹੈ। ਬੰਗਲਾ ਦੇਸ਼, ਨੇਪਾਲ, ਪਾਕਿਸਤਾਨ ਆਦਿ ਦੇਸ਼ਾਂ ਖਿਲਾਫ ਸੇਧਿਤ ਇਹ ਰਾਸ਼ਟਰਵਾਦ ਅਮਰੀਕਾ, ਜਾਪਾਨ, ਬ੍ਰਿਟੇਨ ਦੇ ਹਾਕਮਾਂ ਦੇ ਆਉਣ ’ਤੇ ਫੁੱਲ ਵਰਸਾਉਂਦਾ ਹੈ।

ਉਪਰੋਕਤ ਗੱਲਾਂ ਤੋਂ ਇਹ ਅਰਥ ਨਿਕਲਦਾ ਹੈ ਕਿ ਭਾਰਤ ਦੇ ਮਜ਼ਦੂਰਾਂ ਕਿਸਾਨਾਂ ਤੇ ਹੋਰ ਮੇਹਨਤਕਸ਼ਾਂ ਲਈ ਵੀ ਜਾਗੀਰਦਾਰ ਤੇ ਸਾਮਰਾਜ ਵਿਰੋਧੀ ਕਾਰਜ ਖਤਮ ਨਹੀਂ ਹੋਏ। ਬਲਕਿ ਬਚੇ ਹੋਏ ਹਨ। ਭਾਰਤ ਦੇ ਲੋਕ ਅੱਜ ਵੀ ਜਾਗੀਰੂ ਸਾਮਰਾਜੀ ਗੱਠਜੋੜ ਵਲੋਂ ਲੁਟੇ ਜਾ ਰਹੇ ਹਨ। ਅਰਧ ਜਾਗੀਰੂ ਅਰਧ ਬਸਤੀਵਾਦੀ ਨਿਜ਼ਾਮ ’ਚ ਨਵ-ਬਸਤੀਵਾਦੀ ਲੁੱਟ ਜਾਰੀ ਹੈ। ਜਾਗੀਰਦਾਰੀ ਤੇ ਸਾਮਰਾਜ ਦੀ ਚਾਕਰੀ ਭਾਰਤ ਦੀ ਦਲਾਲ ਸਰਮਾਏਦਾਰੀ ਕਰਦੀ ਹੈ। ਭਾਰਤ ਦੇ ਲੋਕਾਂ ਨੂੰ ਸਾਮਰਾਜ ਅਤੇ ਜਾਗੀਰਦਾਰੀ ਤੋਂ ਤਦ ਤਕ ਮੁਕਤੀ ਨਹੀਂ ਮਿਲਦੀ ਜਦ ਤਕ ਭਾਰਤ ’ਚ ਦਲਾਲ ਨੌਕਰਸ਼ਾਹ ਸਰਮਾਏਦਾਰੀ ਦਾ ਰਾਜ ਰਹੇਗਾ।

# ਲੋਕਾਂ ਦੀ ਸਿਹਤ ਦਾ ਘਾਣ ਹੋ ਕਿਵੇਂ ਰਿਹਾ ਹੈ?

ਸਮਾਜਕ ਭੇਦਭਾਵ ਤੇ ਨਾ ਬਰਾਬਰੀ ਦਾ ਸਿਹਤ ਨਾਲ ਸਿੱਧਾ ਸਬੰਧ ਹੈ। ਇਕ ਅਧਿਐਨ ਅਨੁਸਾਰ ਸਮਾਜਕ ਭੇਦਭਾਵ 'ਚ ਜੇ ਇਕ ਫੀਸਦੀ ਦਾ ਵਾਧਾ ਹੁੰਦਾ ਹੈ ਤਾਂ ਇਹ ਇਕ ਲੱਖ 'ਚ 21.7 ਤੋਂ ਵੱਧ ਮੌਤਾਂ ਦਾ ਕਾਰਨ ਹੁੰਦਾ ਹੈ। ਭਾਰਤ 'ਚ ਸਿਹਤ ਸਬੰਧੀ ਵਸੀਲੇ ਭਰਪੂਰ ਨਾ ਸਹੀ ਪਰ ਦੇਸ਼ ਦੀਆਂ ਲੋੜਾਂ ਲਈ ਕਾਫੀ ਹਨ। ਭਾਰਤ 'ਚ ਡਾਕਟਰਾਂ ਦਾ ਅਨੁਪਾਤ 1800 ਬੰਦਿਆਂ ਪਿੱਛੇ ਇਕ ਦਾ ਹੈ। ਐਲੋਪੈਥੀ ਦੇ ਨਾਲ ਜੇ ਦੂਜੇ ਇਲਾਜ ਦੇ ਤਰੀਕਿਆਂ ਨੂੰ ਜੋੜ ਲਿਆ ਜਾਵੇ ਤਾਂ ਇਹ ਅਨੁਪਾਤ 1:800 ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਅਨੁਪਾਤ ਵਧੀਆ ਮੰਨਿਆ ਜਾ ਸਕਦਾ ਹੈ। ਸਾਡੇ ਦੇਸ਼ 'ਚ ਦਵਾਈਆਂ ਵੀ ਸਹੀ ਮਾਤਰਾ 'ਚ ਤਿਆਰ ਹੁੰਦੀਆਂ ਹਨ। ਸਪਸ਼ੱਟ ਹੈ ਕਿ ਥੁੜ ਇਥੇ ਦਵਾਈਆਂ ਦੀ ਵੀ ਨਹੀਂ ਹੈ। ਫਿਰ ਨੁਕਸ ਹੈ ਕਿੱਥੇ?

ਅਬਾਦੀ ਤੇ ਹਸਪਤਾਲ ਦੇ ਬੈਡ ਦਾ ਅਨੁਪਾਤ-1:15 ਹੈ

ਅਬਾਦ ਤੇ ਡਾਕਟਰ ਦਾ ਅਨੁਪਾਤ-1:6 ਹੈ

ਪਬਲਿਕ ਸਿਹਤ 'ਤੇ ਹੋਣ ਵਾਲੇ ਸਰਕਾਰੀ ਖਰਚੇ-1:7 ਹਨ।

ਜਨ ਸਿਹਤ 'ਤੇ ਹੋਣ ਵਾਲੇ ਖਰਚੇ ਦੇਸ਼ ਦੀ ਕੁਲ ਪੈਦਾਵਾਰ (GDP) ਦਾ ਸਿਰਫ 6 ਫੀਸਦੀ ਹੁੰਦੇ ਹਨ। ਜਿਹਨਾਂ 'ਚੋਂ ਸਿਰਫ 17 ਫੀਸਦੀ ਖਰਚੇ ਹੀ ਸਰਕਾਰ ਸਹਿਣ ਕਰਦੀ ਹੈ। ਜਨ ਸਿਹਤ ਤੇ ਸਭ ਤੋਂ ਘੱਟ ਖਰਚ ਕਰਨ ਵਾਲੇ 6 ਦੇਸ਼ਾਂ 'ਚ ਕੰਬੋਡੀਆ, ਬ੍ਰੇਂਨਡੀ ਤੇ ਮਿਆਂਮਾਰ ਦੇ ਨਾਲ-ਨਾਲ ਸਾਡੇ ਦੇਸ਼ ਦੀ ਗਿਣਤੀ ਵੀ ਹੁੰਦੀ ਹੈ। ਸਾਡੇ ਦੇਸ਼ 'ਚ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਅਣਗਿਣਤ ਦਵਾਈਆਂ ਤਿਆਰ ਜ਼ਰੂਰ ਕਰਦੀਆਂ ਹਨ ਪਰ ਦੇਸ਼ ਦੀਆਂ ਲੋੜਾਂ ਦੀ ਪੂਰਤੀ ਲਈ ਨਹੀਂ ਬਲਕਿ ਬਰਾਮਦ ਕਰਨ ਲਈ। ਇਸ ਬਦਤਰੀਨ ਪੂੰਜੀਵਾਦੀ ਵਿਚਾਰਧਾਰਾ ਤੇ ਨਾ ਬਰਾਬਰੀ ਤੇ ਭੇਦਭਾਵ ਦੀ ਮਾਰ ਦੇਸ਼ ਦੀ ਪੇਂਡੂ ਅਬਾਦੀ 'ਤੇ ਵੱਧ ਪੈਂਦੀ ਹੈ। ਇਹੀ ਕਾਰਨ ਹੈ ਕਿ ਉਹਨਾਂ 'ਚ ਬੱਚਿਆਂ ਦੀ ਮੌਤ ਦਰ 2.5 ਗੁਣਾ ਵੱਧ ਹੈ। ਕਬਾਇਲੀ ਖੇਤਰਾਂ 'ਚ ਪੈਦਾ ਹੋਣ ਵਾਲੇ ਇਕ ਬੱਚੇ ਦੇ ਪੰਜ ਸਾਲ ਤੋਂ ਘੱਟ ਉਮਰ 'ਚ ਮਰ ਜਾਣ ਦੀ ਸੰਭਾਵਨਾ ਆਮ ਬੱਚਿਆਂ ਦੇ ਮੁਕਾਬਲੇ ਡੇਢ ਗੁਣਾ ਵੱਧ ਹੁੰਦੀ ਹੈ। ਇਸ ਭੇਦਭਾਵ ਨੂੰ ਸ਼ਹਿਰੀ ਤੇ ਪੇਂਡੂਆਂ ਦਾ ਭੇਦਭਾਵ ਹੀ ਨਹੀਂ ਕਿਹਾ ਜਾ ਸਕਦਾ। ਬਲਕਿ ਇਹ ਭੇਦਭਾਵ ਤੇ ਨਾ ਬਰਾਬਰੀ ਸ਼ਹਿਰੀ ਸਮਾਜ 'ਚ ਵੀ ਦਿਸਦੀ ਹੈ। ਸ਼ਹਿਰੀ ਖੇਤਰਾਂ 'ਚ ਮਲੀਨ ਬਸਤੀਆਂ (ਸਲੋਮ) 'ਚ ਰਹਿਣ ਵਾਲੀ 40 ਫੀਸਦੀ ਅਬਾਦੀ ਵੀ ਕੁਝ ਐਸੀ ਹੀ ਬੇਵਸੀ ਤੇ ਵਿਚਾਰਗੀ ਦੀ ਹਾਲਤਾਂ ਨਾਲ ਜੂਝ ਰਹੀ ਹੈ। ਹਰ ਸਾਲ ਟੱਟੀਆਂ-ਉਲਟੀਆਂ ਨਾਲ 6 ਲੱਖ ਬੱਚੇ ਮਰ ਜਾਂਦੇ ਹਨ ਜੋ ਆਮ ਤੌਰ 'ਤੇ ਪਿਛੜੇ ਵਰਗ ਨਾਲ ਸਬੰਧਤ ਹੁੰਦੇ ਹਨ ਪਰ ਦੁਖਦਾਈ ਅਸਲੀਅਤ ਇਹ ਹੈ ਕਿ ਘਟਨਾ ਮੀਡੀਆ ਦੀਆਂ ਸੁਰਖੀਆਂ ਘੱਟ ਹੀ ਬਣਦੀ ਹੈ। ਸਾਡੇ ਦੇਸ਼ 'ਚ ਹਰ ਸਾਲ ਕੈਂਸਰ ਨਾਲ ਤਿੰਨ ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਹਨਾਂ 'ਚ 50 ਫੀਸਦੀ ਕੈਂਸਰ ਤੰਬਾਕੂ ਖਾਣ ਨਾਲ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਤੰਬਾਕੂ ਦੀ ਵਰਤੋਂ 'ਤੇ ਸਖਤੀ ਨਾਲ ਕੰਟਰੋਲ ਰਾਹੀਂ 50 ਫੀਸਦੀ ਕੈਂਸਰ ਨੂੰ ਅਸਾਨੀ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਪਰ ਪੂੰਜੀਵਾਦੀ ਤਾਕਤਾਂ ਦੇ ਦਬਾਅ ਹੇਠ ਆ ਕੇ

ਸਰਕਾਰਾਂ ਕਦੀ ਇਸ ਫੈਸਲੇ ਲਈ ਤਿਆਰ ਨਹੀਂ ਹੁੰਦੀਆਂ। ਜਨ ਸਿਹਤ ਨਾਲ ਸੰਬੰਧਤ ਜ਼ਿਆਦਾਤਰ ਸਮੱਸਿਆਵਾਂ ਦਾ ਕਾਰਨ ਇਸੇ ਮੁਨਾਫਾਖੋਰੀ ਦੀ ਮਾਨਸਿਕਤਾ 'ਚ ਦਿੱਸਦਾ ਹੈ।

ਜੋ ਇਨਸਾਨੀ ਲਾਸ਼ਾਂ ਬਦਲੇ ਦੌਲਤ ਦੇ ਢੇਰ ਜਮ੍ਹਾਂ ਕਰਨ 'ਚ ਯਕੀਨ ਰੱਖਦੀ ਹੈ। ਇਹੀ ਵਜ੍ਹਾ ਹੈ ਕਿ ਸਾਡੇ ਦੇਸ਼ 'ਚ ਪ੍ਰਾਈਵੇਟ ਹਸਪਤਾਲਾਂ ਦੇ ਅਨੁਪਾਤ 'ਚ 1991 ਦੇ ਮੁਕਾਬਲੇ ਲਗਭਗ 20 ਫੀਸਦੀ ਦਾ ਵਾਧਾ ਹੋਇਆ ਹੈ। ਪ੍ਰਾਈਵੇਟ ਹਸਪਤਾਲਾਂ ਦਾ ਵਧਦਾ ਹੋਇਆ ਇਹ ਅਨੁਪਾਤ ਸਰਕਾਰ ਦੇ ਰਵਈਏ ਨੂੰ ਦਰਸਾਉਂਦਾ ਹੈ ਜੋ ਵੰਚਿਤ ਵਰਗਾਂ ਦੀ ਸਿਹਤ ਦੀ ਬੁਨਿਆਦੀ ਦੇਖ-ਰੇਖ ਦੀ ਜ਼ਿੰਮੇਵਾਰੀ ਤੋਂ ਵੀ ਭਜਦਾ ਨਜ਼ਰ ਆਉਂਦਾ ਹੈ। ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ 'ਚ ਇਲਾਜ ਕਰਵਾਉਣ ਦਾ ਬੋਝ ਨਾ ਸਹਿਣ ਕਰ ਸਕਣ ਵਾਲੇ ਲੋਕਾਂ ਦੀ ਗਿਣਤੀ 'ਚ ਦੋ ਗੁਣਾ ਵਾਧਾ ਦਰਜ ਕੀਤਾ ਗਿਆ ਹੈ। ਇਸ ਤੋਂ ਵੱਧ ਕੌੜੀ ਸਚਾਈ ਹੋਰ ਕੀ ਹੋ ਸਕਦੀ ਹੈ ਕਿ ਸਾਡੇ ਦੇਸ਼ ਦਾ ਹਰ ਤੀਜਾ ਮਰੀਜ਼ ਆਪਣੇ ਇਲਾਜ ਲਈ ਕਰਜ਼ਾ ਚੁੱਕਣ ਜਾਂ ਆਪਣੀ ਜਾਇਦਾਦ ਵੇਚਣ ਲਈ ਮਜ਼ਬੂਰ ਹੁੰਦਾ ਹੈ। ਇਹਨਾਂ 'ਚੋਂ ਵੀ ਤੰਦਰੁਸਤ ਹੋਣ ਵਾਲੇ ਜ਼ਿਆਦਾਤਰ ਸਦਾ ਲਈ ਗਰੀਬੀ ਰੇਖਾ ਤੋਂ ਹੇਠਾਂ ਪਹੁੰਚ ਜਾਂਦੇ ਹਨ। ਕੇ. ਐਨ. ਨਾਗਰਾਜ (ਮਦਰਾਸ ਇੰਸਟੀਚਿਊਟ ਆਫ਼ ਡਿਵੈਲਪਮੈਂਟ ਸਟੱਡੀਜ਼) ਅਨੁਸਾਰ ਭਾਰਤੀ ਹੈਲਥ ਸੈਕਟਰ ਦੁਨੀਆਂ ਦਾ ਸਭ ਤੋਂ ਵੱਧ ਨਿੱਜੀ ਹੈਲਥ ਸੈਕਟਰ ਹੈ। ਘਰੇਲੂ ਹਸਪਤਾਲਾਂ 'ਚ ਲੁੱਟਮਾਰ ਕਰਕੇ ਕੰਗਾਲ ਹੋਏ ਭਾਰਤੀਆਂ ਦੀ ਗਿਣਤੀ ਇਕ ਅੰਦਾਜ਼ੇ ਅਨੁਸਾਰ 2 ਕਰੋੜ ਪ੍ਰਤੀ ਸਾਲ ਹੈ। ਪੂੰਜੀਵਾਦੀ ਸਾਮਰਾਜ ਦੀ ਛਤਰ ਛਾਇਆ ਹੇਠ ਵਧ ਫੁਲ ਰਹੇ ਮੁਨਾਫਾਖੋਰ ਤੇ ਬੇਲਗਾਮ ਹੈਲਥ ਕੇਅਰ ਸਿਸਟਮ ਰਾਹੀਂ ਫੈਲ ਰਹੀ ਬੇਵਸੀ ਤੇ ਮਹਿਰੂਮੀਆਂ ਦੀ ਖਾਈ ਸਾਡੇ ਸਮਾਜ ਦੀ ਇਕ ਬੇਹੱਦ ਬੇਚੈਨ ਕਰ ਦੇਣ ਵਾਲੀ ਅਸਲੀਅਤ ਬਣ ਚੁੱਕੀ ਹੈ।

ਨੈਤਿਕ ਗਿਰਾਵਟ :- ਦੇਸ਼ ਦੇ ਵੱਡੇ ਸ਼ਹਿਰਾਂ 'ਚ ਵਿਚਾਰਕ ਤੇ ਨੈਤਿਕ ਪਤਨ ਤੇ ਦਿਵਾਲੀਆਪਣ ਸਾਫ ਨਜ਼ਰ ਆਉਂਦਾ ਹੈ।

# ਬਿਹਾਰ ਜੇਲ੍ਹਾਂ ਅੰਦਰ ਸੜਦੇ ਤੇ ਮਰਦੇ ਕੈਦੀ ਕਿਉਂ?

ਪ੍ਰਾਈਵੇਟ ਕੰਪਾਊਂਡਰ ਨਰੇਸ਼ ਯਦਵ ਬੇਚੈਨ ਸਨ। 28 ਸਾਲਾ ਯਾਦਵ ਨੂੰ ਮਾਓਵਾਦੀ ਹੋਣ ਦੇ ਦੋਸ਼ਾਂ 'ਚ ਹਫਤੇ ਭਰ ਤੋਂ ਜੁਮਈ ਜੇਲ੍ਹ 'ਚ ਰੱਖਿਆ ਹੋਇਆ ਸੀ। ਉਸ ਦੀ ਪਸਲੀਆਂ 'ਚ ਦਰਦ ਹੋ ਰਿਹਾ ਸੀ। ਗਿਆਰਾਂ ਅਪ੍ਰੈਲ 2010 ਨੂੰ ਉੱਠਣ ਪਿੱਛੋਂ ਤੋਂ ਹੀ ਉਸ ਦੀਆਂ ਪਸਲੀਆਂ ਦਾ ਇਹ ਦਰਦ ਅਸਹਿ ਹੋ ਗਿਆ ਸੀ। ਯਾਦਵ ਨੂੰ ਹਸਪਤਾਲ ਭੇਜਿਆ ਗਿਆ ਪਰ ਤਦ ਤੱਕ ਕਾਫੀ ਦੇਰ ਹੋ ਚੁੱਕੀ ਸੀ। ਕੁਝ ਹੀ ਘੰਟਿਆਂ ਪਿੱਛੋਂ ਉਸ ਨੇ ਦਮ ਤੋੜ ਦਿੱਤਾ। ਯਾਦਵ ਦੀ ਪਤਨੀ ਤੇ ਤਿੰਨ ਬੱਚਿਆਂ ਦੀ ਮਾਂ ਸੁਨੈਣਾ ਦੇਵੀ (25) ਜੋਰ ਦੇ ਕੇ ਕਹਿੰਦੀ ਹੈ, "ਜਦ ਪੁਲਸ ਨੇ ਮੇਰੇ ਪਤੀ ਨੂੰ ਜੇਲ੍ਹ ਭੇਜਿਆ ਉਹ ਪੂਰੀ ਤਰ੍ਹਾਂ ਸਿਹਤਮੰਦ ਸੀ, ਉਹਨਾਂ ਨੇ ਹਿਰਾਸਤ 'ਚ ਉਸ ਨੂੰ ਤਸੀਹੇ ਦਿੱਤੇ, ਅੰਦਰੂਨੀ ਚੋਟਾਂ ਕਾਰਨ ਉਹਨਾਂ ਦੀ ਮੌਤ ਹੋ ਗਈ।" ਸੁਨੈਣਾ ਦੇ ਇਹ ਦੋਸ਼ ਬੇਬੁਨਿਆਦ ਨਹੀਂ ਹਨ, ਦਸੰਬਰ 2010 'ਚ ਬਿਹਾਰ ਮਨੁੱਖੀ ਅਧਿਕਾਰ ਕਮਿਸ਼ਨ (BHRC) ਨੇ ਉਸ ਸਮੇਂ ਇਹਨਾਂ ਦੋਸ਼ਾਂ ਨੂੰ ਕੁਝ ਵਾਜਬੀਅਤ ਮੁਹਈਆਂ ਕੀਤੀ। ਜਦ ਉਸ ਨੇ ਰਾਜ ਸਰਕਾਰ ਨੂੰ ਸੁਨੈਣਾ ਨੂੰ 2.5 ਲੱਖ ਰੁਪਏ ਦੇਣ ਦਾ ਹੁਕਮ ਦਿੱਤਾ। ਹੁਕਮ 'ਚ ਇਹ ਵੀ ਕਿਹਾ ਗਿਆ ਸੀ ਕਿ ਮੁਆਵਜ਼ਾ ਰਾਸ਼ੀ ਜੇਲ੍ਹ ਦੇ ਅਧਿਕਾਰੀਆਂ ਤੋਂ ਵਸੂਲੀ ਜਾਵੇ। ਬੀ ਐਚ ਆਰ ਸੀ ਦੇ ਹੁਕਮਾਂ ਦੇ ਮਾਅਨੇ ਇਹ ਹਨ ਕਿ ਯਾਦਵ ਦੀ ਗੈਰ ਕਨੂੰਨੀ ਮੌਤ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਇਹ ਹੁਕਮ ਜਮੁਈ ਕਾਰਗਰ (ਜੇਲ੍ਹ) ਦੇ ਅਧਿਕਾਰੀਆਂ ਵਲ ਵੀ ਉਂਗਲ ਉਠਾਉਂਦੇ ਹਨ। ਜਮੁਈ ਤਾਂ ਬਿਹਾਰ ਦੀਆਂ ਸਲਾਖਾਂ ਪਿੱਛੇ ਦੇ ਸੰਸਾਰ ਦੀ ਇਕ ਮਾਮੂਲੀ ਮਿਸਾਲ ਹੀ ਹੈ। ਇਕ ਐਸਾ ਖੌਫਨਾਕ ਸੰਸਾਰ ਜਿੱਥੇ ਮੌਤ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ (NCRB) ਮੁਤਾਬਕ 2004 ਅਤੇ 2008 ਵਿਚਕਾਰ ਬਿਹਾਰ ਦੀਆਂ ਜੇਲ੍ਹਾਂ 'ਚ 781 ਕੈਦੀ ਦਮ ਤੋੜ ਚੁੱਕੇ ਹਨ ਯਾਨੀ ਹਰ ਤੀਸਰੇ ਦਿਨ ਇਕ ਕੈਦੀ ਮਰ ਰਿਹਾ ਹੈ। ਦੇਸ਼ ਭਰ ਦੀਆਂ ਜੇਲ੍ਹਾਂ ਵਿਚ ਹੋਣ ਵਾਲੀਆਂ ਮੌਤਾਂ ਵਿਚੋਂ ਇਕੱਲੇ ਬਿਹਾਰ 'ਚ 12 ਫੀਸਦੀ ਮੌਤਾਂ ਹੁੰਦੀਆਂ ਹਨ। ਪਹਿਲੇ ਥਾਂ 'ਤੇ ਉਤਰ ਪ੍ਰਦੇਸ਼ ਹੈ ਜਿੱਥੇ ਇਸ ਅਰਸੇ 'ਚ 945 ਮੌਤਾਂ ਹੋਈਆਂ ਹਨ। ਬਦਤਰ ਇਹ ਹੈ ਕਿ ਜ਼ਿਆਦਾਤਰ ਮੌਤਾਂ ਯਾਦਵ ਵਾਂਗੂ ਉਹਨਾਂ ਲੋਕਾਂ ਦੀਆਂ ਹੋਈਆਂ ਹਨ ਜਿਹਨਾਂ ਦੇ ਮੁਕੱਦਮੇ ਅਜੇ ਅਦਾਲਤ 'ਚ ਚਲ ਰਹੇ ਹਨ। ਜਿਸ ਦਾ ਮਤਲਬ ਇਹ ਹੈ ਕਿ ਦੋਸ਼ੀ ਸਿੱਧ ਹੀ ਨਹੀਂ ਹੋਏ ਹਨ, ਬਿਹਾਰ 'ਚ ਇਸ ਮਹੀਨੇ ਪਹਿਲਾਂ ਹੀ ਦੋ ਮੌਤਾਂ ਦਰਜ ਹੋ ਚੁੱਕੀਆਂ ਹਨ। ਤਾਜ਼ਾ ਕੇਸ 8 ਜਨਵਰੀ ਦਾ ਹੈ ਜਦ 55 ਸਾਲਾ ਵਿਚਾਰਧੀਨ ਕੈਦੀ ਅਸ਼ੋਕ ਕੁਮਾਰ ਸਿੰਘ ਦੀ ਮੋਤੀਹਾਰੀ ਜੇਲ੍ਹ 'ਚ ਮੌਤ ਹੋ ਗਈ, ਉਹਨਾਂ ਦੀ ਪਤਨੀ ਸੁਸ਼ੀਲਾ ਦੇਵੀ ਨੇ ਆਪਣੇ ਪਤੀ ਦੀ ਮੌਤ ਲਈ ਜ਼ੋਰ ਪ੍ਰਸਾਸ਼ਨ ਦੇ ਜਬਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਬਿਹਾਰ ਦੇ ਆਈ ਜੀ ਜੇਲ੍ਹਾਂ ਰਮੇਸ਼ ਲਾਲ ਇਹਨਾਂ 'ਚੋਂ ਜ਼ਿਆਦਾਤਰ ਮੌਤਾਂ ਦਾ ਸੁਭਾਵਿਕ ਕਾਰਨ ਦੱਸਦੇ ਹਨ ਹਾਲਾਂਕਿ ਉਹ ਮੰਨਦੇ ਵੀ ਹਨ ਕਿ ਬਿਹਾਰ ਦੀਆਂ ਜੇਲ੍ਹਾਂ 'ਚ ਮੌਜੂਦ ਸਿਹਤ ਸਹੂਲਤਾਂ 'ਚ ਬਹੁਤ ਸੁਧਾਰ ਕੀਤੇ ਜਾਣ ਦੀ ਲੋੜ ਹੈ। ਉਹ ਕਹਿੰਦੇ ਹਨ, "ਅਸੀਂ ਬਿਹਾਰ ਦੀਆਂ ਜੇਲ੍ਹਾਂ ਲਈ 154 ਡਾਕਟਰ ਨਿਯੁਕਤ ਕਰਨ ਵਾਲੇ ਹਾਂ, ਇਸ ਤੋਂ ਇਲਾਵਾ

ਜੇ ਮਨੁੱਖ ਅਧਿਕਾਰ ਉਲੰਘਣਾ ਦਾ ਕੋਈ ਕੇਸ ਸਾਹਮਣੇ ਆਉਂਦਾ ਹੈ ਤਾਂ ਉਸ ’ਚ ਸਖਤ ਕਾਰਵਾਈ ਵੀ ਕਰਾਂਗੇ।” ਝਾਰਖੰਡ ਦੇ ਸਾਬਕਾ ਆਈ ਜੀ (ਜੇਲ੍ਹਾਂ) ਤੇ ਸੇਵਾ ਮੁਕਤ ਆਈ ਏ ਐਸ ਅਧਿਕਾਰੀ ਸਭਾਪਤੀ ਕੁਸ਼ਵਾਹਾ ਇਕਦਮ ਖਰੀਆਂ-ਖਰੀਆਂ ਕਹਿੰਦੇ ਹਨ। ਉਹ ਕਹਿੰਦੇ ਹਨ, “ਖਰਾਬ ਸਿਹਤ ਸਹੂਲਤਾਂ ਜੇਲ੍ਹਾਂ ਦਾ ਮੁਖ ਮੁੱਦਾ ਹੈ। ਜੇ ਕੈਦੀਆਂ ਦੀ ਲੋੜ ਸਮੇਂ ਮਿਆਰੀ ਸਿਹਤ ਸਹੂਲਤਾਂ ਨਹੀਂ ਮਿਲਦੀਆਂ ਤਾਂ ਇਹ ਪੂਰੀ ਤਰ੍ਹਾਂ ਬੇਇਨਸਾਫੀ ਹੈ। ਇਹ ਮੌਤ ਦਾ ਵਰੰਟ ਜਾਰੀ ਕਰਨ ਬਰਾਬਰ ਹੈ। ਜੇਲ੍ਹ ’ਚ ਪਹੁੰਚਣ ਵਾਲੇ ਕਈ ਕੈਦੀਆਂ ਨੂੰ ਅੰਦਰੂਨੀ ਸੱਟਾਂ ਲੱਗੀਆਂ ਹੁੰਦੀਆਂ ਹਨ, ਜੋ ਦਿੱਸਦੀਆਂ ਨਹੀਂ ਹਨ।

ਇਸ ਦਾ ਕਾਰਨ ਪੁਲਸ ਹਿਰਾਸਤ ’ਚ ਉਹਨਾਂ ਦੀ ਮਾਰ-ਕੁੱਟ ਹੁੰਦੀ ਹੈ। ਪਰ ਪ੍ਰਸਾਸ਼ਨ ਉਹਨਾਂ ਨੂੰ ਉਸੇ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਮੁਹਈਆਂ ਨਹੀਂ ਕਰਵਾ ਸਕਦਾ। ਜੋ ਉਹਨਾਂ ਦੀ ਲੋੜ ਹੁੰਦੀ ਹੈ ਤੇ ਜਿਸ ਦੇ ਉਹ ਹੱਕਦਾਰ ਹੁੰਦੇ ਹਨ, ਅਕਸਰ ਇਹ ਘਾਤਕ ਸਿੱਧ ਹੁੰਦਾ ਹੈ। ਜੇ ਸਿਹਤ ਸੇਵਾਵਾਂ ਦੀ ਘਾਟ ਇਹਨਾਂ ਜ਼ਿਆਦਾਤਰ ਮੌਤਾਂ ਦਾ ਕਾਰਣ ਹੈ ਤਾਂ ਜੇਲ੍ਹ ਅਧਿਕਾਰੀਆਂ ਦੀ ਲਾਹਪ੍ਰਵਾਹੀ ਤਾਂ ਕੀ, ਕੈਦੀਆਂ ਦੇ ਕਸ਼ਟਾਂ ਦੀ ਅਣਦੇਖੀ ਦੇ ਕੇਸਾਂ ਨਾਲ ਕਈ ਰਿਕਾਰਡ ਭਰੇ ਪਏ ਹਨ। ਮਾਰਚ 2008 ’ਚ ਵਿਚਾਰਧੀਨ ਕੈਦੀ ਵਿਸ਼ਵਨਾਥ ਮਿਸ਼ਰ ਦੀ ਮੌਤ ਦੀ ਜਾਂਚ ਕਰ ਰਹੇ ਬੀ ਐਚ ਆਰ ਸੀ ਨੇ ਪਾਇਆ ਕਿ ‘ਲਾਹਪ੍ਰਵਾਹੀ’, ‘ਮੌਤ ਦੀ ਫੌਰੀ’ ਵਜ੍ਹਾ ਸੀ ਕਿਉਂਕਿ ਉਹਨਾਂ ਨੇ “ਪੈਰਾਮੈਡੀਕਲ ਦੀ ਬੇਉਰ ਸੈਂਟਰਲ ਜੇਲ੍ਹ ਤੋਂ ਬਾਹਰ ਲਿਜਾਇਆ ਗਿਆ ਸੀ। ਇਸ ਤੋਂ ਇਲਾਵਾ ਵਿਚਾਰਧੀਨ ਕੈਦੀ ਜਗ ਨਾਰਾਇਣ ਮਿਸ਼ਰ ਦੀ ਹਿਰਾਸਤ ’ਚ ਮੌਤ ਸਬੰਧੀ ਬੀ ਐਚ ਆਰ ਸੀ ਦੇ ਪ੍ਰਧਾਨ ਜਸਟਿਸ ਐਸ ਐਨ ਝਾਅ ਕਹਿੰਦੇ ਹਨ “ਜੇ ਪੂਰੀ ਤਰ੍ਹਾਂ ਦੇਖਭਾਲ ਕੀਤੀ ਗਈ ਹੁੰਦੀ ਤਾਂ ਹੋ ਸਕਦਾ ਹੈ ਕਿ ਜੇਲ੍ਹ ਅੰਦਰ ਹੋਈ ਕੁਟਮਾਰ ਦੇ ਬਾਵਜੂਦ ਉਸ ਦੀ ਜਾਨ ਬਚਾਈ ਜਾ ਸਕਦੀ ਸੀ।” ਕਮਿਸ਼ਨ ਦੀਆਂ ਇਹਨਾਂ ਗੱਲ ਤੋਂ ਪਤਾ ਲੱਗਦਾ ਹੈ ਕਿ ਬਿਹਾਰ ਦਾ ਜੇਲ੍ਹ ਪ੍ਰਸਾਸ਼ਨ ਕਿੰਨਾ ਬੇਰਹਿਮ ਹੈ, ਇਸ ਸਮੱਸਿਆ ਦਾ ਇਕ ਚਿਹਰਾ ਹੋਰ ਵੀ ਹੈ ਕਿ ਸ਼ਾਤਰ ਅਧਿਕਾਰੀ, ਕਈ ਵਾਰੀ ਜੇਲ੍ਹ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋਰਨਾਂ ਕੈਦੀਆਂ ਨੂੰ ਉਹਨਾਂ ਦੇ ਪਰਿਵਾਰ ਤੋਂ ਪੈਸੇ ਵਸੂਲਣ ਲਈ ਮਾਰਦੇ ਕੁਟਦੇ ਹਨ ਅਤੇ ਕਈ ਵਾਰ ਜੇਲ੍ਹ ਕੈਂਪਸ ’ਚ ਆਪਣਾ ਦਬਦਬਾਅ ਕਾਇਮ ਕਰਨ ਲਈ ਅਜਿਹਾ ਕਰਦੇ ਹਨ। ਕਈ ਵਾਰੀ ਅਜਿਹੀ ਬੇਰਹਿਮ ਮਾਰਕੁਟ ਦਾ ਸਿੱਟਾ ਮੌਤ ਦੇ ਰੂਪ ’ਚ ਸਾਹਮਣੇ ਆਉਂਦਾ ਹੈ। ਐਨ ਸੀ ਆਰ ਬੀ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ 2008 ’ਚ ਦੇਸ਼ ਭਰ ਦੀ ਜੇਲ੍ਹਾਂ ’ਚ ਗੁੱਟਾਂ ਵਿਚਕਾਰ ਸੰਘਰਸ਼ ਦੇ 76 ਮਾਮਲੇ ਸਾਹਮਣੇ ਆਏ। ਬਿਹਾਰ 17 ਕੇਸਾਂ ਦੇ ਨਾਲ ਸਭ ਤੋਂ ਉਪਰ ਸੀ। 2007 ’ਚ ਜਦ ਸਾਰੇ ਦੇਸ਼ਾਂ ’ਚ ਜੇਲ੍ਹਾਂ ’ਚ ਗੁੱਟਾਂ ਦੀਆਂ ਲੜਾਈਆਂ ਦੇ 47 ਕੇਸ ਸਾਹਮਣੇ ਆਏ ਸਨ। ਉਸ ਸਮੇਂ ਬਿਹਾਰ ਦੀਆਂ ਜੇਲ੍ਹਾਂ ’ਚ ਇਹ ਅੰਕੜਾ 28 ਦਾ ਸੀ। ਬਿਹਾਰ ਦੀਆਂ ਜੇਲ੍ਹਾਂ ’ਚ ਮੌਤ ਦੀ ਇਕ ਹੋਰ ਮੁੱਖ ਵਜ੍ਹਾ ਆਤਮਹੱਤਿਆ ਵੀ ਹੈ। ਐਨ ਸੀ ਆਰ ਬੀ ਦੇ ਅੰਕੜਿਆਂ ਮੁਤਾਬਕ ਦੇਸ਼ ਦੀਆਂ ਜੇਲ੍ਹਾਂ ’ਚ 2004 ਅਤੇ 2008 ’ਚ 259 ਕੈਦੀਆਂ ਨੇ ਆਤਮਹੱਤਿਆ ਕੀਤੀ ਜਦ ਕਿ ਬਿਹਾਰ ’ਚ ਇਹ ਅੰਕੜਾ 20 ਹੈ। ਇਸ ਅਰਸੇ ’ਚ ਤਾਮਿਲਨਾਡੂ ’ਚ 35 ਆਤਮਹੱਤਿਆਵਾਂ ਜੋ ਕੌਮੀ ਔਸਤ ਦੀਆਂ 14 ਫੀਸਦੀ। 2005 ਨੂੰ ਛੱਡ ਦੇਈਏ ਤਾਂ

ਇਸ ਸਾਲ ਕੋਈ ਮਾਮਲਾ ਸਾਹਮਣੇ ਨਹੀਂ ਆਇਆ। 2006 ’ਚ ਅੰਕੜਾ 9 ਰਿਹਾ ਵਿਚਾਰ ਅਧੀਨ ਕੈਦੀ ਦੁਲਾਰੇ ਜਿਸ ਨੇ ਮੁਜੱਫਰਪੁਰ ਜੇਲ੍ਹ ’ਚ ਨਵੰਬਰ 2010 ’ਚ ਆਤਮ ਹੱਤਿਆ ਕੀਤੀ ਸੀ ਦੇ ਕੇਸ ਤੋਂ ਪਤਾ ਲੱਗਦਾ ਹੈ ਕਿ ਬਿਹਾਰ ਦੀਆਂ ਜੇਲ੍ਹਾਂ ’ਚ ਇਸ ਤਰ੍ਹਾਂ ਦੇ ਮਾਮਲੇ ਬੰਦ ਨਹੀਂ ਹੋਏ ਹਨ। ਕੁਸ਼ਵਾਹਾ ਇਸ ਗੱਲ ਨਾਲ ਸਹਿਮਤ ਹੈ ਕਿ ਕੋਈ ਮਾਸੂਮ ਪੁਲਸ ਦੀ ਗਲਤ ਜਾਂਚ ਕਾਰਨ ਹੀ ਜੇਲ੍ਹ ’ਚ ਹੀ ਆਪਣੀ ਜੀਵਨ ਲੀਲਾ ਖਤਮ ਕਰ ਲੈਂਦੇ ਹਨ। ਉਹ ਕਹਿੰਦੇ ਹਨ, “ਜੇਲ੍ਹ ’ਚ ਬੰਦ ਰਹਿਣ ਦਾ ਸਦਮਾ, ਤੇ ਪਰਿਵਾਰਕ ਜੀਵਨ ਤੋਂ ਦੂਰ ਰਹਿਣ ਦਾ ਅਸਰ ਇਹਨਾਂ ਲੋਕਾਂ ਦੀਆਂ ਗੁਲਝਣਾਂ ਏਨੀਆਂ ਵਧਾ ਦਿੰਦਾ ਹੈ ਕਿ ਇਹਨਾਂ ’ਚੋਂ ਕਈ ਖੁਦਕੁਸ਼ੀ ਕਰ ਲੈਂਦੇ ਹਨ। ਜੇਲ੍ਹ ਪ੍ਰਸਾਸ਼ਨ ’ਚ ਵਧਦੀ ਸੰਵੇਦਨਸ਼ੀਲਤਾ ’ਤੇ ਸਿਹਤ ਸਹੂਲਤਾਂ ’ਚ ਸੁਧਾਰ ਦੇ ਬਾਵਜੂਦ ਜੇਲ੍ਹਾਂ ’ਚ ਮੌਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜੇਲ੍ਹਾਂ ਨੂੰ ਕੈਦੀਆਂ ਲਈ ਸੁਧਾਰ ਘਰ ਵਜੋਂ ਜਾਣਿਆ ਜਾਂਦਾ ਹੈ ਪਰ ਇਸ ਸਮੇਂ ਲੋੜ ਸਭ ਤੋਂ ਪਹਿਲਾਂ ਅਧਿਕਾਰੀਆਂ ਤੇ ਮੁਨਾਫੇ ’ਤੇ ਅਧਾਰ ਨਿਜ਼ਾਮ ਨੂੰ ਮੁੱਢੋਂ ਸੁਧਾਰਨ ਦੀ ਲੋੜ ਹੈ।

# ਖੇਡ, ਦੇਸ਼ ਭਗਤੀ ਤੇ ਭਰਿਸ਼ਟਾਚਾਰ

ਹੁਣੇ ਦਿੱਲੀ 'ਚ ਪੂਰੀਆਂ ਹੋਈਆਂ ਰਾਸ਼ਟਰਮੰਡਲ ਖੇਡਾਂ ਸਬੰਧੀ ਪੂੰਜੀਵਾਦੀ ਪ੍ਰਚਾਰ ਮਾਧਿਅਮਾਂ ਤੇ ਸਰਮਾਏਦਾਰੀ ਜਮਾਤ ਤੇ ਮੱਧ ਵਰਗ ਦਾ ਨਜ਼ਰੀਆ ਜ਼ਾਹਰ ਹੋਇਆ। ਖੇਡਾਂ ਤੋਂ ਕਰੀਬ ਦੋ ਮਹੀਨੇ ਪਹਿਲਾਂ ਇਸ ਆਯੋਜਨ ਨਾਲ ਸਬੰਧਤ ਭਰਿਸ਼ਟਾਚਾਰ 'ਤੇ ਖੂਬ ਹੰਗਾਮਾ ਹੋਇਆ ਪਰ ਖੇਡ ਸ਼ੁਰੂ ਹੁੰਦਿਆਂ ਹੀ ਇਹ ਹੰਗਾਮਾ ਅਚਾਨਕ ਰੁਕ ਗਿਆ। ਫਿਰ ਸ਼ੁਰੂ ਹੋਇਆ ਉਲਟਾ ਦੌਰ ਦੇਸ਼ ਭਗਤੀ ਦਾ। ਖੇਡਾਂ ਦੇ ਉਦਘਾਟਨੀ ਸਮਾਰੋਹ ਤੋਂ ਲੈ ਕੇ ਖ਼ਤਮ ਹੋਣ ਤਕ ਇਹ ਸਥਿਤੀ ਰਹੀ। ਐਲਾਨ ਕੀਤਾ ਗਿਆ ਕਿ ਇਸ ਆਯੋਜਨ ਤੇ ਖੇਡਾਂ ਵਿੱਚ ਭਾਰਤ ਦੇ ਪ੍ਰਦਰਸ਼ਨ ਨਾਲ ਦੁਨੀਆਂ ਨੇ ਉਭਰਦੇ ਭਾਰਤ ਦੀ ਤਸਵੀਰ ਵੇਖ ਲਈ ਹੈ ਕਿ ਭਵਿੱਖ 'ਚ ਇਹ ਖੇਡ ਭਾਰਤ ਲਈ ਉਹੀ ਸਾਬਤ ਹੋਣਗੇ ਜੋ ਉਲੰਪਿਕ ਦਾ ਆਯੋਜਨ ਚੀਨ ਲਈ ਸਾਬਿਤ ਹੋਇਆ। ਭਾਰਤ ਭਵਿੱਖ 'ਚ ਖੇਡਾਂ ਦਾ ਸੁਪਰ ਬਾਜ਼ਾਰ ਬਣ ਜਾਵੇਗਾ। ਖੇਡਾਂ ਸ਼ੁਰੂ ਹੋਣ ਸਮੇਂ ਤਾਂ ਬਕਾਇਦਾ ਇਹ ਕਿਹਾ ਗਿਆ ਕਿ ਸਾਨੂੰ ਇਸ ਸਮੇਂ ਹੋਰ ਚੀਜ਼ਾਂ ਨੂੰ ਭੁਲਾ ਕੇ ਭਾਰਤ ਦੀ ਦਿੱਖ ਬਾਰੇ ਸੋਚਣਾ ਚਾਹੀਦਾ ਹੈ। ਖੇਡ ਆਯੋਜਨ 'ਚ ਭਰਿਸ਼ਟਾਚਾਰ ਆਦਿ ਨਾਲ ਤਾਂ ਪਿਛੋਂ ਵੀ ਨਿਪਟਿਆ ਜਾ ਸਕਦਾ ਹੈ। ਇਸ ਸਮੇਂ ਸਾਰੇ ਭਾਰਤ ਨੂੰ ਇਕ ਜੁੱਟ ਹੋਣਾ ਚਾਹੀਦਾ ਹੈ। ਫਿਰ ਤਾਂ ਉਹ ਜੈ ਜੈ ਕਾਰ ਸ਼ੁਰੂ ਹੋਈ ਕਿ 'ਕ੍ਰਿਕਟ ਪ੍ਰੇਮੀ' ਦੇਸ਼ 'ਚ ਟੈਸਟ ਕ੍ਰਿਕਟ 'ਚ ਆਸਟ੍ਰੇਲੀਆ 'ਤੇ ਭਾਰਤ ਦੀ ਜਿੱਤ ਵੀ ਫਿੱਕੀ ਪੈ ਗਈ। ਸਾਡਾ ਕੁਝ ਰਾਸ਼ਟਰਮੰਡਲ ਖੇਡਾਂ 'ਚ ਭਾਰਤ ਦੇ ਪ੍ਰਦਰਸ਼ਨ ਤਕ ਸਿਮਟ ਗਿਆ ਇਹਨਾਂ ਸਾਰੀਆਂ ਚੀਜਾਂ ਨੇ ਪੂੰਜੀਵਾਦ ਬਾਰੇ ਆਮ ਤੌਰ 'ਤੇ ਅਤੇ ਭਾਰਤੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਬਾਰੇ ਖਾਸ ਤੌਰ 'ਤੇ ਕੁਝ ਚੀਜ਼ਾਂ ਨੂੰ ਜ਼ਾਹਰ ਕੀਤਾ ਗਿਆ। ਖਾਸ ਕਰਕੇ ਭਰਿਸ਼ਟਾਚਾਰ ਖੇਡ ਤੇ ਦੇਸ਼ ਭਗਤੀ ਬਾਰੇ ਕੁਝ ਚੀਜ਼ਾਂ ਇਸ 'ਚ ਤਿੱਖੇ ਤੌਰ 'ਤੇ ਉਜਾਗਰ ਹੋਈਆਂ ਸਭ ਤੋਂ ਪਹਿਲਾਂ ਭਰਿਸ਼ਟਾਚਾਰ ਨੂੰ ਹੀ ਲਓ। ਪਿਛਲੇ ਦਹਾਕਿਆਂ 'ਚ ਭਰਿਸ਼ਟਾਚਾਰ ਭਾਰਤੀ ਸਮਾਜ 'ਚ ਜਿੰਨਾ ਵਧਦਾ ਗਿਆ ਹੈ ਉਨਾ ਹੀ ਉਸ ਨੂੰ ਲੈ ਕੇ ਸ਼ੋਰ-ਸ਼ਰਾਬਾ ਵੀ ਵਧਦਾ ਗਿਆ ਹੈ। ਸਰਮਾਏਦਾਰੀ ਪ੍ਰਚਾਰ ਮੀਡੀਆ ਨੇ ਖਾਸ ਤੌਰ 'ਤੇ ਇਸ ਨੂੰ ਸਾਡੇ ਸਮਾਜ ਦੀ ਸਭ ਤੋਂ ਵੱਡੀ ਸਮੱਸਿਆ ਵਜੋਂ ਪੇਸ਼ ਕੀਤਾ ਹੈ। ਕੁਝ ਇਹ ਧਾਰਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜੇ ਇਸ ਸਮੱਸਿਆ ਨੂੰ ਹੱਲ ਕਰ ਲਿਆ ਜਾਵੇ ਤਾਂ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ। ਇਸ ਨੂੰ ਸਮਝਣ ਲਈ ਇਹਨਾਂ ਰਾਸ਼ਟਰਮੰਡਲ ਖੇਡਾਂ ਨੂੰ ਹੀ ਲਿਆ ਜਾਵੇ। ਦੱਸਿਆ ਗਿਆ ਹੈ ਕਿ ਇਸ ਦਾ ਸ਼ੁਰੂਆਤੀ ਬਜਟ ਕੁਝ ਹਜ਼ਾਰ ਕਰੋੜ ਰੁਪਏ ਦਾ ਸੀ ਅਜੇ ਵੀ ਸਰਕਾਰ ਵਲੋਂ ਕਰੀਬ 22 ਹਜ਼ਾਰ ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਗੱਲ ਕਹੀ ਜਾ ਰਹੀ ਹੈ। ਪਰ ਹੋਰ ਲੋਕਾਂ ਨੇ ਦੋਸ਼ ਲਾਇਆ ਹੈ ਕਿ ਇਹ ਬਜਟ ਹੁਣ ਕਰੀਬ ਇਕ ਲੱਖ ਕਰੋੜ ਰੁਪਏ ਦੀ ਹੱਦ ਪਾਰ ਕਰ ਗਿਆ ਹੈ। ਇਸ 'ਚ ਦਿੱਲੀ ਤੇ ਕੇਂਦਰ ਸਰਕਾਰ ਦੀਆਂ ਕਈ ਯੋਜਨਾਵਾਂ ਦਾ ਬਜਟ ਸਮੇਟ ਦਿੱਤਾ ਗਿਆ ਹੈ। ਭਰਿਸ਼ਟਾਚਾਰ ਖਿਲਾਫ ਜਿਹਾਦ ਛੇੜਣ ਵਾਲਿਆਂ ਵਲੋਂ ਕਿਹਾ ਜਾ ਰਿਹਾ ਹੈ ਕਿ ਇਹਨਾਂ ਇਕ ਲੱਖ ਕਰੋੜਾਂ ਰੁਪਿਆਂ 'ਚੋਂ ਮਸਾਂ ਇਕ ਤਿਹਾਈ ਹੀ ਅਸਲ 'ਚ ਆਯੋਜਨ 'ਤੇ ਖਰਚ ਹੋਏ ਹਨ। ਬਾਕੀ ਦੋ

ਤਿਹਾਈ ਹਿੱਸਾ ਤਾਂ ਭਰਿਸ਼ਟਾਚਾਰੀਆਂ ਵਲੋਂ ਡਕਾਰ ਲਿਆ ਗਿਆ ਹੈ। ਇਹਨਾਂ ਵਿੱਚ ਨੇਤਾਵਾਂ ਸਰਕਾਰੀ ਅਫਸਰਾਂ ਤੋਂ ਲੈ ਕੇ ਠੇਕੇਦਾਰ ਤਕ ਸਭ ਸ਼ਾਮਲ ਹਨ। ਭਰਿਸ਼ਟਾਚਾਰ ਖ਼ਿਲਾਫ਼ ਸ਼ੋਰ ਮਚਾਉਣ ਵਾਲਿਆਂ ਨੂੰ ਕਿਨਾਰੇ ਰੱਖ ਕੇ ਜੇ ਇਸ ’ਤੇ ਵਿਚਾਰ ਕੀਤਾ ਜਾਏ ਕਿ ਇਸ ਭਰਿਸ਼ਟਾਚਾਰ ਕਾਰਨ ਪੂੰਜੀਵਾਦ ’ਤੇ ਕੀ ਪ੍ਰਭਾਵ ਪਿਆ ਤਾਂ ਮਾਮਲੇ ਦੀ ਤਹਿ ਤਕ ਪਹੁੰਚਿਆ ਜਾ ਸਕਦਾ ਹੈ। ਇਹਨਾਂ ਖੇਡਾਂ ਦੇ ਆਯੋਜਨ ’ਚ ਭਰਿਸ਼ਟਾਚਾਰ ਦੋ ਤਰ੍ਹਾਂ ਨਾਲ ਹੋ ਸਕਦਾ ਹੈ। ਇਕ ਤਾਂ ਇਹ ਕਿ ਖੇਡਾਂ ਦੇ ਆਯੋਜਨ ਲਈ ਜ਼ਰੂਰੀ ਤਾਣੇ ਬਾਣੇ, ਮਾਲਾਂ ਤੇ ਸੇਵਾਵਾਂ ਲਈ ਸਭ ਤੋਂ ਵੱਧ ਭੁਗਤਾਨ ਕੀਤਾ ਗਿਆ ਜਿੰਨਾ ਉਹਨਾਂ ਦਾ ਅਸਲੀ ਮੁੱਲ ਸੀ। ਦੂਜਾ ਇਹ ਕਿ ਬਿਨਾ ਕਿਸੇ ਮਾਲ ਜਾਂ ਸੇਵਾ ਦੇ ਹੀ ਭੁਗਤਾਨ ਕਰ ਦਿੱਤਾ ਗਿਆ ਹੈ। ਇਥੇ ਦੂਜੇ ਦੀ ਗੁੰਜਾਇਸ਼ ਘੱਟ ਹੀ ਹੈ। ਜੇ ਮਾਲ ਜਾਂ ਸੇਵਾਵਾਂ ਉਹਨਾਂ ਦੇ ਭਾਵਾਂ ਤੋਂ ਉੱਪਰ ਖਰੀਦੀਆਂ ਜਾ ਰਹੀਆਂ ਹਨ ਤਾਂ ਭਾਵਾਂ ਤੋਂ ਉਪਰਲਾ ਪੈਸਾ ਕਿਥੇ ਜਾਂਦਾ ਹੈ? ਇਹ ਦੋ ਜਗਾਹ ਜਾਂਦਾ ਹੈ। ਇਕ ਤਾਂ ਖਰੀਦਦਾਰੀ ’ਚ ਭਰਿਸ਼ਟਾਚਾਰ ਕਰਨ ਵਾਲਿਆਂ ਦੀ ਜੇਬ ’ਚ, ਦੂਜਾ ਵੇਚਣ ਵਾਲਿਆਂ ਦੀ ਜੇਬ ’ਚ ਇਹ ਇਹਨਾਂ ਦਾ ਕੀ ਕਰਦੇ ਹਨ? ਇਹ ਫਿਰ ਦੁਬਾਰਾ ਆਪਣੀ ਪੂੰਜੀ ਵਧਾਉਣ ਜਾਂ ਵੱਧ ਖਪਤ ਕਰਨ ’ਚ ਇਸ ਨੂੰ ਲਾ ਦਿੰਦੇ ਹਨ। ਇਸ ਤਰ੍ਹਾਂ ਭਰਿਸ਼ਟਾਚਾਰ ਦੇ ਸਿੱਟੇ ਵਜੋਂ ਇਹ ਸਿਰਫ਼ ਉਹੀ ਕਰਦੇ ਹੁੰਦੇ ਹਨ ਜੋ ਪੂੰਜੀਵਾਦ ’ਚ ਹੁੰਦਾ ਹੈ। ਉਸ ਤੋਂ ਵੱਖਰਾ ਕੁਝ ਨਹੀਂ ਕਰਦੇ। ਤਾਂ ਕੀ ਇਸ ਭਰਿਸ਼ਟਾਚਾਰ ਕਾਰਨ ਕਿਸੇ ਦਾ ਨੁਕਸਾਨ ਹੁੰਦਾ ਹੈ? ਜੇ ਕੁਝ ਲੋਕਾਂ ਨੂੰ ਫਾਇਦਾ ਹੋਇਆ ਤਾਂ ਕੁਝ ਲੋਕਾਂ ਨੂੰ ਨੁਕਸਾਨ ਵੀ ਹੋਣਾ ਚਾਹੀਦੈ? ਨਿਸਚਿਤ ਤੌਰ ’ਤੇ ਸਰਕਾਰ ਨੂੰ ਉਹ ਨਹੀਂ ਮਿਲਦਾ ਜੋ ਉਸ ਨੂੰ ਉਹਨਾਂ ਭਾਵਾਂ ’ਚ ਮਿਲਣਾ ਚਾਹੀਦਾ ਸੀ। ਇਸ ਤਰ੍ਹਾਂ ਸਰਕਾਰ ਨੂੰ ਨੁਕਸਾਨ ਹੋਇਆ ਪਰ ਸਰਕਾਰ ਆਪਣੇ ਇਸ ਨੁਕਸਾਨ ਦੀ ਪੂਰਤੀ ਨਵੇਂ ਟੈਕਸ ਲਾ ਕੇ ਜਾਂ ਪਹਿਲੇ ਟੈਕਸਾਂ ਦੀਆਂ ਦਰਾਂ ’ਚ ਵਾਧਾ ਕਰਕੇ ਕਰ ਲਵੇਗੀ। ਇਸ ਦਾ ਬੋਝ ਕੁਝ ਹੱਦ ਤਕ ਸਰਮਾਏਦਾਰਾਂ ’ਤੇ ਅਤੇ ਬਾਕੀ ਆਮ ਲੋਕਾਂ ’ਤੇ ਪਵੇਗਾ ਪਰ ਸਰਮਾਏਦਾਰੀ ਜਮਾਤ ਦੇ ਹਿੱਸੇ ਨੇ (ਨੇਤਾ, ਠੇਕੇਦਾਰ, ਵੱਡੇ ਅਫਸਰ) ਤਾਂ ਇਸ ਭਰਿਸ਼ਟਾਚਾਰ ਤੋਂ ਫਾਇਦਾ ਲਿਆ ਸੀ। ਅਜੇਹੇ ’ਚ ਕੁਲ ਮਿਲਾ ਕੇ ਸਰਮਾਏਦਾਰੀ ਜਮਾਤ ਨੂੰ ਇਸ ਨਾਲ ਨੁਕਸਾਨ ਨਹੀਂ ਫਾਇਦਾ ਹੋਇਆ। 32 ਘਾਟ ਕਿਸ ਨੂੰ ਪਊ? ਫਾਇਦੇ ਦਾ ਭੁਗਤਾਨ ਕੌਣ ਕਰੂ? ਇਹ ਆਮ ਲੋਕ ਕਰਨਗੇ। ਪਰ ਆਮ ਲੋਕਾਂ ਦੇ ਹਿੱਸੇ ਯਾਨੀ ਮੱਧਵਰਗ ਇਸ ਤੋਂ ਫਾਇਦਾ ਉਠਾ ਸਕਦਾ ਹੈ। ਭਰਿਸ਼ਟਾਚਾਰ ’ਚ ਲਿਬੜੇ ਬਾਬੂ, ਛੋਟੇ ਅਫਸਰ ਆਦਿ ਤਦ ਅਸਲ ’ਚ ਘਾਟਾ ਮਜ਼ਦੂਰ ਵਰਗ ਨੂੰ ਹੀ ਹੋ ਰਿਹਾ ਹੋਵੇਗਾ। ਇਸ ਤਰ੍ਹਾਂ ਵੇਖਿਆ ਜਾਵੇ ਤਾਂ ਸਾਰੇ ਭਰਿਸ਼ਟਾਚਾਰ ਦਾ ਏਨਾ ਹੀ ਮਤਲਬ ਹੈ ਕਿ ਇਹ ਆਮਦਨ ਦੀ ਮੁੜ ਵੰਡ ਕਰ ਦੇ ਰਿਹਾ ਹੈ। ਮਜ਼ਦੂਰ ਜਮਾਤ ਤੋਂ ਸਰਮਾਏਦਾਰ ਜਮਾਤ ਵੱਲ ਅਤੇ ਥੋੜ੍ਹਾ ਜਿੰਨਾ ਮੱਧਵਰਗ ਵੰਨੀ। ਸਰਮਾਏਦਾਰੀ ਜਮਾਤ ਦੇ ਸਮਾਜਕ ਸੁਧਾਰਕ ਇਹ ਕਹਿ ਸਕਦੇ ਹਨ ਕਿ ਉਹ ਠੀਕ ਇਸੇ ਕਾਰਨ ਤਾਂ ਭਰਿਸ਼ਟਾਚਾਰ ਦਾ ਵਿਰੋਧ ਕਰਦੇ ਹਨ ਕਿ ਇਸ ਨਾਲ ਆਮ ਲੋਕ ਯਾਨੀ ਮਜ਼ਦੂਰ ਤਕ ਸਰਕਾਰੀ ਯੋਜਨਾਵਾਂ ਤੇ ਵਿਕਾਸ ਦਾ ਫਾਇਦਾ ਨਹੀਂ ਪਹੁੰਚਦਾ। ਇਸ ਲਈ ਉਹਨਾਂ ਦੀ ਹਾਲਤ ਖਰਾਬ ਬਣੀ ਰਹਿੰਦੀ ਹੈ ਇਸੇ ਕਾਰਨ ਇਹ ਵੀ ਹੁੰਦਾ ਹੈ ਕਿ ਦੇਸ਼ ਦੀ ਸਰਕਾਰੀ ਤਰੱਕੀ ਰੁਕ ਜਾਂਦੀ ਹੈ ਪਰ ਇਹ ਲੋਕ ਇਸ ਛੋਟੀ ਜਿਹੀ ਗੱਲ

ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ ਕਿ ਪੂੰਜੀਵਾਦ ਦਾ ਆਮ ਸਿਧਾਂਤ ਇਹ ਕਹਿੰਦਾ ਹੈ ਕਿ ਮਜ਼ਦੂਰ ਨੂੰ ਮਜ਼ਦੂਰੀ ਬਸ ਉਨੀ ਹੀ ਮਿਲੇਗੀ ਕਿ ਬੱਸ ਉਹ ਜਿਉਂਦਾ ਰਹੇ ਅਤੇ ਸਰਮਾਏਦਾਰ ਜਮਾਤ ਲਈ ਕੰਮ ਕਰੇ। ਜੇ ਮਜ਼ਦੂਰ ਕਿਸੇ ਤਰਾਂ ਨਾਲ ਇਸ ਤੋਂ ਵੱਧ ਮਜ਼ਦੂਰੀ ਲੈਣ ਲਈ ਕਾਮਯਾਬ ਹੁੰਦਾ ਹੈ ਤਾਂ ਬਜ਼ਾਰ ਦੀਆਂ ਸ਼ਕਤੀਆਂ ਉਸ ਨੂੰ ਫਿਰ ਘਟੋ ਘੱਟ ਮਜ਼ਦੂਰ 'ਤੇ ਲੈ ਆਉਣਗੀਆਂ ਜੇ ਸਰਮਾਏਦਾਰੀ ਜਮਾਤ ਕੁਝ ਮਜ਼ਦੂਰਾਂ ਨੂੰ (ਅਭਿਜਾਤ ਮਜ਼ਦੂਰਾਂ) ਦੀ ਸ਼੍ਰੇਣੀ ਤਕ ਪਹੁੰਚਾਉਂਦਾ ਹੈ ਤਾਂ ਢੇਰਾਂ ਹੋਰਾਂ ਨੂੰ ਉਹ ਘਟੋ ਘੱਟ ਮਜ਼ਦੂਰੀ ਵੀ ਨਹੀਂ ਦਿੰਦਾ ਹੈ। ਇਸ ਤਰਾਂ ਲੈਣਾ ਦੇਣਾ ਬਰਾਬਰ ਕਰ ਦਿੰਦਾ ਹੈ। ਅਜੇਹੇ 'ਚ ਮਜ਼ਦੂਰ ਨੂੰ ਸਿਰਫ਼ ਉਨਾ ਹੀ ਮਿਲੇਗਾ ਜਿੰਨਾ ਉਸ ਦੇ ਜਿੰਦਾ ਰਹਿਣ ਲਈ ਜ਼ਰੂਰੀ ਹੈ ਤਾਂ ਬਾਕੀ ਭਰਿਸ਼ਟਾਚਾਰ ਦਾ ਮਤਲਬ ਸਿਰਫ਼ ਇਹ ਨਿਕਲਦਾ ਹੈ ਕਿ ਮਜ਼ਦੂਰ ਵਲੋਂ ਪੈਦਾ ਕੀਤੇ ਗਏ ਮੁਨਾਫ਼ੇ ਦੀ ਲੁੱਟ ਦੀ ਬਾਂਦਰਵੰਡ ਕਿਵੇਂ ਹੋ ਰਹੀ ਹੈ। ਜੇ ਸਰਮਾਏਦਾਰੀ ਜਮਾਤ ਦੇ ਵੱਖ ਵੱਖ ਹਿੱਸਿਆਂ ਤੇ ਵਿਅਕਤੀਆਂ ਵਿਚਾਲੇ ਇਹ ਵੰਡ ਕਾਨੂੰਨੀ ਤਰੀਕੇ ਨਾਲ ਹੋ ਰਹੀ ਹੈ ਤਾਂ ਭਰਿਸ਼ਟਾਚਾਰ ਨਹੀਂ ਹੈ ਜੇ ਇਹ ਕਾਨੂੰਨ ਤੋਂ ਬਾਹਰ ਜਾਂ ਕਾਨੂੰਨ ਨੂੰ ਤੋੜ ਮਰੋੜ ਕੇ ਹੋ ਰਹੀ ਹੈ ਤਾਂ ਇਹ ਭਰਿਸ਼ਟਾਚਾਰ ਹੈ। ਪਰ ਪੂੰਜੀਵਾਦ 'ਚ ਕਾਨੂੰਨ ਦੀ ਹੱਦ ਕਿਥੇ ਖਤਮ ਹੁੰਦੀ ਹੈ ਅਤੇ ਕਿਥੇ ਸ਼ੁਰੂ ਹੁੰਦੀ ਹੈ ਇਹ ਤਹਿ ਨਹੀਂ ਹੁੰਦਾ। ਇਸ ਸੀਮਾ ਨੂੰ ਇਧਰੋਂ ਉਧਰੋਂ ਖਿਸਕਾਉਣ ਲਈ ਪੂੰਜੀਵਾਦ 'ਚ ਵਕਾਲਤ ਦਾ ਏਨਾ ਵੱਡਾ ਕਾਰੋਬਾਰ ਚਲਦਾ ਹੈ। ਪੂੰਜੀਵਾਦ 'ਚ ਵਕਾਲਤ ਦਾ ਮਤਲਬ ਹੀ ਹੈ ਕਾਨੂੰਨੀ ਨੂੰ ਗੈਰ ਕਾਨੂੰਨੀ ਤੇ ਗੈਰ ਕਾਨੂੰਨੀ ਨੂੰ ਕਾਨੂੰਨੀ ਬਣਾਉਣਾ।

ਇਸ ਤਰਾਂ ਪੂੰਜੀਵਾਦ 'ਚ ਭਰਿਸ਼ਟਾਚਾਰ ਦਾ ਮਤਲਬ ਹੈ ਮਜ਼ਦੂਰਾਂ ਵਲੋਂ ਪੈਦਾ ਕੀਤੇ ਗਏ ਮੁਨਾਫੇ ਦੀ ਬਾਂਦਰਵੰਡ 'ਚ ਸਰਮਾਏਦਾਰਾਂ ਵਲੋਂ (ਅਤੇ ਬੇਹੱਦ ਹੇਠਲੇ ਪੱਧਰ ਤਕ ਮੱਧਵਰਗ ਵਲੋਂ) ਗੈਰ ਕਾਨੂੰਨੀ ਤਰੀਕਿਆਂ ਦੀ ਵਰਤੋਂ ਇਹ ਭਰਿਸ਼ਟਾਚਾਰ ਪੂੰਜੀਵਾਦ ਦਾ ਅਟੁੱਟ ਅੰਗ ਹੈ। ਹਾਲਾਂਕਿ ਇਸ ਦੇ ਖ਼ਤਮ ਹੋ ਜਾਣ ਨਾਲ ਪੂੰਜੀਵਾਦ ਦੇ ਬੁਨਿਆਦੀ ਕਿਰਦਾਰ 'ਚ ਕੋਈ ਫਰਕ ਨਹੀਂ ਪੈਦਾ। ਅਜੇਹੇ 'ਚ ਭਰਿਸ਼ਟਾਚਾਰ 'ਚ ਹਮੇਸ਼ਾ ਲਿਪਤ ਪੂੰਜੀਪਤੀ ਜਮਾਤ (ਅਤੇ ਮੱਧ ਵਰਗ) ਇਸ ਨੂੰ ਖੁਦ ਬਣਾਉਂਦਾ ਹੈ ਤਾਂ ਮਜ਼ਦੂਰ ਵਰਗ ਨੂੰ ਧੋਖਾ ਦੇਣ ਲਈ ਹੈ। ਭਰਿਸ਼ਟਾਚਾਰ ਦੇ ਮੁੱਦੇ ਨੂੰ ਆਕਾਸ਼ ਤਕ ਉਛਾਲਣ ਵਾਲੇ ਪੂੰਜੀਵਾਦੀ ਪ੍ਰਚਾਰ ਮਾਧਿਅਮ ਆਪਣੇ ਪੇਸ਼ੇ ਦੀ ਨੈਤਿਕਤਾ ਤੋਂ ਲੈ ਕੇ ਪੈਸੇ ਤਕ ਦੇ ਮਾਮਲੇ 'ਚ ਪੂਰੀ ਤਰਾਂ ਭਰਿਸ਼ਟ ਹਨ। ਫਿਰ ਇਹ ਉਸ ਨੂੰ ਲਗਾਤਾਰ ਉਛਾਲਦੇ ਹਨ। ਇਹ ਇਸ ਦੇ ਰਸਤੇ ਅਸਲੀ ਮੁਦਿਆਂ ਨੂੰ ਦਰਕਿਨਾਰ ਕਰਨਾ ਚਾਹੁੰਦੇ ਹਨ। ਖੁਦ ਹਰ ਸੰਭਵ ਮੌਕੇ 'ਤੇ ਹੱਥ ਸਾਫ ਕਰ ਲੈਣ ਵਾਲਾ ਮੱਧ ਵਰਗ ਵੀ ਕਿਉਂਕਿ ਨੈਤਿਕ ਅਪਰਾਧ ਬੋਧ ਨਾਲ ਗ੍ਰਸਿਤ ਹੁੰਦਾ ਹੈ, ਇਸ ਲਈ ਇਹ ਵੀ ਇਸ ਨੂੰ ਵੱਡਾ ਮੁੱਦਾ ਸਮਝਦਾ ਹੈ। ਇਹ ਆਪਣੇ ਆਪ ਅਤੇ ਦੂਜਿਆਂ ਨੂੰ ਕੋਸ ਕੇ ਆਪਣੀ ਅੰਤਰ ਆਤਮਾ ਸ਼ਾਂਤ ਕਰਦਾ ਹੈ। ਰਹੀ ਮਜ਼ਦੂਰ ਜਮਾਤ ਦੀ ਗੱਲ ਉਹ ਜਾਣਦਾ ਹੈ ਕਿ ਭਰਿਸ਼ਟਾਚਾਰ ਦੀ ਮੂਲ ਜੜ੍ਹ ਨਿਜੀ ਜਾਇਦਾਦ ਤੇ ਮੁਨਾਫੇ ਦੀ ਵਿਵਸਥਾ ਹੈ। ਨਿਜੀ ਜਾਇਦਾਦ ਦੀ ਵਿਵਸਥਾ ਦੇ ਅੰਤ ਦੇ ਨਾਲ ਭਰਿਸ਼ਟਾਚਾਰ ਵੀ ਖ਼ਤਮ ਹੋ ਜਾਵੇਗਾ। ਤਦ ਤਕ ਸਿਰਫ਼ ਸਰਮਾਏਦਾਰ ਜਮਾਤ ਨੂੰ ਸ਼ੀਸ਼ੇ 'ਚ ਉਸ ਦਾ ਚਿਹਰਾ ਵਿਖਾਉਣ ਲਈ ਮਜ਼ਦੂਰ ਜਮਾਤ ਭਰਿਸ਼ਟਾਚਾਰ ਦੇ ਮੁੱਦੇ ਦੀ ਵਰਤੋਂ ਕਰੇਗਾ। ਇਹ ਸਰਮਾਏਦਾਰੀ ਜਮਾਤ ਭਰਿਸ਼ਟਾਚਾਰ 'ਚ ਲਿਬੜੀ ਰਹਿ ਕੇ ਅਤੇ ਮੱਧ ਵਰਗ ਨੂੰ ਥੋੜੀ ਜਿਹੀ ਜੂਠ

ਸੁੱਟ ਕੇ ਮਜ਼ਦੂਰ ਜਮਾਤ ਨੂੰ ਧੋਖਾ ਦੇਣ ਲਈ ਭਰਿਸ਼ਟਾਚਾਰ ਨੂੰ ਮੁੱਦਾ ਬਣਾਉਂਦਾ ਹੈ ਤਾਂ ਦੇਸ਼ ਭਗਤੀ ਸਬੰਧੀ ਵੀ ਉਹ ਇਹੀ ਕਰਦਾ ਹੈ। ਸਰਮਾਏਦਾਰੀ ਜਮਾਤ ਦੀ ਆਪਣੀ ਸਾਰੀ ਮੁਕਤੀ ਸਿਰਫ਼ ਆਪਣੀ ਪੂੰਜੀ ਪ੍ਰਤੀ ਹੈ। ਪੂੰਜੀ ਹੀ ਉਸ ਦਾ ਰੱਬ ਹੈ। ਬਜ਼ਾਰ ਹੀ ਉਸ ਦਾ ਮੰਦਰ ਹੈ। ਆਪਣੇ ਦੇਸ਼ ਦਾ ਮਹੱਤਵ ਉਸ ਦੇ ਲਈ ਸਿਰਫ਼ ਬਾਜ਼ਾਰ ਲਈ ਹੈ ਜੇ ਦੇਸ਼ ਦੇ ਬਾਜ਼ਾਰ ਦਾ ਮਾਮਲਾ ਹੋਵੇ ਤਾਂ ਉਹ ਦੇਸ਼ ਭਗਤ ਹੈ ਨਹੀਂ ਤਾਂ ਉਸ ਦੇ ਲਈ ਦੇਸ਼ ਦਾ ਕੋਈ ਮਹੱਤਵ ਨਹੀਂ ਹੈ। ਉਹ ਰਾਤੋ ਰਾਤ ਆਪਣੀ ਪੂੰਜੀ ਬਾਹਰ ਲੈ ਜਾ ਸਕਦਾ ਹੈ। ਅੱਜ ਪੂੰਜੀ ਦੇ ਵਿਸ਼ਵੀਕਰਨ ਦੇ ਜ਼ਮਾਨੇ 'ਚ ਤਾਂ ਇਹ ਪਹਿਲਾਂ ਹੀ ਕਿਤੇ ਵੱਧ ਸੱਚ ਹੈ ਪਰ ਇਹ ਸਰਮਾਏਦਾਰ ਜਮਾਤ ਦੇਸ਼ ਭਗਤੀ ਦੀ ਭਾਵਨਾ ਦੀ ਵਰਤੋਂ ਕਰਨ ਤੋਂ ਨਹੀਂ ਖੁੰਜਦੀ। ਖਾਸ ਕਰਕੇ ਮੱਧ ਵਰਗ ਨੂੰ ਆਪਣੇ ਪਿਛੇ ਲਾਮਬੰਦ ਕਰਨ ਲਈ ਇਹ ਦੇਸ਼ ਭਗਤੀ ਦੀ ਖ਼ੂਬ ਵਰਤੋਂ ਕਰਦੀ ਹੈ ਭਾਰਤ-ਪਾਕਿਸਤਾਨ ਦੇ ਹਾਕਮਾਂ ਨੂੰ ਜਦ ਵੀ ਥੋੜੀ ਜਿੰਨੀ ਪ੍ਰੇਸ਼ਾਨੀ ਹੁੰਦੀ ਹੈ ਉਹ ਆਪਣੇ ਗੁਆਂਢੀ ਦੇਸ਼ 'ਤੇ ਜ਼ਹਿਰ ਉਗਲਣਾ ਸ਼ੁਰੂ ਕਰ ਦਿੰਦੇ ਹਨ। ਇਕ ਦਰਾ ਫਰਜੀ ਤਰੀਕੇ ਨਾਲ ਸ਼ੁਰੂ ਕੀਤਾ ਗਿਆ ਦੇਸ਼ ਭਗਤੀ ਦਾ ਬੁਖਾਰ ਵੀ ਮੱਧ ਵਰਗ ਨੂੰ ਉਥੇ ਲੈ ਜਾਂਦਾ ਹੈ ਤੇ ਉਸ ਦੀ ਸੋਚਣ-ਸਮਝਣ ਦੀ ਚੇਤਨਾ ਨੂੰ ਖੁੰਡਾ ਕਰ ਦਿੰਦਾ ਹੈ। ਮੱਧਵਰਗ ਦੀ ਪੂੰਜੀਵਾਦ 'ਚ ਸਥਿਤੀ ਹੀ ਉਸ ਨੂੰ ਦੇਸ਼ ਭਗਤੀ ਦੇ ਇਸ ਬੁਖਾਰ ਵੱਲ ਧਕਦੀ ਹੈ। ਮੱਧ ਵਰਗੀ ਬੰਦਾ ਇਕ ਦੂਜੇ ਤੋਂ ਇਕ ਦਮ ਅੱਗੇ ਤੇ ਆਪਸੀ ਮੁਕਾਬਲੇ 'ਚ ਰਹਿੰਦਾ ਹੈ ਇਸ ਤਰ੍ਹਾਂ ਇਹਨਾਂ 'ਚ ਆਪਸ ਵਿੱਚ ਕੋਈ ਇਕਜੁਟਤਾ ਸੰਭਵ ਨਹੀਂ ਹੁੰਦੀ ਹੈ ਜਿਹੋ ਜਿਹੀ ਮਜ਼ਦੂਰ ਜਮਾਤ 'ਚ ਹੁੰਦੀ ਹੈ। ਮੱਧਵਰਗੀ ਬੰਦਾ ਕਿਉਂਕਿ ਸਿਰਫ਼ ਆਪਣੇ ਹੀ ਬਲਬੂਤੇ 'ਤੇ ਆਪਣੇ ਹੀ ਦਮ 'ਤੇ ਸਮਾਜ 'ਚ ਆਪਣੀ ਹੈਸੀਅਤ ਹਾਸਲ ਕਰਦਾ ਹੈ ਇਹ ਉਸ ਸਮੂਹ 'ਚ ਬੱਝਣ ਲਈ ਆਯੋਗ ਹੋ ਜਾਂਦੈ ਮਜ਼ਦੂਰ ਦੀ ਸਾਰੀ ਤਾਕਤ ਸਮੂਹ 'ਚ ਹੁੰਦੀ ਹੈ ਪਰ ਮੱਧ ਵਰਗ ਸਮੂਹ ਨੂੰ ਇਸ ਰੂਪ 'ਚ ਨਹੀਂ ਦੇਖ ਸਕਦਾ। ਅਜੇਹੇ ਵਿੱਚ ਮੱਧ ਵਰਗ ਸਿਰਫ਼ ਅਜੇਹੇ ਸਮੂਹਾਂ ਵੱਲ ਖਿਚਿਆ ਜਾਂਦਾ ਹੈ ਜੋ ਉਸ ਅੰਦਰ ਇਕ ਝੂਠੀ ਸਮੂਹਕ ਚੇਤਨਾ ਪੈਦਾ ਕਰੇ। ਦੇਸ਼ ਭਗਤੀ ਉਸ ਦੇ ਲਈ ਇਕ ਅਜੇਹੀ ਹੀ ਚੇਤਨਾ ਹੈ। ਦੇਸ਼ ਸਰਮਾਏਦਾਰੀ ਜਮਾਤ ਲਈ ਸਿਰਫ਼ ਬਾਜ਼ਾਰ ਹੈ ਜਦਕਿ ਮਜ਼ਦੂਰ ਜਮਾਤ ਲਈ ਉਸ ਨੂੰ ਪੂੰਜੀ ਦੀਆਂ ਬੇੜੀਆਂ 'ਚ ਜਕੜੇ ਰਹਿਣ ਲਈ ਪੂੰਜੀਵਾਦੀ ਤੰਤਰੀ ਪਰ ਮੱਧ ਵਰਗ ਲਈ ਦੇਸ਼ ਇਕ ਰਹਿਸਮਈ ਚੀਜ ਉਸਦੇ ਦੇਸ਼ 'ਚ ਸਰਮਾਏਦਾਰ, ਮੱਧ ਵਰਗ ਤੇ ਮਜ਼ਦੂਰ ਸਭ ਹੁੰਦੇ ਹਨ। ਸਭ ਨੂੰ ਉਸ ਅਨੁਸਾਰ ਦੇਸ਼ ਭਗਤ ਹੋਣਾ ਚਾਹੀਦਾ ਹੈ। ਸਭ ਨੂੰ ਦੇਸ਼ ਬਾਰੇ ਸੋਚਣਾ ਚਾਹੀਦਾ ਹੈ। ਖਿਡਾਰੀ ਤਾਂ ਵੱਧ ਤੋਂ ਵੱਧ ਪੈਸੇ ਕਮਾਉਣ ਲਈ ਕਿਸੇ ਵੀ ਦੇਸ਼ ਵਿੱਚ ਕਿਸੇ ਵੀ ਹੱਥ ਵਿਕਣ ਨੂੰ ਤਿਆਰ ਹੈ ਪਰ ਮੱਧ ਵਰਗ ਇਹਨਾਂ ਖਿਡਾਰੀ ਸਬੰਧੀ ਦੇਸ਼ ਭਗਤੀ ਦੇ ਨਸ਼ੇ 'ਚ ਡੁੱਬ ਜਾਂਦੈ। ਝੂਠੀ ਪ੍ਰਤਿਸ਼ਠਤਾ ਨਾਲ ਆਪਣੇ ਆਪ ਨੂੰ ਲੈਸ ਕਰ ਲੈਂਦਾ ਹੈ। ਗੱਲ ਖੇਡਾਂ ਦੇ ਪ੍ਰਸੰਗ 'ਚ ਹੋ ਰਹੀ ਹੈ ਇਸ ਲਈ ਖੇਡਾਂ ਨੂੰ ਹੀ ਲਓ। ਅੱਜ ਉਸ ਇਸ ਰਾਹੀਂ ਆਪਣੇ ਆਪ ਨੂੰ ਮਹਿੰਗੇ ਭਾਅ ਵੇਚਣਾ ਚਾਹੁੰਦਾ ਹੈ। ਇਸ ਦੇ ਲਈ ਉਹ "ਮੈਚ ਫਿਕਸਿੰਗ" 'ਚ ਲਿਬੜਣ ਤੋਂ ਵੀ ਨਹੀਂ ਝਿਜਕਦਾ। ਪਿਛਲੇ ਦਸ ਸਾਲਾਂ 'ਚ ਭਾਰਤ ਸਮੇਤ ਕਈ ਦੇਸ਼ਾਂ ਦੇ ਕੁਝ ਸਭ ਤੋਂ ਅੱਛੇ ਖਿਡਾਰੀ ਇਸ 'ਚ ਲਿਪਤ ਪਾਏ ਗਏ ਹਨ। ਇਹਨਾਂ ਦੇ ਇਸ ਵਿਹਾਰ ਪਿਛੋਂ ਇਹਨਾਂ ਦੀ ਦੇਸ਼ ਭਗਤੀ ਦਾ ਬਚਦਾ ਕੀ ਹੈ? ਖੇਡ ਕਲੱਬਾਂ

ਦੇ ਇਸ ਜਮਾਨੇ 'ਚ ਵੈਸੇ ਵੀ ਦੇਸ਼ ਭਗਤੀ ਦਾ ਕੀ ਬਚਦਾ ਹੈ? ਅਜੇਹੇ 'ਚ ਹੁਣ ਵੀ ਜੇ ਖੇਡਾਂ ਸਬੰਧੀ ਕੋਈ ਦੇਸ਼ ਭਗਤੀ ਦੀ ਭਾਵਨਾ 'ਚ ਮਕਾਨ ਹੋ ਰਿਹਾ ਹੈ ਤਾਂ ਸਿਰਫ਼ ਮਿੱਥ ਚੇਤਨਾ ਦਾ ਸ਼ਿਕਾਰ ਮੱਧ ਵਰਗ ਹੀ ਹੋ ਸਕਦਾ ਹੈ। ਵੈਸੇ ਅੱਜ ਖੇਡਾਂ ਦੀ ਹਾਲਤ ਵੀ ਅੱਜ ਦੇ ਪੂੰਜੀਵਾਦ ਦੇ ਕਿਰਦਾਰ ਨੂੰ ਬਾਖੂਬੀ ਬਿਆਨ ਕਰ ਰਹੀ ਹੈ। ਟੈਨਿਸ ਤੇ ਫੁਟਬਾਲ ਵਰਗੀਆਂ ਖੇਡਾਂ ਹੀ ਨਹੀਂ ਅਥਲੈਟਿਕਸ ਤਕ ਅੱਜ ਸਭ ਖੇਡਾਂ 'ਚ ਪੂੰਜੀਵਾਦ ਇਕ ਦਮ ਡੂੰਘਾਈ ਤਕ ਬੈਠ ਗਿਆ ਹੈ। ਪੂੰਜੀਵਾਦ ਨੇ ਖੇਡਾਂ ਨੂੰ ਪੇਸ਼ਵਾਰਾਨਾ ਅੰਦਾਜ਼ ਮੁਹੱਈਆ ਕਰਕੇ ਖਿਡਾਰੀਆਂ ਨੂੰ ਬੇਹੱਦ ਪੇਸ਼ੇਵਰ ਬਣਾ ਦਿੱਤਾ ਹੈ ਅਤੇ ਇਹਨਾਂ ਪੇਸ਼ਾਵਰ ਲੋਕਾਂ ਦਾ ਉਦੇਸ਼ ਹੈ ਵੱਧ ਤੋਂ ਵੱਧ ਪੈਸਾ ਕਮਾਉਣਾ। ਖੇਡਾਂ ਦੇ ਇਸ ਲੰਮੇ ਚੌੜੇ ਵਪਾਰ ਜਾਂ ਕਾਰੋਬਾਰ 'ਚ ਜੋ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਖੂਬ ਵਧਿਆ-ਫੁਲਿਆ ਹੈ। ਬਹੁਤ ਸਾਰੇ ਲੋਕ ਸ਼ਾਮਲ ਹਨ। ਖਿਡਾਰੀ, ਖੇਡ ਕਲੱਬ, ਖੇਡਾਂ ਲਈ ਅਤੇ ਖਿਡਾਰੀਆਂ ਦੀ ਸਿਖਲਾਈ ਲਈ ਸਮਾਨ ਵੇਚਣ ਵਾਲਿਆਂ ਖੇਡਾਂ ਨੂੰ ਸਮਰਪਿਤ ਪ੍ਰਚਾਰ ਮਾਧਿਅਮ ਤੇ ਦੁਨੀਆ ਭਰ ਦੇ ਖੇਡ ਆਯੋਜਕ ਤੇ ਕੰਟਰੋਲਰ। ਇਹਨਾਂ 'ਚੋਂ ਹਰੇਕ ਅੱਜ ਸਿਰਫ਼ ਪੈਸੇ ਨਾਲ ਚਲਦਾ ਹੈ। ਖੇਡ ਦੀ ਭਾਵਨਾ ਜਾਂ ਦੇਸ਼ ਭਗਤੀ ਇਹਨਾਂ 'ਚੋਂ ਕਿਸੇ ਨੂੰ ਛੂੰਹਦੀ ਵੀ ਨਹੀਂ ਹੈ। ਜੇ ਕਿਸੇ ਅੰਦਰ ਇਹ ਭਾਵਨਾ ਅਜੇ ਵੀ ਹੈ ਤਾਂ ਇਹ "ਕੱਚਘਰੜ" ਹੈ "ਪ੍ਰੋਫੈਸ਼ਨਲ" ਨਹੀਂ। ਵੰਡ ਅੱਜ ਬੇਮਾਨੀ ਹੋ ਚੁੱਕੀ ਹੈ। ਟੈਨਿਸ ਦੇ ਪੇਸ਼ੇਵਰ ਖਿਡਾਰੀਆਂ ਨੂੰ ਦਾਖਲਾ ਦੇ ਕੇ ਇਸ ਨੂੰ ਮੰਨ ਹੀ ਲਿਆ ਗਿਆ ਹੈ। ਖੇਡ ਇਨਸਾਨ ਦੀਆਂ ਉਹਨਾਂ ਕ੍ਰਿਆਵਾਂ 'ਚੋਂ ਇਕ ਹੈ ਜੋ ਉਹਨਾਂ ਦੇ ਜਿਉਂਦੇ ਰਹਿਣ ਲਈ ਪੈਦਾਵਾਰ ਨਾਲ ਸਿੱਧੇ ਤੌਰ 'ਤੇ ਨਹੀਂ ਜੁੜ ਹੋਈ ਹੈ। ਇਸ ਲਈ ਇਹ ਉਹਨਾਂ ਕ੍ਰਿਆਵਾਂ 'ਚ ਹੈ ਜੋ ਸਿਰਫ਼ ਜਿੰਦਾ ਰਹਿਣ ਤੋਂ ਉਪਰ ਹੈ। ਇਸ ਰੂਪ ਨੂੰ ਇਸ ਤੋਂ ਵਾਂਝਿਆ ਰੱਖਿਆ ਗਿਆ ਸੀ। ਚਾਣਕਿਆ ਨੇ ਤਾਂ ਆਪਣੇ 'ਅਰਥਸ਼ਾਸਤਰ' 'ਚ ਮੇਹਨਤਕਸ਼ਾਂ ਲਈ ਇਸ ਦੀ ਸਪਸ਼ਟ ਮਨਾਹੀ ਕੀਤੀ ਸੀ ਖੇਡ ਇਨਸਾਨੀ ਊਰਜਾ ਦਾ ਇਕ ਖਰਚ ਹੈ ਜੋ ਆਪਣੇ ਆਪ 'ਚ ਟੀਚਾ ਹੈ। ਸਿਵਾਏ ਇਸ ਦੇ ਇਸ ਨਾਲ ਮਾਨਸਕ ਤੇ ਸਰੀਰਕ ਫੁਰਤੀ ਮਿਲਦੀ ਹੈ। ਇਹੀ ਇਸ ਦਾ ਕੁਦਰਤੀ ਸ੍ਰੋਤ ਵੀ ਹੈ। ਇਸ ਰੂਪ ਵਿੱਚ ਇਹ ਕਿਸੇ ਹੱਦ ਤਕ ਹੋਰ ਜੰਤੂਆਂ ਵਿੱਚ ਵੀ ਪਾਇਆ ਜਾਂਦਾ ਹੈ। ਊਰਜਾ ਦੀ ਇਹ ਖਪਤ ਇਨਸਾਨੀ ਜੀਵਨ ਨੂੰ ਬੇਹਤਰ ਬਣਾਉਣ ਦਾ, ਉਸ ਦੀ ਗੁਣਵੰਣਤਾ ਨੂੰ ਉਚਾ ਚੁਕਣ ਦਾ ਇਕ ਮਹੱਤਵਪੂਰਨ ਸਾਧਨ ਹੈ ਪਰ ਪੂੰਜੀਵਾਦ ਠੀਕ ਇਸ ਦੇ ਉਲਟ ਕਰਦਾ ਹੈ। ਉਹ ਕੁਝ ਲੋਕਾਂ ਨੂੰ ਪੇਸ਼ਾਵਰ ਖਿਡਾਰੀ ਬਣਾ ਦਿੰਦਾ ਹੈ, ਬਾਕੀ ਲੋਕਾਂ ਨੂੰ ਉਹਨਾਂ ਦਾ ਦਰਸ਼ਕ ਤੇ ਤਾਲੀਆਂ ਮਾਰਨ ਵਾਲਾ। ਪੂੰਜੀਵਾਦ ਸਮਾਜ ਦੇ ਸਾਰੇ ਵਰਗਾਂ ਨੂੰ ਉਸ ਸਥਿਤੀ 'ਚ ਪਾ ਦਿੰਦਾ ਹੈ ਜਿਥੇ ਉਹ ਖੇਡ ਤੋਂ ਵਾਂਝੇ ਹੋ ਜਾਂਦੇ ਹਨ। ਕੁਝ ਤੇ ਕੰਮ ਦਾ ਸਾਰਾ ਬੋਝ ਪਾ ਕੇ ਅਤੇ ਬਾਕੀਆਂ ਨੂੰ ਬੇਰੁਜ਼ਗਾਰ ਬਣਾ ਕੇ। ਇਸ ਦੇ ਨਾਲ ਹੀ ਥੋੜੇ ਜਿਹੇ ਲੋਕਾਂ ਨੂੰ ਖੇਡਾਂ ਲਈ ਵਿਸ਼ੇਸ ਤੌਰ 'ਤੇ ਢਾਲਦਾ ਹੈ। ਖੇਡਾਂ ਦਾ ਪੂਰਾ ਪੇਸ਼ਾਵਰ ਢਾਂਚਾ ਇਸ ਦਿਸ਼ਾ 'ਚ ਲੈ ਜਾਂਦਾ ਹੈ।

ਇਸ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਭ ਪੈਸੇ ਲਈ, ਪੂੰਜੀਵਾਦ ਦੀ ਸੇਵਾ ਲਈ ਹੁੰਦਾ ਹੈ। ਖਿਡਾਰੀ ਨੂੰ ਪੈਸੇ ਲਈ ਸਿਖਲਾਈ ਦਿੱਤੀ ਜਾਂਦੀ ਹੈ ਤੇ ਉਹ ਸਿਖਲਾਈ ਲੈਂਦਾ ਹੈ। ਉਸ ਦੀ ਖੇਡ ਪੈਸੇ ਲਈ ਪ੍ਰਸਾਰਿਤ ਹੁੰਦੀ ਹੈ ਅਤੇ ਪੈਸੇ ਲਈ ਵਿਖਾਈ ਜਾਂਦੀ ਹੈ। ਬਸ ਦਰਸ਼ਕ ਜੋ ਸੋਚਦਾ ਹੈ ਕਿ ਉਹ ਪੈਸੇ ਦੀ ਇਸ

ਖੇਡ ਤੋਂ ਅਜ਼ਾਦ ਹੈ ਪਰ ਉਹ ਨਹੀਂ ਸਮਝ ਸਕਦਾ ਕਿ ਖੇਡਾਂ ਦੇ ਪ੍ਰਸਾਰਨ ਸਮੇਂ ਉਸ ਵਲੋਂ ਅਣਇਛਤ ਕੀਤੀ ਜਾਂਦੀ ਇਸ਼ਤਿਹਾਰਬਾਜੀ ਉਸ ਦੀ ਜੇਬ 'ਚੋਂ ਪੈਸਾ ਕੱਢਣ ਲਈ ਵਿਖਾਈ ਜਾਂਦੀ ਹੈ ਅਤੇ ਉਹਨਾਂ ਦੀ ਮੇਹਰਬਾਨੀ ਨਾਲ ਉਹ ਟੈਲੀਵਿਜ਼ਨ 'ਤੇ ਮੈਚ ਵੇਖਦਾ ਹੈ। ਇਸ ਤਰ੍ਹਾਂ ਬਿਨਾਂ ਕਿਸੇ ਟੀਚੇ ਦੇ ਖਰਚੀ ਜਾਂਦੀ ਮਨੁੱਖੀ ਊਰਜਾ ਯਾਨੀ ਖੇਡ ਅੱਜ ਅਤੀ ਵਿਸਿਸ਼ਟ ਉਦੇਸ਼ ਹਾਸਲ ਕਰ ਚੁੱਕੀ ਹੈ। ਪੂੰਜੀ ਦੇ ਚੱਕਰ ਨੂੰ ਤੇਜ ਕਰਨਾ। ਖੇਡਾਂ ਨੂੰ ਵੀ ਪੂੰਜੀ ਦੇ ਚੱਕਰ ਵਿੱਚ ਸਮੇਟ ਲਿਆ ਜਾਂਦਾ ਹੈ। ਜੀਵਨ ਦੇ ਹਰ ਖੇਤਰ ਨੂੰ ਮਾਲ-ਬਾਜ਼ਾਰ ਮੁਨਾਫੇ ਦੇ ਖੇਤਰ 'ਚ ਘਸੀਟ ਕੇ ਲੈ ਜਾਣ ਵਾਲੀ ਪੂੰਜੀ ਨੇ ਪਿਛਲੇ ਤਿੰਨ-ਚਾਰ ਦਹਾਕਿਆਂ 'ਚ ਸਾਡੇ ਦੇਸ਼ 'ਚ ਖੇਡਾਂ ਸਬੰਧੀ ਇਹੀ ਕੀਤਾ ਹੈ। ਇਹ ਅੱਗੇ ਹੋਰ ਤੇਜ਼ ਰਫਤਾਰ ਨਾਲ ਹੋਵੇਗਾ। ਖੇਡਾਂ ਤੇ ਪੂੰਜੀ ਦੇ ਇਸ ਸਬੰਧ ਨੂੰ ਨਾ ਸਮਝਣਾ ਅਤੇ ਖੇਡਾਂ ਬਾਰੇ ਪੁਰਾਨੇ ਨਜ਼ਰੀਏ ਨਾਲ ਸੋਚਣਾ ਮੱਧ ਵਰਗੀ ਕਿਰਦਾਰ ਦੇ ਅਨੁਸਾਰ ਤਾਂ ਹੋ ਸਕਦਾ ਹੈ ਪਰ ਮਜ਼ਦੂਰ ਜਮਾਤ ਦੇ ਕਿਸੇ ਕੰਮ ਦਾ ਨਹੀਂ। ਉਸ ਨੂੰ ਤਾਂ ਪੂੰਜੀ ਦੀ ਇਸ ਖੇਡ ਨੂੰ ਸਮਝ ਕੇ ਹੀ ਖੇਡਾਂ ਸਬੰਧੀ ਆਪਣੀ ਰਾਇ ਦੇਣੀ ਚਾਹੀਦੀ ਹੈ।

# ਗੋਦਾਮਾਂ ’ਚ ਸੜਦਾ ਅਨਾਜ ਬਨਾਮ ਭੁੱਖਾ ਮਨੁੱਖ

ਪਿਛੇ ਜਿਹੇ ਸੁਪਰੀਮ ਕੋਰਟ ਨੇ ਸਰਕਾਰ ਨੂੰ ਅਤੇ ਖਾਸ ਕਰਕੇ ਖੇਤੀ ਮੰਤਰੀ ਸ਼ਰਦ ਪਵਾਰ ਨੂੰ ‘ਡਾਂਟ’ ਮਾਰਦਿਆਂ ਹੁਕਮ ਦਿੱਤਾ ਕਿ ਜੋ ਕਰੋੜਾਂ ਟਨ ਅਨਾਜ ਗੋਦਾਮਾਂ ’ਚ ਸੜ ਰਿਹਾ ਹੈ, ਉਸ ਨੂੰ ਗਰੀਬਾਂ ’ਚ ਮੁਫਤ ਵੰਡ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਇਸ ਗੱਲ ’ਤੇ ਹੈਰਾਨੀ ਜ਼ਾਹਰ ਕੀਤੀ ਕਿ ਜਿਸ ਦੇਸ਼ ’ਚ ਕਰੋੜਾਂ ਲੋਕ ਭੁੱਖਮਰੀ ਤੇ ਕੁਪੋਸ਼ਣ ਦਾ ਸ਼ਿਕਾਰ ਹਨ, ਉਥੇ ਅਨਾਜ ਗੋਦਾਮਾਂ ’ਚ ਸੜ ਜਾਂਦਾ ਹੈ ਅਤੇ ਉਸ ਨੂੰ ਚੂਹੇ ਖਾ ਜਾਂਦੇ ਹਨ, ਜਿਵੇਂ ਕਿਤੇ ਅਜਿਹਾ ਪਹਿਲੀ ਵਾਰੀ ਹੋ ਰਿਹਾ ਹੋਵੇ। ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਪੜ੍ਹੇ ਲਿਖੇ ਸ਼ਹਿਰੀ ਮੱਧ ਵਰਗ ਨੇ ਪ੍ਰਸੰਸਾ ਦੇ ਨਾਲ ਸੁਆਗਤ ਕੀਤਾ। ਸੁਪਰੀਮ ਕੋਰਟ ਨੇ ਇਕ ਵਾਰੀ ਫਿਰ ਪੂੰਜੀਵਾਦੀ ਪ੍ਰਬੰਧ ਦੇ ‘ਉਤਮ’ ਥੰਭੇ ਵਜੋਂ ਆਪਣੀ ਭਰੋਸੇਯੋਗਤਾ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਕੋਈ ਵੀ ਪੂੰਜੀਵਾਦੀ ਪ੍ਰਬੰਧ ਆਪਣੀ ਧੌਂਸ ਦੇ ਮਦੇ ਨਿਜ਼ਮ ਦੇ ਅੰਗ ਵਜੋਂ ਚੋਣਾਂ, ਨਿਆਂਪਾਲਿਕਾ, ਮੰਡੀਆਂ ਤੇ ਸਿੱਖਿਆ ਪ੍ਰਬੰਧ ਦੀ ਵਰਤੋਂ ਕਰਦੀ ਹੈ। ਬਲਕਿ ਕਹਿਣਾ ਚਾਹੀਦਾ ਹੈ ਕਿ ਇਹ ਵੀ ਉਸ ਦੇ ਮੁੱਖ ਦਬਾਅ ਬਣਾਈ ਰੱਖਣ ਵਾਲੇ ਅੰਗ ਹੁੰਦੇ ਹਨ। ਪਰ ਦਬਾਅ ਬਣਾਉਣ ਵਾਲੇ ਮਦੇ ਨਿਜ਼ਮ ਦਾ ਕੰਮ ਸਿਰਫ ਭਰਮ ਪੈਦਾ ਕਰਨਾ ਹੁੰਦਾ ਹੈ। ਕੋਈ ਬੁਨਿਆਦੀ ਤਬਦੀਲੀ ਲਿਆਉਣਾ ਨਹੀਂ। ਇਸ ਕੇਸ ’ਚ ਵੀ ਨਿਆਂਪਾਲਿਕਾ ਦੇ ਫੈਸਲੇ ਸਬੰਧੀ ਖੁਸ਼ੀ ਦਾ ਮਾਹੌਲ ਵੱਧ ਸਮੇਂ ਤਕ ਬਣਿਆ ਨਹੀਂ ਰਹਿ ਸਕਿਆ। ਅਰਥਸਾਸ਼ਤਰੀ ਪ੍ਰਧਾਨ ਮੰਤਰੀ ਤੇ ‘ਜੈਂਟਲਮੇਨ’ ਮੰਨੇ ਜਾਣ ਵਾਲੇ ਮਨਮੋਹਨ ਸਿੰਘ ਨੇ ਹਨੇਰਗਰਦੀ ਕੀਤੀ ਤੇ ਸੁਪਰੀਮ ਕੋਰਟ ਨੂੰ ਝਿੜਕ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਨਿਆਂਪਾਲਿਕਾ ਆਪਣੀ ਹੱਦ ’ਚ ਰਹੇ ਅਤੇ ਵਿਧਾਨਪਾਲਿਕਾ ਤੇ ਕਾਰਜਪਾਲਿਕਾ ਦੇ ਕੰਮ ’ਚ ਦਖਲਅੰਦਾਜੀ ਨਾ ਕਰੇ । ਪ੍ਰਧਾਨ ਮੰਤਰੀ ਨੇ ਆਪਣੀ ਅਰਥ ਵਿਦਿਆ ਦੀ ਵਰਤੋਂ ਕਰਦਿਆਂ ਦਸਿਆ ਕਿ ਜੇ ਸੜ ਰਹੇ ਅਨਾਜ ਨੂੰ ਮੁਫਤ ਭੁੱਖੇ ਲੋਕਾਂ ’ਚ ਵੰਡ ਦਿੱਤਾ ਜਾਵੇਗਾ ਤਾਂ ਕਿਸਾਨਾਂ ਨੂੰ ਪੈਦਾਵਾਰ ਵਧਾਉਣ ਦੀ ਪ੍ਰੇਰਣਾ ਨਹੀਂ ਮਿਲੇਗੀ। ਇਹ ਉਹਨਾਂ ਤਰਕਾਂ ਵਿਚੋਂ ਇਕ ਹੈ ਜਿਸ ਦੇ ਜੁਆਬ ’ਚ ਕਿਸ ਪ੍ਰਕਾਰ ਦੀ ਪ੍ਰਤੀਕ੍ਰਿਆ ਦਿੱਤੀ ਜਾਵੇ ਇਹ ਤਹਿ ਕਰਨਾ ਮੁਸ਼ਕਲ ਹੋ ਜਾਂਦਾ ਹੈ। ਪਰ ਫਿਰ ਵੀ ਇਹ ਸੁਆਲ ਮੱਲੋ ਮੱਲੀ ਜਹਿਨ ’ਚ ਆਉਂਦਾ ਹੈ ਕਿ ਪੈਦਾਵਾਰ ਕਿਸਦੇ ਲਈ ਵਧਾਈ ਜਾਵੇ, ਜੇ ਅਨਾਜ ਨੇ ਗੋਦਾਮਾਂ ’ਚ ਸੜਨਾ ਹੀ ਹੋਵੇ? ਜਾਂ ਜੇ ਉਹਨਾਂ ਅਨਾਜ ਪੈਦਾਵਾਰ ਦੇ ਖੇਤਰ ਦੇ ਪੂੰਜੀਪਤੀਆਂ ਤੇ ਵਪਾਰੀਆਂ ਦਾ ਮੁਨਾਫਾ ਵਧਾਉਣ ਦੇ ਕੰਮ ਹੀ ਆਉਣਾ ਹੀ ਹੋਵੇ? ਪ੍ਰਧਾਨ ਮੰਤਰੀ ਅੱਛੀ ਤਰ੍ਹਾਂ ਜਾਣਦੇ ਹਨ ਕਿ ਪੈਦਾਵਾਰ ਵਧਾਉਣ ਦੀ ਪ੍ਰੇਰਣਾ ਦਾ ਅਨਾਜ ਨੂੰ ਗਰੀਬਾਂ ’ਚ ਵੰਡੇ ਜਾਣ ਦਾ ਕੋਈ ਸਬੰਧ ਨਹੀਂ ਹੈ। ਅਸਲ ’ਚ ਜੇ ਇਹ ਅਨਾਜ ਗਰੀਬਾਂ ’ਚ ਵੰਡਿਆ ਜਾਂਦਾ ਹੈ ਤਾਂ ਇਸ ਨਾਲ ਅਨਾਜ ਪੈਦਾਵਾਰ ਤੋਂ ਵਰਤੋਂ ਤਕ ਲੱਗੇ। ਦਿਉਕਦ ਕਾਰਪੋਰੇਟ ਘਰਾਣਿਆਂ, ਵਪਾਰੀਆਂ, ਦਲਾਲਾਂ ਤੇ ਜਮ੍ਹਾਖੋਰਾਂ ਦਾ ਮੁਨਾਫਾ ਮਰ ਜਾਵੇਗਾ। ਇਹੀ ਕਾਰਨ ਹੈ ਕਿ ਸਰਕਾਰ ਨੂੰ ਅਨਾਜ ਸਾੜਨਾ ਤਾਂ ਮੰਜੂਰ ਹੈ ਪਰ ਭੁੱਖੇ ਮਰਦੇ ਲੋਕਾਂ ’ਚ ਵੰਡਣਾ ਮੰਜੂਰ ਨਹੀਂ ਹੈ। ਇਸ ਦੀ ਹਮਾਇਤ ’ਚ ਕੋਈ ਤਰਕ ਨਹੀਂ ਦਿੱਤਾ ਜਾ ਸਕਦਾ। ਪੂੰਜੀਵਾਦੀ ਪ੍ਰਬੰਧ ਦਾ ਅਸਲ ਤਰਕ ਮਨਮੋਹਨ ਦੇ ਜੁਆਬ ’ਚ ਨੰਗਾ ਹੋ

ਕੇ ਸਾਹਮਣੇ ਆ ਗਿਆ। ਮਾਨਵੀ ਜੀਵਨ ਦੀ ਇਸ ਵਿਵਸਥਾ 'ਚ ਕੋਈ ਕੀਮਤ ਨਹੀਂ ਹੁੰਦੀ ਹੈ। ਜੇ ਕਿਸੇ ਚੀਜ ਦਾ ਮੁੱਲ ਹੈ ਤਾਂ ਉਹ ਹੈ ਪੂੰਜੀਪਤੀਆਂ ਦਾ ਮੁਨਾਫਾ।

ਇਸ ਘਟਨਾ ਦੇ ਨਾਲ ਇਕ ਹੋਰ ਘਟਨਾ ਘਟੀ, ਸੰਸਦ ਦੀ ਕਾਰਵਾਈ ਨੂੰ ਨੇਤਾਵਾਂ ਨੇ ਠੱਪ ਕਰ ਦਿੱਤਾ। ਇਸ ਦੇਸ਼ 'ਚ 84 ਕਰੋੜ ਲੋਕਾਂ ਦਾ 20 ਰੁਪਏ ਨਾਲ ਜਿਉਣਾ, 56 ਫੀਸਦੀ ਔਰਤਾਂ ਦੇ ਸਰੀਰ 'ਚ ਖ਼ੂਨ ਦੀ ਘਾਟ ਹੋਣਾ, 46 ਫੀਸਦੀ ਬੱਚਿਆਂ ਦਾ ਕੁਪੋਸ਼ਿਤ ਹੋਣਾ, 36 ਕਰੋੜ ਲੋਕਾਂ ਦਾ ਬੇਘਰ ਹੋਣਾ ਜਾਂ 9000 ਬੱਚਿਆਂ ਦਾ ਰੋਜਾਨਾ ਭੁੱਖ ਤੇ ਕਪੋਸ਼ਣ ਨਾਲ ਦਮ ਤੋੜਨਾ ਨਹੀਂ ਸੀ। ਇਹ ਮਾਨਵੀ ਸੰਸਦ ਆਪਣੀ ਤਨਖਾਹ ਨੂੰ 80001 ਰੁਪਏ ਕੀਤੇ ਜਾਣ ਦੀ ਮੰਗ ਕਰ ਰਹੇ ਸਨ। ਇਹ ਵਧ ਕੇ 65000 ਰੁਪਏ ਤਾਂ ਹੋ ਹੀ ਗਈ ਅਤੇ ਇਹ ਤਾਂ ਸਿਰਫ ਮਾਸਕ ਤਨਖਾਹ ਹੈ। ਐਮ. ਪੀ. ਦੇ ਪ੍ਰੀਵਾਰ ਦੀ ਸਿਖਿਆ, ਸਿਹਤ, ਰਿਹਾਇਸ਼, ਯਾਤਰਾ, ਸੰਚਾਰ ਤੇ ਹਰ ਪ੍ਰਕਾਰ ਦੇ ਬੁਨਿਆਦੀ ਖਰਚਿਆਂ ਨੂੰ ਸਰਕਾਰੀ ਖਜਾਨੇ ਤੋਂ ਪੂਰਾ ਕੀਤਾ ਜਾਂਦਾ ਹੈ। ਯਾਨੀ ਲੋਕਾਂ ਦੀ ਮੇਹਨਤ ਦੀ ਕਮਾਈ ਤੋਂ। ਇਸ ਤੋਂ ਪਿਛੋਂ ਵਿਕਾਸ ਦੀ ਮਦ 'ਚ ਆਉਣ ਵਾਲੀ ਕਰੋੜਾਂ ਰੁਪਏ ਦੀ ਕਰਮ ਦੀ ਵੀ ਇਹ ਲੋਕ ਨੁਮਾਇੰਦੇ ਕਿੰਨੀ ਸਹੀ ਵਰਤੋਂ ਕਰਦੇ ਹਨ, ਇਹ ਸਭ ਜਾਣਦੇ ਹਨ। ਇਸ ਪਿਛੋਂ ਪੂੰਜੀਪਤੀਆਂ ਤੇ ਠੇਕੇਦਾਰਾਂ ਵਲੋਂ ਆਪਣੀ ਸੇਵਾ ਬਦਲੇ ਮਿਲਣ ਵਾਲੀ ਲੱਖਾਂ ਰੁਪਏ ਦੀ ਰਕਮ ਵੀ ਉਹਨਾਂ ਦੀ ਆਮਦਨ 'ਚ ਚਾਰ ਚੰਨ ਲਾਉਂਦੀ ਹੈ। ਸਵਿਸ ਬੈਂਕਾਂ 'ਚ ਭਾਰਤੀਆਂ ਦੇ 1456 ਅਰਬ ਡਾਲਰ ਐਂਵੇ ਤਾਂ ਨਹੀਂ ਜਮਾਂ ਹਨ। ਇਹ ਸਾਡੇ ਨੇਤਾਵਾਂ ਮੰਤਰੀਆਂ ਦੀ 'ਮੇਹਨਤ' ਦੀ ਕਮਾਈ ਹੈ ਜੋ ਇਹਨਾਂ ਸਰਮਾਏਦਾਰਾਂ ਜਮਾਤ ਦੇ ਮਾਮਲਿਆਂ ਦੀ ਦੇਖ ਰੇਖ ਕਰਨ ਵਾਲੀ ਮੇਨੇਜਿੰਗ ਕਮੇਟੀ ਦੇ ਮੈਂਬਰ ਵਜੋਂ ਹਾਸਲ ਹੁੰਦੀ ਹੈ। ਜਰਾ ਸੋਚੋ, ਇਹ ਸਭ ਕੁਝ ਉਸ ਦੇਸ਼ ਵਿੱਚ ਹੁੰਦਾ ਹੈ ਜਿਸ 'ਚ 80 ਫੀਸਦੀ ਲੋਕ ਬਸ ਇਕ ਡੰਗ ਦੀ ਰੋਟੀ ਖਾਣ ਯੋਗ ਹੀ ਕਮਾ ਸਕਦੇ ਹਨ। ਇਲਾਜ, ਸਿਖਿਆ ਅਤੇ ਰਿਹਾਇਸ਼ ਵਰਗੇ ਅਧਿਕਾਰਾਂ ਦੀ ਤਾਂ ਗੱਲ ਹੀ ਛੱਡ ਦਿਉ। ਇਹ ਸੰਸਦ (ਐਮ. ਪੀ) ਪਿਛਲੇ 63 ਸਾਲਾਂ 'ਚ ਦੇਸ਼ ਨੂੰ ਇਥੋਂ ਤਕ ਪਹੁਚਾ ਦੇਣ ਦਾ ਮੇਹਨਤਾਨਾ ਮੰਗ ਰਹੇ ਹਨ ਅਤੇ ਉਹਨਾਂ ਨੂੰ ਮਿਲ ਵੀ ਰਿਹਾ ਹੈ। ਇਹ ਦੋਨੋ ਘਟਨਾਵਾਂ ਭਾਰਤੀ ਪੂੰਜੀਵਾਦੀ ਪ੍ਰਬੰਧ ਦੇ ਨੰਗੇਜ ਨੂੰ ਸਾਡੇ ਸਾਹਮਣੇ ਰੱਖ ਦਿੰਦੀਆਂ ਹਨ। ਪੂਰਾ ਦੇਸ਼ ਇਕ ਰਾਜਸੀ ਤੇ ਆਰਥਕ ਸੰਕਟ ਵਿਚੋਂ ਦੀ ਲੰਘ ਰਿਹਾ ਹੈ। ਮਹਿੰਗਾਈ ਦੀ ਮਾਰ ਲੋਕਾਂ ਨੂੰ ਗਰੀਬੀ ਤੇ ਬਦਹਾਲੀ 'ਚ ਧੱਕ ਰਹੀ ਹੈ। ਪਿਛਲੇ 30 ਸਾਲਾਂ 'ਚ ਦੇਸ਼ਾਂ ਦੇ ਲੋਕਾਂ ਨੇ ਅਜਿਹੀ ਮਹਿੰਗਾਈ ਨਹੀਂ ਵੇਖੀ ਹੈ। ਬੇਰੁਜ਼ਗਾਰੀ ਦੀ ਸਥਿਤੀ ਚਿੰਤਾ ਜਨਕ ਹੈ ਅਤੇ ਬੇਰੁਜ਼ਗਾਰਾਂ ਤੇ ਅਰਧ ਬੇਰੁਜ਼ਗਾਰਾਂ ਦੀ ਅਬਾਦੀ ਜੋੜ ਦਿੱਤੀ ਜਾਵੇ ਤਾਂ 28 ਕਰੋੜ ਦੇ ਕਰੀਬ ਬੈਠਦੀ ਹੈ। ਗਰੀਬੀ ਬਾਰੇ ਸਰਕਾਰੀ ਅੰਕੜਿਆਂ ਦੀ ਲਫਾਜੀ ਦੇ ਬਾਵਜੂਦ ਸਮੁੱਚੀਆਂ ਕੌਮਾਂਤਰੀ ਤੋਂ ਲੈ ਕੇ ਦੇਸੀ ਏਜੰਸੀਆਂ ਦੇ ਅੰਕੜੇ ਤਕ ਇਸ ਗੱਲ ਨੂੰ ਸਿੱਧ ਕਰ ਚੁੱਕੇ ਹਨ ਕਿ ਭਾਰਤ ਦੀ ਗਰੀਬੀ ਦੀ ਤੁਲਨਾ ਕੁਝ ਸਬ ਸਹਾਰਾ ਦੇ ਦੇਸ਼ਾਂ ਨਾਲ ਹੀ ਕੀਤੀ ਜਾ ਸਕਦੀ ਹੈ। ਕੁਪੋਸ਼ਣ ਸਬੰਧੀ ਤਾਂ ਭਾਰਤ ਦੁਨੀਆਂ ਦੇ ਸਭ ਤੋਂ ਗਰੀਬ ਅਫਰੀਕੀ ਦੇਸ਼ਾਂ ਤੋਂ ਵੀ ਅੱਗੇ ਲੰਘ ਗਿਆ ਹੈ। ਦੇਸ਼ ਦੀ ਜਨਤਾ 'ਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਕੁਪੋਸ਼ਣ ਖਿਲਾਫ ਅਸੰਤੋਸ ਸੁਲਘ ਰਿਹਾ ਹੈ। ਆਰਥਕ ਸੰਕਟ ਦੇ ਦੌਰ 'ਚ ਆਪਣੇ ਮੁਨਾਫੇ ਦੀ ਦਰ ਨੂੰ ਬਰਾਬਰ ਰੱਖਣ ਲਈ ਸਰਕਾਰ ਮੌਜੂਦਾ ਕਿਰਤ ਕਨੂੰਨਾਂ 'ਚ ਸੋਧ

ਕਰਕੇ ਕੁਦਰਤੀ ਸਾਧਨਾਂ ਦੀ ਬੇਰਹਿਮ ਬੇਰੋਕ ਲੁਟ ਕਰ ਰਹੀ ਹੈ। ਮੋੜਵੇਂ ਰੂਪ 'ਚ ਮਜ਼ਦੂਰ ਬੇਚੈਨੀ ਫੈਲ ਰਹੀ ਹੈ। ਝਾਰਖੰਡ, ਛਤੀਸਗੜ ਮਹਾਂਰਾਸ਼ਟਰ ਦੇ ਆਦਿਵਾਸੀ ਬਹੁਤੇ ਇਲਾਕਿਆਂ 'ਚ ਜੰਗ ਲੜ ਰਹੇ ਹਨ। ਆਮ ਕਿਸਾਨ ਅਬਾਦੀ ਸਰਕਾਰ ਦੇ ਵਿਕਾਸ ਦੇ ਪੂੰਜੀਵਾਦੀ ਮਾਡਲ ਨੂੰ ਰੱਦ ਕਰ ਚੁੱਕੀ ਹੈ ਅਤੇ ਅਨਿਆਪੂਰਨ ਭੂਮੀ ਹਥਿਆਉਣ ਵਿਰੁੱਧ ਥਾਂ ਥਾਂ ਸੰਘਰਸ਼ ਕਰ ਰਹੀ ਹੈ।

ਇਸ ਦੀ ਅਗਵਾਈ ਅਜੇ ਧਨੀ ਕਿਸਾਨ ਲਾਬੀ ਦੇ ਹੱਥ ਵਿਚ ਹੈ। ਕੁਲ ਮਿਲਾ ਕੇ ਪੂਰਾ ਦੇਸ਼ 1990 ਤੋਂ ਪਿਛੋਂ ਇਕ ਵਾਰੀ ਫਿਰ ਬਹੁਪੱਖੀ ਆਰਥਕ ਤੇ ਰਾਜਸੀ ਸੰਕਟ ਵਿਚ ਦੀ ਲੰਘ ਰਿਹਾ ਹੈ। ਇਹ ਸਾਡੇ ਦੇਸ਼ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦਾ ਹੀ ਸੰਕਟ ਨਹੀਂ ਹੈ। ਹੁਣ ਇਹ ਸੰਕਟ 'ਤੀਜੀ ਦੁਨੀਆਂ' ਦੇ ਸਾਰੇ ਦੇਸ਼ਾਂ 'ਚ ਹੈ। ਅਮਰੀਕਾ 'ਚ ਵੀ ਸੰਕਟ ਵਜੋਂ ਬੇਰੁਜ਼ਗਾਰੀ, ਬਹੁਤ ਉੱਚੀ ਹੱਦ ਤਕ ਪੁੱਜ ਚੁੱਕੀ ਹੈ। ਸਾਰੇ ਸਿਟਮਉਲਸ ਪੈਕੇਜ ਬੇਕਾਰ ਹੋ ਚੁੱਕੇ ਹਨ ਅਤੇ ਸੜਕ ਜਦੋਂ ਮਰਜੀ ਸੜਕਾਂ 'ਤੇ ਆ ਰਹੀ ਹੈ। ਇਹੋ ਹਾਲਤ ਯੂਰਪ ਦੀ ਹੈ ਅਤੇ ਕਰਜਾ ਸੰਕਟ 'ਚੋਂ ਉਭਰਨ ਤੋਂ ਪਹਿਲਾਂ ਹੀ ਪੂਰਾ ਅਰਥਚਾਰਾ ਫਿਰ ਤੋਂ ਮੰਦੀ ਦੀ ਦਲਦਲ 'ਚ ਫਸਣ ਲੱਗਿਆ ਹੈ। ਫ਼ਰਾਂਸ ਵਿਦਿਆਰਥੀ-ਨੌਜਵਾਨ ਤੇ ਮਜ਼ਦੂਰ ਸੰਘਰਸ਼ ਨਾਲ ਦਹਿਕ ਰਿਹਾ ਹੈ ਅਤੇ ਯੁਨਾਨ, ਪੁਰਤਗਾਲ ਅਤੇ ਸਪੇਨ ਵਿਚ ਵੀ ਬੇਚੈਨੀ ਸੁਲਘ ਰਹੀ ਹੈ। ਚੀਨ 'ਚ ਵੀ ਕਿਰਤ ਕੰਟਰੋਲ ਦੀਆਂ ਸਾਰੀਆਂ ਰਣਨੀਤੀਆਂ ਦੇ ਬਾਵਜੂਦ ਮਾਓ ਦੇ ਅਸਲੀ ਵਾਰਸਾਂ ਦੀ ਅਗਵਾਈ ਹੇਠ ਮਜ਼ਦੂਰ ਤੇ ਗਰੀਬ ਕਿਸਾਨ ਸਾਂਝੇ ਤੌਰ 'ਤੇ 'ਬਾਜ਼ਾਰ ਸਮਾਜਵਾਦ' ਦੇ ਵਿਨਾਸ਼ਕਾਰੀ ਸਿਟਿਆਂ ਵਿਰੁੱਧ ਸੰਘਰਸ਼ ਦੀ ਸ਼ੁਰੂਆਤ ਕਰਨ ਲੱਗੇ ਹਨ। ਕੁਲ ਮਿਲਾ ਕੇ ਸਾਰਾ ਸੰਸਾਰ ਇਕ ਵਾਰ ਫਿਰ ਆਪਣੇ ਅੰਤਕਾਰੀ ਸੰਕਟ ਦਾ ਸ਼ਿਕਾਰ ਹੈ। ਦੇਸ਼ ਦੀ ਹਾਕਮ ਜਮਾਤ ਵਿਕਾਸਤਾ ਤੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਲੰਘ ਚੁਕਿਆ ਹੈ ਅਤੇ ਲੋਕਾਂ ਦੀ ਬਦਹਾਲੀ ਵੀ ਸਾਰੀਆਂ ਹੱਦਾਂ ਲੰਘਣ ਲੱਗੀ ਹੈ। ਇਤਿਹਾਸ ਦਰਸਾਉਂਦਾ ਹੈ ਕਿ ਅੱਜ ਸਾਰੀ ਸਾਮਰਾਜੀ ਪ੍ਰਬੰਧ ਭਿਅੰਕਰ ਸੰਕਟ ਦਾ ਸ਼ਿਕਾਰ ਹੈ। ਇਸ 'ਚ ਹੁਣ ਪ੍ਰਗਤੀ ਦੀ ਕੋਈ ਸੰਭਾਵਨਾ ਬਾਕੀ ਨਹੀਂ ਰਹਿ ਗਈ ਹੈ। ਵਸਤੂਆਂ ਦੇ ਵਿਆਪਕ ਸੰਸਾਰ ਦੀ ਵਰਤੋਂ ਕਰਕੇ ਵੀ ਇਹ ਪ੍ਰਬੰਧ ਬਹੁਗਿਣਤੀ ਲੋਕਾਂ ਨੂੰ ਨਰਕੀ ਜੀਵਨ ਦੇ ਰਿਹਾ ਹੈ। ਕਿਉਂਕਿ ਇਸ ਦਾ ਮਕਸਦ ਬਹੁਗਿਣਤੀ ਲੋਕਾਂ ਦਾ ਕਲਿਆਣ, ਨਿਆਂ ਤੇ ਬਰਾਬਰੀ ਹੈ ਹੀ ਨਹੀਂ। ਇਸ ਦਾ ਇਕੋ ਇਕ ਟੀਚਾ ਹੈ ਮੁਨਾਫਾ, ਕਿਸ ਦੀ ਕੀਮਤ 'ਤੇ। ਇਸ ਮੁਨਾਫੇ ਖਾਤਰ ਪੂਰੀ ਦੁਨੀਆਂ ਨੂੰ ਸਾਮਰਾਜੀ ਜੰਗਾਂ ਵਿਚ ਧੱਕ ਦਿੱਤਾ ਜਾਂਦਾ ਹੈ। ਅਨਾਜ ਨੂੰ ਭੁੱਖੇ ਮਰਦੇ ਲੋਕਾਂ ਮੂਹਰੇ ਗੋਦਾਮਾਂ 'ਚ ਸੜਨ ਦਿੱਤਾ ਜਾਂਦਾ ਹੈ। ਔਰਤਾਂ ਤੇ ਬੱਚਿਆਂ ਦੀ ਕਿਰਤ ਮੰਡੀ 'ਚ ਮਿੱਟੀ ਦੇ ਭਾਅ ਵਿਕਦੀ ਹੈ। ਮਜ਼ਦੂਰਾਂ ਦਾ ਜੀਵਨ ਨਰਕ ਤੋਂ ਵੀ ਮਾੜਾ ਹੁੰਦਾ ਜਾ ਰਿਹਾ ਹੈ। ਗਰੀਬ ਕਿਸਾਨ ਉਜੜ ਰਹੇ ਹਨ। ਇਹ ਉਹ ਤੋਹਫੇ ਹਨ ਜੋ ਸਾਮਰਾਜੀ ਪੂਜੀਵਾਦੀ ਸਾਨੂੰ ਦੇ ਸਕਦਾ ਹੈ। ਫਿਰ ਵੀ ਉਹ ਬੇਸ਼ਰਮੀ ਨਾਲ ਐਲਾਨ ਕਰਦਾ ਰਹਿੰਦਾ ਹੈ ਕਿ ਇਹ 'ਇਤਿਹਾਸ ਦਾ ਅੰਤ' ਹੈ। ਮਨੁੱਖੀ ਜਾਤ ਜੋ ਸਭ ਤੋਂ ਉੱਚੀ ਪ੍ਰਾਪਤੀ ਜੋ ਕਰ ਸਕਦੀ ਸੀ, ਉਹ ਪੂੰਜੀਵਾਦ ਹੈ। ਪਰ ਦੁਨੀਆਂ ਦਾ ਕੋਈ ਵੀ ਤਰਕਸ਼ੀਲ, ਵਿਗਿਆਨਕ ਨਜ਼ਰੀਏ ਵਾਲਾ, ਸੰਵੇਦਨਸ਼ੀਲ, ਨਿਆਪਸੰਦ ਵਿਅਕਤੀ ਇਹ ਗੱਲ ਨਹੀਂ ਮੰਨਦਾ। ਪੂੰਜੀਵਾਦ ਅੰਦਰੋਂ ਖੋਖਲਾ ਹੈ। ਜਾਰਜ ਸੋਰੋਸ ਵਰਗੇ ਇਕ ਠਿਰਾਣੇ ਸੱਟੇਬਾਜ ਦੀ ਸੱਟੇਬਾਜੀ ਜਾਂ ਸਿਰਫ

ਇਕ ਵਿਤੀ ਅਦਾਰੇ ਦਾ ਢਹਿ ਢੇਰੀ ਹੋਣਾ ਪੂਰੇ ਸੰਸਾਰ 'ਚ ਮੰਦੀ ਪੈਦਾ ਕਰ ਦਿੰਦਾ ਹੈ ਤੇ ਅਰਥਚਾਰੇ ਮੂਧੇ ਮੂੰਹ ਡਿਗਣ ਲੱਗਦੇ ਹਨ। ਇਹ ਵਿਵਸਥਾ ਜੇ ਟਿਕੀ ਹੋਈ ਹੈ ਤਾਂ ਇਸ ਦਾ ਕਾਰਨ ਇਸ ਦੀ ਆਪਣੀ ਸ਼ਕਤੀ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਅੱਜ ਅਗਾਂਹਵਧੂ ਜਮਹੂਰੀ, ਦੇਸ਼ਭਗਤ ਤੇ ਇਨਕਲਾਬੀ ਤਾਕਤ ਕਮਜੋਰ ਹਨ। ਇਹਨਾਂ ਦੀ ਮਜ਼ਬੂਤੀ ਲਈ ਨੌਜਵਾਨ ਵਰਗ 'ਚ ਚੇਤਨਾ ਪੈਦਾ ਕਰਨ ਦੀ ਲੋੜ ਹੈ।

# ਮੌਸਮੀ ਬਦਲਾਅ ਤੇ ਧਰਤੀ ਮਾਂ ਦੇ ਅਧਿਕਾਰ

ਅੱਜ ਧਰਤੀ ਮਾਂ ਜਖਮੀ ਹੈ ਅਤੇ ਮਨੁੱਖਤਾ ਦਾ ਭਵਿੱਖ ਖਤਰੇ ਵਿਚ ਹੈ। ਜੇ ਵਿਸ਼ਵੀ ਤਪਸ਼ 'ਚ ਦੋ ਡਿਗਰੀ ਸੈਂਟੀਗਰੇਟ ਤੋਂ ਜ਼ਿਆਦਾ ਵਾਧਾ ਹੁੰਦਾ ਹੈ ਤਾਂ ਇਕ ਅਜਿਹੀ ਹਾਲਤ ਜਿਸ ਵੱਲ (ਕੋਪਨ ਹੇ ਗਨ ਕਰਾਰ) ਲੈ ਜਾ ਸਕਦੀ ਹੈ ਤਾਂ ਇਸ ਦੀ 50 ਫੀਸਦੀ ਸੰਭਾਵਨਾ ਹੈ ਕਿ ਸਾਡੀ ਧਰਤੀ ਨੂੰ ਹੋਈ ਹਾਨੀ ਦੀ ਪੂਰਤੀ ਦੁਬਾਰਾ ਕਦੀ ਵੀ ਨਹੀਂ ਕੀਤੀ ਜਾ ਸਕੇਗੀ। 20 ਤੋਂ 30 ਫੀਸਦੀ ਪ੍ਰਜਾਤੀਆਂ ਅਲੋਪ ਹੋ ਜਾਣ ਦਾ ਖਤਰਾ ਪੈਦਾ ਹੋ ਜਾਵੇਗਾ। ਵਿਸ਼ਾਲ ਵਣਾਂ 'ਤੇ ਅਸਰ ਪਵੇਗਾ, ਗ੍ਰਹਿ ਦੇ ਵੱਖ ਵੱਖ ਆਂਚਲ ਹੜ੍ਹ ਤੇ ਸੋਕੇ ਨਾਲ ਪ੍ਰਭਾਵਿਤ ਹੋਣਗੇ। ਮਾਰੂਥਲ ਦਾ ਵਧਾਰਾ ਹੋਵੇਗਾ, ਧਰੁਵੀ ਦੇਸ਼ਾਂ ਦੀ ਜੰਮੀ ਹੋਈ ਬਰਫ ਅਤੇ ਇੰਡੀਜ਼ ਤੇ ਹਿਮਾਲਿਆ ਦੇ ਗਲੇਸ਼ੀਅਰਾਂ ਦੀ ਬਰਫ ਤੇਜੀ ਨਾਲ ਪਿਘਲੇਗੀ। ਕਿੰਨੇ ਸਾਰੇ ਦੀਪ ਅਲੋਪ ਹੋ ਜਾਣਗੇ ਅਤੇ ਅਫਰੀਕਾ ਦਾ ਤਾਪਮਾਨ ਤਿੰਨ ਡਿਗਰੀ ਸੈਂਟੀਗ੍ਰੇਡ ਤੋਂ ਜ਼ਿਆਦਾ ਵੱਧ ਜਾਵੇਗਾ। ਇਸ ਤਰ੍ਹਾਂ ਦੁਨੀਆਂ 'ਚ ਅਨਾਜ ਦੀ ਪੈਦਾਵਾਰ ਘੱਟ ਜਾਵੇਗੀ। ਜਿਸ ਦਾ ਧਰਤੀ ਦੇ ਵਿਸ਼ਾਲ ਆਂਚਲਾਂ ਦੇ ਨਿਵਾਸੀਆਂ ਦੀ ਜ਼ਿੰਦਗੀ 'ਤੇ ਵਿਨਾਸ਼ਕਾਰੀ ਅਸਰ ਹੋਵੇਗਾ ਅਤੇ ਭੁੱਖ ਨਾਲ ਪੀੜਤ ਲੋਕਾਂ ਦੀ ਗਿਣਤੀ ਕਾਫੀ ਵੱਧ ਜਾਵੇਗੀ ਜੋ ਅੰਕੜਾ ਅਜੇ ਵੀ 102 ਕਰੋੜ ਨੂੰ ਪਾਰ ਕਰ ਗਿਆ ਹੈ। ਅਖੌਤੀ 'ਵਿਕਸਤ' ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਤੇ ਸਰਕਾਰ ਵਲੋਂ ਵਿਗਿਆਨਕ ਸਮੂਹ ਦੇ ਇਕ ਹਿੱਸੇ ਦੇ ਨਾਲ ਮਿਲੀ ਭੁਗਤ ਕਰਕੇ, ਮੌਸਮ ਬਦਲਾਅ 'ਤੇ ਚਰਚਾ ਨੂੰ ਸੀਮਤ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਵੇਂ ਕਿਤੇ ਸਮੱਸਿਆ ਸਿਰਫ ਤਾਪਮਾਨ 'ਚ ਵਾਧਾ ਹੈ। ਇਸ ਦੇ ਕਾਰਨ 'ਤੇ (ਜੋ ਕਿ ਪੂੰਜੀਵਾਦੀ ਪ੍ਰਬੰਧ ਹੈ) ਸੁਆਲ ਨਾ ਉਠਾਇਆ ਜਾਵੇ।

ਅਸੀਂ ਸਭਿਅਤਾ ਦੇ ਇਕ ਅਜਿਹੇ ਮਾਡਲ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ ਜੋ ਪਿੱਤਰ ਸੱਤਾਤਮਕ ਹੈ ਅਤੇ ਮਨੁੱਖੀ ਜਾਤੀ ਤੇ ਕੁਦਰਤ ਦੇ ਵਿਨਾਸ਼ 'ਤੇ ਅਧਾਰਤ ਹੈ। ਜਿਸ ਦੀ ਰਫ਼ਤਾਰ ਸਨਅਤੀ ਇਨਕਲਾਬ ਦੇ ਸਮੇਂ ਤੋਂ ਤੇਜ ਹੋਈ ਹੈ। ਪੂੰਜੀਵਾਦੀ ਪ੍ਰਬੰਧ ਨੇ ਸਾਡੇ 'ਤੇ ਮੁਕਾਬਲਾ, ਤਰੱਕੀ ਤੇ ਅੰਤਹੀਣ ਵਿਕਾਸ ਦਾ ਤਰਕ ਠੋਸ ਦਿੱਤਾ ਹੈ। ਪੈਦਾਵਾਰ ਤੇ ਖਪਤ ਦਾ ਇਹ ਹਕੂਮਤੀ ਤੰਤਰ ਅਥਾਹ ਮੁਨਾਫਾ ਚਾਹੁੰਦਾ ਹੈ। ਇਸ ਲਈ ਇਹ ਮਨੁੱਖ ਨੂੰ ਕੁਦਰਤ ਤੋਂ ਵੱਖ ਕਰ ਦਿੰਦਾ ਹੈ ਅਤੇ ਕੁਦਰਤ 'ਤੇ ਦਾਬਾ ਕਾਇਮ ਕਰਨ ਦਾ ਤਰਕ ਠੋਸ ਦਿੰਦਾ ਹੈ। ਹਰੇਕ ਚੀਜ ਨੂੰ ਪਾਣੀ, ਧਰਤੀ, ਮਨੁੱਖੀ ਜਿਨੋਮ, ਪੂਰਵਜਾਂ ਦਾ ਸਭਿਆਚਾਰ, ਜੈਵ-ਵਿਭਿੰਨਤਾ, ਨਿਆਂ, ਨੈਤਿਕਤਾ, ਜਨਤਾ ਦੇ ਅਧਿਕਾਰ ਤੇ ਖੁਦ ਜੀਵਨ ਨੂੰ ਜਿਣਸ (ਖਰੀਦੋ-ਫਰੋਖਤ ਦੀ ਵਸਤੂ) 'ਚ ਬਦਲ ਦਿੰਦਾ ਹੈ। ਪੂੰਜੀਵਾਦ ਦੇ ਤਹਿਤ ਧਰਤੀ ਨੂੰ ਕੱਚੇ ਮਾਲ ਦੇ ਸਰੋਤ 'ਚ ਅਤੇ ਮਨੁੱਖ ਨੂੰ ਖਪਤਕਾਰ ਤੇ ਪੈਦਾਵਾਰ ਦੇ ਇਕ ਸਾਧਨ ਵਜੋਂ ਤਬਦੀਲ ਕਰ ਦਿੱਤਾ ਗਿਆ ਹੈ। ਮਨੁੱਖ ਨੂੰ ਅਜਿਹੇ ਲੋਕਾਂ 'ਚ ਬਦਲ ਦਿੱਤਾ ਗਿਆ ਜਿਹਨਾਂ ਦੀ ਕੀਮਤ ਉਹ ਜੋ ਹਨ ਉਹਨਾਂ ਦੇ ਲਈ ਨਹੀਂ ਬਲਕਿ ਸਿਰਫ ਉਸ ਚੀਜ ਨਾਲ ਅੰਗੀ ਜਾਂਦੀ ਹੈ। ਜਿਸ ਦੇ ਉਹ ਮਾਲਕ ਹਨ। ਮਨੁੱਖਤਾ ਇਕ ਵੱਡੇ ਦਵੰਦ ਨਾਲ ਜੂਝ ਰਹੀ ਹੈ। ਪੂੰਜੀਵਾਦ, ਲੁੱਟ-ਮਾਰ ਤੇ ਮੌਤ ਦੇ ਰਾਹ 'ਤੇ ਚਲਣਾ ਜਾਰੀ ਰਖਿਆ ਜਾਵੇ ਜਾਂ ਕੁਦਰਤ ਦੇ ਨਾਲ ਇਕ ਸੁਰਤਾ (ਸਹਿਯੋਗਪੂਰਨ ਰਵਈਆ) ਤੇ ਜੀਵਨ ਪ੍ਰਤੀ ਆਦਰ ਦਾ ਰਾਹ ਚੁਣਿਆ

ਜਾਵੇ। ਇਹ ਜ਼ਰੂਰੀ ਹੈ ਕਿ ਅਸੀਂ ਇਕ ਨਵੀਂ ਵਿਵਸਥਾ ਕਾਇਮ ਕਰੀਏ। ਜੋ ਕੁਦਰਤ ਦੇ ਨਾਲ ਤੇ ਮਨੁੱਖ ਜਾਤੀ ਵਿਚਕਾਰ ਇਕ ਸੁਰਤਾ ਨੂੰ ਫਿਰ ਤੋਂ ਬਹਾਲ ਕਰੀਏ ਅਤੇ ਕੁਦਰਤ ਵਿਚ ਸੰਤੁਲਨ ਕਾਇਮ ਕਰਨ ਲਈ ਸਭ ਤੋਂ ਪਹਿਲਾਂ ਮਨੁੱਖ ਜਾਤੀ ਵਿਚਾਲੇ ਬਰਾਬਰਤਾ ਹੋਣੀ ਚਾਹੀਦੀ ਹੈ। ਦੇਸ਼ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੇ ਉਸ ਗਿਆਨ, ਬੁੱਧੀਮਤਾ ਤੇ ਪੈਤਰਿਕ ਵਰਤਾਅ ਨੂੰ ਵਾਪਸ ਹਾਸਲ ਕਰਨ, ਉਸ ਨੂੰ ਬੇਹੱਦ ਕੀਮਤੀ ਸਮਝਣ ਤੇ ਪੂਰਨ ਬਣਾਉਣ ਜੋ 'ਬੇਹਤਰ ਜੀਵਨ' ਦੇ ਵਿਚਾਰ ਅਤੇ ਆਚਰਣ 'ਚ ਨਿਪੁੰਨ ਹੋਣ। ਧਰਤੀ ਨੂੰ ਇਕ ਜਿਉਂਦੀ ਜਾਗਦੀ ਚੀਜ ਸਮਝਣ ਜਿਸ ਦੇ ਨਾਲ ਸਾਡਾ ਅਟੁੱਟ, ਆਪਸੀ, ਨਿਰਭਰਸ਼ੀਲ ਆਪਸੀ ਪੂਰਕ ਤੇ ਭਾਵਨਾਤਮਕ ਰਿਸ਼ਤਾ ਹੈ। ਮੌਸਮ ਬਦਲਾਅ ਦਾ ਮੁਕਾਬਲਾ ਕਰਨ ਲਈ ਸਾਨੂੰ ਧਰਤੀ ਨੂੰ ਜੀਵਨ ਦੇ ਸਰੋਤ ਵਜੋਂ ਮੰਨਣਾ ਚਾਹੀਦੈ ਅਤੇ ਹੇਠ ਲਿਖੇ ਸਿਧਾਤਾਂ 'ਤੇ ਅਧਾਰਤ ਇਕ ਨਵਾਂ ਪ੍ਰਬੰਧ ਸਿਰਜਣਾ ਚਾਹੀਦਾ ਹੈ।

- ਸਭ ਚੀਜਾਂ ਵਿਚ ਅਤੇ ਸਭ ਚੀਜਾਂ ਦੇ ਨਾਲ ਇਕਸੁਰਤਾ ਤੇ ਸੰਤੁਲਨ।
- ਇਕਜੁੱਟਤਾ, ਬਰਾਬਰੀ ਤੇ ਆਪਸੀ ਪੂਰਕਤਾ ਦੀ ਭਾਵਨਾ
- ਸਮੂਹਕ ਭਲਾਈ ਤੇ ਸਭ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ
- ਕੁਦਰਤ ਨਾਲ ਮਨੁੱਖ ਦੀ ਸਹਿਹੋਂਦ
- ਮਨੁੱਖ ਜਿਹੋ ਜਿਹਾ ਵੀ ਹੈ ਉਸ ਨੂੰ ਉਸੇ ਰੂਪ 'ਚ ਮੰਜੂਰ ਕਰਨਾ ਨਾ ਕਿ ਉਹ ਕਿਸ ਚੀਜ਼ ਦਾ ਮਾਲਕ ਹੈ।
- ਸਭ ਤਰਾਂ ਦੇ ਬਸਤੀਵਾਦ, ਸਾਮਰਾਜਵਾਦ ਤੇ ਦਖਲਅੰਦਾਜੀ ਦਾ ਅੰਤ।
- ਲੋਕਾਂ ਦਰਮਿਆਨ ਤੇ ਧਰਤੀ ਮਾਂ ਨਾਲ ਸ਼ਾਂਤੀ।

ਆਪਾਂ ਜਿਸ ਮਾਡਲ ਦੀ ਹਮਾਇਤ ਕਰਦੇ ਹਾਂ ਉਹ ਅੰਤਹੀਣ ਤੇ ਵਿਨਾਸ਼ਕਾਰੀ ਵਿਕਾਸ ਦਾ ਮਾਡਲ ਨਹੀਂ ਹੈ। ਸਭ ਦੇਸ਼ਾਂ ਨੂੰ ਆਪਣੀ ਅਬਾਦੀ ਦੀਆਂ ਬੁਨਿਆਦੀ ਜਰੂਰਤਾਂ ਨੂੰ ਪੂਰਾ ਕਰਨ ਲਈ ਵਸਤੂਆਂ ਤੇ ਸੇਵਾਵਾਂ ਦੀ ਸਿਰਜਣਾ ਲਾਜਮੀ ਹੈ। ਪਰ ਉਹ ਕਿਸੇ ਵੀ ਤਰਾਂ ਵਿਕਾਸ ਤੇ ਉਸ ਮਾਡਲ 'ਤੇ ਚਲਦੇ ਨਹੀਂ ਰਹਿ ਸਕਦੇ। ਜਿਸ ਦੀ ਵਜਾਹ ਨਾਲ ਉਹ ਸਭ ਤੋਂ ਅਮੀਰ ਦੇਸ਼ਾਂ ਦਾ ਵਾਤਾਵਰਣੀ ਭਾਰ ਪੰਜ ਗੁਣਾ ਵੱਡਾ ਹੈ। ਜਿੰਨਾ ਇਹ ਗ੍ਰਹਿ ਸਹਿਣ ਕਰ ਸਕਦਾ ਹੈ। ਅੱਜ ਦੇ ਸਮੇਂ ਇਸ ਗ੍ਰਹਿ ਦੀ ਮੁੜ ਪੈਦਾਵਾਰ ਦੀ ਸਮਰਥਾ 30 ਫੀਸਦੀ ਤੋਂ ਵੱਧ ਪਾਰ ਕਰ ਗਈ ਹੈ। ਜੋ ਸਾਡੀ ਧਰਤੀ ਦੀ ਬੇਹੱਦ ਲੁੱਟ ਦੀ ਇਹ ਦਰ ਜਾਰੀ ਰਹੀ ਤਾਂ ਸਾਲ 2030 ਤਕ ਸਾਨੂੰ ਦੋ ਗ੍ਰਹਿਆਂ ਦੀ ਲੋੜ ਪਵੇਗੀ। ਆਪਸੀ ਨਿਰਭਰਸ਼ੀਲ ਵਿਵਸਥਾ 'ਚ ਜਿਸ 'ਚ ਮਨੁੱਖ ਜਾਤੀ ਸਿਰਫ ਇਕ ਘਟਕ ਹੈ। ਪੂਰੀ ਵਿਵਸਥਾ 'ਚ ਅਸੰਤੁਲਨ ਪੈਦਾ ਕੀਤੇ ਬਗੈਰ ਉਸ ਦੇ ਸਿਰਫ ਮਾਨਵ ਅੰਸ਼ ਦੇ ਅਧਿਕਾਰਾਂ ਨੂੰ ਮਾਨਤਾ ਦੇਣੀ ਸੰਭਵ ਨਹੀਂ ਹੈ। ਮਨੁੱਖ ਜਾਤੀ ਦੇ ਅਧਿਕਾਰਾਂ ਦੀ ਗਰੰਟੀ ਕਰਨ ਅਤੇ ਕੁਦਰਤ ਨਾਲ ਇਕਸੁਰਤਾ ਬਹਾਲ ਕਰਨ ਲਈ ਧਰਤੀ ਦੇ ਅਧਿਕਾਰਾਂ ਨੂੰ ਅਮਲੀ ਤੌਰ 'ਤੇ ਮਾਨਤਾ ਦੇਣਾ ਅਤੇ ਉਸ ਤੇ ਅਮਲ ਵੀ ਕਰਨਾ ਜ਼ਰੂਰੀ ਹੈ। ਇਸ ਉਦੇਸ਼ ਨਿਮਨਲਿਖਤ ਅਧਿਕਾਰਾਂ 'ਤੇ ਵਿਚਾਰ ਕੀਤੀ ਜਾ ਸਕਦੀ ਹੈ।

- ਜਿਉਣ ਤੇ ਹੋਂਦ ਬਣਾਈ ਰੱਖਣ ਦਾ ਅਧਿਕਾਰ
- ਮਾਣ-ਸਨਮਾਨ ਹਾਸਲ ਕਰਨ ਦਾ ਅਧਿਕਾਰ

– ਸਵੈ–ਕੰਟਰੋਲ ਤੇ ਆਪਸੀ–ਸਬੰਧਿਤ ਵੱਖ ਵੱਖ ਪ੍ਰਜਾਤੀ ਵਜੋਂ ਆਪਣੀ ਪਹਿਚਾਣ ਤੇ ਸੰਪੂਰਨਤਾ ਬਰਕਰਾਰ ਰੱਖਣ ਦਾ ਅਧਿਕਾਰ

– ਜੀਵਨ ਦੇ ਸਰੋਤ ਵਜੋਂ ਪਾਣੀ ਦਾ ਅਧਿਕਾਰ

– ਸਿਹਤਮੰਦ ਹਵਾ ਦਾ ਅਧਿਕਾਰ

– ਸਮੁੱਚੀ ਸਿਹਤ ਦਾ ਅਧਿਕਾਰ

– ਗੰਦ ਤੇ ਪ੍ਰਦੂਸ਼ਣ ਤੋਂ ਮੁਕਤੀ, ਜ਼ਹਿਰੀਲੇ ਤੇ ਰੇਡੀਓ ਐਕਟਿਵ ਕਚਰੇ ਤੋਂ ਮੁਕਤੀ ਦਾ ਅਧਿਕਾਰ

– ਜੇ ਨੇਟਿਕ ਸੰਰਚਨਾ 'ਚ ਇਸ ਕਿਸਮ ਦੇ ਫੇਰ ਬਦਲ ਜਾਂ ਸੁਧਾਰ ਤੋਂ ਮੁਕਤੀ ਦਾ ਅਧਿਕਾਰ ਜੋ ਉਸ ਦੀ ਸੰਪੂਰਣਤਾ ਤੇ ਸਿਹਤਮੰਦ ਕੰਮਕਾਜ ਲਈ ਖਤਰਾ ਪੈਦਾ ਕਰਦਾ ਹੈ।

– ਉਪਰੋਕਤ ਅਧਿਕਾਰਾਂ ਦਾ ਮਨੁੱਖੀ ਸਰਗਰਮੀਆਂ ਕਾਰਨ ਉਲੰਘਣ ਹੋਣ 'ਤੇ ਉਸ ਦੀ ਫੌਰੀ ਤੇ ਪੂਰਨ ਬਹਾਲੀ ਦਾ ਅਧਿਕਾਰ।

ਮਨੁੱਖੀ ਬਦਲਾਅ 'ਤੇ ਸੰਯੁਕਤ ਰਾਸ਼ਟਰ ਫਰੇਮਵਰਕ ਅਧਿਵੇਸ਼ਨ ਦੀ ਧਾਰਾ–ਦੋ 'ਚ ਕਿਹਾ ਗਿਆ ਹੈ ਕਿ "ਵਾਯੂਮੰਡਲ 'ਚ ਗ੍ਰੀਨ ਹਾਊਸ ਗੈਸਾਂ ਦੇ ਸੰਘਣੇਪਣ ਨੂੰ ਇਕ ਅਜਿਹੇ ਪੱਧਰ 'ਤੇ ਸਥਿਰ ਕਰਨਾ ਜੋ ਜਲਵਾਯੂ ਤਾਣੇ ਬਾਣੇ 'ਚ ਖਤਰਨਾਕ ਮਨੁੱਖੀ ਦਖਲ ਅੰਦਾਜੀ ਨੂੰ ਰੋਕਣ" ਇਸ ਧਾਰਾ ਨੂੰ ਪ੍ਰਭਾਵੀ ਬਣਾਉਣ ਲਈ "ਸਾਂਝਾ ਨਜ਼ਰੀਆ" ਗਰੀਨ ਹਾਊਸ ਗੈਸਾਂ ਦੀ ਘਣਤਾ ਨੂੰ ਸਥਿਰ ਕਰਨਾ ਚਾਹੁੰਦਾ ਹੈ। ਸਾਡਾ ਨਜ਼ਰੀਆ ਇਤਿਹਾਸਕ ਆਮ ਦੌਲਤ ਪਰ ਵੱਖ ਵੱਖ ਜੁਆਬਦੇਹੀ ਦੇ ਸਿਧਾਂਤ 'ਤੇ ਅਧਾਰਿਤ ਹੈ। ਜੋ ਵਿਕਸਿਤ ਦੇਸ਼ਾਂ ਵਲੋਂ ਪ੍ਰਦੂਸ਼ਣ 'ਚ ਕਟੌਤੀ ਦੇ ਅਜਿਹੇ ਮਾਤਰਾਤਮਕ ਟੀਚੇ ਦਾ ਐਲਾਨ ਕਰਨ ਦੀ ਮੰਗ ਕਰਦੀ ਹੈ। ਜੋ ਗ੍ਰੀਨ ਹਾਊਸ ਗੈਸ ਦੇ ਸੰਘਣੇਪਣ ਨੂੰ 300 ਪੀ ਪੀ ਐਮ ਤਕ ਵਾਪਸ ਲਿਆਏਗੀ ਅਤੇ ਇਸ ਤਰ੍ਹਾਂ ਦੁਨੀਆਂ ਦੇ ਔਸਤਨ ਤਾਪਮਾਨ 'ਚ ਵੱਧ ਤੋਂ ਵੱਧ ਇਕ ਡਿਗਰੀ ਸੈਂਟੀਗਰੇਡ ਦਾ ਵਾਧਾ ਹੋਵੇਗਾ। ਇਸ ਨਜ਼ਰੀਏ ਨੂੰ ਹਾਸਲ ਕਰਨ ਲਈ ਫੌਰੀ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਅਤੇ ਲੋਕਾਂ ਸੰਘਰਸ਼ਾਂ ਤੇ ਦੇਸ਼ਾਂ ਦੀ ਹਮਾਇਤ ਨਾਲ, ਵਿਕਸਤ ਦੇਸ਼ਾਂ ਤੋਂ ਪ੍ਰਦੂਸ਼ਣ 'ਚ ਕਟੌਤੀ ਦੇ ਅਜਿਹੇ ਟੀਚੇ ਪ੍ਰਤੀ ਵਚਣਬੱਧਤਾ ਜ਼ਾਹਰ ਕਰਨੀ ਚਾਹੀਦੀ ਹੈ। ਜੋ ਧਰਤੀ ਦੇ ਮੌਸਮੀ ਤਾਣੇ ਬਾਣੇ 'ਚ ਸੰਤੁਲਨ ਦੇ ਪੱਖ 'ਚ ਸਾਡੇ ਨਜ਼ਰੀਏ ਨੂੰ ਬਣਾਈ ਰੱਖ ਕੇ (ਸੰਯੁਕਤ ਰਾਸ਼ਟਰ) ਸੈਸ਼ਨ ਦੇ ਆਖਰੀ ਟੀਚੇ ਦੇ ਨਾਲ ਸਹਿਮਤੀ ਕਾਇਮ ਕਰਕੇ ਥੋੜੇ ਸਮੇਂ ਦੇ ਟੀਚਿਆਂ ਨੂੰ ਹਾਸਲ ਕਰਨ 'ਚ ਸਹਾਇਕ ਹੋਵੇ।

ਮੌਸਮ ਤਬਦੀਲੀ ਦੀਆਂ ਗੱਲਾਬਾਤਾਂ 'ਚ "ਸਹਿਯੋਗਤਾ ਕਾਰਵਾਈ ਦਾ ਸਾਂਝਾ ਨਜ਼ਰੀਆ" ਤਾਪਮਾਨ ਵਾਧਾ ਤੇ ਵਾਯੂਮੰਡਲ 'ਚ ਗ੍ਰੀਨ ਹਾਊਸ ਗੈਸਾਂ ਦੇ ਸੰਘਣੇਪਣ ਦੀ ਸੀਮਾ ਤਹਿ ਤਕ ਸੀਮਤ ਨਹੀਂ ਰਹਿਣੀ ਚਾਹੀਦੀ ਬਲਕਿ ਇਸ 'ਚ ਸੰਤੁਲਿਤ ਤੇ ਸਮੁੱਚੇ ਤਰੀਕੇ ਨਾਲ ਸਮਰਥਾ ਨਿਰਮਾਣ, ਪੈਦਾਵਾਰ ਤੇ ਖਪਤ ਪੈਟਰਨ ਤੇ ਹੋਰ ਜ਼ਰੂਰੀ ਚੀਜਾਂ ਜਿਵੇਂ ਕਿ ਕੁਦਰਤ ਨਾਲ ਸਹਿਹੋਂਦ ਸਥਾਪਤ ਕਰਨ ਲਈ ਧਰਤੀ ਮਾਂ ਦੇ ਅਧਿਕਾਰਾਂ ਨੂੰ ਪ੍ਰਵਾਨ ਕਰਨ ਬਾਰੇ ਉਪਾਵਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਮੌਸਮ ਤਬਦੀਲੀ ਲਈ ਮੁੱਖ ਤੌਰ 'ਤੇ ਜਿੰਮੇਵਾਰ ਹੋਣ ਦੇ ਨਾਤੇ, ਵਿਕਸਤ ਦੇਸ਼ਾਂ ਨੂੰ ਚਾਹੀਦਾ ਹੈ ਕਿ ਮੌਸਮ ਤਬਦੀਲੀ ਦੇ ਨਿਆਂਪੂਰਨ, ਪ੍ਰਭਾਵਸ਼ਾਲੀ ਤੇ ਵਿਗਿਆਨਕ

ਹੱਲ ਦੇ ਅਧਾਰ ਦੇ ਰੂਪ 'ਚ ਆਪਣੀ ਇਤਿਹਾਸਕ ਜੁਆਬਦੇਹੀ ਨੂੰ ਪੂਰਾ ਕਰਦੇ ਹੋਇਆਂ ਸਭ ਅਰਥਾਂ 'ਚ ਮੌਸਮ ਤੇ ਆਪਣੇ ਕਰਜ ਨੂੰ ਮੰਨਣ। ਇਸ ਪ੍ਰਸੰਗ 'ਚ ਵਿਕਸਤ ਦੇਸ਼ਾਂ ਤੋਂ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਉਹ :–

– ਵਾਯੂਮੰਡਲੀ ਸਪੇਸ ਨੂੰ ਮੁੜ ਬਹਾਲ ਕਰਨ ਜੋ ਉਹਨਾਂ ਵਲੋਂ ਪੈਦਾ ਕੀਤੀਆਂ ਗ੍ਰੀਨ ਹਾਊਸ ਗੈਸਾਂ ਨੇ ਘੇਰ ਰੱਖੀ ਹੈ। ਇਸ ਦਾ ਮਤਲਬ ਹੈ ਉਹਨਾਂ ਦੀ ਪੈਦਾਇਸ਼ 'ਚ ਕਟੌਤੀ ਤੇ ਜ਼ਜਬ ਕਰਕੇ ਉਪਨਿਵੇਸ਼ੀਕਰਨ ਦਾ ਅੰਤ।

– ਸੀਮਤ ਵਾਯੂਮੰਡਲੀ ਸਪੇਸ 'ਚ ਰਹਿਣ ਕਰਕੇ ਵਿਕਾਸ ਦੇ ਮੌਕਿਆਂ ਨੂੰ ਹੋਏ ਨੁਕਸਾਨ ਦੀ ਪੂਰਤੀ ਲਈ ਵਿਕਾਸਸ਼ੀਲ ਦੇਸ਼ਾਂ ਲਈ ਜਰੂਰੀ ਲਾਗਤ ਸਹਿਣ ਕਰਨੇ ਅਤੇ ਉਹਨਾਂ ਨੂੰ ਤਕਨੀਕ ਦੇਣ।

– ਕਰੋੜਾਂ ਲੋਕਾਂ ਦੀ ਜਿੰਮੇਵਾਰੀ ਓਟਣ ਜੋ ਇਹਨਾਂ ਦੇਸ ਦੀ ਵਜਾਹ ਨਾਲ ਹੋਏ ਮੌਸਮੀ ਬਦਲਾਅ ਕਾਰਨ ਹਿਜ਼ਰਤ ਕਰਨ ਲਈ ਮਜ਼ਬੂਰ ਹੋਣਗੇ। ਤੇ ਆਪਣੀਆਂ ਜਬਰੀ ਅਪ੍ਰਵਾਸ ਨੀਤੀਆਂ ਨੂੰ ਰੱਦ ਕਰਨ, ਪ੍ਰਵਾਸੀਆਂ ਨੂੰ ਆਪਣੇ ਦੇਸ਼ਾਂ 'ਚ ਪੂਰਨ ਮਨੁੱਖੀ ਅਧਿਕਾਰ ਦੀ ਗਰੰਟੀ ਕਰਦਿਆਂ ਸਨਮਾਨਜਨਕ ਜੀਵਨ ਜਿਉਣ ਦੇਣ।

– ਵਿਕਾਸਸ਼ੀਲ ਦੇਸ਼ਾਂ 'ਤੇ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਦੇ ਅਨੁਕੂਲ ਦਾ ਕਰਜਾ ਓਟਨ, ਉਹਨਾਂ ਦੇ ਵੱਧ ਤੋਂ ਵੱਧ ਪ੍ਰਦੂਸ਼ਣ ਕਾਰਨ ਹੋਏ ਹਰਜੇ ਨੂੰ ਰੋਕਣ, ਉਸ ਨੂੰ ਘੱਟ ਕਰਨ ਤੇ ਉਸ ਨਾਲ ਨਿਪਟਣ ਲਈ ਸਾਧਨ ਮੁਹਈਆ ਕਰਵਾਉਣ।

– ਧਰਤੀ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਮੰਨ ਕੇ ਅਤੇ ਉਸ 'ਤੇ ਅਮਲ ਕਰਕੇ ਧਰਤੀਆਂ ਪ੍ਰਤੀ ਵੱਡੇ ਕਰਜ਼ ਦੇ ਹਿੱਸੇ ਵਜੋਂ ਇਹਨਾਂ ਕਰਜਿਆਂ ਦੀ ਇਜਤ ਕਰੇ।

ਆਰਥਕ ਨੁਕਸਾਨ ਦੀ ਪੂਰਤੀ 'ਤੇ ਨਹੀਂ ਬਲਕਿ ਨਿਆਂ ਦੀ ਮੁੜ ਬਹਾਲੀ 'ਤੇ ਵੀ ਜੋਰ ਦਿੱਤਾ ਜਾਣਾ ਚਾਹੀਦਾ ਹੈ। ਜਿਸ ਦਾ ਅਰਥ ਧਰਤੀਆਂ ਤੇ ਉਸ ਦੇ ਸਾਰੇ ਅੰਗਾਂ ਦੀ ਮੁੜ ਬਹਾਲੀ। ਵਿਕਸਤ ਦੇਸ਼ਾਂ ਵਲੋਂ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ 'ਚ ਕਟੌਤੀ ਲਈ ਇਹੀ ਇਕੋ ਇਕ ਕਨੂੰਨੀ ਤੌਰ 'ਤੇ ਮੰਨਣਯੋਗ ਦਸਤਾਵੇਜ ਹੈ। ਪ੍ਰਦੂਸ਼ਣ 'ਚ ਕਟੌਤੀ ਲਈ ਵਚਨਬੱਧ ਹੋਣ ਦੇ ਬਾਵਜੂਦ, ਵਿਕਸਤ ਦੇਸ਼ਾਂ ਨੇ ਸਾਲ 1990 ਤੋਂ 2007 ਦੇ ਅਰਸੇ 'ਚ ਆਪਣੀ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ 'ਚ 11.2 ਫੀਸਦੀ ਵਾਧਾ ਕੀਤਾ ਹੈ। ਇਸ ਅਰਸੇ 'ਚ, ਬੇਲਗਾਮ ਖਪਤ ਕਾਰਨ ਅਮਰੀਕਾ ਨੇ ਆਪਣੀ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ 'ਚ 16.8 ਫੀਸਦੀ ਦਾ ਵਾਧਾ ਕੀਤਾ ਹੈ ਅਤੇ ਇਹ ਪ੍ਰਤੀ ਵਿਅਕਤੀ ਕਾਰਬਨ ਡਾਇਆਕਸਾਈਡ ਦੀ 20 ਤੋਂ 23 ਟਨ ਔਸਤ ਤਕ ਪਹੁੰਚ ਗਿਆ ਹੈ। ਇਹ "ਤੀਜੀ ਦੁਨੀਆਂ" ਦੇ ਨਿਵਾਸੀਆਂ ਦੇ ਔਸਤ ਤੋਂ ਨੌ ਗੁਣਾ ਵੱਧ ਹੈ ਅਤੇ ਸਬ–ਸਹਾਰਾ ਅਫਰੀਕਾ ਦੇ ਨਿਵਾਸੀਆਂ ਦੇ ਔਸਤ ਤੋਂ 20 ਗੁਣਾ ਜ਼ਿਆਦਾ ਹੈ। ਗਲਤ "ਕੋਪੇਨਹੇਗਨ ਕਰਾਰ' ਨੂੰ ਪੂਰੀ ਤਰ੍ਹਾਂ ਖਾਰਜ ਕਰਨਾ ਚਾਹੀਦਾ ਹੈ। ਕਿਉਂਕਿ ਇਹ ਵਿਕਸਤ ਦੇਸ਼ਾਂ ਨੂੰ ਸਵੈ–ਇੱਛਾ ਨਾਲ ਅਤੇ ਨਿਜੀ ਪ੍ਰਤੀਬੱਧਤਾ ਦੇ ਅਧਾਰ 'ਤੇ ਗ੍ਰੀਨ ਹਾਊਸ ਗੈਸਾਂ 'ਚ ਘੱਟ ਲੋੜੀਂਦੀ ਕਟੌਤੀ ਕਰਨ ਦਾ ਸੁਝਾਅ ਦਿੰਦਾ ਹੈ। ਇਹ ਧਰਤੀ ਦੀ ਵਾਤਾਵਰਣ ਸੰਪੂਰਨਤਾ ਦੀ ਉਲੰਘਣਾ ਹੈ ਅਤੇ ਵਿਸ਼ਵੀ ਤਾਪਮਾਨ 'ਚ ਲਗਭਗ 4 ਡਿਗਰੀ ਸੈਂਟੀਗਰੇਡ ਦੇ ਵਾਧੇ ਵੱਲ ਲੈ ਜਾਣ ਵਾਲਾ ਹੈ। ਜਲਵਾਯੂ ਤਬਦੀਲੀ ਸਬੰਧੀ ਅਲਗਾ ਸੰਮੇਲਨ 'ਚ ਸਾਲ 2010 ਦੇ ਅੰਤ

ਵਿੱਚ ਮੈਕਸੀਕੋ ’ਚ ਹੋਵੇਗਾ। ਜਿਥੇ ਕਵੋਟੋ ਪ੍ਰੋਟੋਕੋਲ ’ਚ ਇਕ ਸੋਧ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਵਿੱਚ 2013 ਤੋਂ 2017 ਤੱਕ ਦੂਜੀ ਪ੍ਰਤੀਬੱਧਤਾ ਅਰਸਾ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਤਹਿਤ ਵਿਕਸਤ ਦੇਸ਼ਾਂ ਨੂੰ ਇਸ ਗੱਲ ’ਤੇ ਸਹਿਮਤ ਹੋਣਾ ਚਾਹੀਦਾ ਹੈ ਕਿ ਉਹ 1990 ਦੇ ਪੱਧਰ ਨੂੰ ਅਧਾਰ ਬਣਾ ਕੇ ਆਪਣੇ ਦੇਸ਼ ਦੀ ਗ੍ਰੀਨ ਹਾਊਸ ਗੈਸ ਪੈਦਾਵਾਰ ’ਚ 50 ਫੀਸਦੀ ਦੀ ਕਟੌਤੀ ਕਰਨਗੇ। ਇਸ ਦੇ ਦਾਇਰੇ ਤੋਂ ਕਾਰਬਨ ਬਾਜ਼ਾਰ ਤੇ ਅਜਿਹੇ ਹੋਰ ਤੰਤਰਾਂ ਨੂੰ ਬਾਹਰ ਰੱਖਣਾ ਚਾਹੀਦਾ ਹੈ। ਜੋ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ’ਚ ਅਸਲ ਕਟੌਤੀ ’ਚ ਉਹਨਾਂ ਦੀਆਂ ਨਾਕਾਮੀ ’ਤੇ ਪਰਦਾ ਪਾਉਣ ਦਾ ਕੰਮ ਕਰਦੇ ਹਨ। ਸਭ ਤੋਂ ਪਹਿਲਾਂ ਤਾਂ ਸਾਨੂੰ ਵਿਕਸਤ ਦੇਸ਼ਾਂ ਦੇ ਸਮੂਹ ਲਈ ਇਹ ਟੀਚਾ ਤਹਿ ਕਰਨ ਦੀ ਜਰੂਰਤ ਹੈ ਕਿ ਹਰੇਕ ਦੇ ਆਪਸੀ ਪੂਰਕ ਯਤਨਾਂ ਦੇ ਢਾਂਚੇ ਵਿੱਚ ਹਰੇਕ ਵਿਕਸਤ ਦੇਸ਼ ਆਪਣੇ ਲਈ ਨਿਰਧਾਰਿਤ ਨਿਜੀ ਵਚਨਬੱਧਤਾ ਨੂੰ ਹਾਸਲ ਕਰਨ। ਇਸ ਤਰਾਂ ਨਿਕਾਸ (ਉਤਸਰਜਨ) ’ਚ ਕਮੀ ਲਿਆਉਣ ਦੇ ਰਾਹ ਵਜੋਂ ਕਓਟੋ ਪ੍ਰੋਟੋਕਾਲ ਨੂੰ ਬਣਾਈ ਰੱਖਣਾ ਚਾਹੀਦਾ ਹੈ। ਅਮਰੀਕਾ ਜੋ ਧਰਤੀ ਦਾ ਇਕੋ ਇਕ ਅਨੇਕਸ-1 ਦੇਸ਼ ਹੈ ਜਿਸ ਨੇ ਕਓਟੋ ਪ੍ਰੋਟਸਕਾਲ ਦੀ ਪ੍ਰੋੜਤਾ ਨਹੀਂ ਕੀਤੀ ਹੈ। ਉਸ ਦੀ ਦੁਨੀਆਂ ਦੇ ਲੋਕਾਂ ਪ੍ਰਤੀ ਇਕ ਮਹੱਤਵਪੂਰਨ ਜੁਆਬਦੇਹੀ ਇਹ ਹੈ ਕਿ ਉਹ ਇਸ ਦਸਤਾਵੇਜ ਦੀ ਪ੍ਰੋੜਤਾ (ਹਮਾਇਤ) ਕਰੇ ਅਤੇ ਆਪਣੇ ਅਰਥਚਾਰੇ ਦੇ ਕੁਝ ਸਾਈਜ਼ ਦੇ ਅਨੁਪਾਤ ’ਚ ਉਤਸਰਜਨ (ਨਿਕਾਸ ਜਾਂ ਪੈਦਾਇਸ਼) ’ਚ ਕਟੌਤੀ ਦੇ ਟੀਚੇ ਦੀ ਕਦਰ ਕਰੇ ਅਤੇ ਉਸ ’ਤੇ ਅਮਲ ਕਰਨ ਦੀ ਵਚਨਬੱਧਤਾ ਜ਼ਾਹਿਰ ਕਰੇ।

ਲੋਕਾਂ ਨੂੰ ਮੌਸਮ ਬਦਲਾਅ ਦੇ ਬੁਰੇ ਅਸਰਾਂ ਤੋਂ ਰਾਖੀ ਕਰਨ ਦਾ ਬਰਾਬਰ ਹੱਕ ਹੈ ਅਤੇ ਸਾਨੂੰ ਮੌਸਮ ਬਦਲਾਅ ਪ੍ਰਤੀ ਅਨਕੂਲਨ ਦੇ ਮਾਨਕ ਨੂੰ ਖਾਰਜ ਕਰਨਾ ਚਾਹੀਦਾ ਹੈ ਕਿਉਂਕਿ ਇਸ ਦਾ ਅਰਥ ਹੈ ਕਿ ਵਿਕਸਤ ਦੇਸ਼ਾਂ ਦੇ ਇਤਿਹਾਸਕ ਉਤਸਰਜਨਾਂ (ਨਿਕਾਸਾਂ) ਦਾ ਜੋ ਬੁਰਾ ਅਸਰ ਪਿਆ ਹੈ, ਉਸ ਨੂੰ ਮੰਨ ਲੈਣਾ ਚਾਹੀਦਾ ਹੈ। ਜਦ ਕਿ ਇਸ ਵਿਸ਼ਵੀ ਐਮਰਜੰਸੀ ਹਾਲਤ ਦਾ ਮੁਕਾਬਲਾ ਕਰਨ ਲਈ ਖੁਦ ਵਿਕਸਤ ਦੇਸ਼ਾਂ ਨੂੰ ਆਪਣੇ ਜੀਵਨ ਤੇ ਖਪਤ ਦੀ ਸ਼ੈਲੀ ਨੂੰ ਅਨੁਕੂਲ ਬਣਾਉਣ ਦੀ ਲੋੜ ਹੈ। ਜਲਵਾਯੂ ਤਬਦੀਲੀ ਦੇ ਬੁਰੇ ਅਸਰਾਂ ਦਾ ਮੁਕਾਬਲਾ ਕਰਨਾ ਲਾਜਮੀ ਹੈ। ਅਨੁਕੂਲਨ ਇਕ ਠੋਸੀ ਹੋਈ ਚੀਜ ਨਹੀਂ ਬਲਕਿ ਇਕ ਪ੍ਰੀਕ੍ਰਿਆ ਹੈ ਅਤੇ ਨਾਲ ਹੀ ਨਾਲ ਇਕ ਅਜਿਹਾ ਔਜਾਰ ਹੈ। ਇਹਨਾਂ ਦੁਰਪ੍ਰਭਾਵਾਂ ਨੂੰ ਰੋਕਣ ’ਚ ਮਦਦਗਾਰ ਹੋ ਸਕਦਾ ਹੈ ਅਤੇ ਇਹ ਪੇਸ਼ ਕਰ ਸਕਦਾ ਹੈ ਕਿ ਰਹਿਣ-ਸਹਿਣ ਦੇ ਇਕ ਵੱਖਰੇ ਮਾਡਲ ਤਹਿਤ ਕੁਦਰਤ ਦੇ ਨਾਲ ਇਕਸੁਰਤਾ ਸਥਾਪਤ ਕਰਨੀ ਸੰਭਵ ਹੈ।

ਵਿਤੀ ਤਾਣੇਬਾਣੇ ਦੇ ਹਿੱਸੇ ਵਜੋਂ ਜਲਵਾਯੂ ਤਬਦੀਲੀ ਨਾਲ ਨਿਪਟਣ ਲਈ ਖਾਸ ਕਰਕੇ ਇਕ ਅਨੁਕੂਲਨ ਕੋਸ਼ ਬਣਾਏ ਜਾਣ ਦੀ ਲੋੜ ਹੈ। ਜਿਸ ਦਾ ਪ੍ਰਬੰਧ ਸਭ ਦੇਸ਼ਾਂ ਲਈ ਇਕੋ ਜਿਹੇ ਹਿੱਸੇ, ਪਾਰਦਰਸ਼ਿਤਾ ਤੇ ਬਰਾਬਰਤਾ ਦੇ ਅਧਾਰ ’ਤੇ ਕੀਤਾ ਜਾਵੇ। ਇਹ ਕੋਸ਼ ਵਿਕਾਸਸ਼ੀਲ ਦੇਸ਼ਾਂ ’ਚ ਜਲਵਾਯੂ ਤਬਦੀਲੀ ਦੇ ਅਸਰਾਂ ’ਤੇ ਉਸ ਦੀ ਲਾਗਤ ਦਾ ਅਤੇ ਇਹਨਾਂ ਮਾੜੇ ਅਸਰਾਂ ਨਾਲ ਨਿਪਟਣ ਲਈ ਜ਼ਰੂਰੀ ਗੱਲਾਂ ਦਾ ਮੁਲਅੰਕਣ ਕਰੇ ਅਤੇ ਵਿਕਸਤ ਦੇਸ਼ਾਂ ਵਲੋਂ ਦਿੱਤੀ ਜਾ ਰਹੀ ਹਮਾਇਤ ’ਤੇ ਨਿਗਰਾਨੀ ਰੱਖੇ। ਇਸ ਕੋਸ਼ ਵਿੱਚ ਅਜਿਹੇ ਮੁਆਵਜੇ ਦਾ ਤਾਣਾ ਬਾਣਾ ਵੀ ਸ਼ਾਮਲ ਕੀਤਾ ਜਾਣਾ

ਚਾਹੀਦਾ ਹੈ ਜੋ ਮੌਜੂਦਾ ਅਤੇ ਭਵਿੱਖ ਦੇ ਨੁਕਸਾਨਾਂ ਲਈ ਹੋਵੇ, ਸਿਰੇ ਦੀਆਂ ਅਤੇ ਕ੍ਰਮਿਕ ਮੌਸਮੀ ਘਟਨਾਵਾਂ ਕਾਰਨ ਅਜਿਹੇ ਮੌਕਿਆਂ ਦੀ ਹਾਨੀ ਲਈ ਹੋਵੇ ਅਤੇ ਉਸ ਵਾਧੂ ਲਾਗਤ ਲਈ ਹੋਵੇ ਜੋ ਸਾਡੇ ਘਰੇਲੂ ਵਾਤਾਵਰਣ ਤਾਣਾਬਾਣੇ ਦੀ ਦੇਹਲੀ ਨੂੰ ਪਾਰ ਕਰ ਜਾਂਦਾ ਹੈ ਤਾਂ ਉਸ ਨਾਲ ਨਿਪਟਣ ਪੇਸ਼ ਆਵੇਗੀ। ਜਿਵੇਂ ਉਹਨਾਂ ਮਾੜੇ ਅਸਰਾਂ ਨਾਲ ਨਿਪਟਣ ਲਈ "ਬੇਹਤਰੀਨ ਜੀਵਨ" ਦੀ ਰਾਹ 'ਚ ਰੋੜਾ ਬਣਦੇ ਹੋਣ।

ਮੁਠੀਭਰ ਦੇਸ਼ਾਂ ਵਲੋਂ ਵਿਕਾਸਸ਼ੀਲ ਦੇਸ਼ ਠੋਸਿਆ ਗਿਆ "ਕੋਪੇਨ ਹੇਗਰ ਕਰਾਰ" ਨਾ ਸਿਰਫ ਨਾ ਕਾਫੀ ਸਾਧਨ ਮੁਹਈਆ ਕਰਦਾ ਹੈ ਬਲਕਿ ਇਸ ਤੋਂ ਵੀ ਵਧ ਕੇ ਲੋਕਾਂ ਵਿਚਕਾਰ ਫੁੱਟ ਪਾਉਣ ਤੇ ਟਕਰਾਅ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਅਨੁਕੂਲਨ ਤੇ ਸਮਨਕਾਰੀ ਸਾਧਨਾਂ ਨੂੰ ਹਾਸਲ ਕਰਨ ਲਈ ਸ਼ਰਤਾਂ ਠੋਸ ਕੇ ਵਿਕਾਸਸ਼ੀਲ ਦੇਸ਼ਾਂ ਤੋਂ ਗਵਾਹੀ ਭਰਾਉਣ ਦੀ ਕੋਸ਼ਿਸ਼ ਕਰਦਾ ਹੈ। ਅਸੀਂ ਇਸ ਗੱਲ 'ਤੇ ਵੀ ਜੋਰ ਦੇਣਾ ਚਾਹੁੰਦੇ ਹਾਂ ਕਿ ਕੌਮਾਂਤਰੀ ਬਹਿਸਾਂ ਦੇ ਅਮਲ 'ਚ ਮੌਸਮੀ ਬਦਲਾਅ ਦੇ ਪੈਣ ਵਾਲੇ ਅਸਰਾਂ ਦੇ ਅਧਾਰ 'ਤੇ ਵਿਕਾਸਸ਼ੀਲ ਦੇਸ਼ਾਂ ਨੂੰ ਵੱਖੋ ਵੱਖਰੀਆਂ ਸ੍ਰੇਣੀਆਂ ਰੱਖਣ, ਉਹਨਾਂ ਵਿਚਾਲੇ ਝਮੇਲੇ, ਨਾਬਰਾਬਰੀ ਤੇ ਬਿਖਰਾਅ ਪੈਦਾ ਕਰਨ ਦੀ ਕੋਸ਼ਿਸ਼ ਪੂਰੀ ਤਰਾਂ ਨਾ ਮੰਨਣਯੋਗ ਹੈ।

ਆਲਮੀ ਤਪਸ਼ ਤੇ ਗ੍ਰਹਿ ਦੇ ਠੰਢਾ ਹੋਣ ਨੂੰ ਰੋਕਣ ਲਈ ਮਨੁੱਖਤਾ ਜਿਸ ਵਿਸ਼ਾਲੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਉਸ ਨੂੰ ਸਿਰਫ ਤਾਂ ਹੀ ਹਾਸਲ ਕੀਤਾ ਜਾ ਸਕਦਾ ਹੈ ਜਦ ਖੇਤੀ ਕੰਮ ਨੂੰ ਪੇਂਡੂ ਕਿਸਾਨੀ ਵਲੋਂ ਵਰਤੀ ਜਾਣ ਵਾਲੀ ਪੈਦਾਵਾਰ ਦੇ ਟਿਕਾਊ ਮਾਡਲ ਵੱਲ ਵੱਡੇ ਪੈਮਾਨੇ 'ਤੇ ਮੋੜਿਆ ਜਾਵੇ ਅਤੇ ਨਾਲ ਹੀ ਪੁਰਖਿਆਂ ਦੇ ਅਜਿਹੇ ਹੋਰ ਮਾਡਲਾਂ ਤੇ ਵਰਤਾਅ ਨੂੰ ਅਪਣਾਇਆ ਜਾਵੇ ਜੋ ਖੇਤੀ ਅਤੇ ਖੇਤੀ ਤੇ ਅਨਾਜ ਦੀ ਬਰਾਬਰ ਹਿੱਸੇਦਾਰੀ ਦੀ ਸਮੱਸਿਆ ਦੇ ਹੱਲ 'ਚ ਸਹਾਇਕ ਹੋਣ। ਇਸ ਨੂੰ ਲੋਕਾਂ ਦੇ ਆਪਣੇ ਖੁਦ ਬੀਜ, ਜ਼ਮੀਨ, ਪਾਣੀ ਤੇ ਹੋਰ ਪੈਦਾਵਾਰ 'ਤੇ ਕੰਟਰੋਲ ਦੇ ਅਧਿਕਾਰ ਵਜੋਂ ਸਮਝਿਆ ਜਾਵੇ ਅਤੇ ਇਸ ਤਰਾਂ ਧਰਤੀ ਮਾਂ ਦੇ ਨਾਲ ਇਕਸੁਰਤਾ ਰੱਖਣ ਵਾਲੀ ਤੇ ਸਥਾਨਕ ਸਭਿਆਚਾਰਕ ਪ੍ਰਸੰਸਾਂ ਲਈ ਜਰੂਰੀ ਪੈਦਾਵਾਰ ਦੇ ਤਰੀਕਿਆਂ ਰਾਹੀਂ ਇਹ ਗਰੰਟੀ ਕੀਤੀ ਜਾਵੇ ਕਿ ਸਭ ਨੂੰ ਲੋੜੀਂਦਾ ਤੇ ਪੌਸ਼ਟਿਕ ਅਨਾਜ ਹਾਸਲ ਹੋਵੇ ਤੇ ਹਰੇਕ ਦੇਸ਼ ਤੇ ਲੋਕਾਂ ਦੀ ਯੋਗ (ਭਾਗੀਦਾਰੀ, ਸਮੁਦਾਇਕ ਤੇ ਸਾਂਝੀ) ਪੈਦਾਵਾਰ ਸੰਭਵ ਹੋਵੇ। ਅੱਜ ਮੌਸਮੀ ਤਬਦੀਲੀ ਦਾ ਪੂਰੀ ਦੁਨੀਆਂ 'ਚ ਖੇਤੀ ਅਤੇ ਲੋਕਾਂ ਦੀ ਜੀਵਨ ਸ਼ੈਲੀ 'ਤੇ ਭਾਰੀ ਮਾੜਾ ਅਸਰ ਪੈ ਰਿਹਾ ਹੈ ਤੇ ਭਵਿੱਖ 'ਚ ਅਜਿਹੇ ਅਸਰ ਹੋਰ ਬਦਤਰ ਹੋਣਗੇ। ਖੇਤੀ-ਕਿੱਤਾ, ਵਿਸ਼ਵੀ ਪੂੰਜੀਵਾਦੀ ਪੈਦਾਵਾਰ ਦੇ ਆਪਣੇ ਸਮਾਜਕ, ਆਰਥਕ ਤੇ ਸਭਿਆਚਾਰਕ ਮਾਡਲ ਰਾਹੀਂ ਅਤੇ ਸਹੀ ਖੁਰਾਕ ਦੇ ਅਧਿਕਾਰ ਨੂੰ ਪੂਰਾ ਕਰਨ ਲਈ ਨਹੀਂ ਬਲਕਿ ਬਾਜ਼ਾਰ ਦੇ ਲਈ ਅਨਾਜ ਦੀ ਪੈਦਾਵਾਰ ਦੇ ਤਰਕ ਰਾਹੀਂ ਮੌਸਮ ਬਦਲਾਅ ਦੇ ਮੁੱਖ ਕਾਰਨਾਂ 'ਚੋਂ ਇਕ ਹੈ।

ਇਸ ਦਾ ਤਕਨੀਕੀ, ਵਪਾਰਕ ਤੇ ਰਾਜਸੀ ਨਜ਼ਰੀਆ ਮੌਸਮ ਬਦਲਾਅ ਦੇ ਸੰਕਟ ਨੂੰ ਹੋਰ ਡੂੰਘਾ ਕਰਦਾ ਹੈ ਅਤੇ ਦੁਨੀਆਂ 'ਚ ਭੁਖਿਆਂ ਦੀ ਗਿਣਤੀ ਵਧਾਉਂਦਾ ਹੈ। ਇਸ ਕਰਕੇ ਅਜਾਦ ਖੁੱਲੇ ਵਪਾਰਕ ਸਮਝੌਤੇ, ਐਸੋਸੀਏਸ਼ਨ ਸਮਝੌਤੇ ਅਤੇ ਜ਼ਿੰਦਗੀ ਭਰ ਸਭ ਤਰ੍ਹਾਂ ਦੇ ਬੌਧਿਕ ਦੌਲਤ ਅਧਿਕਾਰਾਂ, ਮੌਜੂਦਾ ਤਕਨੀਕੀ ਪੈਕ ਜਾਂ (ਐਗਰੋ-ਕੈਮੀਕਲ ਜੀ. ਐਮ. ਫਸਲਾਂ) ਅਤੇ ਜੈਵਿਕ ਡੀਜ਼ਲ (ਤੇਲ), ਨੈਨੋ-ਟੈਕਨੋਲੋਜੀ, ਵਰਗੇ

ਝੂਠੇ ਹੱਲਾਂ ਨੂੰ ਖਾਰਜ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਇਹ ਮੌਜੂਦਾ ਸੰਕਟ ਨੂੰ ਹੋਰ ਡੂੰਘਾ ਕਰਦੇ ਹਨ। ਵੈਸੇ ਵੀ ਦੇਸ਼ ਦੀ ਜਨਤਾ ਨੂੰ ਉਹਨਾਂ ਦੇ ਜੀਵਨ ਤੋਂ ਬੇਦਖਲ ਕਰਨੇ, ਅਨਾਜ-ਆਤਮ ਨਿਰਭਰਤਾ ਨੂੰ ਖਤਮ ਕਰਕੇ, ਸਮਾਜਕ ਤੇ ਵਾਤਾਵਰਣੀ ਸੰਕਟ ਨੂੰ ਡੂੰਘਾ ਕਰਨ, ਪੂੰਜੀਵਾਦੀ ਮਾਡਲ ਵਲੋਂ ਠੋਸੇ ਜਾ ਰਹੇ ਦਿਉ ਕੱਦ ਢਾਂਚਾ ਢਲਾਈ ਪ੍ਰੋਜੈਕਟਾਂ ਤੇ ਲੁਟੇਰੇ ਪ੍ਰੋਜੈਕਟਾਂ ਦੇ ਨਾਲ ਭੂ-ਖੰਡਾਂ 'ਤੇ ਹਮਲੇ ਦੀ ਪਾਣੀ ਦੇ ਨਿਜੀਕਰਣ ਦੀ ਅਤੇ ਭੂਮੀ ਦੇ ਫੌਜੀਕਰਣ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਸਾਨੂੰ ਸਮੁੱਚੇ ਲੋਕਾਂ, ਜਿਉਂਦੇ ਪ੍ਰਾਣੀਆਂ ਤੇ ਧਰਤੀ ਦੇ ਪਾਣੀ 'ਤੇ ਅਧਿਕਾਰ ਨੂੰ ਮਾਨਤਾ ਮੁਹਈਆ ਕਰਾਉਣ ਦੀ ਮੰਗ ਕਰਨੀ ਚਾਹੀਦੀ ਹੈ ਅਤੇ ਸਾਨੂੰ ਬੋਲਵਿਆ ਸਰਕਾਰ ਦੇ ਇਸ ਪ੍ਰਸਤਾਵ ਦੀ ਹਮਾਇਤ ਕਰਨੀ ਚਾਹੀਦੀ ਹੈ ਕਿ ਪਾਣੀ ਨੂੰ ਬੁਨਿਆਦੀ ਮਨੁੱਖੀ ਅਧਿਕਾਰ ਵਜੋਂ ਮਾਨਤਾ ਦਿੱਤੀ ਜਾਵੇ। ਜਲਵਾਯੂ ਤਬਦੀਲੀ 'ਤੇ ਸੰਯਕੁਤ ਰਾਸ਼ਟਰ ਫ੍ਰੇਮਵਰਕ ਸੈਸ਼ਨ 'ਚ ਵਣਾ ਦੀ ਜਿਸ ਪ੍ਰੀਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਜਿਸ ਵਿੱਚ ਬਾਗਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਮੰਨਣਯੋਗ ਨਹੀਂ ਹੈ। ਇਕ ਰੂਪੀ ਬਾਗ ਵਣ (ਜੰਗਲ) ਨਹੀਂ ਹਨ। ਇਸ ਲਈ ਸਾਨੂੰ ਗੱਲਬਾਤ ਦੇ ਮਕਸਦ ਨਾਲ ਅਜਿਹੀ ਪ੍ਰੀਭਾਸਾ ਦੀ ਲੋੜ ਹੈ ਜੋ ਸਥਾਨਕ ਵਣਾਂ, ਜੰਗਲਾਂ ਤੇ ਧਰਤੀ ਦੇ ਵਿਭਿੰਨ ਤੰਤਰ ਨੂੰ ਮਾਨਤਾ ਮੁਹਈਆ ਕਰੇ।

ਦੇਸ਼ ਦੇ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਐਲਾਨਨਾਮੇ ਨੂੰ ਜਲਵਾਯੂ ਤਬਦੀਲੀ ਦੀਆਂ ਵਾਰਤਾਵਾਂ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਸ ਨੂੰ ਪੂਰੀ ਤਰਾਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਤੇ ਉਪਰ ਅਮਲ ਕੀਤਾ ਜਾਣਾ ਚਾਹੀਦਾ ਹੈ। ਸਥਾਨਕ ਵਣਾ ਤੇ ਜੰਗਲਾਂ ਦੀ ਕਟਾਈ ਤੇ ਖੋਰੇ ਨੂੰ ਰੋਕਣ ਅਤੇ ਉਹਨਾਂ ਦੀ ਰਾਖੀ ਲਈ ਸਭ ਤੋਂ ਬੇਹਤਰ ਰਣਨੀਤੀ ਅਤੇ ਕਾਰਵਾਈ ਇਹ ਹੈ ਕਿ ਜਮੀਨ ਤੇ ਭੂ ਖੰਡਾਂ 'ਤੇ ਸਮੂਹਿਕ ਅਧਿਕਾਰ ਨੂੰ ਮਾਨਤਾ ਦਿੱਤੀ ਜਾਵੇ ਤੇ ਉਸ ਦੀ ਗਰੰਟੀ ਵੀ ਕੀਤੀ ਜਾਵੇ। ਖਾਸ ਕਰਕੇ ਇਸ ਗੱਲ ਨੂੰ ਧਿਆਨ 'ਚ ਰੱਖ ਕੇ ਕਿ ਬਹੁਤੇ ਜੰਗਲ ਲੋਕਾਂ, ਦੇਸ਼ਾਂ ਤੇ ਹੋਰ ਰਵਾਇਤੀ ਫਿਰਕਿਆਂ ਦੀ ਜ਼ਮੀਨ 'ਚ ਸਥਿਤ ਹਨ। ਸਾਨੂੰ ਵਣਾਂ ਦੀ ਕਟਾਈ ਤੇ ਵਣਾਂ ਦੇ ਖੋਰੇ ਨਾਲ ਉਤਸਰਜਨ (ਨਿਕਾਸ) 'ਚ ਕਮੀ ਵਰਗੇ ਬਜਾਰੂ ਤੰਤਰ ਦੀ ਨਿਖੇਧੀਕਰਨੀ ਚਾਹੀਦੀ ਹੈ ਕਿਉਂਕਿ ਇਸ ਨਾਲ ਲੋਕਾਂ ਦੀ ਬਰਾਬਰੀ ਅਤੇ ਅਜਾਦ ਤੇ ਜਾਣਕਾਰੀ ਭਰਪੂਰ ਪਹਿਲਾਂ ਦਿੱਤੀ ਸਹਿਮਤੀ ਦੇ ਉਹਨਾਂ ਦੇ ਅਧਿਕਾਰ ਦਾ ਅਤੇ ਨਾਲ ਹੀ ਕੌਮੀ ਰਾਜਾਂ ਦੀ ਇਕੋ ਜਿਹੇ ਦਾਬੇ, ਲੋਕਾਂ ਦਾ ਰਿਵਾਜਾਂ ਤੇ ਕੁਦਰਤ ਦੇ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ।

ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਲੋਕਾਂ ਦੇਸ਼ ਤੇ ਰਵਾਇਤੀ ਜੈਵਿਕ ਪ੍ਰਣਾਲੀ ਦੇ ਪੱਖ 'ਚ ਵਣਾਂ ਨੂੰ ਫਿਰ ਤੋਂ ਬਹਾਲ ਕਰਨ ਤੇ ਉਸ ਦੇ ਰੱਖ ਰਖਾਅ ਲਈ ਜ਼ਰੂਰੀ ਆਰਥਕ ਤੇ ਤਕਨੀਕੀ ਸਾਧਨਾਂ ਦੀ ਰਾਖੀ ਕਰਨ। ਮੁਆਵਜਾ ਸਿੱਧਾ ਹੋਣਾ ਚਾਹੀਦਾ ਹੈ ਅਤੇ ਵਿਕਸਤ ਦੇਸ਼ਾਂ ਵਲੋਂ ਕਾਰਬਨ ਬਜ਼ਾਰ ਦੇ ਲਈ ਐਲਾਨੇ ਫੰਡ ਦੇ ਸਰੋਤ ਵੱਧ ਹੋਣੇ ਚਾਹੀਦੇ ਹਨ। ਸਭ ਦੇਸ਼ਾਂ ਵਲੋਂ ਬਜਾਰ ਤੰਤਰ ਦੇ ਅਧਾਰ 'ਤੇ ਸਥਾਨਕ ਵਣਾਂ ਵਿੱਚ ਚੱਲਣ ਵਾਲੀਆਂ ਸਰਗਰਮੀਆਂ 'ਤੇ ਰੋਕ ਲਾਈ ਜਾਵੇ। ਸਰਕਾਰ ਤੋਂ ਵਣਾਂ ਦੇ ਬਾਜਾਂ ਫਲਦਾਰ ਪੌਦਿਆਂ ਤੇ ਸਥਾਨਕ ਵਨਸਪਤੀਆਂ ਨੂੰ ਸਾਂਭਣ, ਲੋਕਾਂ ਦੇ ਪ੍ਰਬੰਧ ਤੇ ਪ੍ਰਸਾਸ਼ਨ 'ਚ ਸਥਾਨਕ ਵਣਾਂ ਤੇ

ਜੰਗਲਾਂ ਨੂੰ ਬਹਾਲ ਕਰਨ ਲਈ ਸੰਸਾਰ ਵਿਆਪੀ ਪ੍ਰੋਗ੍ਰਾਮ ਤਿਆਰ ਕਰਨ ਦਾ ਸੱਦਾ ਦਿੱਤਾ ਜਾਣਾ ਚਾਹੀਦਾ ਹੈ।

ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਵਣਾਂ ਦੀ ਰਿਆਇਤ ਨੂੰ ਖਤਮ ਕਰੇ ਅਤੇ ਜਮੀਨ ਅੰਦਰ ਪੈਟਰੋਲੀਅਮ ਭੰਡਾਰ ਦੀ ਰਾਖੀ ਨੂੰ ਹਮਾਇਤ ਦੇਵੇ ਅਤੇ ਵਣਭੂਮੀ 'ਚ ਹਾਈਡਰੋ ਕਾਰਬਨ ਦੀ ਲੁਟ 'ਤੇ ਫੌਰੀ ਰੋਕ ਲਾਵੇ। ਅਸੀਂ ਸਾਰੇ ਦੇਸਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਕੌਮਾਂਤਰੀ ਮਨੁੱਖੀ ਅਧਿਕਾਰਾਂ ਨੂੰ (ਜਿਸ 'ਚ ਆਈ. ਐਲ. ਓ. ਕਨਵੈਨਸ਼ਨ 169 ਦੇ ਤਹਿਤ ਦੇਸ਼ਾ ਦੇ ਲੋਕਾਂ ਦੇ ਅਧਿਕਾਰਾਂ 'ਤੇ ਸੰਯੁਕਤ ਰਾਸ਼ਟਰ ਦਾ ਐਲਾਨ ਨਾਮਾ ਵੀ ਸ਼ਾਮਲ ਹੈ) ਮਾਨਤਾ ਦੇਣ, ਉਸ ਦੀ ਇਜਤ ਕਰਨ ਤੇ ਉਸ 'ਤੇ ਪ੍ਰਭਾਵਸ਼ਾਲੀ ਅਮਲ ਦੀ ਗਰੰਟੀ ਕਰਨ। ਜਲਵਾਯੂ ਤਬਦੀਲੀ ਰਾਹੀਂ ਪੇਸ਼ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਬਹਿਸਾਂ, ਨੀਤੀਆਂ ਤੇ ਉਪਾਵਾਂ 'ਚ ਹੋਰ ਪ੍ਰਸੰਗਿਕ ਸਾਧਨਾਂ ਦੇ ਨਾਲ ਉਪਰੋਕਤ ਗੱਲਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਖਾਸ ਤੌਰ 'ਤੇ ਦੇਸ਼ਾਂ ਤੋਂ ਇਹ ਮੰਗ ਕਰਨੀ ਚਾਹੀਦੀ ਹੈ ਕਿ ਆਪਣੀ ਰਵਾਇਤੀ ਜੀਵਨ ਸ਼ੈਲੀ ਨੂੰ ਅਪਣਾਉਣ ਅਤੇ ਉਸ ਨੂੰ ਮਜ਼ਬੂਤੀ ਮੁਹੱਈਆ ਕਰਨ ਲਈ ਉਹ ਭੂ-ਖੰਡਾਂ, ਜ਼ਮੀਨ ਤੇ ਕੁਦਰਤੀ ਸਾਧਨਾਂ 'ਤੇ ਦਾਅਵੇ ਨੂੰ ਕਨੂੰਨੀ ਮਾਨਤਾ ਦੇਣਾ। ਗੱਲਬਾਤ ਦੀਆਂ ਸਾਰੀਆਂ ਪ੍ਰੀਕ੍ਰਿਆਵਾਂ 'ਚ ਅਤੇ ਜਲਵਾਯੂ ਤਬਦੀਲੀ ਨਾਲ ਸਬੰਧਤ ਯੋਜਨਾਵਾਂ ਤੇ ਉਹਨਾਂ ਉਪਰ ਅਮਲ ਦੇ ਉਪਾਵਾਂ 'ਚ ਦੇਸ਼ਾਂ ਦੇ ਲੋਕਾਂ ਨਾਲ ਸਲਾਹ ਮਸ਼ਵਰਾ, ਉਹਨਾਂ ਦੀ ਸ਼ਮੂਲੀਅਤ ਤੇ ਮੁਕਤ, ਜਾਣਕਾਰੀ ਭਰਪੂਰ ਤੇ ਅਗਾਊਂ ਸਹਿਮਤੀ ਦੇ ਅਧਿਕਾਰ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ। ਅੱਜ ਵਾਤਾਵਰਣ ਦਾ ਹਰਜਾ ਤੇ ਜਲਵਾਯੂ ਤਬਦੀਲੀ ਨਾਜੁਕ ਹਾਲਤ 'ਚ ਪਹੁੰਚਦੀ ਜਾ ਰਹੀ ਹੈ ਅਤੇ ਇਸ ਦਾ ਇਕ ਮੁੱਖ ਸਿੱਟਾ ਹੈ ਕਿ ਘਰੇਲੂ ਤੇ ਕੌਮਾਂਤਰੀ ਹਿਜਰਤ। ਅਨੁਮਾਨ ਅਨੁਸਾਰ 1995 'ਚ ਜਲਵਾਯੂ ਤਬਦੀਲੀ ਕਾਰਨ ਪਲਾਇਨ ਕਰਨ ਵਾਲਿਆਂ ਦੀ ਗਿਣਤੀ ਢਾਈ ਕਰੋੜ ਸੀ ਜਦ ਕਿ ਅੱਜ ਦਾ ਅੰਕੜਾ 5 ਕਰੋੜ ਹੈ ਅਤੇ ਅੰਕੜਾ ਦਰਸਾਉਂਦਾ ਹੈ ਕਿ 2050 ਤਕ ਮੌਸਮੀ ਬਦਲਾਅ ਦੇ ਸਿੱਟੇ ਵਜੋਂ ਉਜੜਣ ਵਾਲੇ ਲੋਕਾਂ ਦੀ ਗਿਣਤੀ 20 ਤੋਂ 100 ਕਰੋੜ ਤਕ ਪਹੁੰਚ ਜਾਵੇਗੀ।

ਵਿਕਸਤ ਦੇਸ਼ਾਂ ਦੇ ਜਲਵਾਯੂ ਪਰਿਵਰਤਨ ਕਾਰਨ ਪਲਾਇਨ ਕਰਨ ਵਾਲਿਆਂ ਦੀ ਜੁਆਬਦੇਹੀ ਮੰਨਣੀ ਚਾਹੀਦੀ ਹੈ। ਆਪਣੇ ਭੂ-ਖੰਡਾਂ 'ਚ ਉਹਨਾਂ ਦਾ ਸੁਆਗਤ ਕਰਨਾ ਚਾਹੀਦਾ ਹੈ ਅਤੇ ਇਕ ਕੌਮਾਂਤਰੀ ਸਮਝੌਤੇ 'ਤੇ ਦਸਤਖਤ ਕਰਕੇ ਉਹਨਾਂ ਦੇ ਮੌਲਿਕ ਅਧਿਕਾਰਾਂ ਨੂੰ ਮਾਨਤਾ ਦੇਣੀ ਚਾਹੀਦੀ ਹੈ। ਇਸ ਸਮਝੌਤੇ 'ਚ ਜਲਵਾਯੂ ਤਬਦੀਲੀ ਕਾਰਨ ਪ੍ਰਵਾਸ ਕਰਨ ਵਾਲਿਆਂ ਨੂੰ ਪ੍ਰਭਾਸ਼ਿਤ ਕਰਕੇ ਸਭ ਦੇਸ਼ਾਂ ਵਲੋਂ ਉਸ ਦੀ ਸਭ ਦੇਸ਼ਾਂ ਵਲੋਂ ਕਰੜਾਈ ਨਾਲ ਪਾਲਣ ਕਰਨ ਦੀ ਲੋੜ ਹੈ। ਪ੍ਰਵਾਸੀਆਂ ਸ਼ਰਨਾਰਥੀਆਂ 'ਤੇ ਉਜੜੇ ਲੋਕਾਂ ਦੇ ਆਪਣੇ ਦੇਸ਼ਾਂ 'ਚ ਅਧਿਕਾਰਾਂ ਦੀ ਉਲੰਘਣਾ ਦੀ ਨਿੰਦਾ ਕਰਨ, ਨਿਆਂ ਕਰਨ 'ਤੇ ਸਜਾ ਦੇਣ ਲਈ ਵਿਵੇਕ ਦੇ ਕੋਮਾਂਤਰੀ ਟ੍ਰਾਈਬੁਲਨ ਦੀ ਸਥਾਪਨਾ ਕਰਨੀ ਅਤੇ ਦੇਸ਼ਾਂ, ਕੰਪਨੀਆਂ 'ਤੇ ਹੋਰ ਏਜੰਸੀਆਂ ਦੀ ਜੁਆਬਦੇਹੀ ਤੌਰ 'ਤੇ ਟਿਕਟ ਚਾਹੀਦੀ ਹੈ। ਮੌਸਮੀ ਬਦਲਾਅ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਅਜਕਲ ਦਿੱਤਾ ਜਾ ਰਿਹਾ ਫੰਡ ਤੇ ਕੋਪਨ ਹੇਗਨ ਕਰਾਰ ਦੇ ਪ੍ਰਸਤਾਅ ਬੇਹੱਦ ਤੁੱਛ ਹਨ। ਅਧਿਕਾਰਿਕ ਵਿਕਾਸ ਸਹਾਇਤਾ ਤੇ ਸਰਕਾਰੀ ਸਰੋਤਾਂ

ਤੋਂ ਇਲਾਵਾ, ਵਿਕਸਤ ਦੇਸ਼ਾਂ 'ਚ ਜਲਵਾਯੂ ਤਬਦੀਲੀ ਨਾਲ ਨਿਪਟਣ ਲਈ ਵਿਕਸਤ ਦੇਸ਼ਾਂ ਨੂੰ ਇਕ ਨਵੇਂ ਸਲਾਨਾ ਕੋਸ਼ ਦਾ ਐਲਾਨ ਕਰਨਾ ਚਾਹੀਦਾ ਹੈ। ਜੋ ਉਹਨਾਂ ਦੀ ਕੁਝ ਘਰੇਲੂ ਪੈਦਾਵਾਰ (GDP) ਦਾ ਘੱਟੋ ਘੱਟ 6 ਫੀਸਦੀ ਹੋਵੇ। ਇਸ ਤੱਥ 'ਤੇ ਵਿਚਾਰ ਕਰਦਿਆਂ ਇਹ ਵਿਹਾਰਿਕ ਹੈ ਕਿ ਇਹ ਦੇਸ਼ ਆਪਣੀ ਸੁਰਖਿਆਮਦ 'ਚ ਏਨੀ ਰਕਮ ਖਰਚ ਕਰਦੇ ਹਨ ਤੇ ਇਹਨਾਂ ਨੂੰ ਢਹਿ ਢੇਰੀ ਹੋਏ ਬੈਂਕਾਂ ਤੇ ਸੱਟੇਬਾਜਾਂ ਨੂੰ ਬਚਾਉਣ ਲਈ ਇਸ ਤੋਂ ਪੰਜ ਗੁਣਾ ਵੱਧ ਰਾਸ਼ੀ ਖਰਚ ਕੀਤੀ ਸੀ, ਜੋ ਉਹਨਾਂ ਦੀਆਂ ਵਿਸ਼ਵੀ ਤਰਜੀਹਾਂ ਤੇ ਰਾਜਸੀ ਇੱਛਾ ਸ਼ਕਤੀ 'ਤੇ ਗੰਭੀਰ ਸੁਆਲ ਖੜਾ ਕਰਦੀ ਹੈ। ਇਹ ਫੰਡਿਗ ਸਿੱਖੀ ਤੇ ਬਿਨਾ ਸੁਰਤ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਕੌਮੀ ਸਹਿਹੋਂਦ ਤੇ ਸਭ ਤੋਂ ਵੱਧ ਪ੍ਰਭਾਵਿਤ ਫਿਰਕਿਆਂ ਤੇ ਸਮੂਹ ਦੇ ਆਤਮ-ਨਿਰਣੇ 'ਚ ਦਖਲ ਅੰਦਾਜੀ ਨਹੀਂ ਕਰਨੀ ਚਾਹੀਦੀ।

ਮੌਜੂਦਾ ਤੰਤਰ ਦੀ ਅਸਮਰਥਾ ਨੂੰ ਦੇਖਦੇ ਹੋਏ ਮੈਕਸੀਕੋ ਦੇ 2010 ਦੇ ਜਲਵਾਯੂ ਸੰਮੇਲਨ 'ਚ ਇਕ ਨਵੇਂ ਫੰਡਿਗ ਤੰਤਰ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਜੋ ਜਲਵਾਯੂ ਤਬਦੀਲੀ ਬਾਰੇ ਸੰਯੁਕਤ ਰਾਸ਼ਟਰ ਕਨਵੇਸ਼ਨ ਤਹਿਤ ਪਾਰਟੀਆਂ ਦੇ ਸੰਮੇਲਨ (COP) ਦੇ ਪ੍ਰਾਧਿਕਾਰ ਦੇ ਮਤਾਹਿਤ ਕੰਮਕਾਜ ਕਰਨ ਅਤੇ ਉਸ ਨੂੰ ਜੁਆਬਦੇਹ ਹੋਣ। ਇਸ 'ਚ ਵਿਕਾਸਸ਼ੀਲ ਦੇਸ਼ਾਂ ਦੀ ਗਿਣਨਯੋਗ ਨੁਮਾਇੰਦਗੀ ਹੋਵੇ ਤਾਂ ਕਿ ਏਨੇਕਸ ਇਕ ਦੇਸ਼ਾਂ ਦੀ ਵਿਤੀ ਪ੍ਰਤੀਬੱਧਤਾ ਦਾ ਅਨੁਪਾਲਨ ਯਕੀਨੀ ਬਣਾਇਆ ਜਾ ਸਕੇ। ਇਹ ਕਿਹਾ ਜਾ ਚੁਕਿਆ ਹੈ ਕਿ ਵਿਕਸਤ ਦੇਸ਼ਾਂ 'ਚ 1990 ਤੋਂ 2007 ਦੇ ਵਿਚਕਾਰ ਉਤਸਰਜਨ (ਗਰੀਨ ਹਾਊਸ ਗੈਸਾਂ ਦੀ ਪੈਦਾਇਸ਼) 'ਚ ਵਾਧਾ ਹੋਇਆ ਹੈ ਜਦ ਕਿ ਕਿਹਾ ਤਾਂ ਇਹ ਗਿਆ ਸੀ ਕਿ ਬਜ਼ਾਰ ਤੰਤਰ ਦੀ ਹਮਾਇਤ ਨਾਲ ਇਸ 'ਚ ਭਾਰੀ ਕਟੌਤੀ ਹੋਵੇਗੀ। ਕਾਰਬਨ ਬਾਜ਼ਾਰ ਇਕ ਦਿਲਕਸ਼ ਕਿੱਤਾ ਬਣ ਗਿਆ ਹੈ ਜਿਸ ਨੇ ਧਰਤੀ ਮਾਂ ਨੂੰ ਇਕ ਜਿਣਸ 'ਚ ਬਦਲ ਦਿੱਤਾ ਹੈ। ਇਸ ਲਈ ਜਲਵਾਯੂ ਤਬਦੀਲੀ ਨਾਲ ਨਿਪਟਣ ਲਈ ਵਿਕਲਪ ਨਹੀਂ ਹੈ। ਕਿਉਂਕਿ ਜਮੀਨ, ਪਾਣੀ ਤੇ ਖੁਦ ਜੀਵਨ ਨੂੰ ਲੁੱਟਦਾ ਹੈ ਅਤੇ ਉਸ ਨੂੰ ਬਰਬਾਦ ਕਰ ਦਿੰਦਾ ਹੈ। ਹਾਲ ਦੇ ਆਰਥਕ ਸੰਕਟ ਤੋਂ ਜ਼ਾਹਿਰ ਹੋਇਆ ਹੈ ਕਿ ਬਾਜ਼ਾਰ ਵਿਤੀ ਤੰਤਰ ਨੂੰ ਨਿਯਮਤ ਕਰ ਸਕਣ 'ਚ ਅਸਮਰਥ ਹੈ। ਜੋ ਸੱਟੇਬਾਜੀ ਤੇ ਵਿਚੋਲੀਏ ਦਲਾਲਾਂ ਕਾਰਨ ਬੇਯਕੀਨੀਆਂ ਨਾਲ ਭਰਿਆ ਹੋਇਆ ਹੈ। ਇਸ ਲਈ ਮਾਨਵੀ ਹੋਂਦ ਤੇ ਧਰਤੀ ਮਾਂ ਦੀ ਸੁਰਖਿਆ ਤੇ ਦੇਖਭਾਲ ਨੂੰ ਉਸ ਦੇ ਹੱਥ 'ਚ ਛੱਡ ਦੇਣਾ ਪੂਰੀ ਤਰਾਂ ਗੈਰ-ਜਿੰਮੇਦਾਰਾਨਾ ਕੰਮ ਹੋਵੇਗਾ।

ਇਹ ਮੰਨਣਯੋਗ ਨਹੀਂ ਹੈ ਕਿ ਅੱਜਕਲ ਜਾਰੀ ਬਹਿਸਾਂ 'ਚ ਇਕ ਨਵੇਂ ਤੰਤਰ ਦੀ ਰਚਨਾ ਦਾ ਪ੍ਰਸਤਾਵ ਕੀਤਾ ਜਾਵੇ ਜੋ ਕਾਰਬਨ ਬਾਜ਼ਾਰ ਦਾ ਵਿਸਥਾਰ ਕਰਨ 'ਤੇ ਉਸ ਨੂੰ ਹੱਲਾਸ਼ੇਰੀ ਦੇਣ ਲਈ ਹੋਵੇ ਕਿਉਂਕਿ ਮੌਜੂਦਾ ਤੰਤਰਾਂ ਨੇ ਜਲਵਾਯੂ ਤਬਦੀਲੀ ਦੀ ਸਮੱਸਿਆ ਦਾ ਹੱਲ ਨਹੀਂ ਕੀਤਾ ਹੈ ਅਤੇ ਨਾ ਹੀ ਗ੍ਰੀਨ ਹਾਊਸ ਗੈਸਾਂ 'ਚ ਕਟੌਤੀ ਲਈ ਅਸਲੀ ਤੇ ਸਿੱਧੀ ਕਾਰਵਾਈ ਵੱਲ ਲੈ ਕੇ ਗਏ ਹਨ। ਜਲਵਾਯੂ ਤਬਦੀਲੀ ਬਾਰੇ ਸੰਯੁਕਤ ਰਾਸ਼ਟਰ ਫ੍ਰੇਮਵਰਕ ਕਨਵੈਨਸ਼ਨ ਤਹਿਤ ਤਕਨੀਕੀ ਵਿਕਾਸ ਤੇ ਤਬਦੀਲੀ ਲਈ ਵਿਕਸਤ ਦੇਸ਼ਾਂ ਨੇ ਜੋ ਵਚਨਬੱਧਤਾ ਜ਼ਾਹਰ ਕੀਤੀ ਸੀ। ਉਸ ਨੂੰ ਪੂਰਾ ਕਰਨ ਦੀ ਮੰਗ ਕਰਨੀ ਜ਼ਰੂਰੀ ਹੈ। ਵਿਕਸਤ ਦੇਸ਼ਾਂ ਵਲੋਂ ਪ੍ਰਸਤਾਵਿਤ

"ਤਕਨੀਕੀ ਸ਼ੋਕੇਸ" ਨੂੰ ਨਾਕਾਰ ਦਿੱਤਾ ਜਾਣਾ ਚੀਹਦਾ ਹੈ ਕਿਉਂਕਿ ਤਕਨੀਕੀ ਦਾ ਸਿਰਫ ਬਾਜ਼ਾਰ ਹੈ। ਤਕਨੀਕੀ ਵਟਾਂਦਰੇ 'ਤੇ ਸਮੂਲੀਅਤ ਕੰਟਰੋਲ, ਪ੍ਰਬੰਧ ਤੇ ਮੁਲਅੰਕਣ ਲਈ ਬਹੁਪੱਖੀ ਤੇ ਬਹੁਅਯਾਮੀ ਤੰਤਰ ਦੀ ਉਸਾਰੀ ਲਈ ਦਿਸ਼ਾ-ਨਿਰਦੇਸ਼ ਤਹਿ ਕਰਨ ਦੀ ਲੋੜ ਹੈ। ਇਹ ਤਕਨੀਕੀ ਲਾਭਦਾਇਕ, ਸਾਫ ਸੁਥਰੀ ਤੇ ਸਮਾਜਕ ਤੌਰ 'ਤੇ ਠੋਸ ਹੋਣੀ ਚਾਹੀਦੀ ਹੈ। ਇਸ ਤਰਾਂ ਅਜਿਹੀਆਂ ਤਕਨੀਕਾਂ ਦੀ ਜੋ ਫਾਇਦੇਮੰਦ ਹੋਣ ਤੇ ਬੌਧਿਕ ਦੌਲਤ ਅਧਿਕਾਰਾਂ ਤੋਂ ਮੁਕਤ ਹੋਣ ਕਾਢ ਕੱਢਣ ਤੇ ਉਸ ਨੂੰ ਫਾਇਨਾਂਸ ਕਰਨ ਲਈ ਇਕ ਕੋਸ (ਫੰਡ) ਦੀ ਲੋੜ ਹੈ। ਖਾਸ ਕਰਕੇ ਪੇਟੈਂਟ ਨੂੰ ਨਿਜੀ ਅਜਾਰੇਦਾਰਾਂ ਦੇ ਹੱਥਾਂ 'ਚੋਂ ਕੱਢ ਕੇ ਜਨਤਕ ਖੇਤਰ 'ਚ ਰੱਖਣਾ ਚਾਹੀਦਾ ਹੈ ਤਾਂ ਕਿ ਸਸਤੀ ਲਾਗਤ ਨਾਲ ਇਸ ਤਕ ਪਹੁੰਚ ਯਕੀਨੀ ਬਣਾਈ ਜਾ ਸਕੇ।

ਗਿਆਨ ਸਰਭ ਸਾਂਝਾ ਹੈ। ਇਸ ਦੀ ਤਕਨੀਕ ਵਜੋਂ ਇਸ ਦੀ ਵਰਤੋਂ ਨੂੰ ਕਿਸੇ ਵੀ ਕਾਰਨ ਕਰਕੇ ਨਿਜੀ ਜਾਇਦਾਦ ਜਾਂ ਨਿਜੀ ਵਰਤੋਂ ਦੀ ਵਸਤੂ ਨਹੀਂ ਬਣਾ ਦੇਣਾ ਚਾਹੀਦਾ। ਵਿਕਸਤ ਦੇਸ਼ਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀਆਂ ਤਕਨੀਕਾਂ ਵਿਕਾਸਸ਼ੀਲ ਦੇਸ਼ਾਂ ਨਾਲ ਸਾਂਝੀਆਂ ਕਰਨ, ਤਕਨੀਕੀ ਦੀ ਉਸਾਰੀ ਤੇ ਕਾਢ ਲਈ ਵਿਕਾਸਸ਼ੀਲ ਦੇਸ਼ਾਂ 'ਚ ਖੋਜ ਸੰਸਥਾਵਾਂ ਦੀ ਸਥਾਪਨਾ ਕਰਨ ਤੇ 'ਬੇਹਤਰ ਜ਼ਿੰਦਗੀ' ਲਈ ਉਸ ਦੇ ਵਿਕਾਸ ਤੇ ਵਰਤੋਂ ਨੂੰ ਹੱਲਾਸ਼ੇਰੀ ਦੇਣ। ਦੁਨੀਆਂ ਨੂੰ ਚਹੀਦਾ ਹੈ ਕਿ ਉਹ ਗ੍ਰਹਿ ਦੇ ਵਿਨਾਸ਼ ਨੂੰ ਰੋਕਣ ਲਈ ਸਥਾਨਕ ਲੋਕਾਂ ਤੋਂ ਪੂਰਵਜਾਂ ਦੇ ਸਿਧਾਂਤਾਂ ਤੇ ਨਜ਼ਰੀਏ ਫਿਰ ਤੋਂ ਹਾਸਲ ਕਰਨ ਤੇ ਉਹਨਾਂ ਨੂੰ ਫਿਰ ਤੋਂ ਸਿੱਖਣਾ ਨਾਲ ਹੀ ਧਰਤੀ ਮਾਂ ਦੇ ਨਾਲ ਇਕਸੁਰਤਾ ਰੱਖ ਕੇ 'ਬੇਹਤਰ ਜੀਵਨ' ਦੀ ਸਮਰਥਾ ਨੂੰ ਨਵੀਂ ਜਿੰਦਗੀ ਦੇਣ ਲਈ ਪੁਰਖਿਆਂ ਦੇ ਵਰਤਾਅ, ਗਿਆਨ ਤੇ ਭਾਵਨਾਵਾਂ ਨੂੰ ਹੱਲਾਸ਼ੇਰੀ ਦੇਣ। ਜਲਵਾਯੂ ਬਾਰੇ ਸੰਯੁਕਤ ਰਾਸ਼ਟਰ ਫ੍ਰੇਮਵਰਕ ਤੇ ਕਓਟੋ ਪ੍ਰੋਟੋਕਾਲ ਦੇ ਤਹਿਤ ਜਾਹਰ ਕੀਤੀਆਂ ਪ੍ਰਤੀਬੱਧਤਾਵਾਂ ਤੇ ਫਰਜ ਦੀ ਪ੍ਰਭਾਵਸ਼ਾਲੀ ਢੰਗ ਨਾਲ ਪਾਲਣਾ ਕਰਨ ਲਈ ਵਿਕਸਤ ਦੇਸ਼ਾਂ 'ਚ ਰਾਜਸੀ ਇੱਛਾ ਦੀ ਘਾਟ ਨੂੰ ਵੇਖਦਿਆਂ ਅਤੇ ਧਰਤੀ ਮਾਂ ਤੇ ਮਨੁੱਖ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਜਲਵਾਯੂ ਤੇ ਵਾਤਾਵਰਣ ਨਾਲ ਸਬੰਧਤ ਅਪਰਾਧਾਂ ਤੇ ਨਿਗਾਹ ਰੱਖਣ ਤੇ ਸਜਾ ਦੇਣ ਲਈ ਕਿਸੇ ਕਨੂੰਨੀ ਕੌਮਾਂਤਰੀ ਤੰਤਰ ਦੀ ਘਾਟ ਨੂੰ ਵੇਖਦਿਆਂ ਇਕ ਕੌਮਾਂਤਰੀ ਜਲਵਾਯੂ ਤੇ ਵਾਤਾਵਰਣ ਜਸਟਿਸ ਟ੍ਰਾਈਬੁਨਲ ਬਣਾਉਣ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਜਿਸ ਕੋਲ ਉਹਨਾਂ ਦੇਸ਼ਾਂ, ਕੰਪਨੀਆਂ ਤੇ ਲੋਕਾਂ ਦੀ ਪਹਿਚਾਣ ਕਰਨ, ਨਿਆਂ ਕਰਨ ਤੇ ਦੰਡ ਦੇਣ ਦੀ ਕਨੂੰਨੀ ਸਮਰਥਾ ਹੋਵੇ ਜੋ ਜਾਣਬੁੱਝ ਕੇ ਜਾਂ ਅਣਜਾਣੇ 'ਚ ਪ੍ਰਦੂਸ਼ਣ ਫੈਲਾਉਂਦੇ ਹਨ ਤੇ ਜਲਵਾਯੂ ਤਬਦੀਲੀ ਨੂੰ ਉਤਸ਼ਾਹਿਤ ਕਰਦੇ ਹਨ। ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ 'ਚ ਕਟੌਤੀ ਸਮੇਤ ਜਲਵਾਯੂ ਤਬਦੀਲੀ ਬਾਰੇ ਸਯੁੰਕਤ ਰਾਸ਼ਟਰ ਫ੍ਰੇਮਵਰਕ ਕਨਵੈਸ਼ਨ ਤੇ ਕਓਟੋ ਪ੍ਰੋਟੋਕਾਲ ਤਹਿਤ ਵਚਨਬੱਧਤਾਵਾਂ ਦੀ ਪਾਲਣਾ ਕਰਨ 'ਚ ਅਸਫਲ ਰਹਿਣ ਵਾਲੇ ਵਿਕਸਤ ਦੇਸ਼ਾਂ ਵਿਰੁੱਧ ਕੌਮਾਂਤਰੀ ਜਲਵਾਯੂ ਤੇ ਵਾਤਾਵਰਣ ਜਸਟਿਸ ਟ੍ਰਾਈਬੁਨਲ 'ਚ ਦਾਅਵਾ ਪੇਸ਼ ਕਰਨ ਵਾਲੇ ਦੇਸ਼ਾਂ ਦੀ ਹਮਾਇਤ ਕਰਨੀ ਚਾਹੀਦੀ ਹੈ।

ਸਯੁੰਕਤ ਰਾਸ਼ਟਰ 'ਚ ਵਿਆਪਕ ਸੁਧਾਰ ਪ੍ਰਸਤਾਅ ਲਿਆਂਦੇ ਜਾਣ ਤਾਂ ਕਿ ਮੈਂਬਰ ਦੇਸ ਕੌਮਾਂਤਰੀ ਜਲਵਾਯੂ ਤੇ ਵਾਤਾਵਰਣ ਜਸਟਿਸ ਟ੍ਰਾਈਬੁਨਲ ਦੇ ਨਿਯਮਾਂ ਦੀ ਪਾਲਣਾ ਕਰਨ। ਮਨੁੱਖਤਾ ਦਾ ਭਵਿੱਖ ਖਤਰੇ ਵਿੱਚ ਹੈ। ਆਪਾਂ ਵਿਕਸਤ ਦੇਸ਼

ਦੇ ਨੇਤਾਵਾਂ ਦੇ ਸਮੂਹ ਨੂੰ ਸਭ ਦੇਸ਼ਾਂ ਲਈ ਫੈਸਲੇ ਲੈਣ ਦੀ ਇਜਾਜ਼ਤ ਨਹੀਂ ਦੇ ਸਕਦੇ। ਜਿਵੇਂ ਕਿ ਉਹਨਾਂ ਨੇ ਕੋਪਨਹੇਗਨ 'ਚ ਪਾਰਟੀਆਂ ਦੇ ਸੰਮੇਲਨ ਸਮੇਂ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਫੈਸਲਾ ਸਭ ਨਾਲ ਸਬੰਧਤ ਹੈ। ਜਲਵਾਯੂ ਤਬਦੀਲੀ ਬਾਰੇ ਵਿਸ਼ਵ ਲੋਕ ਮੱਤ ਜਾਂ ਲੋਕ ਪੱਖੀ ਵਿਚਾਰ ਵਟਾਂਦਰਾ ਕਰਨਾ ਲਾਜਮੀ ਹੈ ਜਿਸ 'ਚ ਹੇਠ ਲਿਖੇ ਮੁੱਦਿਆਂ ਤੇ ਸਭ ਨਾਲ ਸਲਾਹ ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ :–

ਵਿਕਸਤ ਦੇਸ਼ਾਂ ਤੇ ਬਹੁਕੌਮੀ ਕਾਰਪੋਰੇਸ਼ਨਾਂ ਵਲੋਂ (ਗ੍ਰੀਨ ਹਾਊਸ ਗੈਸਾਂ ਦੇ) ਉਤਸਰਜਨ 'ਚ ਕਟੌਤੀ ਦੀ ਮਾਤਰਾ, ਵਿਕਸਤ ਦੇਸ਼ਾਂ ਵਲੋਂ ਮੁਹੱਈਆ ਕਰਵਾਈ ਜਾਣ ਵਾਲੀ ਆਰਥਕ ਮਦਦ, ਕੌਮਾਂਤਰੀ ਜਲਵਾਯੂ ਜਸਟਿਸ ਟ੍ਰਾਈਬੁਨਲ ਦੀ ਸਥਾਪਨਾ, ਧਰਤੀ ਦੇ ਅਧਿਕਾਰਾਂ ਦਾ ਐਲਾਨ ਤੇ ਮੌਜੂਦਾ ਪੂੰਜੀਵਾਦ ਪ੍ਰਬੰਧ ਨੂੰ ਬਦਲਣ ਦੀ ਲੋੜ। ਸੰਸਾਰਕ ਲੋਕਮੱਤ ਜਾਂ ਲੋਕਪੱਖੀ ਸਲਾਹ ਮਸ਼ਵਰਾ ਦਾ ਅਮਲ ਉਸ ਤਿਆਰ ਦੀ ਪ੍ਰਤੀਕਿਰਿਆ ਤੇ ਨਿਰਭਰ ਕਰੇਗਾ ਜੋ ਇਹਨਾਂ ਗੱਲਾਂ ਦੀ ਸਫਲਤਾ ਨੂੰ ਯਕੀਨੀ ਬਣਾਵੇ।

✪✪✪